# ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰਬਾਣੀ ਦਾ ਮੁਖ ਉਪਨਿਸ਼ਦਾਂ ਦੀ ਵਿਚਾਰਧਾਰਾ ਨਾਲ ਤੁਲਨਾਤਮਕ ਅਤੇ ਆਲੋਚਨਾਤਮਕ ਅਧਿਐਨ

## (Comparative & Critical Study of Main Upnishads with Gurbani compiled in Guru Granth Sahib)

**A Thesis**

**Submitted to the Punjab University**

For the Award of

**Doctor of Philosophy**

in the Faculty of Languages

*1982*


*Supervised by :*

**Dr. Dalip Singh Deep**
*M.A., Ph.D.*
P.A.U., Ludhiana.

*Submitted by :*

**Charanjit Kaur**

## ਵਿਸ਼ਾ ਸੂਚੀ


| | | ਪੰਨਾ |
|---|---|---|
| | ਪ੍ਰਵੇਸ਼ਕਾ | ੳ,ਅ |
| ਅਧਿਆਇ ਪਹਿਲਾ | ਸੰਖੇਪ ਭਾਰਤੀ ਦਰਸ਼ਨ ਅਤੇ ਗੁਰਬਾਣੀ | 1-18 |
| | ੳ. ਦਰਸ਼ਨ ਕੀ ਹੈ? | |
| | ਅ. ਭਾਰਤੀ ਦਰਸ਼ਨ ਦਾ ਸਰੂਪ | |
| | ੲ. ਭਾਰਤੀ ਚਿੰਤਨ ਅਤੇ ਗੁਰਬਾਣੀ | |
| | ਸ. ਉਪਨਿਸ਼ਦ ਅਤੇ ਉਪਨਿਸ਼ਦਿਕ ਵਿਚਾਰਧਾਰਾ | |
| ਅਧਿਆਇ ਦੂਜਾ | ਬ੍ਰਹਮ ਦਾ ਸੰਕਲਪ | 19-49 |
| | ੳ. ਬ੍ਰਹਮ ਦੀ ਅਲੱਖਤਾ | |
| | ਅ. ਬ੍ਰਹਮ ਦੀ ਹੋਂਦ | |
| | ੲ. ਬ੍ਰਹਮ ਦੇ ਗੁਣ | |
| | ਸ. ਬ੍ਰਹਮ ਸਰੂਪ (ਨਿਰਗੁਣ-ਸਗੁਣ-ਨਿਰਗੁਣ) | |
| | ਹ. ਬ੍ਰਹਮ ਦਾ ਨਿਵਾਸ-ਸਥਾਨ | |
| | ਕ. ਅਵਤਾਰਵਾਦ | |
| ਅਧਿਆਇ ਤੀਜਾ | ਜੀਵਾਤਮਾ ਦਾ ਸੰਕਲਪ | 50-77 |
| | ੳ. ਜੀਵਾਤਮਾ ਦਾ ਸਰੂਪ | |
| | ਅ. ਜੀਵਾਤਮਾ ਅਤੇ ਸਰੀਰ | |
| | ੲ. ਅੰਤਹਕਰਣ, ਇੰਦਰੀਆਂ ਅਤੇ ਪ੍ਰਾਣ | |
| | ਸ. ਆਤਮ ਪ੍ਰਗਤੀ ਦੇ ਪੜਾਅ | |
| ਅਧਿਆਇ ਚੌਥਾ | ਸ੍ਰਿਸ਼ਟੀ ਦਾ ਸੰਕਲਪ | 78-103 |
| | ੳ. ਸ੍ਰਿਸ਼ਟੀ ਕੀ ਹੈ? | |
| | ਅ. ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੀ ਸੀ? | |
| | ੲ. ਸ੍ਰਿਸ਼ਟੀ ਉਤਪਤੀ ਦਾ ਕਾਰਨ | |
| | ਸ. ਰਚਨਾ ਅਤੇ ਰਚਨਹਾਰ | |
| | ਹ. ਸ੍ਰਿਸ਼ਟੀ ਕ੍ਰਮ | |

| | | |
|---|---|---|
| ਅਧਿਆਇ ਪੰਜਵਾਂ | ਮਾਇਆ ਦਾ ਸੰਕਲਪ | 104-120 |
| | ੳ. ਮਾਇਆ ਕੀ ਹੈ? | |
| | ਅ. ਤ੍ਰਿਗੁਣੀ ਮਾਇਆ | |
| | ੲ. ਮਾਇਆ ਦਾ ਅਗਿਆਨ ਰੂਪ | |
| | ਸ. ਮਾਇਆ ਦਾ ਰੂਪਾਤਮਕ ਸਰੂਪ ਚਿਤਰਣ | |
| | ਹ. ਮਾਇਆ ਬ੍ਰਹਮ ਦੀ ਸ਼ਕਤੀ | |
| | ਕ. ਮਾਇਆ ਅਤੇ ਮਨ | |
| | ਖ. ਮਾਇਆ ਪ੍ਰਭਾਵ ਤੋਂ ਬਚਣ ਦੇ ਸਾਧਨ | |
| ਅਧਿਆਇ ਛੇਵਾਂ | ਸਾਧਨਾ ਮਾਰਗ | 121-168 |
| | ੳ. ਗਿਆਨ ਮਾਰਗ | |
| | ਅ. ਕਰਮ ਮਾਰਗ | |
| | ੲ. ਯੋਗ ਮਾਰਗ | |
| | ਸ. ਭਗਤੀ ਅਤੇ ਨਾਮ ਮਾਰਗ | |
| | ਹ. ਗੁਰੂ ਦਾ ਸੰਕਲਪ | |
| | ਕ. ਪ੍ਰਸਾਦਿ ਦਾ ਸੰਕਲਪ | |
| ਅਧਿਆਇ ਸੱਤਵਾਂ | ਸਦਾਚਾਰ ਵਿਧਾਨ | 169-179 |
| | ੳ. ਸਦਾਚਾਰ ਅਤੇ ਸਦਾਚਾਰ ਦੀ ਲੋੜ | |
| | ਅ. ਨਕਾਰਾਤਮਕ ਅਤੇ ਸਾਕਾਰਾਤਮਕ ਵਿਧਾਨ | |
| ਅਧਿਆਇ ਅੱਠਵਾਂ | ਮ੍ਰਿਤੂ, ਆਵਾਗਵਨ ਅਤੇ ਮੁਕਤੀ ਦਾ ਸੰਕਲਪ | 180-200 |
| | ੳ. ਮ੍ਰਿਤੂ ਅਤੇ ਮ੍ਰਿਤੂ ਤੋਂ ਬਾਅਦ | |
| | ਅ. ਕਰਮ ਅਤੇ ਆਵਾਗਵਨ | |
| | ੲ. ਨਰਕ ਸਵਰਗ | |
| | ਸ. ਮੁਕਤੀ ਅਤੇ ਮੁਕਤੀ ਦੇ ਸਾਧਨ | |
| | ਸਾਰ | 201-203 |
| | ਪੁਸਤਕ ਸੂਚੀ | 204-210 |

## ਪ੍ਰਵੇਸ਼ਕਾ

ਮਨੁੱਖ ਨੂੰ ਸੱਚ ਦੀ ਤਲਾਸ਼ ਹੈ। ਸੱਚ ਦੋ ਪ੍ਰਕਾਰ ਦਾ ਹੈ, ਇਕ ਪਦਾਰਥਕ ਅਤੇ ਦੂਜਾ ਪਰਮਾਰਥਕ। ਪਦਾਰਥਕ ਸੱਚ ਵਿਗਿਆਨ ਦੇ ਘੇਰੇ ਵਿਚ ਆਉਂਦਾ ਹੈ ਅਤੇ ਪਰਮਾਰਥਕ ਸੱਚ ਧਰਮ ਅਤੇ ਦਰਸ਼ਨ ਦੇ ਅੰਤਰਗਤ ਆ ਜਾਂਦਾ ਹੈ। ਪਰਮਾਰਥਕ ਸੱਚ ਦੀ ਖੋਜ ਵਿਚ ਧਰਮ ਦਾ ਜਨਮ ਹੁੰਦਾ ਹੈ। ਧਰਮ ਵਿਸ਼ਵਾਸ ਅਤੇ ਅਨੁਭਵ ਦਾ ਰਾਹ ਹੈ ਅਤੇ ਦਰਸ਼ਨ ਵਿਚ ਤਰਕ ਤਥਾ ਦਲੀਲ ਪ੍ਰਧਾਨ ਹੈ।

ਵੈਦਿਕ ਧਰਮ ਤੋਂ ਅਨੇਕ ਭਾਰਤੀ ਧਾਰਮਿਕ ਦਾਰਸ਼ਨਿਕ ਪਰਿਪਾਟੀਆਂ ਆਦਿ ਚਲੀਆਂ ਹਨ। ਵੈਦਿਕ ਧਰਮਾਂ ਦੀ ਸਮੇਂ ਸਮੇਂ ਛੇ ਸ਼ਾਸਤਰਾਂ ਦੁਆਰਾ ਵਿਆਖਿਆ ਹੋਈ। ਵੇਦ ਅਤੇ ਸ਼ਾਸਤਰਾਂ ਦੀ ਹੋਰ ਵਿਆਖਿਆ ਸਮੇਂ ਸਮੇਂ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਉਪਨਿਸ਼ਦਾਂ ਦੁਆਰਾ ਹੁੰਦੀ ਰਹੀ।

ਉਪਨਿਸ਼ਦਾਂ ਨੂੰ ਹਿੰਦੂ ਧਰਮ ਤੋਂ ਉਤਪੰਨ ਹੋਈ ਦਾਰਸ਼ਨਿਕ ਪਰੰਪਰਾ ਦਾ ਸ੍ਰੋਤ ਮੰਨਿਆ ਜਾਂਦਾ ਹੈ। ਇਹ ਇਕ ਵੱਡਾ ਪ੍ਰਸ਼ਨ ਹੈ ਕਿ ਉਪਨਿਸ਼ਦ ਮੂਲ ਰੂਪ ਵਿਚ ਦਰਸ਼ਨ ਹਨ ਕਿ ਕਵਿਤਾ ਹਨ? ਜਿਥੋਂ ਤੱਕ ਮੇਰੀ ਖੋਜ ਦਾ ਸੰਬੰਧ ਹੈ ਮੈਂ ਇਸ ਨੂੰ ਦਾਰਸ਼ਨਿਕ ਕਵਿਤਾ ਕਹਿੰਦੀ ਹਾਂ ਜਿਸ ਵਿਚ ਦਰਸ਼ਨ ਵਿਸ਼ਾ ਹੈ ਅਤੇ ਕਾਵਿ ਰੂਪ ਹੈ। ਇਕ ਸੰਬੰਧਤ ਪ੍ਰਸ਼ਨ ਇਹ ਵੀ ਹੈ ਕਿ ਗੁਰਬਾਣੀ ਦਰਸ਼ਨ ਹੈ ਜਾਂ ਧਰਮ। ਮੇਰੇ ਅਨੁਸਾਰ ਗੁਰਬਾਣੀ ਦਾ ਸੰਬੰਧ ਮਨੁੱਖ ਦੇ ਅਮਲੀ ਜੀਵਨ ਨਾਲ ਹੈ। ਇਸ ਦੀ ਵਸਤੂ ਮਨੁੱਖ ਦੀਆਂ ਸਮੁੱਚੀਆਂ ਸਮੱਸਿਆਵਾਂ ਨਾਲ ਸੰਬੰਧਤ ਹੈ। ਸਮੁੱਚਾ ਦ੍ਰਿਸ਼ਟੀਕੋਣ ਪਰਮਾਰਥਕ ਹੈ। ਇਸ ਦਾ ਮਨੋਰਥ ਸਰਬ ਪੱਖੀ ਕਲਿਆਣ ਹੈ।

ਮੇਰਾ ਇਹ ਜਾਨਣ ਦਾ ਅਤੇ ਸਮਝਣ ਦਾ ਯਤਨ ਹੈ ਕਿ ਗੁਰੂ ਸਾਹਿਬਾਨ ਅਤੇ ਉਪਨਿਸ਼ਦ ਦੇ ਰਚੇਤਾਵਾਂ ਵਿਚ ਕੀ ਸਾਂਝ ਅਤੇ ਭਿੰਨਤਾ ਹੈ। ਗੁਰਬਾਣੀ ਦਾ ਉਪਨਿਸ਼ਦਾਂ ਨਾਲ ਸੰਬੰਧ ਹੈ। ਮਹਾਨ ਸਾਧੂ ਅਤੇ ਸੁਧਾਰਕ ਸੰਪ੍ਰਦਾਇ ਤੋਂ ਟੁੱਟਦੇ ਨਹੀਂ ਸਗੋਂ ਜੋੜਦੇ ਹਨ। ਗੁਰੂ ਸਾਹਿਬਾਨ ਨੇ ਉਪਨਿਸ਼ਦਾਂ ਵਿਚ ਵਰਣਨ ਕਈ ਪੱਖਾਂ ਨੂੰ ਲਿਆ, ਸਮੇਂ ਦੇ ਸੰਦਰਭ ਵਿਚ ਜੋ ਉਨ੍ਹਾਂ ਨੂੰ ਮਨੁੱਖੀ ਭਲਾਈ ਲਈ ਗੈਰ-ਜ਼ਰੂਰੀ ਲੱਗਾ, ਉਸ ਨੂੰ ਤਿਆਗ ਦਿੱਤਾ।

ਇਸ ਵਿਸ਼ੇ ਉਤੇ ਸੰਪੂਰਣ ਤੌਰ ਤੇ ਕਿਸੇ ਵੀ ਵਿਅਕਤੀ ਦਾ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਕੋਈ ਖੋਜ-ਕਾਰਜ ਮੈਨੂੰ ਪ੍ਰਾਪਤ ਨਹੀਂ ਹੋ ਸਕਿਆ। ਮੇਰਾ ਕੋਈ ਦਾਅਵਾ ਨਹੀਂ

ਨਹੀਂ ਮੈਂ ਸਿਧਾਂਤਕ ਤੌਰ ਤੇ ਕੋਈ ਨਵੀਂ ਗੱਲ ਪ੍ਰਸਤੁਤ ਕਰ ਸਕੀ ਹਾਂ ਪ੍ਰੰਤੂ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਂ ਇਸ ਅਛੂਤੇ ਵਿਸ਼ੇ ਨੂੰ ਧਿਆਨ ਅਧੀਨ ਲਿਆ ਕੇ ਭਾਰਤੀ ਚਿੰਤਨ ਅਤੇ ਗੁਰਬਾਣੀ ਦੇ ਪ੍ਰਸਪਰ ਮਹੱਤਵ ਨੂੰ ਵਿਸ਼ੇਸ਼ੱਗਾਂ ਦੇ ਸਨਮੁਖ ਰੱਖਿਆ ਹੈ ਤਾਂ ਜੋ ਸੱਚ ਦੀ ਜਾਣਕਾਰੀ ਅਥਵਾ ਕਵਿਤਾ ਦੀ ਚਮਤਕਾਰੀ ਪੱਖਾਂ ਦੀ ਹੋਰ ਜਾਣਕਾਰੀ ਹੁੰਦੀ ਰਹੇ।

ਉਪਨਿਸ਼ਦਾਂ ਦੀ ਜਾਣਕਾਰੀ ਲਈ ਪ੍ਰਸਿੱਧ ਵਿਦਵਾਨਾਂ ਦੇ ਅਨੁਵਾਦਾਂ ਦੀ ਸਹਾਇਤਾ ਲਈ ਹੈ। ਮੁੱਖ ਰੂਪ ਵਿਚ ਸ਼ੰਕਰ ਭਾਸ਼ਯ ਅਤੇ ਰਾਧਾਕ੍ਰਿਸ਼ਨਨ ਦੇ ਮੁੱਖ ਉਪਨਿਸ਼ਦਾਂ ਨੂੰ ਆਧਾਰ ਬਣਾਇਆ ਹੈ। ਟੂਕਾਂ ਲਈ 10-11 ਉਪਨਿਸ਼ਦ ਲਏ ਹਨ ਜਿਨ੍ਹਾਂ ਉੱਤੇ ਸ਼ੰਕਰ ਨੇ ਭਾਸ਼ਯ ਲਿਖੇ ਹਨ। ਜ਼ਰੂਰਤ ਅਨੁਸਾਰ ਮੈਤ੍ਰੀਯ ਆਦਿ ਹੋਰ ਉਪਨਿਸ਼ਦਾਂ ਵਿਚੋਂ ਵੀ ਉਦਾਹਰਣਾਂ ਲਈਆਂ ਹਨ।

ਇਸ ਸੰਬੰਧ ਵਿਚ ਅਨੇਕ ਵਾਰ ਆਪਣੇ ਨਿਗਰਾਨ ਪ੍ਰਸਿੱਧ ਵਿਦਵਾਨ ਡਾ: ਦਲੀਪ ਸਿੰਘ ਦੀਪ ਪਾਸੋਂ ਅਗਵਾਈ ਮਿਲਦੀ ਰਹੀ ਹੈ। ਇਸ ਦਾ ਮੈਨੂੰ ਭਰਪੂਰ ਲਾਭ ਹੋਇਆ ਹੈ। ਮੈਂ ਆਪਣੇ ਵਿਭਾਗ ਦੇ ਮੁਖੀ ਡਾ: ਤ੍ਰਿਪਾਠੀ ਅਤੇ ਡਾ: ਕੋਹਲੀ (ਸਾਬਕ ਮੁਖੀ) ਦੀ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ ਸਮੇਂ ਮੇਰੀਆਂ ਮੁਸ਼ਕਲਾਂ ਨੂੰ ਸਮਝਿਆ ਅਤੇ ਹੱਲ ਕਰਨ ਦੀ ਖਿੜੇ ਮੱਥੇ ਪਰਵਾਨਗੀ ਦਿੱਤੀ। ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਪੁਸਤਕਾਲਿਆਂ ਵਿਚ ਮਿਲਦੇ ਰਹੇ ਸਹਿਯੋਗ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀਆਂ ਲੋੜਾਂ ਪੂਰੀਆਂ ਕੀਤੀਆਂ।

ਚਰਨਜੀਤ ਕੌਰ

## ਅਧਿਆਇ ਪਹਿਲਾ

### ਸੰਖੇਪ ਭਾਰਤੀ ਦਰਸ਼ਨ ਅਤੇ ਗੁਰਬਾਣੀ

ੳ. ਦਰਸ਼ਨ ਕੀ ਹੈ?

ਅ. ਭਾਰਤੀ ਦਰਸ਼ਨ ਦਾ ਸਰੂਪ

ੲ. ਭਾਰਤੀ ਚਿੰਤਨ ਅਤੇ ਗੁਰਬਾਣੀ

ਸ. ਉਪਨਿਸ਼ਦ ਅਤੇ ਉਪਨਿਸ਼ਦਿਕ ਵਿਚਾਰਧਾਰਾ

# ਸੰਖੇਪ ਭਾਰਤੀ ਦਰਸ਼ਨ ਅਤੇ ਗੁਰਬਾਣੀ

## (ੳ) ਦਰਸ਼ਨ ਕੀ ਹੈ?

Philosophy ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। Philos and Sophia, P ਦਾ ਅਰਥ ਪ੍ਰੇਮ ਹੈ ਅਤੇ Sophia ਦਾ ਅਰਥ ਗਿਆਨ ਹੈ, ਸੋ ਫਿਲਾਸਫੀ ਦਾ ਅਰਥ 'ਗਿਆਨ ਨਾਲ ਪ੍ਰੇਮ' ਹੈ। ਫਿਲਾਸਫੀ ਵਿਦਵਾਨਾਂ ਦੇ ਚਿੰਤਨ ਦਾ ਵਿਸ਼ਾ ਹੈ ਅਤੇ ਇਹ ਅਸਚਰਜਤਾ ਤੋਂ ਉਤਪੰਨ ਹੁੰਦੀ ਹੈ। ਇਹ ਮਨੁੱਖ ਨਾਲ ਸੰਬੰਧਿਤ ਸਾਰੇ ਸਮੀਪ ਅਤੇ ਅਸਮੀਪ ਵਿਸ਼ਿਆਂ ਬਾਰੇ ਜਾਣਨ ਦਾ ਯਤਨ ਹੈ। ਮਨੁੱਖ ਕੀ ਹੈ? ਇਸ ਜੀਵਨ ਦਾ ਅੰਤ ਕੀ ਹੋਵੇਗਾ? ਜਗਤ ਕੀ ਹੈ? ਇਸ ਸੰਸਾਰ ਦਾ ਕਰਤਾ ਕੌਣ ਹੈ?.... ਫਿਲਾਸਫੀ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਉਲੇਖ ਨਾਲ ਸੰਬੰਧਿਤ ਹੈ।

ਸੰਸਕ੍ਰਿਤ ਵਿਚ 'ਦਰਸ਼ਨ' ਦਾ ਅਰਥ ਦੇਖਣਾ ਜਾਂ ਪ੍ਰਤੱਖ ਕਰਨਾ ਹੈ। ਇਸ ਦਾ ਭਾਵ ਹੈ ਕਿ ਆਤਮਾ ਅਤੇ ਪਰਮਾਤਮਾ ਵਰਗੇ ਸੰਕਲਪ ਅਧਿਆਤਮਕ ਤਜਰਬੇ ਦੁਆਰਾ ਅਨੁਭਵ ਕੀਤੇ ਜਾ ਸਕਦੇ ਹਨ। ਭਾਰਤ ਵਿਚ ਰਹੱਸਵਾਦੀ ਵਿਸ਼ੇ ਦਰਸ਼ਨ ਦੇ ਅੰਤਰਗਤ ਹੀ ਆ ਜਾਂਦੇ ਹਨ ਪਰ ਪੱਛਮੀ ਦਰਸ਼ਨ ਅਨੁਸਾਰ ਰਹੱਸਵਾਦ ਨੂੰ ਧਰਮ ਦਾ ਹਿੱਸਾ ਮੰਨਿਆ ਜਾਂਦਾ ਹੈ। ਪੱਛਮ ਵਿਚ ਫਿਲਾਸਫੀ ਅਤੇ ਧਰਮ ਦੋ ਵੱਖ ਵੱਖ ਰਸਤੇ ਹਨ ਪਰ ਭਾਰਤ ਵਿਚ ਦਰਸ਼ਨ ਅਤੇ ਧਰਮ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਸੇ ਲਈ ਭਾਰਤੀ ਦਰਸ਼ਨ ਵਿਚ ਦਰਸ਼ਨ ਦਾ ਅਰਥ ਆਤਮ-ਦਰਸ਼ਨ ਹੈ, ਤਰਕ ਇਸ ਦਾ ਅੰਗ ਹੈ ਪਰ ਉਦੇਸ਼ ਨਹੀਂ, ਇਸ ਦਾ ਉਦੇਸ਼ ਬ੍ਰਹਮ ਦਾ ਅਨੁਭਵ ਹੈ।

## (ਅ) ਭਾਰਤੀ ਦਰਸ਼ਨ ਦਾ ਸਰੂਪ

ਵੱਖ ਵੱਖ ਭਾਰਤੀ ਦਰਸ਼ਨਾਂ ਵਿਚ ਮਤ ਭੇਦ ਹੈ ਪਰ ਇਸ ਮਤ ਭੇਦ ਦੇ ਬਾਵਜੂਦ ਇਨ੍ਹਾਂ ਵਿਚ ਇਕ ਪ੍ਰਕਾਰ ਦੀ ਸਮਾਨਤਾ ਹੈ। ਇਸ ਸਮਾਨਤਾ ਦਾ ਕਾਰਨ ਭਾਰਤੀ ਦਰਸ਼ਨਾਂ ਉਤੇ ਭਾਰਤੀ ਅਧਿਆਤਮਕ ਵਿਚਾਰਧਾਰਾ ਦਾ ਪ੍ਰਭਾਵ ਹੈ। ਵੇਦ ਭਾਰਤੀ ਦਰਸ਼ਨ ਦਾ ਸ੍ਰੋਤ ਹਨ, ਇਸ ਲਈ ਸਭ ਦਾਰਸ਼ਨਿਕ ਪ੍ਰਣਾਲੀਆਂ ਵਿਚ ਮੌਲਕ ਇਕਰੂਪਤਾ ਹੈ। ਪੱਛਮ ਦੇ ਦਾਰਸ਼ਨਿਕ ਇਤਿਹਾਸ ਵਿਚ ਇਕ ਸਕੂਲ ਪੂਰੇ ਜ਼ੋਰਾਂ ਨਾਲ ਕਾਇਮ ਰਹਿੰਦਾ ਹੈ ਜਦ ਤਕ ਦੂਸਰਾ ਉਸਦੀ ਥਾਂ ਨਹੀਂ ਲੈ ਲੈਂਦਾ। ਪਰ ਭਾਰਤ ਵਿਚ ਵੱਖ ਵੱਖ ਪ੍ਰਣਾਲੀਆਂ ਨਾਲ ਨਾਲ ਵਿਕਸਿਤ ਹੁੰਦੀਆਂ ਰਹਿੰਦੀਆਂ ਹਨ। ਇਸ ਦਾ ਕਾਰਨ ਹੈ ਕਿ ਭਾਰਤੀ ਦਰਸ਼ਨ ਜੀਵਨ ਦਾ ਇਕ ਹਿੱਸਾ ਹੈ। ਭਾਵੇਂ ਵੱਖ ਵੱਖ ਪ੍ਰਣਾਲੀਆਂ ਦੀਆਂ ਸਿੱਖਿਆਵਾਂ ਵੀ ਵੱਖ ਵੱਖ ਹਨ ਪਰ ਉਨ੍ਹਾਂ ਵਿਚ ਇਕ ਪ੍ਰਕਾਰ ਦੀ ਇਕਸਾਰਤਾ ਵੀ ਹੈ।

1. ਮੋਕਸ਼ ਮੁੱਖ ਲਕਸ਼ : ਭਾਰਤੀ ਦਰਸ਼ਨ ਵਿਚ ਮੋਕਸ਼ ਪ੍ਰਾਪਤੀ ਨੂੰ ਉੱਤਮ ਮੰਨਿਆ ਹੈ। ਭਾਰਤੀ ਦਰਸ਼ਨ ਪੱਛਮੀ ਦਰਸ਼ਨ ਦੀ ਤਰ੍ਹਾਂ ਸ਼ਬਦ ਦੇ ਅਰਥ,ਸਿਧਾਂਤ ਸਰੂਪ ਬਾਰੇ ਨਿਰੀਖਣ ਨਹੀਂ ਕਰਦੀ ਸਗੋਂ ਮੋਖ ਦੀ ਭਾਲ ਹੈ। ਮੋਖ ਦਾ ਅਨੁਭਵ ਹੀ ਮੋਕਸ਼ ਦਾ ਦੂਜਾ ਨਾਂ ਹੈ। ਸੋ ਭਾਰਤੀ ਦਰਸ਼ਨ ਵਿਚ ਮੋਕਸ਼ ਸਾਧਨ ਨਹੀਂ ਟੀਚਾ ਹੈ।

2. ਦੁੱਖ ਦੀ ਧਾਰਨਾ: ਚਾਰਵਾਕ ਦਰਸ਼ਨ ਨੂੰ ਛੱਡ ਕੇ ਲਗਭਗ ਸਾਰੇ ਹੀ ਦਰਸ਼ਨ ਸੰਸਾਰਕ ਸੁਖਾਂ ਨੂੰ ਦੁਖ ਦਾ ਕਾਰਨ ਮੰਨਦੇ ਹਨ। ਭਾਰਤੀ ਦਾਰਸ਼ਨਿਕਾਂ ਨੇ ਦੁਖ ਦੇ ਕਾਰਨ,ਦੁੱਖ ਤੋਂ ਛੁਟਕਾਰਾ ਪਾਉਣ ਦੇ ਸਾਧਨ ਦਾ ਵਿਚਾਰ ਕੀਤਾ ਹੈ।

3. ਅਗਿਆਨ ਦੁਖ ਦਾ ਕਾਰਨ ਅਤੇ ਗਿਆਨ ਮੁਕਤੀ ਦਾ ਸਾਧਨ ਹੈ: ਸਾਰੇ ਦਾਰਸ਼ਨਿਕ ਮੰਨਦੇ ਹਨ ਕਿ ਅਗਿਆਨ ਹੀ ਦੁਖ ਦਾ ਕਾਰਨ ਹੈ। ਅਵਿਦਿਆ ਵਿਚ ਪੈ ਕੇ ਜੀਵ ਨਾਸ਼ਵਾਨ ਨੂੰ ਅਵਿਨਾਸ਼ੀ ਸਮਝਣ ਲਗ ਜਾਂਦਾ ਹੈ। ਜਦੋਂ ਦੁੱਖ ਦੇ ਕਾਰਨ ਦਾ ਨਾਸ਼ ਹੋ ਜਾਵੇ ਤਾਂ ਦੁਖ ਵੀ ਦੂਰ ਹੋ ਜਾਵੇਗਾ। ਦੁਖ ਦਾ ਕਾਰਨ ਅਗਿਆਨ ਹੈ ਅਤੇ ਜਦੋਂ ਇਸ ਦਾ ਨਾਸ਼ ਹੋ ਜਾਵੇ ਤਾਂ ਜੀਵ ਨੂੰ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ। ਗਿਆਨ ਦੁਆਰਾ ਅਸੀਂ ਸੰਸਾਰ ਦੀ ਅਸਲੀਅਤ ਨੂੰ ਪਛਾਣ ਸਕਦੇ ਹਾਂ।

4. ਪੁਨਰ ਜਨਮ ਵਿਚ ਵਿਸ਼ਵਾਸ: ਕੇਵਲ ਚਾਰਵਾਕ ਨੂੰ ਛੱਡ ਕੇ ਸਾਰੇ ਭਾਰਤੀ ਦਾਰਸ਼ਨਿਕ ਪੁਨਰ ਜਨਮ ਵਿਚ ਵਿਸ਼ਵਾਸ ਰਖਦੇ ਹਨ। ਆਤਮ ਅਮਰ ਹੈ ਅਤੇ ਸਰੀਰ ਮਰਣਸ਼ੀਲ ਹੈ। ਕੀਤੇ ਕਰਮਾਂ ਦਾ ਫਲ ਭੋਗਣ ਲਈ ਜੀਵ ਨੂੰ ਹੋਰ ਸਰੀਰ ਧਾਰਨ ਕਰਨਾ ਪੈਂਦਾ ਹੈ,ਇਹੀ ਪੁਨਰ ਜਨਮ ਹੈ।

5. ਕਰਮਵਾਦ ਵਿਚ ਵਿਸ਼ਵਾਸ: ਚਾਰਵਾਕ ਦਰਸ਼ਨ ਤੋਂ ਬਿਨਾਂ ਸਾਰੇ ਭਾਰਤੀ ਦਰਸ਼ਨ ਕਰਮਵਾਦ ਨੂੰ ਮੰਨਦੇ ਹਨ। ਇਸ ਨਿਯਮ ਦੇ ਅਨੁਸਾਰ ਕੀਤੇ ਚੰਗੇ ਕਰਮਾਂ ਦਾ ਫਲ ਨਸ਼ਟ ਨਹੀਂ ਹੁੰਦਾ,ਇਨ੍ਹਾਂ ਦਾ ਫਲ ਜ਼ਰੂਰ ਭੋਗਣਾ ਪੈਂਦਾ ਹੈ। ਕਰਮਵਾਦ ਦੇ ਅਨੁਸਾਰ ਭੂਤ,ਵਰਤਮਾਨ ਅਤੇ ਭਵਿੱਖ ਜੁੜੇ ਹੋਏ ਹਨ। ਵਰਤਮਾਨ ਪਿਛਲੇ ਕੀਤੇ ਕਰਮਾਂ ਦਾ ਫਲ ਹੈ ਅਤੇ ਭਵਿੱਖ ਵਰਤਮਾਨ ਕਰਮਾਂ ਤੇ ਆਧਾਰਿਤ ਹੋਵੇਗਾ।

6. ਆਤਮ-ਨਿਯੰਤਰਣ ਤੇ ਜ਼ੋਰ: ਭਾਰਤੀ ਦਰਸ਼ਨ ਨੂੰ ਆਤਮ-ਸੰਜਮੀ ਦਾ ਦਰਸ਼ਨ ਸਮਝਿਆ ਜਾਂਦਾ ਹੈ। ਜਿਵੇਂ ਕਿ ਪਿਛੇ ਜਿਹੇ ਕਿਹਾ ਜਾ ਚੁੱਕਾ ਹੈ ਮੋਕਸ਼ ਲਈ ਗਿਆਨ ਜ਼ਰੂਰੀ ਹੈ ਪਰ ਕੋਰੇ

ਗਿਆਨ ਨਾਲ ਮੁਕਤੀ ਨਹੀਂ ਮਿਲਦੀ। ਇਸ ਲਈ ਨਿਦਿਧਿਆਸਨ ਦੀ ਜ਼ਰੂਰਤ ਹੈ। ਮਨ,ਬਚਨ ਕਰਮ ਨਾਲ ਸਾਧਨਾ ਕਰਨੀ ਚਾਹੀਦੀ ਹੈ। ਮਨ,ਬਚਨ ਕਰਮ ਦੀ ਸ਼ੁਧਤਾ ਨਾਲ ਆਤਮ-ਸ਼ੁੱਧੀ ਹੁੰਦੀ ਹੈ,ਜੋ ਪ੍ਰਭੂ ਮੇਲ ਲਈ ਜ਼ਰੂਰੀ ਹੈ।

7. ਆਸ਼ਾਵਾਦ: ਪੱਛਮੀ ਵਿਚਾਰਵਾਨ ਭਾਰਤੀ ਦਰਸ਼ਨ ਨੂੰ ਨਿਰਾਸ਼ਾਵਾਦੀ ਮੰਨਦੇ ਹਨ ਕਿ ਇਹ ਸੰਸਾਰ ਨੂੰ ਦੁੱਖ ਦਾ ਕਾਰਨ ਮੰਨਦਾ ਹੈ। ਭਾਰਤੀ ਦਰਸ਼ਨ ਸੰਸਾਰ ਵਿਚ ਦੁੱਖ ਦੀ ਹੋਂਦ ਨੂੰ ਮੰਨਦਾ ਹੈ ਪਰ ਨਾਲ ਹੀ ਇਸ ਦੁੱਖ ਤੋਂ ਬਚਣ ਦਾ ਮਾਰਗ ਵੀ ਦਸਦਾ ਹੈ ਸੋ ਆਸ਼ਾਵਾਦੀ ਹੈ। ਸੋ ਭਾਰਤੀ ਦਰਸ਼ਨ ਨਿਰਾਸ਼ਾਵਾਦ ਦੇ ਹਨੇਰੇ ਤੋਂ ਆਸ਼ਾਵਾਦ ਦੇ ਪ੍ਰਕਾਸ਼ ਵਲ ਲੈ ਜਾਂਦਾ ਹੈ।

8. ਭਾਰਤੀ ਦਰਸ਼ਨ ਵਿਵਹਾਰਕ ਹੈ: ਪੱਛਮੀ ਦਰਸ਼ਨ ਤਰਕ ਪ੍ਰਧਾਨ ਹੈ। ਇਥੇ ਦਰਸ਼ਨ ਦੀ ਉਤਪਤੀ ਬੌਧਿਕ ਜਿਗਿਆਸਾ ਦੀ ਪੂਰਤੀ ਲਈ ਹੈ। ਭਾਰਤੀ ਦਰਸ਼ਨ ਤਜਰਬੇ ਤੇ ਆਧਾਰਿਤ ਹੈ। ਇਸ ਦੀ ਉਤਪਤੀ ਦੁਖ ਦੀ ਨਵਿਰਤੀ ਅਤੇ ਸੁਖ ਦੀ ਪ੍ਰਾਪਤੀ ਲਈ ਹੋਈ। ਸੋ ਭਾਰਤੀ ਦਰਸ਼ਨ ਵਿਵਹਾਰਕ ਹੈ। ਭਾਰਤੀ ਦਰਸ਼ਨ ਵਿਚ ਅਨੁਭਵ ਅਤੇ ਅਨੁਮਾਨ ਦੇ ਸਾਧਨ ਵਰਤੇ ਗਏ ਹਨ ਕਿਉਂਕਿ ਅਧਿਆਤਮਕ ਵਿਸ਼ੇ ਤਰਕ ਨਾਲ ਨਹੀਂ,ਤਜਰਬੇ ਨਾਲ ਖਿਆਲੇ ਜਾ ਸਕਦੇ ਹਨ। ਅਧਿਆਤਮਕ ਅਨੁਭਵ ਨੈਤਿਕ ਸਾਧਨਾ ਤੋਂ ਬਿਨਾਂ ਸੰਭਵ ਨਹੀਂ। ਭਾਰਤੀ ਦਰਸ਼ਨ ਸਿਧਾਂਤ ਮਾਤਰ ਹੀ ਨਹੀਂ ਸਗੋਂ ਜੀਵਨ ਜਾਚ ਹੈ। ਭਾਰਤੀ ਦਰਸ਼ਨ ਦੇ ਨੈਤਿਕ ਅਤੇ ਅਧਿਆਤਮਕ ਜੀਵਨ ਨਾਲ ਸੰਬੰਧ ਤੋਂ ਦਰਸ਼ਨ ਤੇ ਧਰਮ ਦੀ ਏਕਤਾ ਸਪਸ਼ਟ ਹੁੰਦੀ ਹੈ। ਭਾਰਤੀ ਦਾਰਸ਼ਨਿਕ ਮੂਲ ਸੱਤ ਨੂੰ ਕੇਵਲ ਸਿਧਾਂਤਕ ਤੌਰ ਤੇ ਹੀ ਨਹੀਂ ਜਾਨਣਾ ਚਾਹੁੰਦੇ ਸਨ ਸਗੋਂ ਉਸ ਸੱਤ ਨੂੰ ਅਨੁਭਵ ਕਰਨਾ ਚਾਹੁੰਦੇ ਸਨ। ਜਿਨ੍ਹਾਂ ਨੇ ਭਾਰਤੀ ਦਰਸ਼ਨ ਨੂੰ ਧਰਮ ਤੇ ਦਰਸ਼ਨ ਦਾ ਸੁਮੇਲ ਦੱਸਿਆ ਹੈ।[1]

## (ਅ) ਭਾਰਤੀ ਚਿੰਤਨ ਅਤੇ ਗੁਰਬਾਣੀ

ਗੁਰਬਾਣੀ ਦਰਸ਼ਨ ਦੇ ਪਿਛੋਕੜ ਵਿਚ ਭਾਰਤੀ ਪਰੰਪਰਾ ਅਤੇ ਸਮਕਾਲੀ ਪ੍ਰਸਥਿਤੀਆਂ ਹਨ। ਗੁਰੂਆਂ ਨੇ ਪੂਰਵ-ਵਰਤੀ ਸਾਰੇ ਦਰਸ਼ਨਾਂ ਅਤੇ ਧਰਮਾਂ ਤੋਂ ਜੋ ਸਾਰਥਕ ਸੀ,ਗ੍ਰਹਿਣ ਕਰ ਲਿਆ।

---

1. Indian Philosophy is essentially spiritual,philosophy and religion are intimately connected with each other in India. Religion is not a system of dogmas but a living experience. It is the practical realisation of the spiritual truth..... so Indian philosophy is not idle theorosing, but a spiritual quest.

J.Sinha,History of Indian Philosophy,page 1.

ਮਨੁੱਖਤਾ ਲਈ ਜੋ ਲਾਭਦਾਇਕ ਹੀ ਨਹੀਂ ਸੀ, ਉਸ ਨੂੰ ਤਿਆਗ ਦਿੱਤਾ। ਕਈ ਨਵੇਂ ਅੰਸ਼ਾਂ ਦਾ ਵਾਧਾ ਕੀਤਾ ਜੋ ਸਮੇਂ ਅਨੁਕੂਲ ਸੀ।

ਵੇਦ ਭਾਰਤੀ ਚਿੰਤਨ ਤਥਾ ਸਾਹਿਤ ਦੀਆਂ ਪਰੰਪਰਾਵਾਂ ਦਾ ਸ੍ਰੋਤ ਹਨ। ਵੇਦ ਚਾਰ ਹਨ - ਰਿਗ ਵੇਦ, ਯਜੁਰਵੇਦ, ਸਾਮ ਵੇਦ, ਅਥਰਵ ਵੇਦ। ਹਰ ਵੇਦ ਦੇ ਚਾਰ ਭਾਗ ਹਨ, ਪਹਿਲੇ ਦੋ ਭਾਗ ਮੰਤਰ ਅਤੇ ਬ੍ਰਾਹਮਣ ਹਨ, ਜਿਹੜੇ ਕਰਮ ਕਾਂਡ ਨਾਲ ਸੰਬੰਧਿਤ ਹਨ। ਤੀਜਾ ਭਾਗ ਆਰਣਯਕ ਹਨ ਜੋ ਉਪਾਸਨਾ ਕਾਂਡ ਹੈ ਅਤੇ ਚੌਥਾ ਭਾਗ ਉਪਨਿਸ਼ਦ ਹਨ ਜਿਨ੍ਹਾਂ ਨੂੰ ਗਿਆਨ ਕਾਂਡ ਕਹਿੰਦੇ ਹਨ। ਵੇਦਾਂ ਵਿਚ ਕਰਮ ਕਾਂਡਾਂ ਅਤੇ ਕੁਰਬਾਨੀਆਂ ਨੂੰ ਜਰੂਰੀ ਮੰਨਿਆਂ ਗਿਆ ਹੈ। ਬਹੁਦੇਵਵਾਦ ਦੀ ਕਲਪਨਾ ਦੇ ਬੀਜ ਵੈਦਿਕ ਸਮੇਂ ਹੀ ਫੁੱਟੇ। ਹੌਲੀ ਹੌਲੀ ਗਿਆਨ ਦੇ ਵਿਕਾਸ ਨਾਲ ਇਕ ਦੇਵ ਦੀ ਕਲਪਨਾ ਦਾ ਖਿਆਲ ਆਇਆ। ਵੇਦਾਂ ਵਿਚ ਹੀ ਅਦ੍ਵੈਤ ਦਾ ਸ਼ੁਰੂਆਤ ਹੋ ਗਿਆ। ਵੇਦਾਂ ਵਿਚ ਬ੍ਰਹਮਨ ਸ਼ਬਦ ਆਇਆ ਹੈ ਜਿਸ ਦਾ ਭਾਵ ਨਿਯਮ ਹੈ। ਇਹ ਕੁਰਬਾਨੀਆਂ ਲਈ ਵਰਤਿਆ ਗਿਆ ਹੈ। ਸੋ ਵੇਦਾਂ ਵਿਚ ਨੈਤਿਕ ਨੀਤੀ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ। 'ਆਸਾ ਦੀ ਵਾਰ' ਵਿਚ ਚਾਰ ਵੇਦਾਂ ਦੇ ਜ਼ਿਕਰ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਵੈਦਿਕ ਪਰੰਪਰਾ ਤੋਂ ਭਲੀ ਭਾਂਤ ਜਾਣੂ ਸਨ।

> ਸਾਮ ਕਹੈ ਸੇਤੰਬਰ...ਰਿਗ ਕਹੈ...ਜੁਜ ਮਹਿ ਜੋਰਿ...ਕਲਿ ਮਹਿ
> ਬੇਦ ਅਥਰਬਣੁ॥[1]

ਗੁਰੂ ਸਾਹਿਬਾਨ ਨੇ ਕਰਮ ਕਾਂਡ ਅਤੇ ਉਪਾਸਨਾ ਕਾਂਡ ਦਾ ਖੰਡਨ ਕੀਤਾ, ਕਿਉਂਕਿ ਇਹ ਪ੍ਰਭੂ ਤੋਂ ਦੂਰ ਲੈ ਜਾਏ ਹਨ। ਸੋ ਗੁਰੂ ਸਾਹਿਬਾਨ ਨੇ ਵੈਦਿਕ ਕਿਰਿਆਚਾਰ ਦੀ ਸਖ਼ਤ ਨਿਖੇਧੀ ਕੀਤੀ, ਅਜਿਹੇ ਕਈ ਉਦਾਹਰਣ ਹਨ ਜਿਥੇ ਵੇਦਾਂ ਨੂੰ ਕੋਈ ਮਹੱਤਵ ਨਹੀਂ ਦਿੰਦੇ:

1. ਸੁਣਿ ਪੰਡਿਤ ਕਰਮਾਕਾਰੀ॥
   ਜਿਤੁ ਕਰਮਿ ਸੁਖੁ ਊਪਜੈ ਭਾਈ
   ਸੋ ਆਤਮ ਤਤੁ ਬੀਚਾਰੀ॥ ਰਹਾਉ॥
   ਸਾਸਤੁ ਬੇਦੁ ਬਕੈ ਖੜੋ ਭਾਈ
   ਕਰਮ ਕਰਹੁ ਸੰਸਾਰੀ॥
   ਪਾਖੰਡਿ ਮੈਲੁ ਨ ਚੂਕਈ ਭਾਈ
   ਅੰਤਰਿ ਮੈਲੁ ਵਿਕਾਰੀ॥2

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 470.
2. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 635.

2. ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ॥[1]

3. ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ॥[2]

4. ਬੇਦ ਕਤੇਬੀ ਭੇਦੁ ਨ ਜਾਤਾ॥[3]

5. ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥
ਦੇਵੀ ਦੇਵ ਉਪਾਏ ਵੇਸਾ॥
ਜੋਤੀ ਜਾਤੀ ਗਣਤ ਨ ਆਵੈ॥ [4]
ਜਿਨਿ ਸਾਜੀ ਸੋ ਕੀਮਤ ਪਾਵੈ॥

ਜਿਥੇ ਗੁਰੂ ਸਾਹਿਬਾਨ ਨੇ ਵੈਦਿਕ ਕਰਮ ਕਾਂਡ ਤੇ ਕਿੰਤੂ ਕੀਤਾ ਹੈ ਉਥੇ ਕਈ ਅਧਿਆਤਮਕ ਵਿਚਾਰ ਗੁਰਬਾਣੀ ਨਾਲ ਕਾਫ਼ੀ ਮਿਲਦੇ ਹਨ। ਵੇਦਾਂ ਵਿਚ ਗਿਆਨ ਦੇ ਵਿਕਾਸ ਨਾਲ ਇਕ ਦੇਵ ਵਲ ਸਾਧਕਾਂ ਦਾ ਧਿਆਨ ਗਿਆ, ਇਥੇ ਬ੍ਰਹਮ ਦੀ ਅਦਵੈਤ ਦੀ ਅਨੁਭੂਤੀ ਦੇ ਬੀਜ ਮਿਲ ਜਾਂਦੇ ਹਨ। ਰਿਗ ਵੇਦ ਵਿਚ ਪਰਮ ਸੱਤ ਨੂੰ ਨਾਮ-ਰੂਪਾਤਮਕ ਜਗਤ ਤੋਂ ਪਰ੍ਹੇ ਅਵਿਅਕਤ ਮੰਨਿਆ ਗਿਆ ਹੈ। ਗੁਰੂ ਸਾਹਿਬਾਨ ਨੇ ਵੇਦਾਂ ਨੂੰ ਸਚਿਆਰ ਵੀ ਮੰਨਿਆ ਹੈ:

ਚਾਰੇ ਵੇਦ ਹੋਏ ਸਚਿਆਰ॥ [5]
ਪੜਹਿ ਗੁਣਹਿ ਤਿਨ ਚਾਰ ਵੀਚਾਰ॥

ਸੋ ਵੈਦਿਕ ਕਿਰਿਆ ਕਰਮ ਨਾਲ ਨਹੀਂ ਸਗੋਂ ਵੈਦਿਕ ਵਿਚਾਰਧਾਰਾ ਨਾਲ ਗੁਰਬਾਣੀ ਦਾ ਮੇਲ ਹੈ।

ਵੇਦਾਂ ਦਾ ਅਖੀਰਲਾ ਭਾਗ ਉਪਨਿਸ਼ਦ ਹਨ ਜੋ ਗਿਆਨ ਕਾਂਡ ਨਾਲ ਸੰਬੰਧਿਤ ਹਨ। ਗੁਰਬਾਣੀ ਵੀ ਬ੍ਰਹਮ ਬਾਰੇ ਗਿਆਨ ਹੈ ਸੋ ਵੇਦਾਂ ਵਿਚ ਸਾਂਝ ਹੈ। ਉਪਨਿਸ਼ਦਾਂ ਦੀ ਵਿਚਾਰਧਾਰਾ, ਦਾਰਸ਼ਨਿਕ ਸਿਧਾਂਤਾਂ ਦੀ ਗੁਰਬਾਣੀ ਨਾਲ ਸਾਂਝ ਹੈ। ਉਪਨਿਸ਼ਦਾਂ ਦੇ ਬ੍ਰਹਮ ਬਾਰੇ ਵਿਚਾਰਾਂ, ਅਦਵੈਤਵਾਦ, ਆਤਮ-ਦਰਸ਼ਨ ਅਤੇ ਗਿਆਨ ਪ੍ਰਣਾਲੀ ਇਨ੍ਹਾਂ ਤੋਂ ਗੁਰਬਾਣੀ ਨੇ ਜ਼ਰੂਰ ਅਸਰ ਲਿਆ।

1. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 56
2. ਧਨਾਸਰੀ ਮਹਲਾ 5, ਗੁਰੂ ਗ੍ਰੰਥ, ਪੰਨਾ 687
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1021
4. ਬਿਲਾਵਲ ਮਹਲਾ 1, ਗੁਰੂ ਗ੍ਰੰਥ, ਪੰਨਾ 839.
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 470.

ਗੀਤਾ ਵਿਚ ਬ੍ਰਹਮ ਦਾ ਅਵਿਅਕਤ ਅਤੇ ਵਿਅਕਤ ਦੋਵੇਂ ਰੂਪ ਵਰਣਨ ਕੀਤੇ ਗਏ ਹਨ। ਗੀਤਾ ਵਿਚ ਗਿਆਨ-ਯੋਗ-ਭਗਤੀ ਸਾਧਨਾ ਦਾ ਜ਼ਿਕਰ ਹੈ। ਗੁਰਬਾਣੀ ਵਿਚ ਗੀਤਾ ਦੇ ਇਨ੍ਹਾਂ ਵਿਚਾਰਾਂ ਦੇ ਅੰਸ਼ ਮਿਲ ਜ ਦੇ ਹਨ। ਗੁਰੂ ਸਾਹਿਬਾਨ ਨੇ ਬ੍ਰਹਮ ਨੂੰ ਅਨਿਰਵਚਨੀਯ ਦੱਸਿਆ ਹੈ ਅਤੇ ਉਸ ਨੂੰ ਪ੍ਰਾਪਤ ਸਾਧਨਾਂ ਵਿਚ ਗਿਆਨ ਯੋਗ ਅਤੇ ਭਗਤੀ ਦਾ ਸਮਨਵੈ ਕੀਤਾ ਹੈ। ਗੀਤਾ ਦੇ ਅਵਤਾਰਵਾਦ ਨੂੰ ਗੁਰਬਾਣੀ ਨਹੀਂ ਮੰਨਦੀ। ਗੀਤਾ ਵਿਚ ਆਤਮਾ ਪਰਮਾਤਮਾ ਦੀ ਏਕਤਾ ਤੇ ਜ਼ੋਰ ਨਹੀਂ ਦਿੱਤਾ। ਪਰ ਗੁਰਬਾਣੀ ਤੇ ਉਪਨਿਸ਼ਦ ਆਤਮਾ ਨੂੰ ਪਰਮਾਤਮਾ ਦਾ ਹਿੱਸਾ ਮੰਨਦੇ ਹਨ। ਗੀਤਾ ਵਿਚ ਬ੍ਰਹਮ ਦੇ ਅਵਤਾਰ ਦਾ ਜ਼ਿਕਰ ਹੈ।

ਭਾਰਤੀ ਦਰਸ਼ਨ ਪਰੰਪਰਾ ਵਿਚ ਛੇ ਦਰਸ਼ਨਾਂ ਦਾ ਮਹੱਤਵਪੂਰਨ ਸਥਾਨ ਹੈ। ਉਪਨਿਸ਼ਦਾਂ ਤੋਂ ਬਾਅਦ ਇਨ੍ਹਾਂ ਦਰਸ਼ਨਾਂ ਵਿਚ ਅਧਿਆਤਮਕ ਵਿਸ਼ਿਆਂ ਨੂੰ ਦਾਰਸ਼ਨਿਕ ਢੰਗ ਨਾਲ ਵਿਚਾਰਿਆ ਗਿਆ। ਅਸਲ ਵਿਚ ਇਹ ਛੇ ਦਰਸ਼ਨ ਉਪਨਿਸ਼ਦ ਸਾਹਿੱਤ ਦਾ ਹੀ ਵਿਸਤਾਰ ਹਨ। ਇਹ ਦਰਸ਼ਨ ਸਾਂਖ, ਯੋਗ, ਵੈਸ਼ੇਸ਼ਿਕ, ਨਿਆਇ, ਪੂਰਬ ਮੀਮਾਂਸਾ ਤੇ ਵੇਦਾਂਤ ਹਨ। ਸਾਂਖ ਦਾ ਰਚਨਹਾਰ ਕਪਿਲ ਮੁਨੀ ਸੀ, ਯੋਗ ਦਾ ਪਤੰਜਲੀ, ਵੈਸ਼ੇਸ਼ਿਕ ਦਾ ਕਣਾਦਿ, ਨਿਆਇ ਦਾ ਗੌਤਮ, ਪੂਰਬ ਮੀਮਾਂਸਾ ਦਾ ਜੈਮਿਨੀ ਅਤੇ ਵੇਦਾਂਤ ਦਾ ਵਿਆਸ। ਇਨ੍ਹਾਂ ਛੇ ਦਰਸ਼ਨਾਂ ਨੂੰ ਆਸਤਿਕ ਦਰਸ਼ਨ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਵੇਦਾਂ ਨੂੰ ਪ੍ਰਮਾਣ ਮੰਨਦੇ ਹਨ, ਨਾਸਤਿਕ ਦਰਸ਼ਨ ਦੇ ਅੰਤਰਗਤ ਉਹ ਦਰਸ਼ਨ ਹਨ ਜੋ ਵੇਦਾਂ ਨੂੰ ਪ੍ਰਮਾਣ ਮੰਨ ਕੇ ਆਪਣੇ ਸਿਧਾਂਤਾਂ ਦਾ ਪ੍ਰਤਿਪਾਦਨ ਨਹੀਂ ਕਰਦੇ, ਇਹ ਹਨ: ਚਾਰਵਾਕ, ਜੈਨ ਤੇ ਬੁੱਧ। ਆਦਿ ਗ੍ਰੰਥ ਵਿਚ ਛੇ ਦਰਸ਼ਨ ਪ੍ਰਣਾਲੀਆਂ ਦਾ ਸੰਕੇਤ ਹੈ:

ਛਿਅ ਘਰ ਛਿਅ ਗੁਰ ਛਿਅ ਉਪਦੇਸੁ ॥[1]

ਸਾਂਖ ਦਰਸ਼ਨ ਦ੍ਵੈਤ ਵਿਚ ਵਿਸ਼ਵਾਸ ਰਖਦਾ ਹੈ ਕਿਉਂਕਿ ਇਹ ਪ੍ਰਕ੍ਰਿਤੀ ਅਤੇ ਪੁਰਸ਼ ਦੋਵਾਂ ਦੀ ਵੱਖ ਵੱਖ ਹੋਂਦ ਸਵੀਕਾਰ ਕਰਦਾ ਹੈ। ਸਾਂਖ ਦਰਸ਼ਨ ਅਨੁਸਾਰ ਪ੍ਰਕ੍ਰਿਤੀ ਸੰਸਾਰ ਦਾ ਆਦਿ ਕਾਰਨ ਹੈ। ਸਤੋ, ਰਜੋ ਤੇ ਤਮੋ ਪ੍ਰਕ੍ਰਿਤੀ ਦੇ ਤ੍ਰਿਗੁਣ ਹਨ। ਪੁਰਖ ਅਤੇ ਪ੍ਰਕ੍ਰਿਤੀ ਦੇ ਸੰਜੋਗ ਨਾਲ ਸ੍ਰਿਸ਼ਟੀ ਦਾ ਆਰੰਭ ਹੁੰਦਾ ਹੈ। ਪ੍ਰਾਕ੍ਰਿਤੀ ਦੇ 25 ਤੱਤ੍ਵ ਪੁਰਸ਼, ਤ੍ਰੈਗੁਣੀ ਪ੍ਰਕ੍ਰਿਤੀ, ਮਹਤ, ਅਹੰਕਾਰ, ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਮਨ, ਪੰਜ ਤਨਮਾਤਰਾਂ ਅਤੇ ਪੰਜ ਮਹਾਂ ਭੂਤ ਹਨ। ਆਦਿ ਗ੍ਰੰਥ ਦੇ ਆਦੇਸ਼ ਅਨੁਸਾਰ ਪਰਮਾਤਮਾ ਨੂੰ ਪ੍ਰਥਮ ਅਤੇ ਅੰਤਿਮ ਸੱਤ ਮੰਨ ਕੇ ਚਲਣਾ ਹੈ। ਬ੍ਰਹਮ ਨੂੰ ਪਰਮ ਪੁਰਖ ਮੰਨਿਆ ਹੈ। ਪੁਰਸ਼

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 12.

ਅਤੇ ਪ੍ਰਕ੍ਰਿਤੀ ਦੀ ਵੱਖ ਹੋਂਦ ਨਹੀਂ ਸਗੋਂ ਇਹ ਇਕ ਹੁਕਮ ਦੁਆਰਾ ਪੈਦਾ ਹੋਏ ਹੋਏ ਹਨ, ਗੁਰਬਾਣੀ ਦਾ ਕਥਨ ਹੈ:

ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮ ਵਰਤਾਏ॥[1]

ਜਿਥੇ ਸਾਂਖ ਪ੍ਰਕ੍ਰਿਤੀ ਨੂੰ ਕ੍ਰਿਆਸ਼ੀਲ ਮੰਨਦਾ ਹੈ, ਗੁਰਬਾਣੀ ਪ੍ਰਕ੍ਰਿਤੀ ਨੂੰ ਜੜ੍ਹ ਮੰਨਦੀ ਹੈ, ਪਰਮਾਤਮਾ ਕ੍ਰਿਆਸ਼ੀਲਤਾ ਦਾ ਸ੍ਰੋਤ ਹੈ, ਸੰਸਾਰ ਦਾ ਕਰਤਾ ਪਾਰਬ੍ਰਹਮ ਹੈ। ਗੁਰੂ ਨਾਨਕ ਦੇਵ ਦਾ ਵਿਚਾਰ ਹੈ:

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥[2]

ਤਿੰਨ ਗੁਣ ਵੀ ਉਸ ਦੇ ਪੈਦਾ ਕੀਤੇ ਹੋਏ ਹਨ। ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:

ਤ੍ਰੈਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ॥[3]

ਸਾਂਖ ਦਰਸ਼ਨ ਦੇ ਕੁਝ ਪ੍ਰਮੁੱਖ ਨੁਕਤਿਆਂ ਨਾਲ ਗੁਰਮਤਿ ਦਾ ਸਾਂਝ ਹੈ। ਸਾਂਖ ਦੇ 25 ਤੱਤਾਂ ਨੂੰ ਗੁਰਦੇਵ ਨੇ ਸਵੀਕਾਰਿਆ ਹੈ। ਪ੍ਰਕ੍ਰਿਤੀ ਦੇ ਤਿੰਨ ਗੁਣਾਂ ਨੂੰ ਵੀ ਮੰਨਿਆ ਹੈ।

ਯੋਗ ਦਰਸ਼ਨ ਸਾਂਖ ਦਰਸ਼ਨ ਦੇ ਤੱਤਾਂ ਨੂੰ ਅਪਣਾਉਂਦਾ ਹੈ। ਚਿਤ ਦੀਆਂ ਬਿਰਤੀਆਂ ਨੂੰ ਰੋਕਣ ਦਾ ਨਾਂ 'ਯੋਗ' ਹੈ। ਯੋਗ ਦਰਸ਼ਨ ਨਾਲੋਂ ਵੀ ਸਾਧਨਾ ਜ਼ਿਆਦਾ ਹੈ। ਯੋਗ ਸਾਧਨਾ ਦੇ ਅੱਠ ਅੰਗ ਹਨ, ਯਮ, ਨਿਯਮ, ਪ੍ਰਾਣਾਯਾਮ, ਪ੍ਰਤਯਾਹਾਰ, ਆਸਣ, ਧਿਆਨ, ਧਾਰਨਾ ਅਤੇ ਸਮਾਧੀ। ਯੋਗ ਅਨੁਸਾਰ ਮੁਕਤੀ ਪੁਰਸ਼ ਦਾ ਪ੍ਰਕ੍ਰਿਤੀ ਤੋਂ ਛੁਟਕਾਰਾ ਹੈ।

ਗੁਰਬਾਣੀ ਵਿਚ ਮੁਕਤੀ ਆਤਮਾ ਅਤੇ ਪਰਮਾਤਮਾ ਦਾ ਮੇਲ ਹੈ। ਗੁਰਮਤਿ ਮਾਰਗ ਦਰਅਸਲ ਵਿਚ ਸਹਿਜ ਮਾਰਗ ਹੈ। ਸੋ ਇਸ ਨੂੰ ਸੁਰਤ-ਸ਼ਬਦ ਯੋਗ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ:

ਧਿਆਨ ਰੂਪਿ ਹੋਇ ਆਸਣੁ ਪਾਵੈ॥
ਸਚਿ ਨਾਮਿ ਤਾੜੀ ਚਿਤੁ ਲਾਵੈ॥[4]

---

1. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 920.
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 464.
3. ਸਾਰੰਗ ਮਹਲਾ 4, ਗੁਰੂ ਗ੍ਰੰਥ, ਪੰਨਾ 1237
4. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 877.

ਨਿਆਇ ਦਰਸ਼ਨ ਅਨੁਸਾਰ ਪਰਮਾਤਮਾ, ਆਤਮਾਵਾਂ ਅਤੇ ਪ੍ਰਮਾਣੂ ਸਦੀਵੀ ਹੋਣ ਵਾਲੇ ਹਨ। ਪਰਮਾਤਮਾ ਦੀ ਹੋਂਦ ਸਿੱਧ ਕਰਨ ਲਈ ਦਲੀਲਾਂ ਦਿੱਤੀਆਂ ਹਨ। ਪ੍ਰਤੱਖ, ਪ੍ਰਮਾਣ, ਅਨੁਮਾਨ ਅਤੇ ਸ਼ਬਦ ਇਨ੍ਹਾਂ ਗਿਆਨ ਸ੍ਰੋਤਾਂ ਦਾ ਜ਼ਿਕਰ ਕੀਤਾ ਹੈ। ਮੋਕਸ਼ ਨੂੰ 'ਅਪਵਰਗ' ਦਾ ਨਾਂ ਦਿੱਤਾ ਹੈ। 'ਅਪਵਰਗ' ਦਾ ਅਰਥ ਹੈ ਆਤਮਾ ਦਾ ਸਰੀਰ ਅਤੇ ਇੰਦਰੀਆਂ ਦੇ ਬੰਧਨ ਤੋਂ ਮੁਕਤ ਹੋਣਾ। ਵੈਸ਼ੇਸ਼ਿਕ ਦਰਸ਼ਨ ਵਿਚ ਧਰਤੀ, ਜਲ, ਅਗਨੀ, ਵਾਯੂ, ਆਕਾਸ਼, ਕਾਲ, ਆਤਮਾ ਅਤੇ ਮਨ ਨੌ ਦ੍ਰਵ੍ਯ ਦਾ ਜ਼ਿਕਰ ਹੈ।

ਗੁਰੂ ਸਾਹਿਬਾਨ ਦੇ ਵਿਚਾਰਾਂ ਨਾਲ ਇਨ੍ਹਾਂ ਦੀ ਸਮਾਨਤਾ ਨਹੀਂ। ਗੁਰਬਾਣੀ ਬ੍ਰਹਮ ਨੂੰ ਸਦੀਵੀ ਮੰਨਦੀ ਹੈ। ਪਰਮਾਤਮਾ ਨੂੰ ਗਿਆਨ ਤੇ ਦਲੀਲਾਂ ਨਾਲ ਸਿੱਧ ਕਰਨ ਦੀ ਜ਼ਰੂਰਤ ਨਹੀਂ। ਮੁਕਤੀ ਸਰੀਰ ਤੋਂ ਛੁਟਕਾਰਾ ਪਾ ਕੇ ਹੀ ਨਹੀਂ, ਮਨੁੱਖ ਜੀਵਨ ਵਿਚ ਹੀ ਮੁਕਤੀ ਪਾ ਸਕਦਾ ਹੈ। ਆਤਮਾ ਪਰਮਾਤਮਾ ਦੀ ਅੰਸ਼ ਹੈ ਸੋ ਇਹ ਦ੍ਰਵ੍ਯ ਨਹੀਂ ਹੋ ਸਕਦੀ। ਜਿਵੇਂ ਕਿ ਵੈਸ਼ੇਸ਼ਿਕ ਦਰਸ਼ਨ ਵਿਚ ਆਤਮਾ ਨੂੰ ਦ੍ਰਵ੍ਯ ਦਸਿਆ ਗਿਆ ਹੈ।

ਪੂਰਵ-ਮੀਮਾਂਸਾ ਵੇਦਾਂ ਦੇ ਕਰਮ ਕਾਂਡ ਨਾਲ ਸੰਬੰਧਿਤ ਹੈ। ਜੈਮਿਨੀ ਪ੍ਰਭੂ ਬਾਰੇ ਚੁੱਪ ਹੈ। ਆਤਮਾ ਪਰਮਾਤਮਾ ਤੋਂ ਵੱਖ ਹੈ ਇਹ ਇਕ ਨਹੀਂ ਅਨੇਕ ਹਨ। ਕਰਮਾਂ ਦੇ ਕਾਰਨ ਜੀਵ ਜਨਮ ਲੈਂਦਾ ਹੈ ਅਤੇ ਕਰਮਾਂ ਕਾਰਨ ਉਸ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਸੋ ਇਸ ਦਰਸ਼ਨ ਨੂੰ ਕਰਮ ਮੀਮਾਂਸਾ ਵੀ ਕਿਹਾ ਗਿਆ ਹੈ। ਗੁਰਬਾਣੀ ਕਰਮ ਕਾਂਡ ਦਾ ਖੰਡਨ ਕਰਦੀ ਹੈ। ਗੁਰਬਾਣੀ ਸੰਤ ਦੀ ਬਾਣੀ ਹੈ, ਇਹ ਆਤਮਾ ਨੂੰ ਪਰਮਾਤਮਾ ਦੀ ਅੰਸ਼ ਮੰਨਦੀ ਹੈ। ਗੁਰੂ ਸਾਹਿਬਾਨ ਕਰਮਾਂ ਵਿਚ ਯਕੀਨ ਰਖਦੇ ਹਨ ਪਰ ਮੁਕਤੀ ਲਈ ਪ੍ਰਭੂ ਦੀ ਨਦਰ ਜ਼ਰੂਰੀ ਹੈ।

ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ॥[1]

ਛੇ ਦਰਸ਼ਨਾਂ ਵਿਚ ਵੇਦਾਂਤ ਦਾ ਪ੍ਰਮੁੱਖ ਸਥਾਨ ਹੈ। ਇਸ ਨੂੰ ਉੱਤਰ ਮੀਮਾਂਸਾ ਵੀ ਕਿਹਾ ਗਿਆ ਹੈ। ਵੇਦਾਂ ਦੇ ਅੰਤਲੇ ਭਾਗ ਉਪਨਿਸ਼ਦਾਂ ਉਪਰ ਆਧਾਰਿਤ ਹੋਣ ਕਾਰਨ ਇਸ ਨੂੰ ਵੇਦਾਂਤ ਕਿਹਾ ਗਿਆ ਹੈ। ਬਾਦਰਾਇਣ ਰਿਸ਼ੀ ਨੇ ਉਪਨਿਸ਼ਦਾਂ ਦੇ ਸਾਰ ਨੂੰ ਬ੍ਰਹਮ ਸੂਤਰ ਰਾਹੀਂ ਬਿਆਨਿਆ। ਵੇਦਾਂਤ ਦੀ ਕਈ ਤਰ੍ਹਾਂ ਵਿਆਖਿਆ ਕੀਤੀ ਗਈ ਅਤੇ ਵੇਦਾਂਤ ਦੇ ਕਈ ਸਕੂਲ ਹੋਂਦ ਵਿਚ ਆਏ, ਸ਼ੰਕਰ ਦਾ ਅਦ੍ਵੈਤ, ਰਾਮਾਨੁਜ ਦਾ ਵਿਸ਼ਿਸ਼ਟਾਦ੍ਵੈਤ, ਮਾਧਵਾ ਦਾ ਦ੍ਵੈਤ, ਨਿੰਬਾਰਕਾਚਾਰੀਆ ਦਾ ਦ੍ਵੈਤਾਦ੍ਵੈਤ ਅਤੇ ਵਲਭਾਚਾਰੀਆ ਦਾ ਸ਼ੁੱਧ ਅਦ੍ਵੈਤ ਪ੍ਰਸਿੱਧ ਹਨ।

---

1. ਜਪੁ, ਗੁਰੂ ਗ੍ਰੰਥ, ਪੰਨਾ 2

ਸ਼ੰਕਰ ਦੇ ਅਦ੍ਵੈਤ ਵੇਦਾਂਤ ਅਨੁਸਾਰ ਪਰਮਾਤਮਾ ਇਕ ਸ਼ੁੱਧ ਗਿਆਨੀ ਹੈ। ਬ੍ਰਹਮ ਅਨੰਤ, ਨਿਰਗੁਣ ਅਤੇ ਸਦੀਵੀ ਹੈ। ਉਹ ਜਗਤ ਦੀ ਉਤਪਤੀ, ਸਥਿਤੀ ਅਤੇ ਨਾਸ਼ ਦਾ ਕਾਰਨ ਹੈ। ਬ੍ਰਹਮ ਦਾ ਵਿਵਹਾਰਿਕ ਦ੍ਰਿਸ਼ਟੀ ਤੋਂ ਸਗੁਣ ਸਰੂਪ ਹੈ। ਜਗਤ ਮਿਥਿਆ ਹੈ। ਗੁਰੂ ਸਾਹਿਬਾਨ ਨਾਲ ਇਸ ਦਰਸ਼ਨ ਦੀ ਸਾਂਝ ਬ੍ਰਹਮ ਦੇ ਨਿਰਗੁਣ ਸਗੁਣ ਸਰੂਪ ਨਾਲ ਹੈ ਪਰ ਗੁਰਬਾਣੀ ਵਿਚ ਨਿਰਗੁਣ ਅਤੇ ਸਗੁਣ ਬ੍ਰਹਮ ਨੂੰ ਇਕੋ ਪੱਧਰ ਤੇ ਹੀ ਰੱਖਿਆ ਗਿਆ ਹੈ:

ਨਿਰਗੁਣ ਸਰਗੁਣ ਆਪੇ ਸੋਈ॥[1]

ਰਾਮਾਨੁਜ ਦਾ ਵਸ਼ਿਸ਼ਟਾਦਵੈਤ ਵੀ ਬ੍ਰਹਮ ਨੂੰ ਇਕ ਮਾਤਰ ਸਤਿ ਮੰਨਦਾ ਹੈ। ਜਿਸ ਨਾਲ ਗੁਰਬਾਣੀ ਦੀ ਸਮਾਨਤਾ ਹੈ ਪਰ ਵਸ਼ਿਸ਼ਟ ਅਦਵੈਤ ਦਾ ਬ੍ਰਹਮ ਸਗੁਣ ਹੈ ਅਤੇ ਗੁਰਬਾਣੀ ਦਾ ਨਿਰਗੁਣ ਬ੍ਰਹਮ ਹੈ।

ਮਾਧਵਾ ਦੇ ਅਨੁਸਾਰ ਬ੍ਰਹਮ ਤੇ ਆਤਮਾ ਦੀ ਵੱਖ ਵੱਖ ਹੋਂਦ ਹੈ। ਇਸ ਲਈ ਇਸ ਦੇ ਸਿਧਾਂਤ ਨੂੰ ਦਵੈਤ ਕਿਹਾ ਗਿਆ ਹੈ। ਨਿੰਬਾਰਕਾ ਦਾ ਸਿਧਾਂਤ ਦਵੈਤਾਦਵੈਤਾ ਦਾ ਹੈ ਜਿਸ ਅਨੁਸਾਰ ਆਤਮਾਵਾਂ ਅਤੇ ਮਾਦਾ ਬ੍ਰਹਮ ਨਾਲ ਇਕਸੁਰ ਵੀ ਹਨ ਅਤੇ ਵੱਖ ਵੀ। ਇਨ੍ਹਾਂ ਅਨੁਸਾਰ ਬ੍ਰਹਮ ਸਗੁਣ ਹੈ। ਗੁਰਬਾਣੀ ਦਵੈਤ ਵਿਚ ਵਿਸ਼ਵਾਸ ਨਹੀਂ ਰਖਦੀ।

ਵਲੱਭਾਚਾਰੀਆ ਦਾ ਮਤ ਸ਼ੁੱਧ ਅਦਵੈਤ ਹੈ ਜਿਸ ਅਨੁਸਾਰ ਬ੍ਰਹਮ ਹੀ ਇਕੋ ਇਕ ਤੱਤਵ ਹੈ। ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਬ੍ਰਹਮ ਜੀਵ ਅਤੇ ਸ੍ਰਿਸ਼ਟੀ ਇਕ ਹੋ ਜਾਂਦੇ ਹਨ ਇਹ ਵਿਚਾਰ ਗੁਰਬਾਣੀ ਨਾਲ ਮੇਲ ਖਾਂਦਾ ਹੈ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥[2]

ਸ਼ੰਕਰਾ ਤੋਂ ਛੁੱਟ ਸਾਰੇ ਆਚਾਰੀਆ ਸਗੁਣਵਾਦੀ ਹਨ। ਸੋ ਸ਼ੰਕਰਾ ਦੇ ਨਿਰਗੁਣ ਬ੍ਰਹਮ ਨਿਰੂਪਣ ਤੋਂ ਗੁਰਬਾਣੀ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਪ੍ਰੇਰਣਾ ਅਵੱਸ਼ ਗ੍ਰਹਿਣ ਕੀਤੀ।

ਉਪਰੋਕਤ ਛੇ ਦਰਸ਼ਨ ਆਸਤਿਕ ਦਰਸ਼ਨ ਹਨ, ਤਿੰਨ ਨਾਸਤਿਕ ਮਤ ਚਾਰਵਾਕ, ਜੈਨ ਅਤੇ ਬੁੱਧ ਮਤ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਵੀ ਪ੍ਰਾਸੰਗਿਕ ਹੋਵੇਗਾ। ਚਾਰਵਾਕ ਭੌਤਿਕਵਾਦੀ ਮਤ ਹੈ। ਇਹ ਸਿਰਫ਼ ਸੁਖਵਾਦ ਨੂੰ ਮੰਨਦਾ ਹੈ। ਖਾਉ, ਪੀਉ ਅਤੇ ਐਸ਼ ਕਰੋ ਇਸ ਦਾ ਉਦੇਸ਼ ਹੈ। ਇਹ ਰੱਬ ਆਤਮਾ, ਕਰਮ ਮੁਕਤੀ ਕਿਸੇ ਵਿਚ ਵਿਸ਼ਵਾਸ ਨਹੀਂ

---

1. ਮਾਝ ਮਹਲਾ 3, ਗੁਰੂ ਗ੍ਰੰਥ, ਪੰਨਾ 128.
2. ਬਿਲਾਵਲ ਮਹਲਾ 5, ਗੁਰੂ ਗ੍ਰੰਥ, ਪੰਨਾ 846.

ਕਰਦਾ ਸੋ ਇਸ ਨਾਲ ਗੁਰਬਾਣੀ ਦਾ ਕੋਈ ਮੇਲ ਨਹੀ।

ਜੈਨ ਮਤ ਦੇ ਪ੍ਰਮੁੱਖ ਸਿਧਾਂਤ ਅਨੇਕਾਂਤਵਾਦ ਅਤੇ ਸਯਾਦਵਾਦ ਹਨ। ਅਨੇਕਾਂਤਵਾਦ ਅਨੁਸਾਰ ਮਾਦਾ ਪ੍ਰਮਾਣੂ ਅਤੇ ਜੀਵ ਅਨੰਤ ਹਨ। ਸਯਾਦਵਾਦ ਅਨੁਸਾਰ ਮਨੁੱਖੀ ਗਿਆਨ ਸਪੇਖ ਅਤੇ ਸੀਮਤ ਹੈ। ਪਰਮਾਤਮਾ ਨੂੰ ਨਾ ਮੰਨਣ ਕਾਰਨ ਜੈਨ ਮਤ ਗੁਰਬਾਣੀ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਦਾ।

ਬੁੱਧ ਧਰਮ ਮਹਾਤਮਾ ਬੁੱਧ ਦਾ ਚਲਾਇਆ ਹੋਇਆ ਹੈ। ਗੁਰਬਾਣੀ ਵਿਚ 'ਬੁਧ' ਸ਼ਬਦ ਦਾ ਪ੍ਰਯੋਗ ਹੋਇਆ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬਾਨ ਬੁੱਧ ਧਰਮ ਤੋਂ ਜਾਣੂ ਸਨ। ਜਪੁ ਜੀ ਵਿਚ 'ਬੁਧ' ਸ਼ਬਦ ਆਇਆ ਹੈ:

1. ਆਖਹਿ ਕੇਤੇ ਕੀਤੇ ਬੁਧ॥[1]
2. ਕੇਤੇ ਸਿਧ ਬੁਧ ਨਾਥ ਕੇਤੇ॥[2]

ਇਸ ਧਰਮ ਦੀ ਬੁਨਿਆਦ ਚਾਰ ਸਚਾਈਆਂ ਹਨ

(1)ਸੰਸਾਰ ਵਿਚ ਦੁਖ ਹੈ,(2)ਦੁਖ ਦਾ ਕਾਰਨ ਹੈ,(3)ਦੁਖ ਦਾ ਅੰਤ ਹੋ ਸਕਦਾ ਹੈ,(4)ਦੁਖ ਦਾ ਅੰਤ ਕਰਨ ਲਈ ਰਸਤਾ ਹੈ। ਉਹ ਅਸ਼ਟਾਂਗ ਮਾਰਗ ਹੈ - ਸੱਚਾ ਸਿਦਕ, ਸੱਚੀ ਪ੍ਰਤਿਗਿਆ, ਸੱਚਾ ਬਚਨ, ਸੱਚਾ ਕਰਮ, ਸੱਚਾ ਨਿਰਬਾਹ, ਸੱਚਾ ਉਦੱਮ, ਸੱਚਾ ਵਿਚਾਰ ਅਤੇ ਸੱਚੀ ਇਕਾਗਰਤਾ।

ਬੁੱਧ ਮਤ ਦਾ ਇਕ ਮਹੱਤਵ ਪੂਰਨ ਸਿਧਾਂਤ ਸ਼ੂਨਯਵਾਦ ਹੈ। ਇਸ 'ਸ਼ੂਨਯ' ਅਨੁਸਾਰ ਇਹ ਨਿਰਾ ਖਾਲੀ ਖਿਆਲ ਨਹੀਂ ਸਗੋਂ ਇਸ ਦਾ ਅਰਥ ਅਕੱਥਨੀਯ ਹੈ। ਗੁਰਬਾਣੀ ਵਿਚ ਦੁਖ ਨੂੰ ਮੰਨਿਆ ਗਿਆ ਹੈ ਪਰ ਦੁਖ ਦਾ ਕਾਰਨ ਸਿਰਫ ਵਿਸ਼ੇ ਵਿਕਾਰ ਹੀ ਨਹੀਂ ਸਗੋਂ ਪਰਮਾਤਮਾ ਨੂੰ ਵਿਸਾਰਨਾ ਵੀ ਦੁਖ ਦਾ ਕਾਰਨ ਹੈ:

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥[3]

ਗੁਰਬਾਣੀ ਅਨੁਸਾਰ ਦੁੱਖਾਂ ਦੀ ਨਵਿਰਤੀ ਲਈ ਅਸ਼ਟਾਂਗ ਮਾਰਗ ਤੋਂ ਇਲਾਵਾ ਨਾਮ ਸਿਮਰਨ ਅਤੇ ਪ੍ਰਭੂ ਮਿਹਰ ਦੀ ਜ਼ਰੂਰਤ ਹੈ, ਗੁਰੂ ਸਾਹਿਬ ਦੇ ਕਥਨ ਤੋਂ ਸਪਸ਼ਟ ਹੈ:

ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ॥
ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ॥[4]

---

1. ਜਪੁ, ਗੁਰੂ ਗ੍ਰੰਥ, ਪੰਨਾ 6
2. ਜਪੁ, ਗੁਰੂ ਗ੍ਰੰਥ, ਪੰਨਾ 7
3. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 235.
4. ਸਲੋਕ ਮਹਲਾ 3, ਗੁਰੂ ਗ੍ਰੰਥ, ਪੰਨਾ 1417

ਬੁੱਧ ਮਤ ਅਨੁਸਾਰ ਦੁੱਖਾਂ ਦੀ ਨਵਿਰਤੀ ਹੀ ਨਿਰਬਾਣ ਹੈ। ਗੁਰਬਾਣੀ ਵਿਚ ਵੀ ਨਿਰਬਾਣ ਸ਼ਬਦ ਆਇਆ ਹੈ ਪਰ ਇਸ ਦਾ ਅਰਥ ਪ੍ਰਭੂ ਨਾਲ ਅਭੇਦਤਾ ਹੈ।

ਬੁੱਧ ਧਰਮ ਦੇ ਸਦਾਚਾਰਕ ਪੱਖ ਦੀ ਕੁਝ ਕੁਝ ਝਲਕ ਗੁਰਬਾਣੀ ਵਿਚ ਹੈ। ਸੱਚੀ ਰਹਨੀ ਤੇ ਕਥਨੀ, ਬੁੱਧ ਦੇ ਸੰਘ ਦੀ ਥਾਂ ਸਾਧ ਸੰਗਤ ਦੀ ਵਡਿਆਈ ਇਹ ਗੁਰਬਾਣੀ ਵਿਚ ਵੀ ਪ੍ਰਤੱਖ ਹੈ:

1. ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ॥[1]
2. ਸਤ ਸੰਗਤਿ ਨਾਮ ਨਿਧਾਨੁ ਹੈ ਜਿਥਹੁ ਹਰਿ ਪਾਇਆ॥[2]

ਗੁਰੂ ਵਿਚਾਰਧਾਰਾ ਸਮੇਂ ਇਸਲਾਮ ਅਤੇ ਸੂਫੀਵਾਦ ਦੀ ਭਾਰਤੀ ਵਿਚਾਰਧਾਰਾ ਉਤੇ ਆਪਣਾ ਪ੍ਰਭਾਵ ਪਾ ਚੁੱਕੇ ਸੀ ਸੋ ਸਮੇਂ ਦੇ ਪ੍ਰਚਲਤ ਪ੍ਰਭਾਵਾਂ ਵਿਚੋਂ ਗੁਰੂ ਸਾਹਿਬਾਨ ਨੇ ਕੁਝ ਅਸਰ ਇਸਲਾਮ ਅਤੇ ਸੂਫੀਵਾਦ ਤੋਂ ਵੀ ਲਏ।

ਇਸਲਾਮ ਇਕ ਈਸ਼ਵਰ ਵਿਚ ਵਿਸ਼ਵਾਸ ਰਖਦਾ ਹੈ ਪਰ ਹਜ਼ਰਤ ਮੁਹੰਮਦ ਨੂੰ ਉਸ ਦਾ ਪੈਗੰਬਰ ਮੰਨਦਾ ਹੈ। ਇਕ ਸੁਰਥੀ ਮੁਸਲਮਾਨ ਲਈ ਨਮਾਜ਼, ਰੋਜ਼ਾ, ਜ਼ਕਾਤ, ਹੱਜ ਆਦਿ ਜ਼ਰੂਰੀ ਰੁਕਨ ਹਨ।

ਡਾ: ਕੋਹਲੀ ਨੇ ਲਿਖਿਆ ਹੈ ਕਿ ਇਸਲਾਮ ਵਿਚ ਪ੍ਰਚਲਿਤ 'ਮੁਹੰਮਦ' ਨੂੰ ਪੈਗੰਬਰ ਮੰਨਣਾ, ਇਸਰਾਈਲ, ਜਬਰਾਈਲ ਆਦਿ ਨੂੰ ਦੇਵਤੇ ਸਮਝਣਾ, ਹੱਜ, ਰੋਜ਼ਾ, ਨਿਮਾਜ਼, ਜ਼ਕਾਤ, ਰੋਜ਼ੇ-ਕਿਆਮਤ, ਨਾਸ਼ਮੰਨਾਂ ਵਿਚ ਖੁਦਾ ਦੀ ਸਸੀਮਤਾ ਆਦਿ ਖਿਆਲ ਗੁਰੂ ਨਾਨਕ ਨੂੰ ਪ੍ਰਵਾਣ ਨਹੀਂ ਹਨ।'[3]

ਗੁਰੂ ਸਾਹਿਬਾਨ ਨੇ ਇਸਲਾਮਿਕ ਸ਼ਬਦਾਵਲੀ ਵਰਤੀ ਹੈ ਪ੍ਰਭੂ ਲਈ ਸੁਲਤਾਨ, ਮੀਆਂ ਸਾਹਿਬ ਕਾਦਰ ਰਹੀਮ ਇਸਲਾਮੀ ਸ਼ਬਦ ਹਨ। ਮੁਸਲਮਾਨਾਂ ਦੇ ਧਾਰਮੀ ਕ੍ਰਮਾਂ ਨੂੰ ਨਵੇਂ ਅਧਿਆਤਮਿਕ ਅਰਥ ਦਿੱਤੇ। ਗੁਰਬਾਣੀ ਅਨੁਸਾਰ ਜੋ ਰੱਬੀ ਮਿਹਰ ਦੀ ਮਸੀਤ ਬਣਾਵੇ, ਸਿਦਕ ਦਾ ਮੁਸੱਲਾ ਅਤੇ ਹੱਕ ਹਲਾਲ ਦੀ ਕਮਾਈ ਨੂੰ ਕੁਰਾਨ ਸਾਹਿਬ ਸਮਝੇ ਉਹ ਅਸਲੀ ਮੁਸਲਮਾਨ ਹੈ। ਉਹ ਸ਼ਰਮ ਨੂੰ ਸੁੰਨਤ ਅਤੇ ਸੀਲ ਨੂੰ ਰੋਜ਼ਾ ਸਮਝੇ। ਗੁਰੂ ਨਾਨਕ ਦੇਵ ਇਹ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦੇ ਹਨ:

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥[4]

---

1. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 62.
2. ਸਲੋਕ ਮਹਲਾ 1, ਗੁਰੂ ਗ੍ਰੰਥ, ਪੰਨਾ 1244.
3. Dr. S. S. Kohli, Philosophy of Guru Nanak, p.114-17
4. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 140.

ਪੰਜ ਨਮਾਜ਼ਾਂ ਨੂੰ ਵੀ ਨਵੇਂ ਅਰਥ ਦਿੱਤੇ:

ਪੰਜਿ ਨਿਵਾਜਾਂ ਵਖਤ ਪੰਜਿ ਪੰਜਾਂ ਪੰਜੇ ਨਾਉ॥
ਪਹਿਲੀ ਸਚ ਹਲਾਲੁ ਦੁਇ ਤੀਜੀ ਖੈਰ ਖੁਦਾਇ॥ [1]
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥

ਸੂਫੀਵਾਦ ਇਸਲਾਮ ਦੇ ਰਹੱਸਵਾਦੀ ਪੱਖ ਦਾ ਹੀ ਪ੍ਰਤਿਨਿਧ ਰੂਪ ਹੈ। ਇਸਦੀ ਰਹੱਸਵਾਦੀ ਸਾਂਝ ਗੁਰਬਾਣੀ ਨਾਲ ਹੈ। ਇਸੇ ਸਾਂਝ ਕਾਰਨ ਸੂਫੀ ਕਵੀ ਬਾਬਾ ਫਰੀਦ ਦੀ ਬਾਣੀ ਆਦਿ-ਗ੍ਰੰਥ ਵਿਚ ਦਰਜ ਕਰਨ ਦੇ ਯੋਗ ਸਮਝੀ ਗਈ। ਸੂਫੀ ਰੱਬ ਨੂੰ ਇਕੋ ਇਕ ਸਤਿ ਮੰਨਦਾ ਹੈ। ਪ੍ਰਭੂ, ਰਜ਼ਾ ਹੁਕਮ, ਮਿਹਰ ਵਿਚ ਵਿਸ਼ਵਾਸ ਰਖਦਾ ਹੈ। ਰੱਬ ਨਾਲ ਮੇਲ ਪ੍ਰਾਪਤ ਕਰਨ ਲਈ ਸੂਫੀਆਂ ਨੇ ਕੁਝ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ, ਜੋ ਗੁਰੂ ਨਾਨਕ ਦੇਵ ਦੀਆਂ ਜਪੁ ਜੀ ਵਿਚ ਵਰਣਿਤ ਪੰਜ ਅਵਸਥਾਵਾਂ ਨਾਲ ਮੇਲ ਖਾਂਦੀਆਂ ਹਨ। ਇਸਲਾਮ ਇਕ ਰੱਬ ਅਥਵਾ 'ਤੌਹੀਦ' ਦਾ ਪਰਚਾਰ ਕਰਦਾ ਹੈ।

ਸੂਫੀਆਂ ਦੇ ਏਕੇਸ਼ਵਰਵਾਦ, ਬ੍ਰਹਮ ਦੀ ਘਟ-ਘਟ ਵਿਆਪਕਤਾ ਅਤੇ ਬ੍ਰਹਮ ਨਾਲ ਪਤੀ ਦਾ ਰਿਸ਼ਤਾ ਇਹ ਵੀ ਕੁਝ ਪ੍ਰਭਾਵ ਗੁਰਬਾਣੀ ਨੇ ਲਏ ਹਨ। ਕੁਝ ਨਮੂਨੇ ਗੁਰਬਾਣੀ ਵਿਚ ਉਪਲੱਬਧ ਹਨ:

1. ਸਾਹਿਬੁ ਮੇਰਾ ਏਕੋ ਹੈ॥[2]
2. ਬਲਿਹਾਰੀ ਕੁਦਰਤਿ ਵਸਿਆ॥[3]
3. ਆਵਹੁ ਭੈਣੇ ਗਲਿ ਮਿਲਹਿ ਅੰਕ ਸਹੇਲੜੀਆਹ॥ [4]
   ਮਿਲ ਕੈ ਕਰਹਿ ਕਹਾਣੀਆਂ ਸਾਹਿਬ ਕੰਤ ਕੀਆਹ॥

ਭਾਵੇਂ ਕੁਝ ਕੁਦਰਤੀ ਅਸਮਾਨਤਾਂ ਵਾਲੇ ਵੀ ਹਨ ਪਰ ਉਪਰੀ ਨਜ਼ਰ ਇਨ੍ਹਾਂ ਵਿਚ ਸਮਾਨਤਾ ਦਾ ਭੁਲੇਖਾ ਪੈਂਦਾ ਹੈ। ਪਰ ਇਹ ਮੰਨਣਾ ਪਵੇਗਾ ਕਿ ਗੁਰਬਾਣੀ ਕਾਲ ਵਿਚ ਸੂਫੀਵਾਦ ਅਤੇ ਇਸਲਾਮੀ ਅਧਿਆਤਮਵਾਦ ਦਾ ਜੋਰ ਸੀ ਸੋ ਇਸਦਾ ਪ੍ਰਭਾਵ ਵੀ ਗੁਰਬਾਣੀ ਵਿਚ ਹੈ।

ਫਿਲਾਸਫੀ ਮੁੱਖ ਤੌਰ ਤੇ ਪਰਾਭੌਤਿਕ ਵਿਸ਼ਿਆਂ ਦੇ ਸਪੂਰਣ, ਤਰਕਸ਼ੀਲ ਅਤੇ ਸਿਲਸਿਲੇਵਾਰ ਅਧਿਐਨ ਨੂੰ ਕਹਿੰਦੇ ਹਨ। ਫਿਲਾਸਫੀ ਨਿਰੋਲ ਬੁੱਧੀ-ਪ੍ਰਧਾਨ ਅਤੇ ਤਾਰਕਿਕ

---

1. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 141.
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 350.
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 469.
4. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 17.

ਵਿਸ਼ਲੇਸ਼ਣ ਹੈ, ਗੁਰਬਾਣੀ ਅਜੇਹੀ ਵਿਗਿਆਨਕ ਫ਼ਿਲਾਸਫ਼ੀ ਨਹੀਂ। ਗੁਰੂ ਸਾਹਿਬਾਨ ਸਤਿ ਦਾ ਵਰਣਨ ਤਰਕ ਦੁਆਰਾ ਨਹੀਂ ਸਗੋਂ ਸਹਿਜ ਅਨੁਭਵ ਦੁਆਰਾ ਕਰਦੇ ਹਨ। ਗੁਰਬਾਣੀ ਜੀਵਨ-ਜਾਚ ਹੈ ਇਹ ਕੋਰੇ ਸਿਧਾਂਤਾਂ ਜਾਂ ਬੌਧਿਕ ਅਟਕਲਾਂ ਵਿਚ ਨਹੀਂ ਸਗੋਂ ਵਿਵਹਾਰਿਕ ਹੁੰਦੀ ਹੋਈ, ਜੀਵਨ ਵਿਚ ਸਾਰਥਕ ਸਿੱਧ ਹੁੰਦੀ ਹੈ। ਗੁਰੂ ਸਾਹਿਬਾਨ ਨੇ ਕਿਸੇ ਕਠਨ ਕਰਮ ਕਾਂਡ, ਕਿਸੇ ਉਚੇਚ ਦੀ ਜ਼ਰੂਰਤ ਨਹੀਂ ਦੱਸੀ, ਉਨ੍ਹਾਂ ਨੇ ਸਹਿਜ ਮਾਰਗ ਅਪਣਾਇਆ ਜਿਸ ਤੇ ਚਲ ਕੇ ਇਹ ਜੀਵਨ ਵਿਚ ਸੁਖ ਅਤੇ ਅਗਲੇ ਜੀਵਨ ਨੂੰ ਵੀ ਸੁਖੈਨ ਬਣਾਇਆ ਜਾ ਸਕੇ। ਗੁਰੂ ਅਰਜਨ ਦੇਵ ਦਾ ਕਥਨ ਹੈ:

ਇਹ ਲੋਕ ਸੁਖੀਏ ਪਰਲੋਕ ਸੁਹੇਲੇ॥[1]

ਗੁਰੂ ਸਾਹਿਬਾਨ ਨੇ ਪੁਰਤਨਤਾ ਵਿਚੋਂ ਹੀ ਸਮੇਂ ਅਨੁਕੂਲ ਜੀਵਨ ਸੇਧ ਦਿੱਤੀ ਜੋ ਕੋਰਾ ਦਰਸ਼ਨ ਨਹੀਂ ਸਗੋਂ ਕ੍ਰਿਆਸ਼ੀਲ ਜੀਵਨ ਦੀ ਪ੍ਰੇਰਨਾ ਹੈ। ਗੁਰਬਾਣੀ ਕਿਸੇ ਵਿਸ਼ੇਸ਼ ਦਾਰਸ਼ਨਿਕ ਪ੍ਰਬੰਧ ਅਧੀਨ ਨਹੀਂ ਰਚੀ ਗਈ, ਪਰ ਜਿਵੇਂ ਵੇਦਾਂ ਵਿਚੋਂ 'ਸੂਤਰ' ਲੈ ਕੇ ਸ਼ਾਸਤਰਾਂ ਦਾ ਨਿਰਮਾਣ ਕੀਤਾ ਗਿਆ, ਇਸੇ ਤਰ੍ਹਾਂ ਆਦਿ ਗ੍ਰੰਥ ਵਿਚ ਗੁਰੂ ਸਾਹਿਬਾਨ ਦੇ ਵਿਚਾਰ ਜਾਣੇ ਜਾ ਸਕਦੇ ਹਨ।

ਗੁਰਬਾਣੀ ਵਿਚ ਬ੍ਰਹਮ ਬਾਰੇ ਉਪਨਿਸ਼ਦਾਂ ਨਾਲ ਮਿਲਦਾ ਜੁਲਦਾ ਸਰੂਪ ਦਿੱਤਾ ਹੈ, ਜਿਸ ਨੂੰ ਗੁਰੂ ਨਾਨਕ ਦੇਵ ਨੇ ਮੂਲ-ਮੰਤਰ ਵਿਚ ਅਪਣੇ ਤਰੀਕੇ ਨਾਲ ਬਿਆਨਿਆ ਹੈ। ਬ੍ਰਹਮ ਨੂੰ ਨਿਰਗੁਣ ਦੱਸਿਆ ਹੈ। ਬ੍ਰਹਮ ਦੇ ਸਗੁਣ ਸਰੂਪ ਨੂੰ ਵੀ ਚਿਤਰਿਆ ਹੈ ਪਰ ਸਗੁਣ ਨਿਰਗੁਣ ਤੋਂ ਹੀ ਉਪਜਿਆ ਹੈ, ਸੋ ਦੋਵੇਂ ਇਕ ਹੀ ਹਨ, ਵੱਖ ਨਹੀਂ। ਬ੍ਰਹਮ ਨਿਰਗੁਣ ਹੈ ਪਰ ਫੇਰ ਵੀ ਕ੍ਰਿਆਹੀਣ ਨਹੀਂ ਸਗੋਂ ਕਰਤਾ ਪੁਰਖ ਹੈ। ਗੁਰਬਾਣੀ ਦਾ ਬ੍ਰਹਮ ਇਕ ਹੈ, ਉਹ ਨਿਰਾਕਾਰ ਅਤੇ ਅਨਿਰਵਚਨੀਯ ਹੈ।

ਗੁਰਬਾਣੀ ਅਨੁਸਾਰ ਜੀਵਾਤਮਾ ਪਰਮਾਤਮਾ ਦੀ ਅੰਸ਼ ਹੈ। ਆਤਮਾ ਪਰਮਾਤਮਾ ਬਾਰੇ ਇਹ ਸੰਬੰਧ ਉਪਨਿਸ਼ਦਾਂ ਅਤੇ ਅਦਵੈਤਵਾਦੀ ਸ਼ੰਕਰ ਦੇ ਕਾਫ਼ੀ ਨੇੜੇ ਹੈ। ਜੀਵਾਤਮਾ ਜਦੋਂ ਅਵਿਦਿਆ ਕਾਰਨ ਅਪਣਾ ਸੁਤੰਤਰ ਆਪਾ ਸਮਝਦੀ ਹੈ ਤਾਂ ਬ੍ਰਹਮ ਤੋਂ ਵੱਖ ਹੋ ਜਾਂਦੀ ਹੈ ਤਾਂ ਕਈ ਜਨਮਾਂ ਵਿਚ ਭਟਕਦੀ ਹੈ। ਜਦੋਂ ਅਗਿਆਨ ਦਾ ਪਰਦਾ ਹਟ ਜਾਂਦਾ ਹੈ ਤਾਂ ਇਹ ਫੇਰ ਅਪਣੇ ਅਸਲੇ ਪਰਮਾਤਮਾ ਨਾਲ ਇਕ-ਮਿਕ ਹੋ ਜਾਂਦੀ ਹੈ।

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 293.

ਸ੍ਰਿਸ਼ਟੀ ਦਾ ਰਚਨਹਾਰ ਪਰਮਾਤਮਾ ਹੈ। ਸ੍ਰਿਸ਼ਟੀ ਨੂੰ ਉਸ ਨੇ ਆਪਣੇ ਤੋਂ ਰਚਿਆ ਹੈ ਅਤੇ ਅੰਤ ਵਿਚ ਇਸ ਨੂੰ ਆਪਣੇ ਵਿਚ ਹੀ ਸਮੋ ਲਵੇਗਾ। ਰਚਨਾ ਕਦੋਂ ਹੋਈ ਅਤੇ ਅੰਤ ਦਾ ਸਮਾਂ ਹੋਵੇ ਬਾਰੇ ਉਹ ਆਪ ਹੀ ਜਾਣਦਾ ਹੈ। ਜਗਤ ਸਾਪੇਖ ਸੱਚ ਹੈ।

ਮਾਇਆ ਬਾਰੇ ਵੀ ਗੁਰੂ ਸਾਹਿਬਾਨ ਦੇ ਵਿਚਾਰ ਅਦਵੈਤ ਵੇਦਾਂਤ ਤੋਂ ਬਹੁਤ ਦੂਰ ਨਹੀਂ। ਸਾਰਾ ਜਗਤ ਮਾਇਆ ਦਾ ਪਸਾਰਾ ਹੈ, ਮਾਇਆ ਪ੍ਰਭੂ ਦੀ ਸ਼ਕਤੀ ਹੈ ਇਸ ਦੀ ਆਪਣੀ ਸੁਤੰਤਰ ਹੋਂਦ ਨਹੀਂ। ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਮਾਇਆ ਦਾ ਪਰਵਾਰ ਹਨ।

ਗੁਰਬਾਣੀ ਕਰਮਾਂ ਵਿਚ ਵਿਸ਼ਵਾਸ ਰਖਦੀ ਹੈ। ਵਿਅਕਤੀ ਨੂੰ ਆਪਣੇ ਕੀਤੇ ਦਾ ਫਲ ਭੁਗਤਣਾ ਪੈਂਦਾ ਹੈ। ਕਰਮਾਂ ਦਾ ਫਲ ਭੋਗਣ ਲਈ ਬਾਰ ਬਾਰ ਜਨਮ ਲੈਣਾ ਅਤੇ ਮਰਨਾ ਆਵਾਗਵਨ ਹੈ। ਆਵਾਗਵਨ ਤੋਂ ਛੁਟਕਾਰਾ ਹਰੀ ਸਿਮਰਨ ਅਤੇ ਪ੍ਰਭੂ ਕ੍ਰਿਪਾ ਦੁਆਰਾ ਮਿਲ ਸਕਦਾ ਹੈ।

ਗੁਰੂ ਸਾਹਿਬਾਨ ਨੇ ਜਨਮ ਮਰਨ ਤੋਂ ਛੁਟਕਾਰੇ ਨੂੰ ਮੁਕਤੀ ਨਹੀਂ ਕਿਹਾ, ਸਗੋਂ ਉਨ੍ਹਾਂ ਦੇ ਅਨੁਸਾਰ ਪਰਮਾਤਮਾ ਨਾਲ ਜੁੜਨਾ ਮੁਕਤੀ ਹੈ। ਇਹ ਮੌਤ ਤੋਂ ਪਿਛੋਂ ਪ੍ਰਾਪਤ ਹੋਣ ਵਾਲੀ ਵਸਤੂ ਨਹੀਂ ਸਗੋਂ ਜੀਵਤ ਅਵਸਥਾ ਵਿਚ ਹੀ ਇਹ ਪ੍ਰਾਪਤ ਕੀਤੀ ਜਾ ਸਕਦੀ ਹੈ। ਮੁਕਤੀ ਲਈ ਬਾਹਰਲੇ ਭੇਖਾਂ ਕਰਮ-ਕਾਂਡਾਂ ਦੀ ਜ਼ਰੂਰਤ ਨਹੀਂ। ਇਸ ਨੂੰ ਪ੍ਰਾਪਤ ਕਰਨ ਲਈ ਸ਼ੁਭ ਕਰਮਾਂ, ਗੁਰੂ, ਨਾਮ ਸਿਮਰਨ ਅਤੇ ਪ੍ਰਭੂ ਮਿਹਰ ਜ਼ਰੂਰੀ ਹੈ।

## (ਅ) ਉਪਨਿਸ਼ਦ ਅਤੇ ਉਪਨਿਸ਼ਦਕ ਵਿਚਾਰਧਾਰਾ

ਉਪਨਿਸ਼ਦ ਚਾਰੇ ਵੇਦਾਂ ਦਾ ਅੰਤਲਾ ਭਾਗ ਹਨ। ਉਪਨਿਸ਼ਦਾਂ ਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ। ਵੇਦਾਂਤ ਦਾ ਅਰਥ ਹੈ ਵੇਦਾਂ ਦਾ ਅੰਤ ਜਾਂ ਵੇਦਾਂ ਦਾ ਨਿਚੋੜ। ਉਪਨਿਸ਼ਦ ਵੇਦਾਂ ਦਾ ਗਿਆਨ ਕਾਂਡ ਹਨ। ਉਪਨਿਸ਼ਦਕ ਵਿਚਾਰਾਂ ਤੋਂ ਪਹਿਲਾਂ ਉਪਨਿਸ਼ਦਾਂ ਦਾ ਅਰਥ, ਉਨ੍ਹਾਂ ਦੇ ਰਚਨਾਕਾਰ ਅਤੇ ਰਚਨਾ-ਕਾਲ ਆਦਿ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ।

'ਉਪਨਿਸ਼ਦ' ਸ਼ਬਦ ਤੋਂ ਭਾਵ ਹੈ 'ਨੇੜੇ ਹੋ ਕੇ ਬੈਠਣਾ'। ਮੈਕਸ ਮੂਲਰ ਨੇ ਵੀ ਉਪਨਿਸ਼ਦ ਦਾ ਅਰਥ ਗੁਰੂ ਦੇ ਨੇੜੇ ਬੈਠ ਕੇ ਸਿਖਿਆ ਗ੍ਰਹਿਣ ਕਰਨੀ ਦੱਸਿਆ ਹੈ।[1] ਹੌਲੀ ਹੌਲੀ

---

1. The history and the genius of the Sanskrit language leave little doubt that Upanisad meant originally session, particularly a session consisting of pupils, assembled at a respectful distance round their teacher. – Max Muller, Translation of the Upanisads, Volume I, page LXXXI

ਉਪਨਿਸ਼ਦ ਸ਼ਬਦ ਰਹੱਸ ਦੇ ਅਰਥ ਵਿਚ ਵਰਤਿਆ ਜਾਣ ਲੱਗਾ ਕਿ ਗੁਰੂ ਉਸ ਸ਼ਿਸ਼ ਨੂੰ ਇਹ ਭੇਦਭਰੀ ਸਿਖਿਆ ਦੇਂਦਾ ਜੋ ਗਿਆਨ ਪ੍ਰਾਪਤੀ ਦੇ ਯੋਗ ਹੁੰਦਾ। ਭਾਰਤੀ ਲੇਖਕਾਂ ਦੁਆਰਾ ਇਸ ਦਾ ਅਰਥ ਰਹਸਮਈ( Secret ) ਕੀਤਾ ਗਿਆ ਹੈ ਜਿਸ ਨੂੰ ਡਿਊਸਨ ਨੇ ਠੀਕ ਮੰਨਿਆ ਹੈ।[1] ਸ਼ੰਕਰ ਅਨੁਸਾਰ 'ਬ੍ਰਹਮ-ਗਿਆਨ' ਉਪਨਿਸ਼ਦ ਹੈ।[2] ਉਸਦੇ ਅਨੁਸਾਰ ਬ੍ਰਹਮ-ਗਿਆਨ ਦੁਆਰਾ ਅਗਿਆਨਤਾ ਨਾਸ਼ ਹੁੰਦੀ ਹੈ ਅਤੇ ਜੀਵ ਬ੍ਰਹਮ ਵਲ ਵਧਦਾ ਹੈ। ਭਗਤੀ ਅੰਕ ਵਿਚ ਉਪਨਿਸ਼ਦ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ, "ਬ੍ਰਹਮ ਅਤੇ ਆਤਮਾ ਦੀ ਅਭੇਦਤਾ ਅਰਥਾਤ ਅਖੰਡਤਾ ਨੂੰ ਦਰਸਾਉਣ ਅਤੇ ਸਥਿਰ ਕਰਨ ਵਾਲੀ ਵਿਦਿਆ ਦਾ ਨਾਂ 'ਉਪਨਿਸ਼ਦ' ਹੈ।"[3] ਦਾਸ ਗੁਪਤਾ ਨੇ ਡਿਊਸਨ ਦੇ ਵਿਚਾਰ ਨਾਲ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ।[4]

ਉਪਨਿਸ਼ਦਾਂ ਨੂੰ 'ਸ਼ਰੁਤੀ' ਕਿਹਾ ਗਿਆ ਹੈ। ਸ਼ਰੁਤੀ ਤੋਂ ਭਾਵ ਹੈ ਸੁਣਿਆ ਹੋਇਆ। ਰਿਸ਼ੀ ਮੁਨੀ ਗਿਆਨ ਸੁਣਦੇ ਸਨ, ਸੁਣ ਕੇ ਹੀ ਯਾਦ ਕੀਤਾ ਜਾਂਦਾ ਸੀ, ਲਿਖਿਆ ਨਹੀਂ ਜਾਂਦਾ ਸੀ। ਸੋ ਇਸ ਬਾਰੇ ਕਿਸੇ ਲੇਖਕ ਦਾ ਨਾਂ ਨਹੀਂ ਦਿੱਤਾ ਜਾ ਸਕਦਾ। ਭਾਰਤ ਦਾ ਪੁਰਾਤਨ ਸਾਹਿਤ ਗੁਮਨਾਮ ਹੈ, ਸੋ ਉਪਨਿਸ਼ਦਾਂ ਦੇ ਲੇਖਕ ਬਾਰੇ ਜਾਣਿਆ ਨਹੀਂ ਜਾ ਸਕਦਾ।

ਉਪਨਿਸ਼ਦਾਂ ਦੇ ਲੇਖਕਾਂ ਬਾਰੇ ਪਤਾ ਨਾ ਹੋਣ ਕਾਰਨ ਉਨ੍ਹਾਂ ਦੇ ਰਚਨਾ-ਕਾਲ ਬਾਰੇ ਵੀ ਵਿਸ਼ਵਾਸ ਨਾਲ ਨਹੀਂ ਕਿਹਾ ਜਾ ਸਕਦਾ। ਇਸ ਲਈ ਰਚਨਾ ਕਾਲ ਬਾਰੇ ਵਿਦਵਾਨਾਂ ਦੀ ਰਾਏ ਵੱਖ ਵੱਖ ਹੈ। ਸਵਾਮੀ ਰੰਗਨਾਥ ਅਨੰਦਾ ਅਨੁਸਾਰ, "ਮੁਢਲੇ ਉਪਨਿਸ਼ਦ ਬੁੱਧ ਤੋਂ ਪਹਿਲਾਂ ਦੇ ਹਨ। ਸਤਵੀਂ ਸਦੀ ਪੂ:ਈ: ਦੇ ਲਿਖੇ ਗਏ ਹਨ।"[5] ਨਾਗਰਾਜਾ ਰਾਓ ਨੇ ਵੀ ਬੁੱਧ ਤੋਂ ਪਹਿਲਾਂ ਦਾ ਸਮਾਂ ਦੱਸਿਆ ਹੈ। ਛੇਵੀਂ ਸਦੀ ਪੂ:ਈ:ਦੇ ਲਗਭਗ ਲਿਖੇ ਗਏ ਦੱਸੇ ਹਨ।[6] ਰਾਧਾਕ੍ਰਿਸ਼ਨਨ ਅਤੇ ਮਹਾਂਦੇਵਨ ਨੇ ਵੀ ਪੰਜਵੀਂ ਸਦੀ ਪੂ:ਈ:ਅਤੇ ਛੇਵੀਂ ਸਦੀ ਪੂ:ਈ:

---

1. The explanation offered by the Indians of the word Upanished as rahasyam, 'Secret', is correct. -Paul Deussen, The Philosophy of the Upanishad, page 15.
2. Radhakrishnan, Indian Philosophy, page 137-38
3. ਪੰਜਾਬੀ ਦੁਨੀਆਂ, ਭਗਤੀ ਅੰਕ, 1965, ਪੰਨਾ 14.
4. Deussen's meaning 'Secret' or 'Secret Instruction' is fully justified. Dr. Das Gupta, History of Indian Philosophy I, volume page 38.
5. Swami Rauganathananda, The Message of the Upanisads, page 1.
6. P.Nagaraja Rao, Introduction To Vedanta, page 79.

ਵਿਚ ਰਚੇ ਮੰਨੇ ਗਏ ਹਨ। ਰਾਧਾਕ੍ਰਿਸ਼ਨਨ ਨੇ ਪਹਿਲੇ ਉਪਨਿਸ਼ਦ ਛੇਵੀਂ ਸਦੀ ਪੂ: ਈ: ਵਿਚ ਰਚੇ ਗਏ ਦੱਸੇ ਹਨ।[1] ਮਹਾਦੇਵਨ ਉਪਨਿਸ਼ਦ ਪੂਰਵ ਬੁੱਧ ਸਮੇਂ ਰਚੇ ਗਏ ਦਸਦਾ ਹੈ। ਉਸ ਨੇ ਪੰਜਵੀਂ ਅਤੇ ਛੇਵੀਂ ਸਦੀ ਪੂ: ਈ: ਵਰ੍ਹਿਆਂ ਨਾਲ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ।[2] ਸ਼ਬਦ ਕੋਸ਼ ਵਿਚ ਉਪਨਿਸ਼ਦਾਂ ਦਾ ਰਚਨਾ-ਕਾਲ ਦਸਵੀਂ ਅਤੇ ਛੇਵੀਂ ਸਦੀ ਪੂ: ਈ: ਵਿਚਕਾਰ ਦੱਸਿਆ ਗਿਆ ਹੈ।[3] ਰਾਨਾਡੇ ਨੇ ਇਹ ਸਮਾਂ ਬਾਰ੍ਹਵੀਂ ਸਦੀ ਤੋਂ ਛੇਵੀਂ ਸਦੀ ਪੂ: ਈ: ਦੱਸਿਆ ਹੈ।[4]

ਉਪਨਿਸ਼ਦਾਂ ਦੀ ਗਿਣਤੀ ਬਾਰੇ ਵੀ ਵਿਦਵਾਨਾਂ ਦੀ ਇਕ ਰਾਏ ਨਹੀਂ। ਇਨ੍ਹਾਂ ਦੀ ਗਿਣਤੀ 108 ਮੰਨੀ ਗਈ ਹੈ, ਪਰ ਕਿਧਰੇ 200 ਦੀ ਗਿਣਤੀ ਦਾ ਵੀ ਉਲੇਖ ਮਿਲ ਜਾਂਦਾ ਹੈ। ਰਾਜੂ ਅਤੇ ਮਹਾਦੇਵਨ ਨੇ 200 ਤੋਂ ਵੀ ਵੱਧ ਉਪਨਿਸ਼ਦਾਂ ਦੀ ਗਿਣਤੀ ਦੱਸੀ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਉਪਨਿਸ਼ਦ 10 ਮੰਨੇ ਗਏ ਹਨ ਜਿਨ੍ਹਾਂ ਉਪਰ ਸ਼ੰਕਰ ਨੇ ਭਾਸ਼ ਲਿਖਿਆ ਹੈ। ਦਾਸ ਗੁਪਤਾ, ਰਾਜੂ ਅਤੇ ਮਹਾਦੇਵਨ ਨੇ ਮੁੱਖ ਉਪਨਿਸ਼ਦ 10 ਮੰਨੇ ਹਨ। ਡਿਊਸਨ ਨੇ 13, ਡਾ: ਈ. ਰੋਅਰ ਨੇ 12, ਹਿਊਮ ਨੇ 13, ਰਾਨਾਡੇ ਨੇ ਵੀ 13 ਮੁੱਖ ਉਪਨਿਸ਼ਦ ਮੰਨੇ ਹਨ। ਰਾਧਾਕ੍ਰਿਸ਼ਨਨ ਨੇ 18 ਉਪਨਿਸ਼ਦਾਂ ਨੂੰ ਮੁਖ ਉਪਨਿਸ਼ਦ ਮੰਨਿਆ ਹੈ। ਲੇਖਕਾਂ ਨੇ 1-2 ਉਪਨਿਸ਼ਦਾਂ ਦਾ ਵਾਧਾ ਘਾਟਾ ਕੀਤਾ ਹੈ ਪਰ ਸ਼ੰਕਰ ਦੁਆਰਾ ਲਿਖੇ ਭਾਸ਼ ਦੇ 10 ਉਪਨਿਸ਼ਦਾਂ ਨੂੰ ਸਾਰਿਆਂ ਨੇ ਪ੍ਰਮੁੱਖ ਮੰਨਿਆ ਹੈ ਉਹ ਹਨ ਈਸ਼, ਕੇਨਾ, ਕਠ, ਪ੍ਰਸ਼ਨ, ਮੁੰਡਕ, ਮਾਂਡੂਕਯ, ਤੈਤਰੀਯ, ਐਤਰੀਯ, ਛਾਂਦੋਗਯ, ਬ੍ਰਿਹਦਾਰਣਯਕ। ਰਾਧਾਕ੍ਰਿਸ਼ਨਨ ਨੇ ਸ਼ਵੇਤਾਸ਼ਵਤਰ ਉਪਨਿਸ਼ਦ ਤੇ ਵੀ ਸ਼ੰਕਰ ਦਾ ਭਾਸ਼ ਮੰਨਿਆ ਹੈ।[5]

ਸਾਰੇ ਭਾਰਤੀ ਦਰਸ਼ਨ ਉਪਨਿਸ਼ਦਾਂ ਉਤੇ ਆਧਾਰਿਤ ਹਨ। ਵੇਦਾਂ ਦੀਆਂ ਦਾਰਸ਼ਨਿਕ ਰੁਚੀਆਂ ਉਪਨਿਸ਼ਦਾਂ ਵਿਚ ਪ੍ਰਫੁਲਿਤ ਹੋਈਆਂ। ਵੇਦਾਂ ਤੋਂ ਉਪਨਿਸ਼ਦਾਂ ਵੱਲ ਅਸੀਂ ਬਾਹਰ ਤੋਂ ਅੰਦਰਮੁਖੀ ਹੋ ਜਾਂਦੇ ਹਾਂ। ਉਪਨਿਸ਼ਦਾਂ ਵਿਚ ਆਤਮ ਗਿਆਨ ਤੇ ਜ਼ੋਰ ਦਿੱਤਾ ਗਿਆ ਹੈ। ਉਪਨਿਸ਼ਦਾਂ ਵਿਚ ਵੇਦਾਂ ਦੇ ਕਰਮ ਕਾਂਡ ਅਤੇ ਬਹੁਦੇਵ ਵਾਦ ਦਾ ਵਿਰੋਧ ਮਿਲਦਾ ਹੈ। ਕੁਰਬਾਨੀਆਂ ਨੂੰ ਕੀੜਾ ਮੰਨਿਆ ਹੈ, ਉਨ੍ਹਾਂ ਦੁਆਰਾ ਮੁਕਤੀ ਨਹੀਂ ਮਿਲ ਸਕਦੀ।

---

1. Radhakrishnan, The Principal Upanisads, page 22.
2. Mahadevan, The Upanishads, page VI, XXII
3. A Dictionary of Philosophy, Edited by M. Rosenthal & P. Yudin, page 469.
4. R.D. Ranade, A Constructive survey of Upanishadic Philosophy, page 9
5. Radhakrishnan, The Principal Upanishads, page 21.

ਉਪਨਿਸ਼ਦਾਂ ਵਿਚ ਇਕ ਬ੍ਰਹਮ ਦੀ ਸੱਤਾ ਨੂੰ ਸਵੀਕਾਰ ਕੀਤਾ ਗਿਆ। ਬ੍ਰਹਮ ਦੇ ਨਿਰਗੁਣ ਸਗੁਣ ਰੂਪਾਂ ਦੀ ਚਰਚਾ ਵੀ ਉਪਨਿਸ਼ਦਾਂ ਵਿਚ ਹੋਈ ਹੈ। ਬ੍ਰਹਮ ਨੂੰ ਨਿਰਗੁਣ ਨਿਰੰਕਾਰ, ਅਜਨਮਾ, ਨਿਰਾਕਾਰ ਆਦਿ ਰੂਪ ਦੱਸੇ ਗਏ। ਜਦੋਂ ਮਾਇਆ ਦੇ ਮੇਲ ਦੁਆਰਾ, ਜੋ ਕਿ ਇਸ ਦੀ ਸ਼ਕਤੀ ਹੈ, ਉਹ ਆਪ ਸਾਕਾਰ ਹੁੰਦਾ ਹੈ ਤਾਂ ਸੰਸਾਰ ਦਾ ਕਰਤਾ ਬਣਦਾ ਹੈ ਤਾਂ ਸਗੁਣ ਨੂੰ ਈਸ਼ਵਰ ਕਹਿੰਦੇ ਹਨ।

'ਆਤਮਾ' ਸ਼ਬਦ ਦਾ ਅਰਥ ਪ੍ਰਾਣ ਸਮਝਿਆ ਜਾਂਦਾ ਸੀ। ਫੇਰ ਇਸ ਦਾ ਰੂਪ ਜੀਵਾਂ ਦੇ ਅੰਦਰਲੇ ਤੱਤ ਤੋਂ ਲਿਆ ਜਾਣ ਲੱਗਾ। ਉਪਨਿਸ਼ਦਾਂ ਦੇ ਕਈ ਪ੍ਰਸੰਗਾਂ ਵਿਚ ਬ੍ਰਹਮ ਲਈ ਆਤਮਾ ਸ਼ਬਦ ਦੀ ਵਰਤਿਆ ਗਿਆ ਹੈ। ਆਤਮਾ ਨੂੰ ਨਿੱਤ ਮੰਨਿਆ ਹੈ। ਆਤਮਾ ਦਾ ਸ਼ਰੀਰ ਬੱਧ ਰੂਪ ਜੀਵ ਹੈ, ਪਰ ਜੀਵਾਤਮਾ ਮਰਦੀ ਨਹੀਂ, ਨਾਸ਼ ਸਰੀਰ ਦਾ ਹੁੰਦਾ ਹੈ। ਜੀਵਾਤਮਾ ਇਕ ਸਰੀਰ ਦੇ ਨਾਸ਼ ਹੋਣ ਤੇ ਦੂਸਰੇ ਸਰੀਰ ਵਿਚ ਦਾਖਲ ਹੋ ਜਾਂਦੀ ਹੈ ਅਤੇ ਤਦ ਤਕ ਆਵਾਗਵਣ ਵਿਚ ਪਈ ਰਹਿੰਦੀ ਹੈ ਜਦ ਤਕ ਆਤਮ-ਗਿਆਨ ਪ੍ਰਾਪਤ ਨਹੀਂ ਕਰ ਲੈਂਦੀ।

ਅਗਿਆਨਤਾ ਵਸ ਜੀਵ ਆਪਣੇ ਅਸਲੇ ਨੂੰ ਭੁੱਲ ਕੇ ਬੰਧਨ ਵਸ ਹੋ ਜਾਂਦਾ ਹੈ। ਸਰਵਣ, ਮਨਨ ਅਤੇ ਨਿਧਿਆਸਨ ਦੁਆਰਾ ਮੂਲ ਤੱਤ੍ਹ ਨਾਲ ਏਕਤਾ ਪ੍ਰਾਪਤ ਕਰਕੇ ਮੁਕਤ ਹੋ ਜਾਂਦਾ ਹੈ।

ਜਗਤ ਬ੍ਰਹਮ ਦਾ ਪਸਾਰਾ ਹੈ। ਸ੍ਰਿਸ਼ਟੀ ਦੀ ਉਤਪਤੀ, ਪਾਲਣ ਅਤੇ ਨਾਸ਼ ਦਾ ਕਾਰਨ ਬ੍ਰਹਮ ਨੂੰ ਕਿਹਾ ਗਿਆ ਹੈ। ਮਾਇਆ ਵੀ ਬ੍ਰਹਮ ਦੀ ਰਚੀ ਹੋਈ ਹੈ। ਇਹ ਬ੍ਰਹਮ ਦੀ ਸ਼ਕਤੀ ਹੈ। ਉਪਨਿਸ਼ਦ ਵਿਚ ਸੰਸਾਰਕ ਪ੍ਰਪੰਚ ਜੋ ਬੰਧਨ ਦਾ ਕਾਰਨ ਹਨ, ਨੂੰ ਮਾਇਆ ਕਿਹਾ ਗਿਆ ਹੈ।

ਉਪਨਿਸ਼ਦਾਂ ਵਿਚ ਅੰਦਰੂਨੀ ਜਾਗ੍ਰਤੀ (ਗਿਆਨ) ਅਤੇ ਨੈਤਿਕ ਕਰਮਾਂ ਤੇ ਜ਼ੋਰ ਦਿੱਤਾ ਹੈ। ਭਗਤੀ ਦੇ ਵੀ ਕੁਝ ਅੰਸ਼ ਮਿਲਦੇ ਹਨ। ਬ੍ਰਹਮ ਪ੍ਰਾਪਤੀ ਦਾ ਸਾਧਨ ਗਿਆਨ ਨੂੰ ਦੱਸਿਆ ਹੈ।

ਉਪਨਿਸ਼ਦਾਂ ਵਿਚ ਗਿਆਨ ਦੇ ਪ੍ਰਕਾਰ ਦਾ ਜ਼ਿਕਰ ਕੀਤਾ ਗਿਆ ਹੈ ਪਰਾ ਗਿਆਨ ਅਤੇ ਅਪਰਾ ਗਿਆਨ। ਪਰਾ ਗਿਆਨ ਨੂੰ ਸਰਵੋਤਮ ਕਿਹਾ ਹੈ ਕਿਉਂਕਿ ਇਹ ਬ੍ਰਹਮ ਬਾਰੇ ਗਿਆਨ ਹੈ। ਅਪਰਾ ਗਿਆਨ ਦ੍ਰਿਸ਼ਟ ਜਗਤ ਦਾ ਗਿਆਨ ਹੈ ਸੋ ਇਸ ਨੂੰ ਨੀਵੇਂ ਦਰਜੇ ਦਾ ਗਿਆਨ ਕਿਹਾ ਹੈ ਅਤੇ ਬ੍ਰਹਮ ਗਿਆਨ ਤੇ ਜ਼ੋਰ ਦਿੱਤਾ ਹੈ।

ਉਪਰੋਕਤ ਸੰਖੇਪ ਵਰਣਨ ਤੋਂ ਇਹ ਸਿੱਧ ਹੈ ਕਿ ਉਪਨਿਸ਼ਦਾਂ ਵਿਚ ਆਤਮਿਕ ਗਿਆਨ ਅਤੇ ਨੈਤਿਕਤਾ ਤੇ ਜ਼ੋਰ ਦਿੱਤਾ ਹੈ। ਇਕ ਸਤਿ ਵਿਚ ਵਿਸ਼ਵਾਸ ਹੈ। ਗਿਆਨ ਦੁਆਰਾ ਪਰਮ ਆਨੰਦ ਦੀ ਪ੍ਰਾਪਤੀ ਤੇ ਬਲ ਦਿੱਤਾ ਹੈ। ਗੁਰੂ ਗ੍ਰੰਥ ਵਿਚ ਵਰਣਿਤ ਵਿਚਾਰਧਾਰਾ ਉਪਨਿਸ਼ਦਕ ਵਿਚਾਰਾਂ ਨਾਲ ਵਧੇਰੇ ਸਮਾਨਤਾ ਰਖਦੀ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਵੇਦਾਂ ਅਤੇ ਹੋਰ ਪਰੰਪਰਾਵਾਂ ਦੀਆਂ ਕੁਰੀਤੀਆਂ ਦਾ ਖੰਡਨ ਤਾਂ ਕੀਤਾ ਹੈ ਪਰ ਉਪਨਿਸ਼ਦਾਂ ਬਾਰੇ ਚੁੱਪ ਰਹਿਣਾ ਵਧੇਰੇ ਠੀਕ ਸਮਝਿਆ।

...

# <u>ਅਧਿਆਇ ਦੂਜਾ</u>

## ਬ੍ਰਹਮ ਦਾ ਸੰਕਲਪ

ੳ. ਬ੍ਰਹਮ ਦੀ ਅਲੌਕਤਾ

ਅ. ਬ੍ਰਹਮ ਦੀ ਹੋਂਦ

ੲ. ਬ੍ਰਹਮ ਦੇ ਗੁਣ

ਸ. ਬ੍ਰਹਮ ਸਰੂਪ (ਨਿਰਗੁਣ-ਸਰਗੁਣ-ਨਿਰਗੁਣ)

ਹ. ਬ੍ਰਹਮ ਦਾ ਨਿਵਾਸ-ਸਥਾਨ

ਕ. ਅਵਤਾਰਵਾਦ

## ਬ੍ਰਹਮ ਦਾ ਸੰਕਲਪ

### ੳ. ਬ੍ਰਹਮ ਦੀ ਅਲੌਖਤਾ

ਮਨੁੱਖੀ ਇਤਿਹਾਸ ਵਿਚ ਕਈ ਬੁੱਝਣਾਂ ਨਿਰੰਤਰ ਚਲੀਆਂ ਆ ਰਹੀਆਂ ਹਨ। ਅਨੇਕ ਜਟਿਲ ਵਿਸ਼ਿਆਂ ਵਿਚੋਂ ਮਹੱਤਵਪੂਰਣ ਵਿਸ਼ਾ ਉਸ ਵਿਸਮਾਦਕ ਸ਼ਕਤੀ ਬਾਰੇ ਹੈ ਜਿਸ ਨੇ ਇਤਿਹਾਸ ਦੇ ਮੁੱਢ ਤੋਂ ਮਨੁੱਖੀ ਚਿੰਤਨ ਨੂੰ ਟੁੰਬੀ ਰੱਖਿਆ ਹੈ। ਇਹ ਵਿਸ਼ਾ 'ਪਰਮ ਸਤਾ' ਹੈ।

ਉਪਨਿਸ਼ਦ ਵਿਚ ਉਸ ਪਰਮ ਸਤ ਲਈ 'ਬ੍ਰਹਮ' ਸ਼ਬਦ ਵਰਤਿਆ ਗਿਆ ਹੈ।[1] ਬ੍ਰਹਮ 'ਬ੍ਰਿਹ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਵਧਣਾ' ਜਾਂ 'ਬਾਹਰ ਨੂੰ ਫੁੱਟਣਾ'। ਭਾਈ ਕਾਨ੍ਹ ਸਿੰਘ ਨੇ ਵੀ ਇਸ ਦੇ ਅਰਥ 'ਸਭ ਤੋਂ ਵਧਿਆ ਹੋਇਆ' ਕੀਤੇ ਹਨ।[2]

ਗੁਰਬਾਣੀ ਅਤੇ ਉਪਨਿਸ਼ਦਾਂ ਵਿਚ ਬ੍ਰਹਮ ਨੂੰ ਰਹੱਸ ਮੰਨਿਆ ਗਿਆ ਹੈ। ਉਸ ਰਹੱਸਮਈ ਸੱਤਾ ਦਾ ਅਨੁਭਵ ਹੀ ਕੀਤਾ ਜਾ ਸਕਦਾ ਹੈ ਅਤੇ ਉਸ ਅਨੁਭਵ ਦੇ ਆਧਾਰ ਤੇ ਹੀ ਉਸ ਦਾ ਵਰਣਨ ਕਰਨ ਦਾ ਯਤਨ ਕੀਤਾ ਗਿਆ ਹੈ। ਉਸਦੀ ਅਨੁਭੂਤੀ ਬਾਰੇ ਜੋ ਕਿਹਾ ਜਾਂਦਾ ਹੈ ਜਾਂ ਜੋ ਕਿਹਾ ਜਾ ਸਕਦਾ ਹੈ, ਉਹ ਵੀ ਅਧੂਰਾ ਹੈ, ਚਿੰਨ੍ਹ ਮਾਤਰ ਹੈ, ਕੇਵਲ ਇਸ਼ਾਰੇ ਮਾਤਰ ਹੀ ਸੰਭਵ ਹੁੰਦਾ ਹੈ। ਇਹ ਸਥਿਤੀ ਉਸ ਤਰ੍ਹਾਂ ਦੀ ਹੈ, ਜਿਵੇਂ ਗੂੰਗੇ ਨੂੰ ਗੁੜ ਖੁਆ ਕੇ ਕਿਹਾ ਜਾਵੇ ਕਿ ਉਹ ਸੁਆਦ ਦੱਸੇ। ਉਹ ਕੀ ਅਤੇ ਕਿਵੇਂ ਦੱਸੇਗਾ? ਇਸ਼ਾਰਿਆਂ ਤੋਂ ਹੀ ਕੁਝ ਅਨੁਮਾਨ ਕਰ ਸਕਦਾ ਹੈ। ਗੁਰੂ ਕਥਨ ਹੈ:

ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੂੰਗੇ ਮਿਠਿਆਈ॥[3]

ਕਬੀਰ ਜੀ ਫੁਰਮਾਉਂਦੇ ਹਨ:

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥[4]

ਉਹ ਅਨੰਤ ਹੈ। ਅਸੀਮ ਹੈ। ਅਗੋਚਰ ਹੈ। ਉਹ ਅਕੱਥ ਹੈ, ਅਲੱਖ ਹੈ। ਗੁਰੂ ਅਰਜਨ ਮਹਾਂ ਰਹੱਸ ਬਾਰੇ ਮਨੁੱਖੀ ਅਸਮਰਥਾ ਪ੍ਰਗਟ ਕਰਦੇ ਹਨ। ਮਨੁੱਖ ਦੀ ਅਸਮਰਥਾ ਕਦਮ ਕਦਮ ਉਤੇ ਯਾਦ ਕਰਾਈ ਜਾਂਦੀ ਰਹੀ ਹੈ:

ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ।
ਬੇਅੰਤ ਅੰਤੁ ਨ ਜਾਇ ਪਾਇਆ, ਗਹੀ ਨਾਨਕ ਚਰਣ ਸਰਨ॥[5]

---

1. ਡਾ: ਰਾਧਾ ਕ੍ਰਿਸ਼ਨਨ, ਪ੍ਰਿੰਸੀਪਲ ਉਪਨਿਸ਼ਦ, ਪੰਨਾ 52.
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 671
3. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 635
4. ਗਉੜੀ ਕਬੀਰ, ਗੁਰੂ ਗ੍ਰੰਥ, ਪੰਨਾ 334
5. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 458

ਮਨੁੱਖ ਤਾਂ ਕੀ, ਅਵਤਾਰ ਅਤੇ ਰਿਸ਼ੀ ਵੀ ਇਸ ਪਰਮ ਤੱਤ, ਸਤ ਪਾਸਾਰ ਨੂੰ ਪੂਰਣ ਭਾਂਤ ਸਮਝ ਨਹੀਂ ਸਕੇ:

1. ਧਿਆਇ ਧਿਆਇ ਭਗਤਹ ਸੁਖੁ ਪਾਇਆ।
   ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥ [1]

2. ਮਹਿਮਾ ਨ ਜਾਨਹਿ ਬੇਦ। ਬ੍ਰਹਮੇ ਨਹੀ ਜਾਨਹਿ ਭੇਦ।
   ਅਵਤਾਰ ਨ ਜਾਨਹਿ ਅੰਤੁ। ਪਰਮੇਸਰੁ ਪਾਰ ਬ੍ਰਹਮ ਬੇਅੰਤੁ॥ [2]
   ਦੇਵੀਆ ਨਹੀ ਜਾਨੈ ਮਰਮੁ। ਸਭ ਊਪਰਿ ਅਲਖ ਪਾਰ ਬ੍ਰਹਮ॥

ਪਰਮਾਤਮਾ ਦੀਆਂ ਦਾਤਾਂ ਵੇਖ ਕੇ ਉਸ ਬਾਰੇ ਕਈ ਕਿਆਸ ਲਾਏ ਜਾਏ ਹਨ ਪਰ ਸੁਣਨ ਅਤੇ ਕਹਿਣ ਨਾਲ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ, ਜਿਸ ਨੂੰ ਉਹ ਆਪ ਆਪਣੀ ਸੋਝੀ ਕਰਾਏ ਉਹੀ ਉਸ ਨੂੰ ਜਾਣ ਸਕਦਾ ਹੈ:

1. ਸੁਣਿ ਸੁਣਿ ਆਖੈ ਕੇਤੀ ਬਾਣੀ। ਸੁਣਿ ਕਹੀਐ ਕੋ ਅੰਤੁ ਨ ਜਾਣੀ॥
   ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਸਾਰਾ ਹੈ॥ [3]

2. ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ॥ [4]

ਪਰ ਉਸਦੇ ਦਰਸ਼ਨ ਜਾਂ ਉਸਦੀ ਅਨੁਭੂਤੀ ਦਾ ਕਥਨ ਉਹ ਵੀ ਨਹੀਂ ਕਰ ਸਕਦੇ।

ਉਹ ਬ੍ਰਹਮ ਅਦ੍ਰਿਸ਼ਟ ਹੈ। ਉਸ ਨੂੰ ਇਨ੍ਹਾਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਜਿਹੜਾ ਵੇਖਿਆ ਨਹੀਂ ਜਾ ਸਕਦਾ ਉਸ ਬਾਰੇ ਕਿਹਾ ਨਹੀਂ ਜਾ ਸਕਦਾ। ਗੁਰੂ ਨਾਨਕ ਦਾ ਕਥਨ ਹੈ:

ਅਦਿਸਟੁ ਦਿਸੈ ਤਾ ਕਹਿਆ ਜਾਇ॥
ਬਿਨੁ ਦੇਖੇ ਕਹਣਾ ਬਿਰਥਾ ਜਾਇ॥ [5]

ਇਸੇ ਕਰਕੇ ਸਾਧਕਾਂ ਨੇ ਉਸ ਨੂੰ 'ਨੇਤਿ ਨੇਤਿ' [6] ਜਾਂ ਨਾਕਾਰਾਤਮਿਕ ਬੋਲੀ ਵਿਚ ਕਹਿਣਾ ਹੀ ਵਧੇਰੇ ਠੀਕ ਸਮਝਿਆ ਹੈ। ਦਾਸ ਗੁਪਤਾ ਦਾ ਵਿਚਾਰ ਹੈ ਕਿ ਉਸ ਨੂੰ ਸਾਕਾਰਾਤਮਕ

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 284.
2. ਰਾਮ ਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 894
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1032
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 993.
5. ਗਉੜੀ ਮਹਲਾ 1, ਗੁਰੂਗ੍ਰੰਥ, ਪੰਨਾ 222
6. We cannot describe it by any positive content which is always limited by conceptual thought....they tried to give a positive and definite content of the ultimate reality, the Brahman, they failed. Positive defination were impossible. - S.N.Das Gupta, History of Indian Philosophy, I Volume, page 44.

ਕਿਸੀ ਨਾਲ ਨਹੀਂ ਜੋੜਿਆ ਜਾ ਸਕਦਾ। ਸਾਕਾਰ ਤਾਂ ਸੀਮਾਂ ਬੱਧ ਹੈ। ਪਰ ਬ੍ਰਹਮ ਅਸੀਮ ਹੈ ਜਿਨ੍ਹਾਂ ਨੇ ਸਾਕਾਰਾਤਮਕ ਬੋਲੀ ਵਿਚ ਕਹਿਣ ਦਾ ਜਤਨ ਕੀਤਾ ਹੈ, ਉਹ ਅਸਫਲ ਹੀ ਰਹੇ ਹਨ। ਗੁਰਬਾਣੀ ਵਿਚ ਉਸਦਾ ਨਕਾਰਾਤਮਕ ਤੱਤਾਂ ਦੁਆਰਾ ਚਿਤ੍ਰਣ ਕੀਤਾ ਹੈ। ਬ੍ਰਹਮ ਨੂੰ ਗੁਰਬਾਣੀ ਅਤੇ ਉਪਨਿਸ਼ਦਾਂ ਵਿਚ ਅਰੂਪ, ਅਲੱਖ, ਅਗੰਮ, ਅਗੋਚਰ, ਅਜੂਨੀ, ਅਥਾਹ, ਅਖੇਤਿ, ਅਪਾਰ, ਅਨਾਦਿ ਅਨੇਕਾਂ ਹੀ ਗੁਣ ਵਾਚਕ ਨਾਵਾਂ ਦੁਆਰਾ ਕਥਨ ਕੀਤਾ ਗਿਆ ਹੈ। ਗੁਰਬਾਣੀ ਵਿਚ ਇਸ ਸੰਬੰਧੀ ਕੁਝ ਸ਼ਬਦ ਇਹ ਹਨ:

ਅਲੱਖ: ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣ ਹਾਰਾ॥[1]
ਅਲੱਖ: ਗੁਰਪਰਸਾਦੀ ਅਲਖੁ ਲਖੀਐ ਲਹਣੁ ਲਹਾਵੈ ਸੋਈ॥[2]
ਅਗੰਮ ਅਗੋਚਰ: ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥[3]
ਅਜੂਨੀ: ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ॥[4]
ਅਰੂਪ: ਨਾ ਤਿਸੁ ਰੂਪੁ ਨਾ ਰੇਖ ਵਰਨ ਸਬਾਇਆ॥
ਨਾ ਤਿਸੁ ਭੁਖ ਪਿਆਸ ਰਜਾ ਧਾਇਆ॥[5]

ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ॥[6]

ਉਸ ਬਾਰੇ ਜੋ ਕਹਿਣ ਦੀ ਕੋਸ਼ਿਸ਼ ਕਰਦਾ ਹੈ, ਉਸ ਨੂੰ ਮੂੰਹ ਦੀ ਖਾਣੀ ਪੈਂਦੀ ਹੈ:

ਜੇ ਕੋ ਖਾਇਕੁ ਆਖਣੁ ਪਾਇ॥
ਓਹੁ ਜਾਣੈ ਜੇਤੀਆ ਮੁਹਿ ਖਾਇ॥[7]

ਗੁਰਬਾਣੀ ਵਿਚ ਇਕ ਇਹ ਵੀ ਤਰਕ ਦਿੱਤੀ ਹੈ ਕਿ ਕਿਸੇ ਨੂੰ ਜਾਣ ਉਹ ਸਕਦਾ ਹੈ ਜੋ ਉਹ ਉਸ ਜਿੱਡਾ ਹੋਵੇ ਜਾਂ ਉਸ ਜਿੰਨੀ ਸਮਰਥਾ ਰਖਦਾ ਹੋਵੇ। ਬ੍ਰਹਮ ਨੂੰ ਵੀ ਉਹੀ ਜਾਣ ਸਕਦਾ ਹੈ ਜੋ ਉਸ ਜਿਤਨਾ ਵੱਡਾ ਹੋਵੇ, ਪਰ ਵਾਸਤਵ ਵਿਚ ਉਸ ਜਿਤਨਾ ਵੱਡਾ ਕੋਈ ਹੈ ਨਹੀਂ।

ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥[8]

1. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1255.
2. ਸਾਰੰਗ ਮਹਲਾ 1, ਗੁਰੂ ਗ੍ਰੰਥ, ਪੰਨਾ 1233
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 437
4. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 597
5. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1279
6. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 597
7. ਜਪੁ, ਗੁਰੂ ਗ੍ਰੰਥ, ਪੰਨਾ 5
8. ਜਪੁ, ਗੁਰੂ ਗ੍ਰੰਥ, ਪੰਨਾ 5

ਆਪਣੇ ਬਾਰੇ ਉਹ ਆਪ ਹੀ ਜਾਣਦਾ ਹੈ:

ਨਾਨਕ ਜਾਣੈ ਸਾਚਾ ਸੋਇ॥[1]

ਰਹੱਸਵਾਦੀਆਂ ਦਾ ਵਿਚਾਰ ਹੈ ਕਿ ਉਸ ਅਬੂਝ ਬ੍ਰਹਮ ਨੂੰ ਬਿਆਨ ਕਰਨ ਤੋਂ ਅਨੁਭਵ ਕਰਨਾ ਵਧੇਰੇ ਠੀਕ ਹੈ। ਜੋ ਅਨੁਭਵ ਕੀਤਾ ਜਾਂਦਾ ਹੈ ਉਸ ਨਾਲੋਂ ਉਸਦੀ ਹੋਂਦ ਵਧੇਰੇ ਹੈ।[2]

ਮਹਾਂ ਚਿੰਤਕ ਸ਼ੰਕਰਾਚਾਰੀਆ ਉਪਨਿਸ਼ਦਾਂ ਵਿਚੋਂ ਇਕ ਕਥਾ ਵਰਣਨ ਕਰਦੇ ਲਿਖਦੇ ਹਨ ਕਿ ਇਕ ਬਾਹਵਾ ਨਾਂ ਦਾ ਸੰਤ ਸੀ। ਉਸ ਕੋਲੋਂ ਕਿਸੇ ਨੇ ਬ੍ਰਹਮ ਬਾਰੇ ਪੁੱਛਿਆ। ਬਾਹਵਾ ਨੇ ਕੋਈ ਉੱਤਰ ਨਾ ਦਿੱਤਾ। ਦੂਜੀ ਵਾਰੀ ਪੁੱਛਿਆ ਤਾਂ ਵੀ ਸੰਤ ਨਹੀਂ ਬੋਲਿਆ। ਜਦ ਤੀਜੀ ਵਾਰ ਪੁੱਛਣ ਤੇ ਵੀ ਉਹ ਚੁੱਪ ਰਿਹਾ ਤਾਂ ਪੁੱਛਣ ਵਾਲਾ ਖਿਝ ਗਿਆ। ਫੇਰ ਸੰਤ ਨੇ ਬੜੇ ਧੀਰਜ ਨਾਲ ਦੱਸਿਆ ਕਿ ਮੈਂ ਤਾਂ ਆਪ ਦੇ ਪਹਿਲੀ ਵਾਰ ਪੁੱਛਣ ਤੇ ਹੀ ਜਵਾਬ ਦੇ ਦਿੱਤਾ ਸੀ। ਬ੍ਰਹਮ ਉਹ ਸ਼ੈ ਹੈ ਜਿਸ ਬਾਰੇ ਜ਼ਬਾਨ ਨਾਲ ਕੁਝ ਨਹੀਂ ਦੱਸਿਆ ਜਾ ਸਕਦਾ।[3]

ਗੁਰਬਾਣੀ ਵਿਚ ਵੀ ਵੇਦਾਂ ਵਿਚ ਅੰਕਿਤ ਨੇਤਿ ਨੇਤਿ ਦੇ ਵਿਚਾਰ ਨੂੰ ਅੰਕਿਤ ਕੀਤਾ ਹੈ:

ਨੇਤ ਨੇਤ ਕਥੰਤਿ ਬੇਦਾ।
ਊਚ ਮੂਚ ਅਪਾਰ ਗੋਬਿੰਦਹ॥[4]

ਇਹ ਠੀਕ ਹੈ ਕਿ ਪਰਮਾਤਮਾ ਦੇ ਨਿਰਗੁਣ ਭਾਵ ਨੂੰ ਕੇਵਲ ਨੇਤਿ ਦੁਆਰਾ ਹੀ ਕਿਹਾ ਜਾ ਸਕਦਾ ਹੈ।[5]

ਉਪਨਿਸ਼ਦਾਂ ਵਿਚ ਨੇਤਿ ਦੇ ਵਿਚਾਰ ਦੀ ਮਹਾਂ ਕਵੀ ਰਾਬਿੰਦਰ ਨਾਥ ਟੈਗੋਰ ਨੇ ਇਸ ਤਰ੍ਹਾਂ ਵਿਆਖਿਆ ਕੀਤੀ ਹੈ:

"ਅਸੀਂ ਇਹ ਆਮ ਸ਼ਿਕਾਇਤ ਸੁਣਦੇ ਹਾਂ ਕਿ ਉਪਨਿਸ਼ਦਾਂ ਦਾ ਬ੍ਰਹਮ ਅਭਾਵਾਤਮਕ ਸ਼ਬਦਾਂ ਵਿਚ ਹੀ ਵਧੇਰੇ ਕਰਕੇ ਬਿਆਨ ਕੀਤਾ ਗਿਆ ਹੈ। ਕੀ ਅਸੀਂ ਵੀ ਅਜੇਹਾ ਨਹੀਂ ਕਰਦੇ ਹਾਂ ਜਦੋਂ ਕਿ ਕੋਈ ਅੰਞਾਣ ਮਨੁੱਖ, ਸਾਨੂੰ ਪੁੱਛਦਾ ਹੈ ਕਿ 'ਰੋਸ਼ਨੀ ਕਿਹੋ ਜਿਹੀ ਹੈ?' ਕੀ ਅਸੀਂ ਉਸ ਨੂੰ ਇਵੇਂ ਹੀ ਨਹੀਂ ਕਹਿੰਦੇ ਕਿ ਰੋਸ਼ਨੀ ਦੀ ਨਾ ਆਵਾਜ਼ ਹੈ, ਨਾ ਸਵਾਦ ਹੈ, ਨਾ ਰੂਪ ਹੈ, ਨਾ ਭਾਰ ਹੀ। ਨਾ ਕਿਸੇ ਹੋਰ ਵਿਸ਼ਲੇਸ਼ਣ ਦੁਆਰਾ ਜਾਣੀ ਜਾ ਸਕਦੀ ਹੈ। ਨਿਰਸੰਦੇਹ ਵੇਖੀ ਜਾ ਸਕਦੀ ਹੈ। ਪਰ ਇਸਦਾ ਉਸਦੇ ਅੰਨ੍ਹੇ ਵਿਅਕਤੀ ਦਾ ਕੀ ਲਾਭ ਜਿਸ ਦੀਆਂ ਅੱਖਾਂ ਨਹੀਂ?'[6]

1. ਜਪੁ, ਗੁਰੂ ਗ੍ਰੰਥ, ਪੰਨਾ 6.
2. God is more truly imagined than expressed and the exists more truly than is imagined.-St.Augustine, Encyclopedia of Religious Quations, page 163.
3. S.N.Das Gupta, Hindu Mysticism, page 27.
4. ਸਲੋਕ ਸਹਸਕ੍ਰਿਤੀ ਮਹਲਾ 5, ਗੁਰੂ ਗ੍ਰੰਥ, ਪੰਨਾ 1359.
5. D.S.Sarma, A Primer of Hinduism, page 111
6. Dr.Radhakrishnan, The Principal Upanishads, Appendix A, page 941.

ਉਪਨਿਸ਼ਦਾਂ ਵਿਚ ਉਸ ਨੂੰ ਮਨੁੱਖੀ ਬੁੱਧੀ ਅਤੇ ਬਾਣੀ ਤੋਂ ਪਰ੍ਹੇ ਮੰਨਿਆ ਹੈ।

ਕੇਨ ਉਪਨਿਸ਼ਦ(1.4) ਅਨੁਸਾਰ ਬ੍ਰਹਮ ਦੇ ਅਨੁਭਵ ਨੂੰ ਬਾਣੀ ਭਾਵ ਸ਼ਬਦਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਬਾਣੀ ਉਸਦੇ ਅਧੀਨ ਹੈ,ਕਿਉਂਕਿ ਉਹ ਕਰਤਾ ਹੈ। ਬ੍ਰਹਮ ਤਰਕ ਦਾ ਵਿਸ਼ਾ ਨਹੀਂ।

ਇਸੇ ਉਪਨਿਸ਼ਦ(1.5) ਵਿਚ ਫਿਰ ਕਿਹਾ ਹੈ ਕਿ ਪ੍ਰਭੂ ਕਲਪਨਾ ਤੋਂ ਪਰ੍ਹੇ ਹੈ। ਮਨੁੱਖ ਅਪੂਰਣ ਹੈ। ਸੋ ਕਲਪਨਾ ਵੀ ਅਪੂਰਣ ਹੈ। ਸੀਮਿਤ ਮਨੁੱਖ ਦੀ ਹਰ ਸ਼ਕਤੀ ਸੀਮਿਤ ਹੈ।

ਸ਼੍ਵੇਤਾਸ਼ਵਤਰ ਉਪਨਿਸ਼ਦ(3.19) ਵਿਚ ਵੀ ਬ੍ਰਹਮ ਬਾਰੇ ਇਹੋ ਹੀ ਕਿਹਾ ਹੈ:ਉਹ ਸਭ ਕੁਝ ਵੇਖ ਰਿਹਾ ਹੈ, ਪਰ ਕੋਈ ਵੀ ਅਜਿਹਾ ਨਹੀਂ ਜੁ ਉਸ ਨੂੰ ਜਾਣ ਸਕੇ।

ਬ੍ਰਿਹਦਾਰਣਯਕ ਉਪਨਿਸ਼ਦ(3.8.8) ਅਨੁਸਾਰ ਉਹ ਬ੍ਰਹਮ ਨ ਸਥੂਲ ਹੈ ਨਾ ਸੂਖਮ ਹੈ,ਨ ਤੁੱਛ ਹੈ ਨ ਵਿਸ਼ਾਲ ਹੈ,ਨ ਛਾਂਇਆ ਹੈ ਨ ਤਮ ਹੈ,ਨ ਵਾਯੂ ਹੈ,ਨ ਆਕਾਸ਼ ਹੈ,ਨ ਸੰਗ ਹੈ ਨ ਰਸ ਹੈ ਅਤੇ ਨ ਗੰਧ ਹੀ ਹੈ। ਨ ਨੇਤਰ ਹੈ ਨ ਕਰਣ ਅਤੇ ਨ ਬਾਣੀ ਹੈ,ਨ ਮਨ ਹੈ, ਨ ਤੇਜ ਹੈ,ਨ ਪ੍ਰਾਣ ਹੈ।

ਸ਼੍ਵੇਤਾਸ਼ਵਤਰ ਉਪਨਿਸ਼ਦ(4.1) ਉਹ ਇਕ ਨਿਰਾਕਾਰ ਉਹ ਸ੍ਰਿਸ਼ਟੀ ਦੇ ਆਰੰਭ ਵਿਚ ਸੀ।

ਮੁੰਡਕ ਉਪਨਿਸ਼ਦ(2.2) ਅਨੁਸਾਰ ਉਹ ਅਵਿਨਾਸ਼ੀ ਅਮੂਰਤ ਹੈ:ਪੁਰਸ਼ ਹੈ। ਉਹ ਸੰਸਾਰ ਦੇ ਅੰਦਰ ਬਾਹਰ ਵਿਦਮਾਨ ਅਤੇ ਅਜਨਮਾ ਹੈ। ਕਠ ਉਪਨਿਸ਼ਦ(2.3.15.)ਅਨੁਸਾਰ ਉਹ [illegible] ਸ਼ਬਦ ਦਾ ਵਿਸ਼ਾ ਨਹੀਂ ਹੈ,ਅਰੂਪ ਹੈ,ਵਿਕਾਰ-ਰਹਿਤ ਹੈ,ਅਨਾਦਿ ਹੈ ਅਤੇ ਅਨੰਤ ਹੈ।

### (ਅ) ਬ੍ਰਹਮ ਦੀ ਹੋਂਦ

ਇਹ ਠੀਕ ਹੈ ਕਿ ਬ੍ਰਹਮ ਦੀ ਅਨੁਭੂਤੀ ਨੂੰ ਨਕਾਰਾਤਮਕ ਸ਼ਬਦਾਂ ਵਿਚ ਹੀ ਕਥਨ ਕਰਨਾ ਉਚਿੱਤ ਹੈ ਕਿਉਂਕਿ ਉਹ ਇੰਦ੍ਰਿਆਵੀ ਪਕੜ ਤੋਂ ਪਰ੍ਹੇ ਹੈ। ਪਰ ਇਸਦਾ ਇਹ ਭਾਵ ਨਹੀਂ ਕਿ ਉਸਦੀ ਹੋਂਦ ਹੀ ਨਹੀਂ। ਉਪਨਿਸ਼ਦ ਅਤੇ ਗੁਰਬਾਣੀ ਅਨੇਕ ਆਸਤਕ ਹਨ। ਉਹ ਬ੍ਰਹਮ ਦੀ ਹੋਂਦ ਦੇ ਵਿਸ਼ਵਾਸ ਨਾਲ ਹੀ ਅੱਗੇ ਤੁਰਦੇ ਹਨ।ਇਹ ਨਿਸ਼ਚਾ ਪ੍ਰਭੂ ਦੀ ਵਿਚਾਰਧਾਰਾ ਦਾ ਧੁਰਾ ਹੈ। ਗੁਰਬਾਣੀ ਵਿਚ ਉਸਦੀ ਹੋਂਦ ਜਾਂ ਹਸਤੀ ਦ੍ਰਿੜ੍ਹ ਕਰਾਈ ਹੈ। ਗੁਰੂ ਸਾਹਿਬ ਦਾ ਕਥਨ ਹੈ:

ਹੈ ਤੂ ਹੈ ਤੂ ਹੋਵਨ ਹਾਰ॥
ਅਗਮ ਅਗਾਧਿ ਊਚ ਅਪਾਰ॥[1]

---

1. ਤਿਲੰਗ ਮਹਲਾ 5,ਗੁਰੂ ਗ੍ਰੰਥ,ਪੰਨਾ 724.

ਗੁਰੂ ਅਰਜਨ ਦੇ ਕਥਨ ਅਨੁਸਾਰ:

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥[1]

'ਸਤਿ' ਸ਼ਬਦ ਜੋ ਗੁਰਬਾਣੀ ਵਿਚ ਆਇਆ ਹੈ ਬ੍ਰਹਮ ਦੀ ਹੋਂਦ ਦਾ ਲਖਾਇਕ ਹੀ ਹੈ। ਗੁਰੂਆਂ ਨੇ ਉਸਦੀ ਹੋਂਦ ਨੂੰ ਦਲੀਲ ਨਾਲ ਸਿੱਧ ਕਰਨ ਦਾ ਯਤਨ ਨਹੀਂ ਕੀਤਾ।[2] ਕਿਉਂਕਿ ਪ੍ਰਗਟ ਵਸਤੂ ਲਈ ਪ੍ਰਮਾਣ ਦੀ ਜ਼ਰੂਰਤ ਨਹੀਂ। ਇਹ ਠੀਕ ਹੈ ਕਿ ਬ੍ਰਹਮ ਸੂਰਜ ਵਰਗ ਪ੍ਰਗਟ ਵਸਤੂ ਨਹੀਂ ਪਰ ਵਿਸ਼ਵਾਸੀ ਲਈ ਉਸ ਦੀ ਹੋਂਦ ਹੈ, ਉਸ ਨੂੰ ਸਭ ਵਿਚ ਵਿਆਪਕ ਦਿਸਦਾ ਹੈ। ਗੁਰੂ ਅਰਜਨ ਸਾਹਿਬ ਜਦ ਇਹ ਲਿਖਦੇ ਹਨ:

1. ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥[3]
2. ਸਰਬ ਜੋਤਿ ਮਹਿ ਜਾਕੀ ਜੋਤਿ॥<br>ਧਾਰਿ ਰਹਿਓ ਸੁਆਮੀ ਓਤਿ ਪੋਤਿ॥[4]

ਤਾਂ ਇਸ ਤੋਂ ਭਾਵ ਉਸਦੀ ਵਿਆਪਕਤਾ ਦਰਸਾਉਣੀ ਹੀ ਹੈ। ਗੁਰੂ ਨਾਨਕ ਅਨੁਸਾਰ ਉਸਦੀ ਹੋਂਦ ਤਿੰਨਾਂ ਕਾਲਾਂ ਵਿਚ ਹੈ:

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥[5]

ਉਪਨਿਸ਼ਦਾਂ ਵਿਚ ਵੀ ਉਸ ਬ੍ਰਹਮ ਦੀ ਹੋਂਦ ਦਾ ਵਿਸ਼ਵਾਸ ਕਰਾਇਆ ਗਿਆ ਹੈ। ਤੈਤਰੀਯ ਉਪਨਿਸ਼ਦ(2.6.1) ਵਿਚ ਕਿਹਾ ਗਿਆ ਹੈ ਉਹ ਨਸ਼ਟ ਹੋ ਜਾਂਦਾ ਹੈ ਜਿਹੜਾ ਐਸਾ ਜਾਣਦਾ ਹੈ ਕਿ ਬ੍ਰਹਮ ਨਹੀਂ ਹੈ। ਜਿਹੜਾ ਇਹ ਜਾਣਦਾ ਹੈ ਕਿ 'ਬ੍ਰਹਮ ਹੈ' ਉਹ ਉਸ ਦੀ ਹੋਂਦ ਦਾ ਗਿਆਤਾ ਹੋ ਜਾਂਦਾ ਹੈ।

ਇਸੇ ਤਰ੍ਹਾਂ ਕਠ ਉਪਨਿਸ਼ਦ(6.12) ਵਿਚ ਵੀ ਇਸ ਤਰ੍ਹਾਂ ਦਾ ਵਿਚਾਰ ਹੀ ਦਿੱਤਾ ਜਾਂਦਾ ਹੈ ਕਿ ਉਹ ਹੈ।

## ੲ. ਬ੍ਰਹਮ ਦੇ ਗੁਣ

ਜਗਿਆਸੂ ਨੇ ਬ੍ਰਹਮ ਦੀ ਸ੍ਰੇਸ਼ਟਤਾ ਅਤੇ ਵਿਲੱਖਣਤਾ ਜਾਂ ਸਰਬ ਉੱਚਤਾ ਦਰਸਾਉਣ ਲਈ ਜਾਂ ਦੈਵੀ ਗੁਣਾਂ ਦਾ ਸੰਚਾਰ ਕਰਨ ਲਈ ਉਸਦੇ ਕਈ ਗੁਣ ਵੀ ਕਥਨ ਕੀਤੇ ਹਨ। ਬ੍ਰਹਮ ਦਾ

---

1. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 397.
2. They do not tryto prove the existence of God by logic, Dr. Jodh Singh, Some Studies in Sikhism, p.125.
3. ਸੂਹੀ ਮਹਲਾ 5, ਗੁਰੂ ਗ੍ਰੰਥ, ਪੰਨਾ 784.
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 294.
5. ਜਪੁ, ਗੁਰੂ ਗ੍ਰੰਥ, ਪੰਨਾ 1

ਪ੍ਰਗਟਾ, ਉਸਦੇ ਗੁਣ, ਉਸ ਦੀਆਂ ਬਖ਼ਸ਼ਿਸ਼ਾਂ ਨੂੰ ਜਿਸ ਰਾਹੀਂ ਜਾਣਦੇ ਹਾਂ ਉਹ ਨਾਮ ਹਨ। ਉਸਦੇ ਗਿਣਤ ਅਨੇਕ ਨਾਮ ਉਸਦੇ ਗੁਣਾਂ ਦੇ ਲਖਾਇਕ ਹਨ। ਪ੍ਰਭੂ ਦੇ ਕੁਝ ਨਾਂ ਜਾਤੀ ਹਨ ਅਤੇ ਕੁਝ ਸਗੁਣੀ ਜਾਂ ਕਿਰਤਮ ਹਨ। ਸਤਿਨਾਮ ਤੋਂ ਬਿਨਾਂ ਸਾਰੇ ਨਾਂ ਕਿਰਤਮ ਹਨ।[1]

ਇਹ ਠੀਕ ਹੈ ਕਿ ਬ੍ਰਹਮ ਰਹੱਸ ਦਾ ਵਿਸ਼ਾ ਹੈ ਅਤੇ ਮਨੁੱਖ ਦੀ ਸੀਮਤ ਬੁੱਧੀ ਉਸ ਦੀ ਪੂਰੀ ਥਾਹ ਨਹੀਂ ਪਾ ਸਕਦੀ ਪਰ ਤਾਂ ਵੀ ਗੁਰਬਾਣੀ ਵਿਚ ਆਏ ਉਸਦੇ ਗੁਣਾਂ ਤੋਂ ਉਸਦੇ ਸਰੂਪ ਨੂੰ ਉਲੀਕਿਆ ਜਾ ਸਕਦਾ ਹੈ।

## ਕਰਤਾ-ਪੁਰਖ

ਕਰਤਾ ਸ਼ਬਦ ਸੰਸਕ੍ਰਿਤ ਦੇ ਕਰਤ੍ਰੀ ਤੋਂ ਬਣਿਆ ਹੈ ਜਿਸਦਾ ਭਾਵ ਹੈ ਕਰਨ-ਵਾਲਾ, ਸਾਜਨ ਵਾਲਾ।[2] ਕਰਤਾ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਉਹ ਹੈ ਜੋ ਸਾਮਗਰੀ ਹੋਰੋਂ ਲੈ ਕੇ ਘੜਦਾ ਬਣਾਂਦਾ ਹੈ, ਦੂਜਾ ਆਪਣੇ ਤੋਂ ਹੀ। ਅਕਾਲ ਪੁਰਖ ਦੂਜੀ ਭਾਂਤ ਦਾ ਕਰਤਾ ਹੈ। ਕਰਤਾ ਦੇ ਪ੍ਰਕਾਰ ਦੋ ਹੋਰ ਵੀ ਹਨ। ਇਕ ਉਹ ਹਨ ਜਿਨ੍ਹਾਂ ਦਾ ਕੀਤੀ ਤੇ ਕੋਈ ਅਧਿਕਾਰ ਨਹੀਂ ਹੁੰਦਾ, ਜਿਵੇਂ ਰਾਜ ਘਰ ਉਸਾਰ ਕੇ ਦੇਂਦਾ ਹੈ, ਪਰ ਉਸਦਾ ਉਸ ਘਰ ਵਿਚ ਦਖ਼ਲ ਨਹੀਂ ਹੁੰਦਾ। ਦੂਜੇ ਉਹ ਹਨ ਜੋ ਆਪਣੀ ਕੀਤੀ ਉਤੇ ਰਹਿੰਦੇ ਹਨ ਜਿਵੇਂ ਭੌਰੇ ਦਾ ਆਪਣੇ ਜਾਲੇ ਉਤੇ ਰਹਿਣਾ। ਪਰਮਾਤਮਾ ਦੂਜੀ ਪ੍ਰਕਾਰ ਦਾ ਕਰਤਾ ਹੈ, ਗੁਰਬਾਣੀ ਵਿਚ ਕਾਦਰ ਕਰਤਾ ਵੀ ਕਿਹਾ ਹੈ।[3] ਉਸ ਇਕ ਕਰਤਾ ਤੋਂ ਹੀ ਸਭ ਪ੍ਰਕਾਰ ਦੀ ਰਚਨਾ ਹੋਈ ਹੈ। ਇਥੋਂ ਤਕ ਕਿ ਦੇਵਤੇ, ਗੁਣ, ਪ੍ਰਕ੍ਰਿਤੀ, ਦਸ ਅਵਤਾਰ ਅਤੇ ਅਨੰਤ ਸ੍ਰਿਸ਼ਟੀ ਦੀ ਉਤਪਤੀ ਉਸਦੇ ਹੁਕਮ ਅਧੀਨ ਹੋਈ। ਉਸ ਦੇ ਹੁਕਮ ਵਿਚ ਸਭ ਕੁਝ ਹੋ ਰਿਹਾ ਹੈ। ਗੁਰਬਾਣੀ ਦਾ ਵਿਚਾਰ ਹੈ:

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥[4]
ਤ੍ਰੈਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ॥[5]

ਗੁਰੂ ਨਾਨਕ ਨੇ ਜਪੁਜੀ ਵਿਚ ਬ੍ਰਹਮ ਨੂੰ 'ਕਰਤਾ-ਪੁਰਖ' ਕਿਹਾ ਹੈ। ਗੁਰਬਾਣੀ ਦੇ ਹੋਰ ਸ਼ਬਦਾਂ ਵਿਚ ਉਸ ਨੂੰ ਆਦਿ-ਪੁਰਖ ਵੀ ਕਿਹਾ ਗਿਆ ਹੈ:

---

1. ਡਾ: ਦਲੀਪ ਸਿੰਘ ਦੀਪ, ਜਪੁ ਜੀ ਇਕ ਤੁਲਨਾਤਮਕ ਅਧਿਐਨ, ਪੰਨਾ 9.
2. ਭਾਈ ਵੀਰ ਸਿੰਘ, ਸੰਪਾਦਕ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 16.
3. ਭਾਈ ਵੀਰ ਸਿੰਘ, ਸੰਪਾਦਕ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 16.
4. ਮਲਾਰ ਵਾਰ 1, ਗੁਰੂ ਗ੍ਰੰਥ, ਪੰਨਾ 1279
5. ਸਾਰੰਗ ਵਾਰ 1, ਗੁਰੂ ਗ੍ਰੰਥ, ਪੰਨਾ 1237

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ॥
ਸਚੁ ਸਾਹਿਬੁ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ॥[1]

...

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ।
ਤੁਧੁ ਜੇਵਡੁ ਅਵਰੁ ਨ ਕੋਈ॥[2]

ਪਰਮ ਤੱਤ ਦੀ ਪੁਰਸ਼ ਰੂਪ ਵਿਚ ਸਭ ਤੋਂ ਪਹਿਲੀ ਕਲਪਨਾ ਰਿਗ-ਵੇਦ ਦੇ ਪੁਰਸ਼ ਸੂਕਤ ਵਿਚ ਹੋਈ ਹੈ, ਜਿਥੇ ਸੰਪੂਰਣ ਜਗਤ ਨੂੰ ਇਕ ਪੁਰਸ਼ ਦੇ ਰੂਪਕ ਦੁਆਰਾ ਰੂਪਮਾਨ ਕੀਤਾ ਗਿਆ ਹੈ। ਪੁਰਸ਼ ਦੇ ਹਜ਼ਾਰ ਮਸਤਕ ਹਨ, ਹਜ਼ਾਰ ਨੇਤਰ ਹਨ, ਹਜ਼ਾਰ ਪੈਰ ਹਨ। ਜੋ ਕੁਝ ਹੈ ਅਤੇ ਜੋ ਕੁਝ ਹੋਵੇਗਾ, ਸਭ ਉਹੀ ਪੁਰਸ਼ ਹੈ।[3] ਉਹ ਕੇਵਲ ਇਕ ਪੁਰਖ ਦੀ ਉਸਦੀ ਰਚਨਾਤਮਕ ਸ਼ਕਤੀ ਹੈ। ਇਸ ਦ੍ਰਿਸ਼ਟੀ ਤੋਂ ਗੁਰਬਾਣੀ ਵਿਚ ਇਹ ਵਿਚਾਰ ਵੀ ਵਿਦਮਾਨ ਹੈ ਕਿ ਪੁਰਖ ਕੇਵਲ ਇਕੋ ਹੀ ਹੈ, ਬਾਕੀ ਸਭ ਨਾਰੀਆਂ ਹਨ, ਜਿਵੇਂ:

ਠਾਕੁਰੁ ਏਕੁ ਸਬਾਈ ਨਾਰਿ॥[4]

ਉਸ ਸਰਬ ਰੂਪ ਉਸੇ ਦੇ ਹੀ ਹਨ। ਸਾਰਿਆਂ ਵਿਚ ਉਹੋ ਹੀ ਰਮਿਆ ਹੋਇਆ ਹੈ। ਗੁਰਬਾਣੀ ਅਨੁਸਾਰ ਸਭ ਕੁਝ ਉਹ ਆਪ ਹੀ ਹੈ:

ਆਪੇ ਪੁਰਖੁ ਆਪੇ ਹੀ ਨਾਰੀ। ਆਪੇ ਪਾਸਾ ਆਪੇ ਸਾਰੀ॥
ਆਪੇ ਪਿੜ ਬਾਧੀ ਜਗੁ ਖੇਲੈ, ਆਪੇ ਕੀਮਤਿ ਪਾਈ ਹੇ॥[5]

ਉਸਦਾ ਕੋਈ ਨਿਸ਼ਚਿਤ ਲਿੰਗ ਨਹੀਂ ਹੈ:

ਸੁੰਨ ਮੰਡਲ ਇਕੁ ਜੋਗੀ ਬੈਸੇ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ॥ ਸੁਰਿ ਨਰ ਨਾਥ ਸਚੇ ਸਰਣਾਈ॥[6]

ਡਾ: ਭਾਈ ਜੋਧ ਸਿੰਘ ਅਤੇ ਭਾਈ ਵੀਰ ਸਿੰਘ ਨੇ 'ਪੁਰਖੁ' ਦੇ ਅਰਥ ਕੀਤੇ ਹਨ 'ਵਿਆਪਕ'। ਪ੍ਰਿੰਸੀਪਲ ਤੇਜਾ ਸਿੰਘ ਦਾ ਵਿਚਾਰ ਹੈ ਕਿ ਗੁਰੂ ਸਾਹਿਬਾਨ ਨੇ ਰੱਬ ਲਈ 'ਪੁਰਖ' ਇਸ ਲਈ ਵਰਤਿਆ ਹੈ ਕਿ ਲੋਕੀਂ ਉਸ ਨੂੰ ਕੇਵਲ ਸਾਂਈਂਸਦਾਨਾਂ ਅਤੇ ਫ਼ਿਲਾਸਫ਼ਰਾਂ ਵਾਲੀ ਇਕ ਪਸਰੀ ਹੋਈ ਸ਼ਕਤੀ ਹੀ ਨਾ ਮੰਨ ਲੈਣ। ਉਹ ਸਮਰਥ ਅਤੇ ਚੇਤਨ ਸ਼ਖ਼ਸੀਅਤ ਹੈ ਜਿਸ ਦੇ ਨਮੂਨੇ ਤੇ ਸਾਡੀਆਂ ਨਿੱਕੀਆਂ ਨਿੱਕੀਆਂ ਹਸਤੀਆਂ ਬਣਾਈਆਂ ਗਈਆਂ ਹਨ।[7]

---

1. ਆਸਾ ਮਹਲਾ/, ਗੁਰੂ ਗ੍ਰੰਥ, ਪੰਨਾ 437
2. ਆਸਾ ਮਹਲਾ 4, ਗੁਰੂ ਗ੍ਰੰਥ, ਪੰਨਾ 1।
3. ਰਿਗਵੇਦ 1.60, ਡਾ: ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰਨਾ [illegible]0
4. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 933
5. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1020
6. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 685
7. ਪ੍ਰਿੰਸੀਪਲ ਤੇਜਾ ਸਿੰਘ, ਜਪੁ ਜੀ ਸਟੀਕ, ਪੰਨਾ 32-33.

ਸੋ ਕਰਤਾ ਪੁਰਖ ਇਕੱਠਾ ਲਿਖ ਕੇ ਉਸ ਪ੍ਰਭੂ ਦੀ ਕਰਤਾਰਤਾ ਅਤੇ ਵਿਆਪਕਤਾ ਦਰਸਾਈ ਹੈ। ਉਹ ਕਰਤਾ ਕਿਰਤ ਕਰਕੇ ਉਸ ਤੋਂ ਵੱਖ ਨਹੀਂ ਹੁੰਦਾ ਸਗੋਂ ਉਸੇ ਵਿਚ ਹੈ;

ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥
ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥[1]

ਉਪਨਿਸ਼ਦਾਂ ਨੇ ਵੀ ਬ੍ਰਹਮ ਨੂੰ ਸਰਬ ਸ਼ਕਤੀਮਾਨ ਕਰਤਾ ਮੰਨਿਆ ਹੈ ਜੋ ਰਚਨਾ ਕਰਕੇ ਤੇ ਆਪਣੇ ਵਿਚ ਸਮੇਟਣ ਵਾਲਾ ਹੈ। ਮਾਂਡੂਕਯ ਉਪਨਿਸ਼ਦ(6) ਅਨੁਸਾਰ ਉਹ ਬ੍ਰਹਮ ਹੀ ਸਭ ਭੂਤਾਂ ਦੀ ਉਤਪਤੀ, ਸਥਿਤੀ ਅਤੇ ਪ੍ਰਲਯ ਦਾ ਸਥਾਨ ਹੈ। ਉਹ ਹੀ ਅੰਤਰਜਾਮੀ, ਸਾਰੇ ਸੰਸਾਰ ਦਾ ਕਾਰਣ ਅਤੇ ਸਭ ਦਾ ਈਸ਼ਵਰ ਹੈ। ਮਾਂਡੂਕਯ ਉਪਨਿਸ਼ਦ(3.1.3) ਵਿਚ ਪੁਰਸ਼ ਨੂੰ ਕਰਤਾ ਵੀ ਕਿਹਾ ਗਿਆ ਹੈ।

ਕਠ ਉਪਨਿਸ਼ਦ(1.3.11) ਵਿਚ ਪੁਰਸ਼ ਨੂੰ ਸਭ ਤੋਂ ਪਰੇ ਮੰਨਿਆ ਗਿਆ ਹੈ।

ਸ਼ਵੇਤਾਸ਼ਵਤਰ ਉਪਨਿਸ਼ਦ(4.4) ਵਿਚ ਉਸ ਨੂੰ ਪੁਰਸ਼ ਮਹਾਨ ਕਿਹਾ ਹੈ। ਇਸੇ ਉਪਨਿਸ਼ਦ ਵਿਚ ਆਖਿਆ ਹੈ ਕਿ ਉਸ ਪੁਰਸ਼ ਤੋਂ ਇਹ ਸਭ ਜਗਤ ਪੂਰਣ ਹੈ। ਉਸ ਤੋਂ ਹੀ ਸਾਰੇ ਲੋਕ ਜਨਮੇ ਹਨ।

ਸ਼ਵੇਤਾਸ਼ਵਤਰ ਉਪਨਿਸ਼ਦ(5.10) ਅਨੁਸਾਰ ਬ੍ਰਹਮ ਨਾ ਇਸਤਰੀ ਹੈ, ਨਾ ਪੁਰਸ਼ ਹੈ ਅਤੇ ਨਾ ਨਪੁੰਸਕ ਹੀ ਹੈ।

## ਨਿਰਭਉ

ਇਸ ਤੋਂ ਭਾਵ ਹੈ - ਭੈ ਤੋਂ ਰਹਿਤ। ਭੈ ਤੋਂ ਉਹੀ ਰਹਿਤ ਹੋ ਸਕਦਾ ਹੈ ਜੋ ਸਰਬ-ਸਮਰਥ ਹੋਵੇ। ਡਰ ਉਸ ਨੂੰ ਹੁੰਦਾ ਹੈ ਜਿਸ ਨੂੰ ਕੋਈ ਸੁਆਰਥ ਹੋਵੇ ਜਾਂ ਜਿਸ ਅੰਦਰ ਕੋਈ ਕਪਟ ਹੋਵੇ। ਪਰ ਬ੍ਰਹਮ ਤਾਂ ਸਦਾ ਦਾਤਾ ਹੈ। ਉਹ ਸਤਯੰ ਅਤੇ ਸੁੰਦਰੰ ਹੈ। ਜਾਂ ਡਰ ਉਸ ਨੂੰ ਹੁੰਦਾ ਹੈ ਜਿਸ ਤੋਂ ਕੋਈ ਵੱਡਾ ਜਾਂ ਤਕੜਾ ਹੋਵੇ ਪਰ ਉਸ ਤੋਂ ਨਾ ਕੋਈ ਵੱਡਾ ਹੈ ਨਾ ਤਕੜਾ। ਜਾਂ ਡਰ ਹੁੰਦਾ ਹੈ ਆਪਣੇ ਬਰਾਬਰ ਦੇ ਦਾ; ਪਰ ਉਸਦੇ ਬਰਾਬਰ ਵੀ ਕੋਈ ਨਹੀਂ। ਗੁਰੂ ਅਮਰਦਾਸ ਅਨੁਸਾਰ ਉਹ ਸਰਬ ਉੱਚਾ ਹੈ;

ਤਿਸ ਤੇ ਊਪਰਿ ਨਾਹੀ ਕੋਈ॥
ਕਉਣੁ ਡਰੈ ਡਰੁ ਕਿਸ ਕਾ ਹੋਇ॥[2]

---

1. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1291
2. ਬਿਲਾਵਲ ਮਹਲਾ 3, ਗੁਰੂ ਗ੍ਰੰਥ, ਪੰਨਾ 842

ਅਤੇ ਗੁਰੂ ਰਾਮਦਾਸ ਅਨੁਸਾਰ:

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰ ਨ ਕੋਈ॥[1]

ਉਹ ਕਿਸੇ ਦੇ ਡਰ ਅਧੀਨ ਨਹੀਂ ਪਰ ਗੁਰਬਾਣੀ ਅਨੁਸਾਰ ਪਰਮਾਤਮਾ ਦੇ ਭੈ ਵਿਚ ਤਾਂ ਸਾਰੀ ਕਾਇਨਾਤ ਚਲ ਰਹੀ ਹੈ:

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥[2]

ਇਹ ਭੈ ਉਸਦਾ ਹੁਕਮ ਜਾਂ ਅਟੱਲ ਨਿਯਮ ਹੈ। ਗੁਰਬਾਣੀ ਵਿਚ ਨਿਰਭਉ ਨਿਰਵੈਰ ਤੋਂ ਪਹਿਲਾਂ ਕਿਉਂ ਲਿਖਿਆ ਹੈ? ਇਸ ਬਾਰੇ ਇਕ ਟੀਕਾਕਾਰ ਦਾ ਵਿਚਾਰ ਹੈ:

> ਚੁਨਾਂਚੇ ਸਤਿਨਾਮ ਕੇ ਨਿਰਭਉ ਹੋਨੇ ਕੇ ਗੁਣ ਸੇ ਸਿਲਸਿਲੇਵਾਰ ਪਤਾ ਚਲਤਾ ਹੈ ਕਿ ਨਿਰਭਉ ਕੇ ਗੁਣ ਪਰ ਨਿਰਵੈਰ ਕੇ ਗੁਣ ਕਾ ਹੋਨਾ ਜ਼ਰੂਰੀ ਔਰ ਲਾਜ਼ਮੀ ਹੋ ਜਾਤਾ ਹੈ। ਭਉ ਸੇ ਹੀ ਵੈਰ ਕੀ ਉਤਪਤੀ ਔਰ ਪੈਦਾਇਸ਼ ਹੈ.... ਫਿਰ ਜਿਸ ਕੋ ਕਿਸੀ ਕਾ ਭੈ ਨਾ ਹੋ, ਉਸ ਕੋ ਕਿਸੀ ਸੇ ਵੈਰ ਰਖਨੇ ਕੀ ਜ਼ਰੂਰਤ ਨਹੀਂ ਹੋਤੀ, ਕਿਉਂਕਿ ਵੈਰ ਤੋ ਭੈ ਕੋ ਮਿਟਾਨੇ ਕੇ ਲੀਏ ਕੀਆ ਜਾਤਾ ਹੈ।[3]

ਗੁਰਬਾਣੀ ਅਨੁਸਾਰ ਉਹ ਸਾਧਕ ਜਾਂ ਭਗਤ ਵੀ ਨਿਰਭਉ ਜਾਂ ਭੈ ਮੁਕਤ ਹੋ ਸਕਦਾ ਹੈ ਜਿਹੜਾ ਕਿ ਨਿਰਭਉ ਬ੍ਰਹਮ ਦਾ ਸਿਮਰਨ ਕਰਦਾ ਹੈ:

ਨਿਰਭਉ ਜਪੈ ਸਗਲ ਭਉ ਮਿਟੈ॥[4]

ਅਤੇ

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ
ਤਿਨ ਕਾ ਭਉ ਸਭੁ ਗਵਾਸੀ॥[5]

ਉਪਨਿਸ਼ਦਾਂ ਵਿਚ ਵੀ ਇਹੋ ਤਰ੍ਹਾਂ ਦੇ ਵਿਚਾਰ ਮਿਲਦੇ ਹਨ। ਬ੍ਰਿਹਦਾਰਣਯਕ ਉਪਨਿਸ਼ਦ (1.4.2) ਵਿਚ ਲਿਖਿਆ ਹੈ ਕਿ ਭੈ ਨਿਰਸੰਦੇਹ ਦੂਜੇ ਤੋਂ ਹੁੰਦਾ ਹੈ ਪਰ ਦੂਜਾ ਕੋਈ ਹੈ ਨਹੀਂ। ਕਠ ਉਪਨਿਸ਼ਦ (2.2.3) ਅਨੁਸਾਰ ਬ੍ਰਹਮ ਦੇ ਭੈ ਵਿਚ ਹੀ ਸੂਰਜ ਚਮਕਦਾ ਹੈ। ਉਸਦੇ ਭੈ ਵਿਚ ਹੀ ਇੰਦਰ ਵਾਯੂ ਅਤੇ ਕਾਲ ਚਲਦੇ ਹਨ।

---

1. ਆਸਾ ਮਹਲਾ 4, ਗੁਰੂ ਗ੍ਰੰਥ, ਪੰਨਾ 348.
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 464.
3. ਡਾ: ਦਲੀਪ ਸਿੰਘ ਦੀਪ, ਜਪੁ ਜੀ ਇਕ ਤੁਲਨਾਤਮਕ ਅਧਿਐਨ, ਉਤੇ ਉਧ੍ਰਿਤ, ਪੰਨਾ 11.
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 293.
5. ਆਸਾ ਮਹਲਾ 4, ਗੁਰੂ ਗ੍ਰੰਥ, ਪੰਨਾ 11.

ਬ੍ਰਿਹਦਾਰਣਯਕ ਉਪਨਿਸ਼ਦ(4.4.25) ਵਿਚ ਬ੍ਰਹਮ ਨੂੰ ਅਭੈ ਆਖਿਆ ਹੈ। ਅਭਯ ਬ੍ਰਹਮ ਹੈ, ਅਭਯ ਹੀ ਬ੍ਰਹਮਾ ਹੈ, ਜੋ ਅਜਿਹਾ ਜਾਣਦਾ ਹੈ ਉਹ ਅਭਯ ਬ੍ਰਹਮਾ ਹੀ ਹੋ ਜਾਂਦਾ ਹੈ।

## ਨਿਰਵੈਰ

ਕਰਤਾ ਪੁਰਖ ਸਭ ਤੋਂ ਵੱਡਾ ਹੈ। ਉਹ ਨਿਰਭਉ ਹੈ। ਉਸ ਦੇ ਬਰਾਬਰ ਦਾ ਵੀ ਕੋਈ ਨਹੀਂ। ਇਸ ਕਰਕੇ ਉਸ ਨੂੰ ਕਿਸੇ ਨਾਲ ਈਰਖਾ, ਦਵੈਸ਼, ਵੈਰ ਨਹੀਂ।[1] ਭਾਈ ਜੋਧ ਸਿੰਘ ਨੇ ਇਸ ਸ਼ਬਦ ਦੇ ਭਾਵ ਨੂੰ ਹੋਰ ਸਪਸ਼ਟ ਕਰਕੇ ਲਿਖਿਆ ਹੈ:

ਆਪਣੇ ਸਾਜਿਆਂ ਹੋਇਆਂ ਨਾਲ ਵੈਰ ਕੀ ਕਰਨਾ ਹੋਇਆ। ਇਸ ਕਰਕੇ ਉਹ ਨਿਰਵੈਰ ਹੈ।[2]

ਜਪੁਜੀ ਵਿਚ ਅੰਕਿਤ 'ਨਿਰਵੈਰੁ' ਸ਼ਬਦ ਨੂੰ ਗੁਰਬਾਣੀ ਦੀਆਂ ਹੋਰ ਕਈ ਤੁਕਾਂ ਵਿਚ ਵੀ ਪ੍ਰਗਟਾਇਆ ਗਿਆ ਹੈ। ਕੁਝ ਤੁਕਾਂ ਨਿਮਨਲਿਖਤ ਹਨ:

1. ਆਪੇ ਸਿਰਜ ਦਇਆ ਪਤਿ ਦਾਤਾ ਨਾ ਕਿਸੇ ਕੋ ਬੈਰਾਈ ਹੇ॥[3]
2. ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ॥[4]

ਉਸਦਾ ਇਸ ਕਰਕੇ ਕਿਸੇ ਨਾਲ ਵੈਰ ਨਹੀਂ ਕਿਉਂਕਿ ਉਸਦਾ ਕੋਈ ਸ਼ਰੀਕ ਨਹੀਂ। ਜਿਵੇਂ:

ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ
ਤੁਧੁ ਜੇਵਡੁ ਤੂ ਹੈ ਹੋਈ॥[5]

ਉਪਨਿਸ਼ਦਾਂ ਵਿਚ ਸਿੱਧਾ ਨਿਰਵੈਰ ਸ਼ਬਦ ਨਹੀਂ ਵਰਤਿਆ। ਸ਼ਵੇਤਾਸ਼ਵਤਰ ਉਪਨਿਸ਼ਦ (6.8) ਵਿਚ ਜ਼ਿਕਰ ਮਿਲਦਾ ਹੈ ਕਿ ਉਸ ਵਰਗਾ ਜਾਂ ਉਸ ਤੋਂ ਉਪਰ ਕੋਈ ਨਹੀਂ।

---

1. ਭਾਈ ਵੀਰ ਸਿੰਘ, ਸੰਪਾਦਕ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25
2. ਭਾਈ ਜੋਧ ਸਿੰਘ, ਜਪੁਜੀ ਸਟੀਕ, ਪੰਨਾ 23
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1022
4. ਭੈਰਉ ਮਹਲਾ 5, ਗੁਰੂ ਗ੍ਰੰਥ, ਪੰਨਾ 1141
5. ਬਿਹਾਗੜਾ ਮਹਲਾ 3, ਗੁਰੂ ਗ੍ਰੰਥ, ਪੰਨਾ 549

## ਅਕਾਲ ਮੂਰਤਿ

ਕਾਲ ਤੋਂ ਭਾਵ ਹੈ ਸਮਾਂ ਜਾਂ ਮ੍ਰਿਤੂ। ਕਰਤਾਪੁਰਖ ਜਨਮਦਾ ਨਹੀਂ ਸੋ ਜੋ ਜੰਮਦਾ ਨਹੀਂ ਉਹ ਮਰਦਾ ਵੀ ਨਹੀਂ। ਸੋ ਪਰਮਾਤਮਾ ਕਾਲ ਤੋਂ ਮੁਕਤ ਹੈ। ਵਿਆਖਿਆਕਾਰਾਂ ਨੇ ਮੂਰਤਿ ਦੇ ਵੱਖ ਵੱਖ ਅਰਥ ਕੀਤੇ ਹਨ। ਅਕਾਲ ਮੂਰਤ ਉਹ ਹਸਤੀ ਜਾਂ ਸਰੂਪ ਹੈ ਜੋ ਨਾਸ਼ ਨਹੀਂ ਹੁੰਦੀ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਕਿਰਤਮ ਸੰਸਾਰ ਦੀਆਂ ਸਾਰੀਆਂ ਮੂਰਤਾਂ ਕਾਲ ਨਾਲ ਘਿਰੀਆਂ ਹੋਣ ਕਰਕੇ ਕਰਤਾ ਨੂੰ ਅਕਾਲ ਮੂਰਤ ਕਿਹਾ ਗਿਆ ਹੈ।[1]

ਸਮੇਂ ਨਾਲ ਤਬਦੀਲੀ ਅਵੱਸ਼ਕ ਹੈ, ਪਰ ਉਹ ਬ੍ਰਹਮ ਤਾਂ 'ਜੁਗੁ ਜੁਗੁ ਏਕੋ ਵੇਸ' ਹੈ। ਗੁਰੂ ਨਾਨਕ ਦਾ ਕਥਨ ਹੈ:

1. ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥
   ਤੂ ਪੁਰਖੁ ਅਲੇਖ ਅਗੰਮ ਨਿਰਾਲਾ॥[2]
2. ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥[3]

ਬ੍ਰਹਮ ਕਾਲ ਅਧੀਨ ਨਹੀਂ ਸਗੋਂ ਕਾਲ ਪਰਮਾਤਮਾ ਅਧੀਨ ਹੈ। ਉਹ ਜਦ ਚਾਹੇ ਜਨਮ ਮਰਨ ਖਤਮ ਕਰ ਸਕਦਾ :

ਕਾਲ ਬਿਕਾਲ ਕੀਏ ਇਕ ਗ੍ਰਾਸਾ॥[4]

ਗੁਰਬਾਣੀ ਵਿਚ ਬ੍ਰਹਮ ਨੂੰ ਸੱਤ ਕਿਹਾ ਹੈ। ਉਹ ਸਦਾ ਸਾਰੀਆਂ ਥਾਂਵਾਂ ਅਤੇ ਸਾਰੀਆਂ ਪਰਸਥਿਤੀਆਂ ਵਿਚ ਸਤਿ ਹੀ ਰਹਿੰਦਾ ਹੈ। ਸਤਿ ਉਹ ਹੈ ਜਿਸ ਉਤੇ ਕਾਲ ਦਾ ਕੋਈ ਅਸਰ ਨਹੀਂ। ਉਹ ਹਰ ਸਮੇਂ ਕਾਇਮ ਰਹਿੰਦਾ ਹੈ।

ਪ੍ਰਭੂ ਦੇ ਅਕਾਲ-ਤੱਤ ਦਾ ਵਰਨਣ ਉਪਨਿਸ਼ਦਾਂ ਵਿਚ ਵੀ ਮਿਲਦਾ ਹੈ। ਬ੍ਰਹਮ ਨੂੰ ਤਿੰਨਾਂ ਕਾਲਾਂ ਤੋਂ ਪਰੇ, ਅਵਿਨਾਸ਼ੀ ਅਤੇ ਸਪੂਰਣ ਦੱਸਿਆ ਹੈ-

ਮਾਂਡੂਕਯ ਉਪਨਿਸ਼ਦ(1) ਓਅੰਕਾਰ ਅਵਿਨਾਸ਼ੀ ਬ੍ਰਹਮ ਹੈ, ਉਸਦੀ ਮਹਿਮਾ ਨੂੰ ਪ੍ਰਤੱਖ ਕਰਨ ਵਾਲਾ ਇਹ ਸਾਰਾ ਸੰਸਾਰ ਹੈ। ਭੂਤ, ਭਵਿੱਖ ਤੇ ਵਰਤਮਾਨ ਤਿੰਨਾਂ ਕਾਲਾਂ ਵਾਲਾ ਇਹ ਸੰਸਾਰ ਓਅੰਕਾਰ ਹੀ ਹੈ ਅਤੇ ਤਿੰਨਾਂ ਕਾਲਾਂ ਤੋਂ ਪਰੇ ਜੋ ਵੀ ਤੱਤ੍ਵ ਹੈ, ਉਹ ਵੀ ਓਅੰਕਾਰ ਹੈ।[5]

---

1. ਪ੍ਰਿੰਸੀਪਲ ਤੇਜਾ ਸਿੰਘ, ਜਪੁਜੀ ਸਟੀਕ, ਪੰਨਾ 2
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1138
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1092
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1038
5. ਮਾਂਡੂਕਯ ਉਪਨਿਸ਼ਦ 1, ਸਤਯਾਨੰਦ, ਏਕਾਦਸ਼ ਉਪਨਿਸ਼ਦ, ਪੰਨਾ 80

ਸ੍ਵੇਤਾਸ੍ਵਤਰ ਉਪਨਿਸ਼ਦ(6.16) ਵਿਚ ਉਸ ਨੂੰ ਕਾਲ-ਕਾਲੋ ਅਰਥਾਤ ਮਹਾਂ ਕਾਲ ਆਖਿਆ ਹੈ।[1] ਉਹ ਕਾਲਨਾਸ਼ਕ ਹੈ। ਇਸੇ ਉਪਨਿਸ਼ਦ(4.15) ਵਿਚ ਇਹ ਵੀ ਲਿਖਿਆ ਹੈ ਕਿ ਉਹ ਹਰ ਕਾਲ ਵਿਚ ਵਿਦਮਾਨ ਹੈ, ਉਸ ਨੂੰ ਜਾਣਨ ਵਾਲਾ ਕਾਲ ਦੇ ਬੰਧਨਾਂ ਤੋਂ ਬਚ ਜਾਂਦਾ ਹੈ।[2]

## ਅਜੂਨੀ

ਅਜੂਨੀ ਵੀ ਬ੍ਰਹਮ ਦਾ ਨਕਾਰਾਤਮਕ ਗੁਣ ਹੈ। ਅਸਲ ਵਿਚ ਅਯੋਨਿ ਦਾ ਤਦਭਵ ਰੂਪ ਹੈ। ਇਸ ਦਾ ਅਰਥ ਹੈ ਜੋ ਜਨਮ ਧਾਰਨ ਨਹੀਂ ਕਰਦਾ। ਜੋ ਜਨਮ ਧਾਰਦਾ ਹੈ ਉਹ ਮਰਦਾ ਵੀ ਹੈ। ਪਰ ਬ੍ਰਹਮ ਤਾਂ 'ਅਕਾਲ ਮੂਰਤਿ' ਹੈ, ਸੋ ਉਹ ਮੌਤ ਤੋਂ ਪਰੇ ਹੈ। ਗੁਰਬਾਣੀ ਵਿਚ ਇਹ ਵਿਚਾਰ ਦ੍ਰਿੜ੍ਹ ਕਰਾਇਆ ਹੈ ਕਿ ਬ੍ਰਹਮ ਗਰਭ ਜੂਨ ਵਿਚ ਨਹੀਂ ਆਉਂਦਾ ਅਥਵਾ ਉਹ ਅਜਨਮਾ ਹੈ। ਉਂਜ ਉਹ ਸੂਖਮ ਰੂਪ ਵਿਚ ਸਭ ਵਿਚ ਵਿਚਰ ਰਿਹਾ ਹੈ:

> ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ
> ਘਟ ਭੀਤਰਿ ਦੇਖੁ ਮੁਰਾਰੀ ਜੀਉ॥[3]

ਜਾਂ

> ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ॥[4]

ਗਰਭ ਜੂਨ ਵਿਚ ਆਉਣ ਵਾਲਾ ਮਾਂ ਬਾਪ ਦੇ ਰਕਤ-ਬੀਜ ਤੋਂ ਜਨਮਦਾ ਹੈ, ਪਰ ਉਸ ਦੀ ਨਾ ਮਾਂ ਹੈ ਨਾ ਬਾਪ ਹੈ।

> ਨਾ ਤਿਸੁ ਮਾਤ ਪਿਤਾ ਸੁਤ ਬੰਧਪੁ ਨਾ ਤਿਸੁ ਕਾਮੁ ਨਾ ਨਾਰੀ ॥[5]

ਬ੍ਰਹਮ ਦੇ ਅਜੂਨੀ ਹੋਣ ਦਾ ਵਿਚਾਰ ਉਪਨਿਸ਼ਦਾਂ ਵਿਚ ਵੀ ਵਿਦਮਾਨ ਹੈ। ਬ੍ਰਿਹਦਾਰਣਯਕ ਉਪਨਿਸ਼ਦ(4.4.25) ਵਿਚ ਵੀ ਬ੍ਰਹਮ ਨੂੰ ਦੂਜੇ ਵਿਸ਼ੇਸ਼ਣਾਂ ਤੋਂ ਬਿਨਾਂ 'ਅਜ' ਆਖਿਆ ਹੈ। ਸ੍ਵੇਤਾਸ੍ਵਤਰ ਉਪਨਿਸ਼ਦ(6.9) ਅਨੁਸਾਰ ਉਸਦਾ ਕੋਈ ਉਤਪੰਨ ਕਰਨ ਵਾਲਾ ਨਹੀਂ ਹੈ। ਮੁੰਡਕ ਉਪਨਿਸ਼ਦ(2.1.2) ਵਿਚ ਵੀ ਉਸਨੂੰ ਅਜਨਮਾ ਕਿਹਾ ਹੈ।

## ਸੈਭੰ

ਗੁਰਬਾਣੀ ਵਿਚ ਇਹ ਸ਼ਬਦ ਮੂਲ ਮੰਤ੍ਰ ਲਈ ਵਰਤਿਆ ਹੈ। ਇਹ ਸ਼ਬਦ 'ਸੁਅੰਭੂ'

---

1. ਸ੍ਵੇਤਾਸ੍ਵਤਰ ਉਪਨਿਸ਼ਦ 6.16, ਸਤਯਾਨੰਦ, ਏਕਾਦਸ਼ੋ ਉਪਨਿਸ਼ਦ, ਪੰਨਾ 447
2. ਸ੍ਵੇਤਾਸ੍ਵਤਰ ਉਪਨਿਸ਼ਦ, 4.15, ਸਤਯਾਨੰਦ, ਏਕਾਦਸ਼ੋ ਉਪਨਿਸ਼ਦ, ਪੰਨਾ 439
3. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 598
4. ਮਾਰੂ ਮਹਲਾ 5, ਗੁਰੂ ਗ੍ਰੰਥ, ਪੰਨਾ 1095
5. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 597

ਦਾ ਤੱਤਵ ਰੂਪ ਹੈ। ਇਸ ਦਾ ਭਾਵ ਹੈ ਆਪਣੇ ਆਪ ਹੋਣ ਵਾਲਾ। ਜਦੋਂ ਅਸੀਂ ਪ੍ਰਭੂ ਦੀ ਹੋਂਦ ਮੰਨਦੇ ਹਾਂ ਤਾਂ ਸੁਆਲ ਉਠਦਾ ਹੈ ਕਿ ਉਸਦੀ ਇਹ ਹੋਂਦ ਕਿਸ ਤੋਂ ਹੋਈ? ਅਜੂਨੀ ਹੋਣ ਕਾਰਨ ਉਹ ਰਕਤ ਬਿੰਦ ਤੋਂ ਨਹੀਂ ਜਨਮਿਆ। ਸੈਭੰ ਸ਼ਬਦ ਸਪਸ਼ਟ ਕਰਦਾ ਹੈ ਕਿ ਉਸਦੀ ਹੋਂਦ ਆਪਣੇ ਆਪ ਤੋਂ ਹੀ ਹੋਈ ਹੈ। ਸੈਭੰ ਅਤੇ ਉਸਦੇ ਆਪਣੇ ਆਪ ਤੋਂ ਹੋਂਦ ਵਿਚ ਆਉਣ ਦੇ ਵਿਚਾਰ ਦੀ ਵਿਆਖਿਆ ਗੁਰਬਾਣੀ ਦੇ ਕਈ ਸ਼ਬਦਾਂ ਵਿਚ ਕੀਤੀ ਹੈ। ਜਪੁ ਜੀ ਦੀ ਪੰਜਵੀਂ ਪਉੜੀ ਵਿਚ ਸੈਭੰ ਦੇ ਵਿਚਾਰ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ:

ਥਾਪਿਆ ਨ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥[1]

ਅਤੇ ਆਸਾ ਦੀ ਵਾਰ ਵਿਚ ਲਿਖਿਆ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥[2]

ਸੈਭੰ ਸ਼ਬਦ ਦੀ ਥਾਂ ਸੰਭਉ ਵੀ ਲਿਖਿਆ ਹੈ ਜਿਵੇਂ:

ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ॥[3]

ਉਪਨਿਸ਼ਦਾਂ ਵਿਚ ਵੀ 'ਸੈਭੰ' ਦੇ ਭਾਵ ਵਿਚ 'ਸ੍ਵੈਯੰਭੂ' ਸ਼ਬਦ ਕਈ ਵਾਰ ਆਇਆ ਹੈ। ਬ੍ਰਹਮ ਨੂੰ ਆਪਣੀ ਸ੍ਵੈ-ਇੱਛਾ ਨਾਲ ਪ੍ਰਗਟ ਹੋਣ ਵਾਲਾ ਦੱਸਿਆ ਹੈ।

ਤੈਤਰੀਯ ਉਪਨਿਸ਼ਦ(2.6.1) ਵਿਚ ਉਸ ਨੂੰ ਆਪਣੇ ਆਪ ਤੋਂ ਹੋਇਆ ਦੱਸਿਆ ਹੈ। ਇਸ ਉਪਨਿਸ਼ਦ(2.7.1) ਵਿਚ ਲਿਖਿਆ ਹੈ ਉਹ ਪਹਿਲੇ ਅਵਿਅਕਤ ਸੀ। ਉਸ ਨੇ ਆਪਣੇ ਆਪ ਨੂੰ ਆਪ ਪ੍ਰਗਟ ਕੀਤਾ। ਇਸ ਲਈ ਉਸ ਨੂੰ ਸ੍ਵੈਯੰਭੂ ਕਿਹਾ ਜਾਂਦਾ ਹੈ।

ਬ੍ਰਿਹਦਾਰਣਯਕ ਉਪਨਿਸ਼ਦ(2.6.3) ਵਿਚ ਬ੍ਰਹਮ ਨੂੰ ਸ੍ਵੈਯੰਭੂ ਆਖਿਆ ਗਿਆ ਹੈ।

ਸ਼ਵੇਤਾਸ਼ਵਤਰ ਉਪਨਿਸ਼ਦ(6.16) ਵਿਚ ਉਸ ਨੂੰ ਕਰਤਾ, ਗਿਆਤਾ, ਸੈਭੰ, ਕਾਲਕਾਰ, ਸਰਬ ਗੁਣ ਸੰਪੰਨ ਕਿਹਾ ਗਿਆ ਹੈ। ਇਸੇ ਉਪਨਿਸ਼ਦ(6.10) ਵਿਚ ਇਕ ਹੋਰ ਥਾਂ ਲਿਖਿਆ ਹੈ ਬ੍ਰਹਮ ਮੱਕੜੀ ਦੀ ਤਰ੍ਹਾਂ ਆਪਣੇ ਆਪ ਤੋਂ ਪੈਦਾ ਹੁੰਦਾ ਹੈ।

ਈਸ਼ ਉਪਨਿਸ਼ਦ(8) ਅਨੁਸਾਰ ਵੀ 'ਉਹ' ਆਪਣੇ ਆਪ ਤੋਂ ਹੀ ਹੋਇਆ ਹੈ।

## ਸਤਿਨਾਮ

ਸਤਿਨਾਮ ਦਾ ਅਰਥ ਤਿੰਨਾਂ ਕਾਲ ਵਿਚ ਇਕ ਰਸ ਹੋਣ ਵਾਲਾ ਪਾਰਬ੍ਰਹਮ ਹੈ।[4]

---

1. ਜਪੁ, ਗੁਰੂ ਗ੍ਰੰਥ, ਪੰਨਾ 2
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 413
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1042
4. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 112

'ਸਤਿ' ਦਾ ਧਾਤੂ ਸੰਸਕ੍ਰਿਤ ਦਾ 'ਅਸ' ਹੈ, ਜਿਸ ਤੋਂ ਭਾਵ ਹੈ ਹੋਣਾ। ਡਾ:ਮੋਹਨ ਸਿੰਘ ਅਨੁਸਾਰ ਉਸਦੀ ਹੋਂਦ ਦਾ ਵਾਚਕ ਨਾਮ ਕੇਵਲ ਸੱਤ ਹੀ। ਹੋਰ ਜਿੰਨੇ ਨਾਮ ਹਨ ਉਸਦੇ ਗੁਣਾਂ ਦੇ ਵਾਚਕ ਹਨ।[1]

ਬ੍ਰਹਮ ਦੇ ਸਿਫ਼ਤੀ ਨਾਂ ਉਸਦੇ ਕਿਸੇ ਗੁਣ ਜਾਂ ਸਿਫ਼ਤ ਦੇ ਬੋਧਕ ਹਨ। ਉਸਦਾ ਸਰਬ ਸ੍ਰੇਸ਼ਟ ਗੁਣ ਜਾਂ ਨਾਮ ਸਤਿ ਹੈ। ਗੁਰਬਾਣੀ ਵਿਚ ਉਸ ਨੂੰ ਸਦਾ ਸੱਚ ਕਿਹਾ ਹੈ। ਸੰਸਾਰ ਨਾਸ਼ਮਾਨ ਹੈ,ਪਰ ਇਸਦੇ ਉਲਟ ਬ੍ਰਹਮ ਸਤਿ ਅਥਵਾ ਸਦੀਵੀ ਹੈ। ਗੁਰਬਾਣੀ ਵਿਚ:

1. ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥[2]

2. ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥[3]

'ਸਤਿਨਾਮ' ਦੀ ਸਰਬ ਸ੍ਰੇਸ਼ਟਤਾ ਦਾ ਉਲੇਖ ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਵਿਚ ਇਸ ਤਰ੍ਹਾਂ ਕੀਤਾ ਹੈ:

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿਨਾਮ ਤੇਰਾ ਪਰਾ ਪੂਰਬਲਾ॥[4]

ਤੈਤਰੀਯ ਉਪਨਿਸ਼ਦ(2.1) ਵਿਚ ਬ੍ਰਹਮ ਨੂੰ ਸਤਿ,ਅਨੰਤ ਅਤੇ ਗਿਆਨ ਸਰੂਪ ਕਿਹਾ ਗਿਆ ਹੈ।[5] ਛਾਂਦੋਗ ਉਪਨਿਸ਼ਦ(6.2) ਅਨੁਸਾਰ ਆਰੰਭ ਵਿਚ ਇਕ ਮਾਤਰ ਅਦੁੱਤੀ ਸਤਿ ਹੀ ਸੀ। ਇਸ ਤਰ੍ਹਾਂ ਉਪਨਿਸ਼ਦਾਂ ਵਿਚ ਬ੍ਰਹਮ ਨੂੰ ਸਤਿਨਾਮ ਨਾਲ ਸੰਬੋਧਨ ਕਰਨਾ ਹੀ ਉਚਿਤ ਹੈ।

## ੧ਓ

'ਓਅੰਕਾਰ' ਬ੍ਰਹਮ ਦਾ ਹੀ ਲਖਾਇਕ ਹੈ। ਬ੍ਰਹਮ ਲਈ ਇਸ ਸ਼ਬਦ ਦੀ ਵਰਤੋਂ ਵੈਦਿਕ ਸਾਹਿਤ ਤੋਂ ਸੰਤ ਸਾਹਿਤ ਤੱਕ ਹੁੰਦੀ ਆਈ ਹੈ।

---

1. ਡਾ:ਮੋਹਨ ਸਿੰਘ,ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ,ਪੰਨਾ 22.
2. ਜਪੁ,ਗੁਰੂ ਗ੍ਰੰਥ,ਪੰਨਾ 1
3. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 9
4. ਮਾਰੂ ਮਹਲਾ 5,ਗੁਰੂ ਗ੍ਰੰਥ,ਪੰਨਾ 1083
5. ਤੈਤਰੀਯ ਉਪਨਿਸ਼ਦ 2.1

ਭਾਈ ਕਾਨ੍ਹ ਸਿੰਘ ਨਾਭਾ[1] ਨੇ ਓ, ਓਅੰ ਅਤੇ ਓਅੰਕਾਰ ਤਿੰਨ ਰੂਪ ਲਿਖੇ ਹਨ। ਮੰਨਿਆ ਓਅੰ ਸ਼ਬਦ ਦਾ ਮੂਲ ਅਵਧਾਤੂ ਹੈ, ਜਿਸਦਾ ਅਰਥ ਹੈ ਰੱਖਿਆ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਲੋੜਨਾ ਆਦਿ।

ਗੁਰਬਾਣੀ ਵਿਚ 'ਓ' ਤੋਂ ਬਿਨਾਂ ਓਅੰ ਅਤੇ ਓਅੰਕਾਰ ਦੋਵੇਂ ਰੂਪ ਮਿਲਦੇ ਹਨ। ਕੁਝ ਤੁਕਾਂ ਵੇਖੋ:

1. ਓਅੰ ਸਾਧ ਸਤਿਗੁਰ ਨਮਸਕਾਰ॥
   ਆਦਿ ਮਧਿ ਅੰਤਿ ਨਿਰੰਕਾਰਿ॥ [2]
2. ਓਅੰ ਪ੍ਰਿਅ ਪ੍ਰੀਤਿ ਚੀਤਿ॥[3]
3. ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥[4]

'ਓਅੰਕਾਰ' ਨਾਂ ਦੀ ਬਾਣੀ ਵਿਚ ਪਰਮ ਸੱਤਾ ਦੀਆਂ ਸਾਰੀਆਂ ਸ਼ਕਤੀਆਂ ਓਅੰਕਾਰ ਦੇ ਹੱਥ ਦੱਸੀਆਂ ਹਨ। ਉਹ ਸੰਸਾਰ ਦਾ ਕਰਤਾ, ਪਾਲਕ ਅਤੇ ਸੰਘਾਰ ਕਰਨ ਵਾਲਾ ਹੈ ਜਿਵੇਂ:

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰਿ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥ [5]
ਓਅੰਕਾਰਿ ਸਭ ਸ੍ਰਿਸਟਿ ਉਪਾਈ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ॥
ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ॥[6]

ਵੈਦਿਕ ਸਾਹਿਤ ਵਿਚ ਅਨੇਕਾਂ ਥਾਂਵਾਂ ਤੇ ਬ੍ਰਹਮ ਨੂੰ 'ਇਕ ਹੀ ਹੈ' ਕਿਹਾ ਗਿਆ ਹੈ। ਪਰੰਤੂ ਓਅੰਕਾਰ ਤੋਂ ਪਹਿਲਾਂ ਬੋਧ ਰੂਪ ਵਿਚ 'ਇਕ' ਲਿਖਣ ਵਿਚ ਗੁਰੂ ਨਾਨਕ ਦੀ ਮੌਲਿਕਤਾ ਹੈ।

ਉਸ ਬੇਅੰਤ ਗੁਣਾਂ ਵਾਲੇ ਬ੍ਰਹਮ ਨੂੰ ਕੋਈ ਵੱਖ ਵੱਖ ਨਾਂ ਦੇ ਕੇ ਵੱਖ ਹਸਤੀ ਸਮਝੇ

---

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 16
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 250
3. ਸਾਰੰਗ ਮਹਲਾ 5, ਗੁਰੂ ਗ੍ਰੰਥ, ਪੰਨਾ 1213
4. ਕਾਨੜਾ ਮਹਲਾ 4, ਗੁਰੂਗ੍ਰੰਥ, ਪੰਨਾ 1310
5. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 929
6. ਮਾਰੂ ਮਹਲਾ 3, ਗੁਰੂ ਗ੍ਰੰਥ, ਪੰਨਾ 1061

ਇਹ ਸੁਲੇਖਾ ਗੁਰਬਾਣੀ ਨੇ ਉਸ ਨੂੰ ਇਕ ਦਸ ਕੇ ਉਤਮ ਕਰ ਦਿੱਤਾ ਹੈ। 'ਉ' 'ਅ' 'ਮ' ਨੂੰ ਬ੍ਰਹਮ, ਵਿਸ਼ਨੂੰ ਤੇ ਸ਼ਿਵ ਦਾ ਪ੍ਰਤੀਕ ਮੰਨ ਕੇ ਤਿੰਨ ਨਾਂ ਦਿੱਤੇ ਜਾਣ ਲੱਗੇ। ਗੁਰੂ ਸਾਹਿਬ ਨੇ ਓਅੰਕਾਰ ਨਾਲ ਇਕ ਲਾ ਕੇ ਬ੍ਰਹਮ ਦੀ ਅਖੰਡਤਾ ਦਾ ਭਾਵ ਸੁਰੱਖਿਅਤ ਕੀਤਾ। ਉਸਦੀ ਏਕਤਾ ਦਾ ਵਿਚਾਰ ਪਰਪੱਕ ਕਰਨ ਲਈ ਸਮੁੱਚੀ ਗੁਰਬਾਣੀ ਵਿਚ ਏਕੇ ਤੇ ਜ਼ੋਰ ਹੈ। ਕੁਝ ਤੁਕਾਂ ਇਹ ਵਿਚਾਰ ਪ੍ਰਗਟ ਕਰਦੀਆਂ ਹਨ:

1. ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥
   ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥[1]
2. ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ
   ਤੂੰ ਨਿਹਚਲੁ ਕਰਤਾ ਸੋਈ॥[2]
3. ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥[3]
4. ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
   ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥[4]

ਉਸ ਏਕ ਤੋਂ ਹੀ ਅਨੇਕ ਹੁੰਦੇ ਹਨ। ਉਹ ਸਰਬ-ਵਿਆਪੀ ਹੈ ਅਤੇ ਉਹ ਅਨੇਕ ਹੁੰਦੇ ਹੋਏ ਵੀ ਏਕ ਹੈ। ਇਹ ਪੰਕਤੀ ਦਵੈਤ ਨੂੰ ਮਿਟਾਉਂਦੀ ਹੈ:

ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ॥[5]

ਡਾ: ਸੁਰਿੰਦਰ ਸਿੰਘ ਕੋਹਲੀ ਦਾ ਕਥਨ ਇਥੇ ਉਚਿਤ ਹੈ ਕਿ '੧ਓ' ਬ੍ਰਹਮ ਦੇ ਨਿਰਗੁਣ ਸਗੁਣ ਅਤੇ ਉਸ ਦੀ ਏਕਤਾ ਦਾ ਸੂਚਕ ਹੈ।[6]

ਇਸਲਾਮ ਵਿਚ ਇਕ ਖੁਦਾ ਦੀ ਭਾਵਨਾ ਪੱਕੀ ਹੈ ਪਰੰਤੂ ਇਸਲਾਮ ਦੇ ਏਕੀਸ਼ਵਰਵਾਦ ਅਤੇ ਗੁਰਬਾਣੀ ਦੇ ਏਕੀ ਸ਼ਵਰਵਾਦ ਵਿਚ ਫਰਕ ਹੈ। ਇਸਲਾਮ ਅਨੁਸਾਰ ਪਰਮੇਸ਼ਰ ਇਕ ਹੈ ਅਤੇ ਮੁਹੰਮਦ ਉਸਦਾ ਪੈਗੰਬਰ ਹੈ। ਉਪਨਿਸ਼ਦਾਂ ਵਿਚ 'ਅਉਮ' ਸ਼ਬਦ ਬ੍ਰਹਮ ਦਾ ਲਖਾਇਕ ਹੈ। ਤੈਤਰੀਯ ਉਪਨਿਸ਼ਦ(1.8) ਵਿਚ ਕਿਹਾ ਗਿਆ ਹੈ ਕਿ ਅਉਮ ਹੀ ਬ੍ਰਹਮ ਹੈ, ਸਾਰਾ

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 276
2. ਆਸਾ ਮਹਲਾ 4, ਗੁਰੂ ਗ੍ਰੰਥ, ਪੰਨਾ 378
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 420
4. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1291
5. ਸਿਰੀ ਰਾਗ ਮਹਲਾ 1, ਗੁਰੂ ਗ੍ਰੰਥ, ਪੰਨਾ 36
6. The word Ik-Omkara is very significant;because it conveys the unity of Brahman and also its two aspects i.e. the unmanifested(Nirguna) and manifested(Sarguna);Dr. Surinder Singh Kohli, Philosophyof Guru Nanak, page 26.

ਵਿਸ਼ਵ ਅਉਮ ਹੀ ਹੈ। ਛਾਂਦੋਗਯ ਉਪਨਿਸ਼ਦ(2.23.3) ਅਨੁਸਾਰ ਉਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਦਾ ਵਿਸਤਾਰ ਹੋਇਆ ਹੈ ਅਤੇ ਉਹੀ ਸਰਬ-ਵਿਆਪਕ ਹੈ। ਇਸੇ ਤਰ੍ਹਾਂ ਮਾਂਡੂਕਯ ਉਪਨਿਸ਼ਦ(9.11) ਵਿਚ ਅੱਖਰ ਨੂੰ ਹੀ ਸਭ ਕੁਝ ਦੱਸਿਆ ਹੈ। ਇਸ ਤੋਂ ਸਿਵਾ ਜੋ ਤ੍ਰੈਕਾਲ ਅਤੀਤ ਹੈ,ਉਹ ਵੀ ਓਅੰਕਾਰ ਹੀ। ਪ੍ਰਸ਼ਨ ਉਪਨਿਸ਼ਦ(2) ਵਿਚ ਲਿਖਿਆ ਹੈ: 'ਹੇ ਸਤਯਕਾਮ! ਨਿਸ਼ਚੇ ਹੀ ਇਹ ਪਾਰਬ੍ਰਹਮ ਅਤੇ ਅਪਰ ਬ੍ਰਹਮ ਦੋਵੇਂ ਹਨ,ਜੋ ਉਕਾਰ ਹੈ'।

ਅਉਮ ਅੱਖਰਾਂ ਦੇ ਨਿਕਾਸ ਬਾਰੇ ਛਾਂਦੋਗਯ(2.23.2-3) ਉਪਨਿਸ਼ਦ ਵਿਚ ਦੱਸਿਆ ਹੈ ਕਿ ਪਰਮੇਸ਼ਰ ਨੇ ਜਗਤ ਨੂੰ ਤਪਾਇਆ,ਜਿਸ ਤੋਂ ਤਿੰਨ ਪ੍ਰਕਾਰ ਦੀ ਵਿਦਿਆ ਪ੍ਰਗਟ ਹੋਈ। ਉਸ ਨੇ ਫੇਰ ਤਪਾਇਆ ਜਿਸ ਤੋਂ ਤਿੰਨ ਸ਼ਬਦ ਹੋਏ- ਭੂ(ਧਰਤੀ) ਭਵ(ਖਲਾ) ਸਵ(ਆਕਾਸ਼);; ਜਿਸ ਨੂੰ ਫੇਰ ਤਪਾਇਆ ਇਸ ਤਰ੍ਹਾਂ ਤਪ ਦਿਆਂ ਉਸ ਤੋਂ 'ਅਉਮ' ਹੋਇਆ। ਜਿਵੇਂ ਰੁੱਖ ਦੀ ਡੰਡੀ ਨਾਲ ਸਾਰੇ ਪੱਤੇ ਬੱਝੇ ਹੁੰਦੇ ਹਨ,ਇਸ ਤਰ੍ਹਾਂ ਅਉਮ ਨਾਲ ਸਾਰੀ ਬਾਣੀ ਬੱਝੀ ਹੋਈ ਹੈ।

ਸ਼ਵੇਤਾਸ਼ਵਤਰ ਉਪਨਿਸ਼ਦ(3.2) ਵਿਚ ਬ੍ਰਹਮ ਦੇ ਇਕ ਹੋਣ ਤੇ ਜ਼ੋਰ ਹੈ - ਉਹ ਜਨਮ ਮਰਨ ਤੋਂ ਸੰਘਾਰਨ ਵਾਲਾ ਹੈ,ਉਹ ਇਕ ਹੈ। ਦੂਜਾ ਈਸ਼ਵਰ ਨਹੀਂ।

ਬ੍ਰਿਹਦਾਰਣਯਕ ਉਪਨਿਸ਼ਦ(3.9.9) ਵਿਚ ਲਿਖਿਆ ਮਿਲਦਾ ਹੈ ਕਿ ਇਕ ਪ੍ਰਾਣ ਦਾ ਹੀ ਇਹ ਸਭ ਅਨੰਤ-ਸੰਖਿਆ ਦੇ ਰੂਪ ਵਿਚ ਵਿਸਤਾਰ ਹੋਇਆ ਹੈ। ਇਸ ਪ੍ਰਕਾਰ ਅਨੰਤ ਸੰਖਿਆਵਾਂ ਤੋਂ ਵਿਸ਼ਿਸ਼ਟ ਇਕ ਪ੍ਰਾਣ ਹੀ ਹੈ। ਅਧਿਕਾਰ ਭੇਦ ਤੋਂ ਇਕ ਹੀ ਦੇਵ ਦੇ ਨਾਂ,ਰੂਪ,ਕਰਮ,ਗੁਣ ਅਤੇ ਸ਼ਕਤੀ ਦਾ ਭੇਦ ਹੈ।

ਛਾਂਦੋਗਯ ਉਪਨਿਸ਼ਦ(6.2.1) ਵਿਚ ਉਸ ਦੀ ਏਕਤਾ ਬਾਰੇ ਕਿਹਾ ਹੈ ਕਿ ਮੁੱਢ ਵਿਚ ਇਕ ਹੀ ਸੀ,ਇਸ ਤੋਂ ਬਿਨਾਂ ਦੂਜਾ ਨਹੀਂ ਸੀ।

### ਸ. ਬ੍ਰਹਮ ਸਰੂਪ(ਨਿਰਗੁਣ-ਸਗੁਣ-ਨਿਰਗੁਣ)

ਬ੍ਰਹਮ ਦੇ ਅਨੇਕਾਂ ਗੁਣਾਂ ਦੀ ਕਲਪਨਾ ਕਰਕੇ ਉਸ ਨੂੰ ਅਨੇਕਾਂ ਨਾਮ ਦਿੱਤੇ ਗਏ ਹਨ ਪਰ ਜਿਵੇਂ ਕਿ ਪਹਿਲਾਂ ਵਿਚਾਰ ਕੀਤੀ ਗਈ ਸੀ ਕਿ ਅਕਲ,ਬੁੱਧੀ ਅਤੇ ਦਲੀਲ ਦੇ ਆਧਾਰ ਉਪਰ ਪਰਮਾਤਮਾ ਦਾ ਸਰੂਪ ਦਸਣਾ ਅਸੰਭਵ ਹੈ। ਉਸ ਬਾਰੇ ਸਿਰਫ਼ ਕਿਆਸ ਲਾਏ ਜਾਂਦੇ ਹਨ। ਉਸ ਦੇ ਸਰੂਪ ਦਾ ਨਿਰੂਪਣ ਤਿੰਨ ਪ੍ਰਕਾਰ ਨਾਲ ਕੀਤਾ ਜਾਂਦਾ ਹੈ:

1. ਨਿਰਗੁਣ
2. ਸਗੁਣ
3. ਸਗੁਣ-ਨਿਰਗੁਣ

ਨਿਰਗੁਣ ਤੋਂ ਭਾਵ ਹੈ ਕਿ ਜੋ ਰਜੋ, ਸਤੋ, ਤਮੋ ਗੁਣਾਂ ਅਥਵਾ ਆਕਾਰ ਤੋਂ ਰਹਿਤ ਹੋਵੇ। ਪਰ ਪਰਿਭਾਸ਼ਕ ਤੌਰ ਤੇ ਇਸ ਦਾ ਅਰਥ ਵਿਆਪਕ ਹੈ। ਨਿਰਗੁਣ ਦਾ ਅਰਥ ਗੁਣ-ਹੀਣ ਨਾ ਹੋ ਕੇ ਸਰਬ-ਗੁਣ ਸੰਪੰਨ ਹੋਣਾ ਹੈ।[1] ਡਾ: ਮਨਮੋਹਨ ਸਹਿਗਲ ਦੇ ਸ਼ਬਦਾਂ ਵਿਚ ਪੰਜਾਬ ਦੇ ਕਵੀਆਂ ਵਲੋਂ ਬ੍ਰਹਮ ਨੂੰ ਇਸ ਲਈ ਹੀ ਨਿਰਗੁਣ-ਨਿਰਾਕਾਰ ਨਹੀਂ ਕਿਹਾ ਜਾਂਦਾ ਕਿ ਉਸਦਾ ਗੁਣ ਜਾਂ ਆਕਾਰ ਨਹੀਂ ਹੈ ਬਲਕਿ ਅੰਦਰਲੀ ਭਾਵ ਇਹ ਹੈ ਕਿ ਸ੍ਰਿਸ਼ਟੀ ਦੇ ਸਾਰੇ ਗੁਣ ਅਤੇ ਸਾਰੇ ਆਕਾਰ ਉਸ ਸਿਰਜਨਹਾਰ ਬ੍ਰਹਮ ਦੇ ਹੀ ਹਨ। ਇਸ ਲਈ ਉਸਦੇ ਸੰਬੰਧ ਵਿਚ ਕਿਸੇ ਇਕ ਖ਼ਾਸ ਗੁਣ ਜਾਂ ਖ਼ਾਸ ਆਕਾਰ ਨੂੰ ਸੰਕੇਤਿਤ ਨਹੀਂ ਕੀਤਾ ਜਾ ਸਕਦਾ।[2] ਬ੍ਰਹਮ ਲਈ ਨਿਰਗੁਣ ਸ਼ਬਦ ਸ਼ਾਇਦ ਪਹਿਲੀ ਵਾਰ ਬੁਨੀਰ ਉਪਨਿਸ਼ਦ ਵਿਚ ਵਰਤਿਆ ਗਿਆ ਹੈ।[3]

ਗੁਰਬਾਣੀ ਵਿਚ ਬ੍ਰਹਮ ਦੇ ਗੁਣਾਂ ਦੀ ਅਨੰਤਤਾ ਵੱਲ ਕਾਫੀ ਇਸ਼ਾਰੇ ਮਿਲਦੇ ਹਨ, ਉਦਾਹਰਣ ਵਜੋਂ ਇਹ ਵੇਖੋ:

1. ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ॥[4]
2. ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ॥[5]
3. ਤੂੰ ਅਕਥੁ ਕਿਉ ਕਥਿਆ ਜਾਹਿ॥[6]

ਨਿਰਗੁਣ ਬ੍ਰਹਮ ਦਾ ਵਰਣਨ ਅਸਲ ਵਿਚ ਬੜਾ ਅਸੰਭਵ ਹੈ ਕਿਉਂਕਿ ਵਰਣਨ ਦੇ ਸਾਧਨ ਦੀ ਪਹੁੰਚ ਉਸ ਤੱਕ ਹੋ ਨਹੀਂ ਸਕਦੀ। ਬੁੱਧੀ ਮੂਰਤ ਰੂਪ ਦਾ ਆਧਾਰ ਚਾਹੁੰਦੀ ਹੈ ਅਤੇ ਬਾਣੀ ਰੂਪਕ ਦਾ। ਇਸ ਲਈ ਉਸ ਅਮੂਰਤ, ਨਿਰਾਕਾਰ ਨੂੰ ਗ੍ਰਹਿਣ ਕਰਨ ਵਿਚ ਬੁੱਧੀ ਅਤੇ ਵਿਅਕਤ ਕਰਨ ਵਿਚ ਬਾਣੀ ਅਸਮਰਥ ਹਨ।

ਅਮੁਲੋ ਅਮੁਲੁ ਆਖਿਆ ਨ ਜਾਇ॥[7]
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥[8]

---

1. ਡਾ: ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰਨਾ 7.
2. ਡਾ: ਮਨਮੋਹਨ ਸਹਿਗਲ, ਪੰਜਾਬ ਦੇ ਨਿਰਗੁਣ ਸਾਹਿਤ ਕੀ ਵਿਸ਼ੇਸ਼ਤਾਏਂ, ਪੰਨਾ 1
3. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 120 ਉਤੇ ਉਧ੍ਰਿਤ
4. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 596
5. ਗਉੜੀ ਮਹਲਾ 3, ਗੁਰੂ ਗ੍ਰੰਥ, ਪੰਨਾ 160
6. ਗਉੜੀ ਮਹਲਾ 3, ਗੁਰੂ ਗ੍ਰੰਥ, ਪੰਨਾ 160
7. ਜਪੁ, ਪੰਨਾ 5
8. ਜਪੁ, ਪੰਨਾ 1

ਸ੍ਰਿਸਟੀ ਤੋਂ ਪਹਿਲਾਂ ਦੀ ਅਵਸਥਾ ਦਾ ਜ਼ਿਕਰ ਕਰਦਿਆਂ ਗੁਰਬਾਣੀ ਵਿਚ ਦੱਸਿਆ ਹੈ ਕਿ ਉਹ ਨਿਰਗੁਣ ਬ੍ਰਹਮ ਸਾਰੇ ਗੁਣ ਆਪਣੇ ਵਿਚ ਸਮੋਈ ਬੈਠਾ ਸੀ। ਮਾਰੂ ਰਾਗ ਵਿਚ ਸ੍ਰਿਸਟੀ ਰਚਨਾ ਤੋਂ ਪਹਿਲਾਂ ਬ੍ਰਹਮ ਦੀ ਨਿਰਗੁਣ ਅਵਸਥਾ ਦਾ ਪੂਰਾ ਵਰਣਨ ਕੀਤਾ ਗਿਆ ਹੈ। ਉਦੋਂ ਕਈ ਜੁਗ ਹਨੇਰਾ ਹੀ ਰਿਹਾ। ਉਦੋਂ ਨ ਪ੍ਰਿਥਵੀ ਸੀ ਨ ਦਿਨ ਸੀ ਨ ਰਾਤ, ਨ ਚੰਦ੍ਰਮਾ ਸੀ ਨਾ ਸੂਰਜ ਪ੍ਰਭੂ ਸੁੰਨ ਸਮਾਧੀ ਲਗਾਏ ਹੋਏ ਸੀ ਜਿਵੇਂ:

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ ਸੁੰਨ ਸਮਾਧਿ ਲਗਾਇਦਾ॥[1]

ਸ੍ਰਿਸਟੀ ਰਚਨਾ ਤੋਂ ਪਹਿਲਾਂ ਬ੍ਰਹਮ ਨੂੰ ਸੁੰਨ ਅਵਸਥਾ ਵਿਚ ਵੀ ਦੱਸਿਆ ਹੈ। ਡਾ: ਰਾਧਾ ਕ੍ਰਿਸ਼ਨਨ ਅਨੁਸਾਰ ਸੁੰਨ ਉਹ ਹੈ ਜਿਸਦਾ ਕੋਈ ਕਾਰਨ ਨਹੀਂ, ਜਿਸ ਦਾ ਕੋਈ ਸੰਕਲਪ ਨਹੀਂ, ਜੋ ਅਜਨਮਾ ਹੈ, ਜਿਸ ਨੂੰ ਨਾਪਿਆ ਨਹੀਂ ਜਾ ਸਕਦਾ।[2]

ਸੁੰਨ ਅਵਸਥਾ ਵਿਚ ਜਲ, ਥਲ, ਧਰਤੀ, ਆਕਾਸ਼ ਆਦਿ ਕੁਝ ਵੀ ਨਹੀਂ ਹੁੰਦਾ, ਉਥੇ ਕੇਵਲ ਆਪ ਕਰਤਾਰ ਹੀ ਹੁੰਦਾ ਹੈ। ਗੁਰੂ ਨਾਨਕ ਦਾ ਕਥਨ ਹੈ:

ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ॥[3]

ਬਾਣੀ ਵਿਚ ਕਈ ਥਾਂ ਉਸ ਬ੍ਰਹਮ ਦੀ ਨਿਰਵਿਕਲਪ ਭਾਵਨਾ ਦਾ ਪੂਰਨ ਪ੍ਰਗਟਾਉ ਹੈ:

ਤਾਕੀਆ ਗਲਾਂ ਕਥੀਆਂ ਨ ਜਾਇ॥
ਜੇ ਕੋ ਕਹੈ ਪਿਛੈ ਪਛੁਤਾਇ॥[4]

ਉਹ ਨਿਰਗੁਣ ਹੀ ਸਗੁਣ ਰੂਪ ਧਾਰਦਾ ਹੈ ਜਦੋਂ ਉਸਨੇ ਚਾਹਿਆ ਅਰੂਪ ਤੋਂ ਸਰੂਪ ਹੋ ਗਿਆ। ਉਸ ਨੇ ਰਚਨਾ ਕਰ ਦਿੱਤੀ ਤੇ ਨਿਰਾਕਾਰ ਤੋਂ ਸਾਕਾਰ ਹੋ ਗਿਆ।

---

1. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1035
2. Shunya is Synonym of that which has no cause, that which is beyond thought or conception, that which is not produced that which is not born, that which is not measured. Dr. Radhakrishnan, Indian Philosophy Vol. I, page 663
3. ਗੂਜਰੀ ਮਹਲਾ 1, ਗੁਰੂ ਗ੍ਰੰਥ, ਪੰਨਾ 503
4. ਜਪੁ, ਗੁਰੂ ਗ੍ਰੰਥ, ਪੰਨਾ 8

ਡਾ: ਰਾਧਾਕ੍ਰਿਸ਼ਨਨ ਨੇ ਬ੍ਰਹਮ ਦੀ ਸਵਰ ਅਵਸਥਾ ਨੂੰ ਈਸ਼ਵਰ ਕਿਹਾ ਹੈ।[1] ਨਿਰਗੁਣ ਨੇ ਬਿਨਾ ਮਦਦ ਤੋਂ ਆਪਣੇ ਆਪ ਨੂੰ ਸਗੁਣ ਕੀਤਾ, ਉਹ ਸੱਤ ਹੈ।

1. ਆਪੇ ਆਪੁ ਉਪਾਇ ਨਿਰਾਲਾ॥[2]
2. ਆਪਿ ਉਪਾਇਆ ਜਗਤੁ ਸਬਾਇਆ॥[3]
3. ਜਗਤੁ ਉਪਾਇ ਖੇਲੁ ਰਚਾਇਆ॥[4]

ਨਿਰਗੁਣ ਹੀ ਸਰਗੁਣ ਹੋਇਆ ਹੈ ਸੋ ਨਿਰਗੁਣ ਸਗੁਣ ਵਿਚ ਫਰਕ ਨਹੀਂ। ਦੋਵੇਂ ਇਕ ਹਨ। ਗੁਰੂ ਨਾਨਕ ਸਾਹਿਬ ਦਸਦੇ ਹਨ:

ਅਵਿਗਤੋ ਨਿਰਮਾਇਲ ਉਪਜੇ ਨਿਰਗੁਣ ਤੇ ਸਰਗੁਣ ਥੀਆ॥[5]

ਗੁਰਬਾਣੀ ਵਿਚ ਬ੍ਰਹਮ ਦਾ ਵਿਰਾਟ ਸਰੂਪ ਚਿਤਰਿਆ ਗਿਆ ਹੈ ਉਹ ਆਪ ਹੀ ਸ੍ਰਿਸ਼ਟੀ ਦਾ ਕਰਤਾ ਅਤੇ ਸੰਘਾਰਨ ਵਾਲਾ ਹੈ:

ਆਪੇ ਥਾਪੇ ਥਾਪਿ ਉਥਾਪੇ॥
ਸਭ ਮਹਿ ਵਰਤੈ ਏਕੋ ਸੋਈ ਗੁਰ ਮੁਖਿ ਸੋਝਾ ਪਾਵਣਿਆ॥[6]

ਰਚਨਾਕਰਤਾ ਉਹ ਰਚਨਾ ਵਿਚ ਹੀ ਹੈ:

ਆਪੇ ਕਰਤਾ ਪੁਰਖੁ ਬਿਧਾਤਾ॥
ਜਿਨਿ ਆਪੇ ਆਪਿ ਉਪਾਇ ਪਛਾਤਾ॥

ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥[7]

ਉਹ ਇਕ ਹੀ ਸਮੇਂ ਨਿਰਗੁਣ ਸਗੁਣ ਦੋਵੇਂ ਹੈ।

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ [8]
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥

---

1. The Supreme self beyond cause and effect is the Brahman, but when it becomes self conscious with a non-ego opposed to it, we have the Isvara. This Isvara is called lower-Brahman-Dr. Radhakrishnan, Indian Philosophy, Vol. I, p.172
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1036.
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1022
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1031
5. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 24
6. ਮਾਝ ਮਹਲਾ 4, ਗੁਰੂਗ੍ਰੰਥ, ਪੰਨਾ 129
7. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1025
8. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 13

ਜਦੋਂ ਸ੍ਰਿਸ਼ਟੀ ਨੂੰ ਖ਼ਤਮ ਕਰੇਗਾ ਤਾਂ ਫੇਰ ਆਪ ਨਿਰਗੁਣ ਇਕ ਰਹਿ ਜਾਵੇਗਾ:

> ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ॥
> ਤਿਸੁ ਬਿਨੁ ਦੂਜਾ ਅਵਰੁ ਨ ਕੋਈ॥[1]

ਗੁਰਬਾਣੀ ਵਿਚ ਈਸ਼ਵਰ ਨੂੰ ਵਿਅਕਤਿਕ ਰੂਪ ਦੇ ਕੇ ਉਸ ਦੇ ਸਥਾਨ ਦਰਬਾਰ ਨਗਰ ਆਦਿ ਦੀ ਚਰਚਾ ਵੀ ਕੀਤੀ ਹੈ:

> ਬੇਗਮਪੁਰਾ ਸਹਰ ਕੋ ਨਾਉ॥
> ਦੂਖੁ ਅੰਦੋਹੁ ਨਹੀ ਤਿਹਿ ਠਾਉ॥
> ਨਾਂ ਤਸਵੀਸ ਖਿਰਾਜੁ ਨ ਮਾਲੁ॥
> ਖਉਫੁ ਨ ਖਤਾ ਨ ਤਰਸੁ ਜਵਾਲੁ॥
> ਅਬ ਮੋਹਿ ਖੂਬ ਵਤਨ ਗਹ ਪਾਈ॥
> ਊਹਾਂ ਖੈਰ ਸਦਾ ਮੇਰੇ ਭਾਈ॥[2]

ਈਸ਼ਵਰ ਨੂੰ ਇਕ ਸਮਰਾਟ ਬਣਾ ਕੇ ਗੁਰੂ ਨਾਨਕ ਨੇ ਉਸਦੇ ਦਰਬਾਰ ਦਾ ਚਿਤਰ ਖਿਚਦੇ ਲਿਖਿਆ ਹੈ:

> ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥[3]

ਗੁਰਬਾਣੀ ਵਿਚ ਸੁੰਦਰ ਨਾਇਕ ਦੇ ਗੁਣਾਂ ਦਾ ਆਰੋਪ ਵੀ ਪਰਮਾਤਮਾ ਵਿਚ ਕੀਤਾ ਹੈ:

> ਤੇਰੇ ਬੰਕੇ ਲੋਇਣ ਦੰਤ ਰੀਸਾਲਾ॥
> ਸੋਹਣੇ ਨਕ ਜਿਨ ਲੰਮੜੇ ਵਾਲਾ॥[4]

ਗੁਰਬਾਣੀ ਵਿਚ ਉਸ ਪਰਮਾਤਮਾ ਨੂੰ ਦਾਤਾ, ਕਰਤਾ, ਖਸਮ, ਸੁਲਤਾਨ, ਮਾਤਾ ਪਿਤਾ, ਮਿੱਤਰ ਕਈ ਰੂਪਾਂ ਵਿਚ ਉਸਨੂੰ ਸਾਕਾਰ ਕੀਤਾ ਹੈ। ਉਸਦੀ ਅਨੇਕਤਾ ਨੂੰ ਅਤੇ ਉਸ ਦੀ ਸਰਬਗਤਾ ਨੂੰ ਚਿਤਰਿਆ ਹੈ ਪਰ ਉਸਦੇ ਸਰਗੁਣ ਰੂਪ ਨੂੰ ਵੀ ਨਕਸ਼-ਬੱਧ ਨਹੀਂ ਕੀਤਾ ਜਾ ਸਕਦਾ - ਉਹ ਬੇਅੰਤ ਹੈ, ਅਲੱਖ ਹੈ

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 355
2. ਗਉੜੀ ਰਵਿਦਾਸ, ਗੁਰੂ ਗ੍ਰੰਥ, ਪੰਨਾ 345
3. ਜਪੁ, ਗੁਰੂ ਗ੍ਰੰਥ, ਪੰਨਾ 6
4. ਵਡਹੰਸ ਮਹਲਾ 1, ਗੁਰੂ ਗ੍ਰੰਥ, ਪੰਨਾ 567

ਉਪਰ ਸਾਰੀ ਚਰਚਾ ਦਾ ਸਾਰ ਇਹ ਹੈ ਕਿ ਨਿਰਗੁਣ ਬ੍ਰਹਮ ਸ੍ਰਿਸ਼ਟੀ ਰਚ ਕੇ ਸਗੁਣ ਹੋਇਆ। ਰਚਨਾ ਤੋਂ ਪਹਿਲਾਂ ਉਹ ਸੁੰਨ ਅਵਸਥਾ ਵਿਚ ਸੀ। ਨਿਰਗੁਣ ਦੇ ਵਿਅਕਤ ਹੋ ਜਾਣ ਤੇ ਵੀ ਉਹ ਨਿਰ-ਵਿਕਾਰ ਹੈ। ਉਸ ਨੇ ਆਪਣੇ ਦੇਖਣ ਲਈ ਹੀ ਇਹ ਪ੍ਰਪੰਚ ਦੀ ਸਾਜਨਾ ਕੀਤੀ, ਗੁਰਬਾਣੀ ਵਿਚ ਆਉਂਦਾ ਹੈ:

ਪਪੈ ਪਾਤਿਸਾਹ ਪਰਮੇਸਰੁ ਵੇਖਣ ਕਉ ਪਰਪੰਚ ਕੀਆ॥[1]

ਰਚਨਾ ਕਰਨੇ ਕੋਈ ਉਸਦੀ ਵਡਿਆਈ ਵੱਧ ਨਹੀਂ ਜਾਂਦੀ, ਕੀਨ੍ਹਾਂ ਦੁਆਰਾ ਉਸਦੇ ਸਰੂਪ ਵਿਚ ਕੋਈ ਵਿਕਾਸ ਜਾਂ ਸੰਕੋਚ ਨਹੀਂ ਆਉਂਦਾ। ਨਿਰਗੁਣ ਵਾਂਗ ਸਰਗੁਣ ਵੀ ਬਿਆਨ ਤੋਂ ਬਾਹਰਾ ਹੈ। ਜਿਵੇਂ:

ਜਾਣੀ ਨ ਜਾਈ ਤਾਕੀ ਗਾਤਿ॥
ਕਹ ਪੇਖਾਰਉ ਹਉ ਕਰ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ॥[2]

ਸੋ ਗੁਰਬਾਣੀ ਵਿਚ ਬ੍ਰਹਮ ਦੇ ਨਿਰਗੁਣ ਅਤੇ ਸਗੁਣ ਰੂਪ ਨੂੰ ਸੰਖੇਪ ਵਿਚ ਇਸ ਤਰ੍ਹਾਂ ਕਿਹਾ ਹੈ:

ਨਿਰਗੁਨ ਆਪਿ ਸਰਗੁਨੁ ਭੀ ਓਹੀ॥
ਕਲਾਧਾਰਿ ਜਿਨਿ ਸਗਲੀ ਮੋਹੀ॥[3]

ਉਪਨਿਸ਼ਦਾਂ ਦੀ ਨਿਰਗੁਣ ਬ੍ਰਹਮ ਬਾਰੇ ਧਾਰਨਾ ਸਮਾਨ ਹੈ। ਬ੍ਰਹਮ ਨੂੰ ਅਕਥਨੀਯ ਕਿਹਾ ਹੈ।

ਕੇਨ ਉਪਨਿਸ਼ਦ(1.5) ਵਿਚ ਪ੍ਰਭੂ ਨੂੰ ਕਲਪਨਾ ਤੋਂ ਪਰੇ ਕਿਹਾ ਹੈ। ਦਾਰਸ਼ਨਿਕ ਕਲਪਨਾ ਕਰਦੇ ਹਨ ਪਰ ਮਨੁੱਖ ਅਪੂਰਣ ਵਾਂਗ ਉਸ ਦੀ ਕਲਪਨਾ ਵੀ ਅਪੂਰਣ ਹੈ। ਬ੍ਰਹਮ ਬਾਣੀ ਰਾਹੀਂ ਸ਼ਬਦਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਬ੍ਰਹਮ ਤਰਕ ਦਾ ਵਿਸ਼ਾ ਨਹੀਂ

ਬ੍ਰਿਹਦਾਰਣਯਕ ਉਪਨਿਸ਼ਦ(3.8) ਵਿਚ ਲਿਖਿਆ ਹੈ, "ਹੇ ਗਾਰਗੀ! ਉਹ ਅਦ੍ਰਿਸ਼ਟ ਹੈ, ਦ੍ਰਿਸ਼ਟ ਦਾ ਵਿਸ਼ਾ ਨ ਹੋਣ ਕਾਰਨ ਉਹ ਕਿਸੇ ਦੁਆਰਾ ਵੇਖਿਆ ਨਹੀਂ ਜਾ ਸਕਦਾ।"

ਗੁਰਬਾਣੀ ਦੀ ਤਰ੍ਹਾਂ ਉਪਨਿਸ਼ਦਾਂ ਵਿਚ ਵੀ ਉਸ ਦਾ ਇਕ ਹੀ ਸਮੇਂ ਨਿਰਗੁਣ ਸਗੁਣ

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 443
2. ਦੇਵਗੰਧਾਰੀ ਮਹਲਾ 5, ਗੁਰੂ ਗ੍ਰੰਥ, ਪੰਨਾ 535
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 287

ਰੂਪ ਚਿਤਰਿਆ ਹੈ। ਸ਼ਵੇਤਾਸ਼੍ਵਤਰ ਉਪਨਿਸ਼ਦ(3.19) ਵਿਚ ਦੱਸਿਆ ਹੈ ਉਹ ਨੇਤ੍ਰ-ਰਹਿਤ ਹੈ, ਪਰ ਸਭ ਨੂੰ ਦੇਖਦਾ ਹੈ। ਉਹ ਕੰਨ-ਰਹਿਤ ਹੈ, ਪਰ ਸਭ ਕੁਝ ਸੁਣਦਾ ਹੈ। ਉਹ ਤਾਂ ਸਭ ਨੂੰ ਜਾਣਦਾ ਹੈ, ਪਰ ਉਸਦਾ ਗਿਆਤਾ ਕੋਈ ਨਹੀਂ। ਉਸ ਨੂੰ ਪਰਮ ਪੁਰਖ ਕਹਿੰਦੇ ਹਨ। ਕਠ ਉਪਨਿਸ਼ਦ(2.2.12) ਸਭ ਦੇਹਧਾਰੀਆਂ ਵਿਚ ਨਿਵਾਸ ਕਰਨ ਵਾਲਾ ਤਥਾ ਸਭ ਨੂੰ ਨਿਯੰਤਰਣ ਵਿਚ ਰੱਖਣ ਵਾਲਾ ਪਰਮੇਸ਼ੁਰ ਇਕ ਰੂਪ ਵਾਲਾ ਹੋ ਕੇ ਵੀ ਅਨੇਕ ਰੂਪ ਧਾਰਣ ਕਰ ਲੈਂਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ(4.11) ਅਨੁਸਾਰ ਉਹ ਇਕੱਲਾ ਹੀ ਹਰ ਜੂਨ ਵਿਚ ਸਥਿਤ ਹੋ ਰਿਹਾ ਹੈ, ਜਿਸ ਵਿਚ ਸਾਰਾ ਜਗਤ ਪਰਲੋ ਵੇਲੇ ਵਿਲੀਨ ਹੋ ਜਾਂਦਾ ਹੈ, ਸ੍ਰਿਸ਼ਟੀ ਵੇਲੇ ਪ੍ਰਗਟ ਵੀ ਹੋ ਜਾਂਦਾ ਹੈ, ਸਾਰਿਆਂ ਨੂੰ ਆਪਣੇ ਅਧੀਨ ਰਖਣਹਾਰ ਵਾਲੇ ਉਸ ਪਰਮਾਤਮਾ ਨੂੰ ਤੱਤ੍ਰੂਪ ਜਾਣ ਕੇ ਮਨੁੱਖ ਪਰਮ-ਸ਼ਾਂਤੀ ਦੀ ਸਥਿਤੀ ਨੂੰ ਪ੍ਰਾਪਤ ਹੁੰਦਾ ਹੈ।

ਅਦ੍ਰਿਸ਼ ਤੋਂ ਸਦ੍ਰਿਸ਼ ਅਵਸਥਾ ਵਿਚ ਆਉਣ ਦਾ ਜ਼ਿਕਰ ਸਿਰਫ਼ ਐਤਰੇਯ ਉਪਨਿਸ਼ਦ ਵਿਚ ਹੀ ਹੈ। ਇਸ ਉਪਨਿਸ਼ਦ(1.1) ਅਨੁਸਾਰ ਸਿਰਜਨਾ ਤੋਂ ਪਹਿਲਾਂ ਸਿਰਫ਼ ਇਕ ਆਤਮਾ ਸੀ। ਹੋਰ ਕੁਝ ਨਹੀਂ ਸੀ। ਉਸ ਨੇ ਨਿਸ਼ਚਾ ਕੀਤਾ ਸੀ, ਮੈਂ ਸਿਰਜਨਾ ਕਰਾਂ। ਉਸ ਨੇ ਸਿਰਜਨਾ ਕਰ ਦਿੱਤੀ।

### ਹ. <u>ਬ੍ਰਹਮ ਦਾ ਨਿਵਾਸ-ਸਥਾਨ</u>

ਉਪਨਿਸ਼ਦਾਂ ਅਤੇ ਗੁਰਬਾਣੀ ਰਚਨਹਾਰਾਂ ਦਾ ਵਿਚਾਰ ਹੈ ਕਿ ਉਸਦਾ ਕੋਈ ਵਿਸ਼ੇਸ਼ ਨਿਵਾਸ ਅਸਥਾਨ ਨਹੀਂ; ਸਾਰੇ ਉਸਦੇ ਅਸਥਾਨ ਹੀ ਹਨ। ਉਪਨਿਸ਼ਦ ਅਤੇ ਗੁਰਬਾਣੀ ਦੋਵੇਂ ਬ੍ਰਹਮ ਦੀ ਹੋਂਦ ਨੂੰ ਮੰਨਦੇ ਹਨ। ਜਗਿਆਸੂ ਇਹ ਜਾਣਨ ਦੀ ਇੱਛਾ ਰਖਦਾ ਹੈ, 'ਉਸਦਾ' ਨਿਵਾਸ ਕਿਥੇ ਹੈ?

ਪਰਮਾਤਮਾ ਦੇ ਨਿਵਾਸ-ਸਥਾਨ ਨੂੰ ਜਾਣਨ ਦੀ ਉਤਸੁਕਤਾ ਨੇ ਚਿੰਤਕਾਂ ਨੂੰ ਸਦਾ ਟੁੰਬੀ ਰੱਖਿਆ ਹੈ। ਪੱਛਮੀ ਏਸ਼ੀਆਈ ਪੁਰਾਣਕਾਰਾਂ ਨੇ ਉਸਨੂੰ ਖੀਰ ਸਮੁੰਦਰ ਵਿਚ ਸ਼ੇਸ਼ਨਾਗ ਦੀ ਸੇਜ ਉਤੇ ਬਿਰਾਜਿਆ ਹੋਇਆ ਦੱਸਿਆ ਹੈ। (ਸ਼ਾਮੀ ਧਰਮਾਂ ਵਿਚ ਆਕਾਸ਼ ਉਤੇ ਬਿਰਾਜਮਾਨ ਦੱਸਿਆ ਗਿਆ ਹੈ।

ਗੁਰਬਾਣੀ ਅਨੁਸਾਰ ਸਾਰੀ ਰਚਨਾ ਪਾਰਬ੍ਰਹਮ ਦੀ ਹੈ ਤੇ ਰਚਨਾ ਕਰਕੇ ਉਹ ਉਸ ਵਿਚ ਸਮਾਇਆ ਹੋਇਆ ਹੈ ਜਿਵੇਂ ਬਨਸਪਤੀ ਵਿਚ ਅੱਗ ਅਤੇ ਦੁੱਧ ਵਿਚ ਘਿਉ। ਗੁਰੂ ਅਰਜਨ

ਦੇਵ ਦੇ ਬਚਨ ਹਨ:

ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ ਘਟ ਘਟ ਮਾਧਉ ਜੀਆ॥
ਸੰਤਹੁ ਘਟ ਘਟ ਰਹਿਆ ਸਮਾਹਿਉ॥
ਪੂਰਨ ਪੂਰ ਰਹਿਓ ਸਰਬ ਮਹਿ ਜਲ ਥਲ ਰਮਈਆ ਆਹਿਓ॥
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਈਓ॥ [1]

ਗੁਰੂ ਨਾਨਕ ਸਾਹਿਬ ਉਸਦਾ ਨਿਵਾਸ ਕੁਦਰਤ ਵਿਚ ਦਸਦੇ ਹਨ:

ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤ ਨ ਜਾਈ ਲਖਿਆ॥ [2]

ਇਕ ਹੋਰ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਸਰਬ ਨਿਵਾਸੀ ਦੱਸਿਆ ਹੈ:

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥
ਸਰਬ ਲੋਕ ਪੂਰਨ ਪ੍ਰਤਿਪਾਲ॥
ਪਉਣ ਪਾਣੀ ਬੈਸੰਤਰ ਮਾਹਿ॥
ਚਾਰਿ ਕੁੰਟ ਦਹ ਦਿਸੇ ਸਮਾਹਿ॥ [3]

ਗੁਰਬਾਣੀ ਅਤੇ ਉਪਨਿਸ਼ਦਾਂ ਵਿਚ ਉਸਦੇ ਮੂਲ ਰੂਪ ਅਤੇ ਰਚਨਾ ਵਿਚ ਵਿਦਮਾਨ ਹੋਣ ਬਾਰੇ ਬੀਜ ਅਤੇ ਰੁੱਖ ਦਾ ਅਲੰਕਾਰ ਵਰਤਿਆ ਹੈ। ਜਿਵੇਂ ਦਰਖਤ ਦਾ ਤਣਾ, ਸ਼ਾਖਾਂ, ਫੁੱਲ ਤੇ ਪੱਤੇ ਸਭ ਵੱਖ ਵੱਖ ਹੁੰਦੇ ਹੋਏ ਵੀ ਮੂਲ ਨੂੰ ਜੀਵਨ ਆਧਾਰ ਬਣਾਈ ਰਖਦੇ ਹਨ, ਠੀਕ ਇਸੇ ਤਰ੍ਹਾਂ ਸ੍ਰਿਸ਼ਟੀ ਦਾ ਕਣ ਕਣ ਵੱਖ ਹੈ ਨੇ ਵੀ ਉਸ ਇਕ ਤੇ ਆਸ਼ਰਿਤ ਹੈ। ਪ੍ਰਿਥਵੀ ਦੇ ਦਰਖਤ ਦਾ ਮੂਲ ਥੱਲੇ ਹੁੰਦਾ ਹੈ ਪਰ ਸ੍ਰਿਸ਼ਟੀ ਦਾ ਮੂਲ ਉਪਰ ਹੈ:

ਉਰਧ ਮੂਲ ਜਿਸੁ ਸਖ ਤਲਾਹਾ॥ [4]

---

1. ਸੋਰਠ ਮਹਲਾ 5, ਗੁਰੂ ਗ੍ਰੰਥ, ਪੰਨਾ 617
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 469
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 293
4. ਗੂਜਰੀ ਮਹਲਾ 1, ਗੁਰੂ ਗ੍ਰੰਥ, ਪੰਨਾ 503

ਇਹ ਜਗਤ ਉਸ ਦਾ ਨਿਵਾਸ ਸਥਾਨ ਹੈ। ਗੁਰੂ ਨਾਨਕ ਦੇ ਕਥਨ ਅਨੁਸਾਰ:

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥[1]

ਮਨੁੱਖੀ ਸਰੀਰ ਨੂੰ ਵੀ ਪ੍ਰਭੂ ਦਾ ਘਰ ਮੰਨਿਆ ਹੈ:

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ॥[2]

ਗੁਰਬਾਣੀ ਪ੍ਰਭੂ ਦਾ ਵਿਸ਼ੇਸ਼ ਸਥਾਨ ਸਾਧ-ਸੰਗਤ ਨੂੰ ਵੀ ਦਸਦੀ ਹੈ:

ਸਾਧ ਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ॥[3]

ਉਸਦੇ ਨਿਵਾਸ ਦੀ ਸੋਝੀ ਵਿਸ਼ੇਸ਼ ਸਥਿਤੀ ਤੇ ਹੁੰਦੀ ਹੈ। ਗੁਰਬਾਣੀ ਵਿਚ ਉਸ ਸਥਿਤੀ ਨੂੰ 'ਬੇਗਮਪੁਰਾ' ਵੀ ਕਿਹਾ ਗਿਆ ਹੈ ਅਤੇ ਸੱਚਖੰਡ ਵੀ। ਜਿਵੇਂ:

1. ਬੇਗਮਪੁਰਾ ਸਹਰ ਕੋ ਨਾਉ॥
   ਦੂਖੁ ਅੰਦੋਹੁ ਨਹੀ ਤਿਹਿ ਠਾਉ॥[4]

2. ਸੱਚ ਖੰਡ ਵਸੈ ਨਿਰੰਕਾਰ॥
   ਕਰਿ ਕਰਿ ਵੇਖੈ ਨਦਰਿ ਨਿਹਾਲ॥[5]

ਡਾ: ਮਨਮੋਹਨ ਸਹਿਗਲ ਨੇ ਪਰਮਾਤਮਾ ਦੇ ਸਾਧਾਰਨ ਅਤੇ ਵਿਸ਼ੇਸ਼ ਨਿਵਾਸ ਸਥਾਨ ਬਾਰੇ ਚਰਚਾ ਕਰਦਿਆਂ ਹੋਇਆਂ 'ਸੱਚਖੰਡ' ਦੀ ਬਿਜਲੀ ਦੇ ਪਾਵਰ ਹਾਊਸ ਨਾਲ ਉਪਮਾ ਕੀਤੀ ਹੈ ਅਤੇ ਸਾਧਾਰਨ ਰੂਪ ਦੀ ਤੁਲਨਾ ਬਿਜਲੀ ਦੀਆਂ ਹਰ ਪਾਸੇ ਪਸਰੀਆਂ ਹੋਈਆਂ ਤਾਰਾਂ ਦੁਆਰਾ ਸੰਚਰਿਤ ਕਰੰਟ ਨਾਲ ਕੀਤੀ ਹੈ। ਉਨ੍ਹਾਂ ਦਾ ਮੱਤ ਹੈ ਕਿ ਜਿਸ ਪ੍ਰਕਾਰ ਬਿਜਲੀ ਦੇ ਇਕ ਪਾਵਰ ਹਾਊਸ ਦੀ ਵਿਦਯੁਤ ਸ਼ਕਤੀ ਲਹਿਰੀਆਂ ਦੁਆਰਾ ਸਮੁੱਚੇ ਨਗਰ ਜਾਂ ਪ੍ਰਦੇਸ਼ ਵਿਚ ਫੈਲੀ ਰਹਿੰਦੀ ਹੈ ਅਤੇ ਸ਼ਕਤੀ ਪੁੰਜ ਦੇ ਸਥਾਨ ਵਿਸ਼ੇਸ਼ ਵਿਚ ਸਥਿਰ ਰਹਿੰਦੇ ਹੋਇਆਂ ਵੀ ਵਿਦਯੁਤ ਲਹਿਰੀਆਂ ਕਣ ਕਣ ਵਿਚ ਬਲ ਭਰਨ ਵਿਚ ਸਮਰੱਥ ਹਨ, ਠੀਕ ਉਸੇ ਤਰ੍ਹਾਂ ਬ੍ਰਹਮ ਦੇ ਮਤਿ ਲੋਕ ਵਿਚ ਸਥਿਰ ਰਹਿੰਦੇ ਹੋਇਆਂ ਵੀ ਉਸਦੀ ਜੋਤ ਜਾਂ ਜੀਵ ਸ਼ਕਤੀ ਸੰਮਸਤ ਜੜ੍ਹ-ਚੇਤਨ ਵਿਚ ਸ਼ਬਦ ਦੀਆਂ ਲਹਿਰੀਆਂ ਦੁਆਰਾ ਪ੍ਰਸਾਰਿਤ ਹੁੰਦੀ ਰਹਿੰਦੀ ਹੈ। ਇਸੇ

---

1. ਆਸਾ ਮਹਲਾ 2, ਗੁਰੂ ਗ੍ਰੰਥ, ਪੰਨਾ 463
2. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 527
3. ਸਿਰੀ ਰਾਗ ਮਹਲਾ 5, ਗੁਰੂ ਗ੍ਰੰਥ, ਪੰਨਾ 44
4. ਗਉੜੀ ਰਵਿਦਾਸ, ਗੁਰੂ ਗ੍ਰੰਥ, ਪੰਨਾ 345
5. ਜਪੁ, ਗੁਰੂ ਗ੍ਰੰਥ, ਪੰਨਾ 8

ਰੂਪ ਵਿਚ ਬ੍ਰਹਮ ਨੂੰ ਸਰਬ-ਵਿਆਪਕ ਮੰਨਿਆ ਗਿਆ ਹੈ।[1]

ਇਸੇ ਲਈ ਗੁਰੂ ਨਾਨਕ ਦੁਆਰਾ ਕਲਪਿਆ 'ਸਚਖੰਡ' ਜਗਤ ਤੋਂ ਵੱਖ ਨਹੀਂ, ਸਗੋਂ ਨਾਮਰੂਪਾਤਮਕ ਜਗਤ ਉਸਦਾ ਇਕ ਅੰਗ ਹੈ। ਨਾਮਰੂਪ ਸਚਖੰਡ ਇਕ ਅਜਿਹਾ ਵਿਰਾਟ ਖੰਡ ਹੈ ਜਿਸ ਵਿਚ ਦ੍ਰਿਸ਼ਟ ਅਦ੍ਰਿਸ਼ਟ ਜਗਤ ਸ਼ਾਮਲ ਹਨ। ਸਾਰੰਸ਼ ਇਹ ਹੈ ਕਿ ਪਰਮਾਤਮਾ ਆਪਣੇ ਸਾਧਾਰਣ ਰੂਪ ਵਿਚ ਨਾਮਰੂਪਾਤਮਕ ਜਗਤ ਅੰਦਰ ਵਸਦਾ ਹੈ ਅਤੇ ਵਿਸ਼ੇਸ਼ ਰੂਪ ਵਿਚ ਵਿਰਾਟ ਸੱਚਖੰਡ ਵਿਚ ਵਸਦਾ ਹੈ। 'ਸਚ' ਇਸ ਨੂੰ ਇਸੇ ਲਈ ਕਿਹਾ ਗਿਆ ਹੈ ਕਿਉਂਕਿ ਪਰਮਾਤਮਾ ਆਪ ਸੱਚਾ ਹੈ ਅਤੇ ਉਸਦੀ ਸਿਰਜੀ ਸਾਰੀ ਸ੍ਰਿਸ਼ਟੀ ਵੀ ਵਿਵਹਾਰਿਕ ਰੂਪ ਵਿਚ ਸੱਚੀ ਹੈ, ਇਸ ਲਈ ਜਿਥੇ ਉਹ ਨਿਵਾਸ ਕਰਦਾ ਹੈ ਉਹ ਖੰਡ ਵੀ ਸੱਚਾ ਹੈ। ਬ੍ਰਹਮ ਦਾ ਵਿਸ਼ੇਸ਼-ਸਥਾਨ ਗਗਨੰਦਰਿ ਪੁਰਿ ਵੀ ਮੰਨਿਆ ਹੈ।

ਕਾਇਆ ਨਗਰੁ ਨਗਰ ਗੜ ਅੰਦਰਿ॥
ਸਾਚਾ ਵਾਸਾ ਪੁਰਿ ਗਗਨੰਦਰਿ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥[2]
ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥[3]

ਅਸਲ ਵਿਚ ਬ੍ਰਹਮ ਸਚਖੰਡ ਵਾਸੀ ਤੋਂ ਘਟ ਘਟ ਵਾਸੀ ਹੈ। ਅਗਿਆਨੀ ਲਈ ਦੂਰ ਤੇ ਭਗਤ ਲਈ ਹਾਦਰਾ-ਹਦੂਰਿ ਹੈ:

ਗਾਵੈ ਕੋ ਜਾਪੈ ਦਿਸੈ ਦੂਰਿ॥
ਗਾਵੈ ਕੋ ਵੇਖੈ ਹਾਦਰਾ ਹਦੂਰਿ॥[4]

ਪਰਮਾਤਮਾ ਦੀ ਸਮੀਪਤਾ ਅਤੇ ਦੂਰੀ ਦੀ ਚਰਚਾ ਉਪਨਿਸ਼ਦਾਂ ਵਿਚ ਵੀ ਇਸੇ ਰੂਪ ਵਿਚ ਹੋਈ ਹੈ। ਮੁੰਡਕ ਉਪਨਿਸ਼ਦ(3.1.7) ਪਰਮਾਤਮਾ ਅਤਿਅੰਤ ਸਮੀਪ ਅਤੇ ਦੂਰ ਤੋਂ ਵੀ ਦੂਰ ਹੈ।[5] ਉਹ ਗਿਆਨ ਖੋਜਣ ਵਾਲਿਆਂ ਦੇ ਹਿਰਦੇ-ਗੁਫਾ ਵਿਚ ਹੀ ਹੈ।

ਕਠ ਉਪਨਿਸ਼ਦ(2.2) ਆਪਣੇ ਪਰਮ ਧਾਮ ਵਿਚ ਸਥਿਤ ਬ੍ਰਹਮਾ ਆਪ ਪ੍ਰਕਾਸ਼ਮਾਨ ਹੈ, ਉਹੀ ਘਰਾਂ ਵਿਚ ਪਹੁੰਚਣ ਵਾਲਾ ਮਹਿਮਾਨ ਹੈ, ਉਹੀ ਆਹੂਤੀ ਦੇਣ ਵਾਲਾ ਹੁੰਦਾ ਹੈ, ਉਹੀ

---

1. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 175-77 ਉਤੇ ਉਧ੍ਰਿਤ ਡਾ: ਮਨਮੋਹਨ ਸਹਿਗਲ 'ਸੰਤ ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ', ਪੰਨਾ 117
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1033
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 992
4. ਜਪੁ, ਗੁਰੂ ਗ੍ਰੰਥ, ਪੰਨਾ 1
5. ਮੁੰਡਕ ਉਪਨਿਸ਼ਦ 3.1.7 ਸਤਯਾਨੰਦ, ਏਕਾਦਸ਼ੋ ਉਪਨਿਸ਼ਦ, ਪੰਨਾ 76

ਮਨੁੱਖਾਂ ਵਿਚ ਦੇਵਤਿਆਂ ਵਿਚ,ਸੱਚ ਵਿਚ,ਆਕਾਸ਼ ਵਿਚ ਨਿਵਾਸ ਕਰਦਾ ਹੈ।[1]
ਕਠ ਉਪਨਿਸ਼ਦ(6.5)

ਜਿਵੇਂ ਸ਼ੀਸ਼ੇ ਵਿਚ ਮੂੰਹ ਦਿਸਦਾ ਹੈ ਇਸੇ ਤਰ੍ਹਾਂ ਆਪਣੇ ਅੰਦਰ ਪਰਮਾਤਮਾ ਦਿਸਦਾ ਹੈ।
ਮਾਂਡੂਕਯ ਉਪਨਿਸ਼ਦ(1) ਸਾਰਾ ਵਿਸ਼ਵ ਹਰੀ ਮੰਦਰ ਹੈ।

ਪ੍ਰਸ਼ਨ(6.2) ਉਪਨਿਸ਼ਦ ਅਨੁਸਾਰ ਹੇ ਸੋਮਯ:ਜਿਸ ਵਿਚ ਇਹ ਸੋਲ੍ਹਾਂ ਕਲਾਵਾਂ ਹਨ, ਉਹ ਪੁਰਖ ਇਸ ਸਰੀਰ ਦੇ ਅੰਦਰ ਹੀ ਵਰਤਮਾਨ ਹੈ।
ਸ਼ਵੇਤਾਸ਼ਵਤਰ ਉਪਨਿਸ਼ਦ(1.15) ਜਿਸ ਪ੍ਰਕਾਰ ਤਿਲਾਂ ਵਿਚ ਤੇਲ,ਦਹੀਂ ਵਿਚ ਘੀ,ਉਸੇ ਤਰ੍ਹਾਂ ਜੋ ਪੁਰਖ ਸਤ ਅਤੇ ਤੱਪ ਦੁਆਰਾ ਇਸ ਨੂੰ ਬਾਰ ਬਾਰ ਵੇਖਣ ਦਾ ਯਤਨ ਕਰਦਾ ਹੈ ਉਸਨੂੰ ਇਹ ਆਤਮਾ ਆਤਮਾ ਵਿਚ ਹੀ ਦਿਖਾਈ ਦੇਂਦਾ ਹੈ।
ਸ਼ਵੇਤਾਸ਼ਵਤਰ ਉਪਨਿਸ਼ਦ(3.14) ਵਿਚ ਵੀ ਇਕ ਸ਼ਲੋਕ ਵਿਚ ਉਸਦੇ ਸਰੀਰ ਵਿਚ ਇਕ ਨਿਸ਼ਚਿਤ ਸਥਾਨ ਵੀ ਦੱਸਿਆ ਹੈ।

'ਉਹ ਹਜ਼ਾਰਾਂ ਸਿਰ,ਹਜ਼ਾਰਾਂ ਨੇਤਰ ਅਤੇ ਹਜ਼ਾਰਾਂ ਚਰਣਾਂ ਵਾਲਾ ਹੈ ਤਥਾ ਪੂਰਣ ਹੈ। ਨਾਭੀ ਤੋਂ ਉਪਰ 10 ਉਂਗਲ ਜੋ ਹਿਰਦਾ ਹੈ ਉਸ ਵਿਚ ਸਥਿਤ ਹੈ।'

### ਕ. <u>ਅਵਤਾਰਵਾਦ</u>

ਭਾਰਤੀ ਅਧਿਆਤਮਵਾਦ ਵਿਚ ਅਵਤਾਰਵਾਦ ਇਕ ਵਿਸ਼ਿਸ਼ਟ ਸਥਾਨ ਰਖਦਾ ਹੈ। ਮੱਧ ਯੁਗ ਦੀਆਂ ਸਾਰੀਆਂ ਧਾਰਮਿਕ ਪਰੰਪਰਾਵਾਂ ਕਿਸੇ ਨਾ ਕਿਸੇ ਰੂਪ ਵਿਚ ਅਵਤਾਰਵਾਦ ਤੋਂ ਪ੍ਰਭਾਵਿਤ ਹੋਈਆਂ ਹਨ। ਅਵਤਾਰ ਦਾ ਵਿਉਤਪਤੀਮੂਲਕ ਅਰਥ 'ਉਤਰਨਾ' ਹੈ। ਭਗਵਾਨ ਦਾ ਆਪਣੇ ਸਥਾਨ ਤੋਂ ਕਿਸੇ ਰੂਪ ਵਿਸ਼ੇਸ਼ ਵਿਚ ਪ੍ਰਗਟ ਹੋਣਾ ਅਵਤਾਰ ਹੈ। ਅਵਤਾਰ ਕਿਸੇ ਨਾ ਦਿੱਸਣ ਵਾਲੀ ਹਸਤੀ ਦੇ ਸਾਕਾਰ ਰੂਪ ਨੂੰ ਵੀ ਕਹਿੰਦੇ ਹਨ।[2] ਕਿਸੇ ਵਿਸ਼ੇਸ਼ ਮਨੋਰਥ ਲਈ ਜਦੋਂ ਰੱਬ ਮਨੁੱਖੀ ਜਾਮੇ ਵਿਚ ਆਉਂਦਾ ਹੈ ਅਸੀਂ ਉਸ ਨੂੰ ਅਵਤਾਰ ਕਹਿੰਦੇ ਹਾਂ।[3]

---

1. ਕਠ ਉਪਨਿਸ਼ਦ 2.2, ਸਤਯਨੰਦ, ਏਕਾਦਸ਼ੋ ਉਪਨਿਸ਼ਦ, ਪੰਨਾ 40
2. ਸ਼ਬਦਾਰਥ, ਪੰਨਾ 465
3. When religious fauticism follows the letter of the scriptures killing their spirit, it is than that the Lord incarnates Himself on earth, to save man to save righteousness. He takes Human form, the comes down on the physical plane. He is called an Avatara.- D.S. Sarma, A Primer of Hinduism, page 15.

ਗੁਰਬਾਣੀ ਪਰਮਾਤਮਾ ਦੇ ਮਨੁੱਖੀ ਜਾਮੇ ਵਿਚ ਅਵਤਾਰ ਧਾਰਨ ਨੂੰ ਅਪਰਵਾਨ ਕਰਦੀ ਹੈ। ਗੁਰੂ ਪੈਦਾ ਹੁੰਦਾ ਹੈ। ਗੁਰੂ ਦਾ ਅਵਤਾਰ ਉਸਦੇ ਸ਼ਬਦ ਵਿਚ ਹੈ। ਗੁਰੂ ਵਿਚ ਵੀ ਪਰਮਾਤਮਾ ਦਾ ਆਪਾ ਹੁੰਦਾ ਹੈ:

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥ [1]

ਗੁਰਬਾਣੀ ਵਿਚ ਪ੍ਰਭੂ ਦੇ ਅਵਤਾਰ ਧਾਰਨ ਦਾ ਕੋਈ ਸੰਕੇਤ ਨਹੀਂ। ਮੁਸਲਮਾਨ ਮੁਹੰਮਦ ਨੂੰ ਰੱਬ ਦਾ ਪ੍ਰਤਿਨਿਧ ਸਵੀਕਾਰ ਕਰਦੇ ਹਨ। ਇਸਲਾਮ ਵਿਚ ਇਹ ਧਾਰਨਾ ਵਿਅਕਤੀਗਤ ਹੈ। ਗੁਰਬਾਣੀ ਨਿਰਾਕਾਰ ਪ੍ਰਭੂ ਵਿਚ ਵਿਸ਼ਵਾਸ ਰਖਦੀ ਹੈ:

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥ [2]

'ਉਸ ਦੇ' ਰੂਪ-ਰੇਖਾ, ਰੰਗ, ਗੁਣ ਆਦਿ ਕੁਝ ਵੀ ਨਹੀਂ ਹੁੰਦਾ। ਕਿਉਂਕਿ ਉਸਦੇ ਰੂਪ-ਰੇਖਾ, ਰੰਗ ਗੁਣ ਕੁੱਝ ਵੀ ਨਹੀਂ। ਉਸ ਲਈ ਉਹ ਵਿਅਕਤੀਗਤ ਸਤਾ ਦਾ ਅਸਤਿਤਵ ਨਹੀਂ ਹੋ ਸਕਦਾ। ਤਾਂ ਵੀ ਉਹ ਸਰਬ-ਵਿਆਪੀ ਹੈ - ਨਾਨਕ ਨੇ ਨਿਰਵਿਅਕਤਕ ਪੱਖ ਨੂੰ ਸਪਸ਼ਟ ਕਰਦੇ ਲਿਖਿਆ ਹੈ:

ਅਲਖ ਅਪਾਰ ਅਗਮ ਅਗੋਚਰ ਨ ਤਿਸੁ ਕਾਲੁ ਨ ਕਰਮਾ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ॥
ਸਾਚੇ ਸਚਿਆਰ ਵਿਟਹੁ ਕੁਰਬਾਣੁ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ॥
ਨਾ ਤਿਸੁ ਮਾਤੁ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ॥
ਅਕੁਲ ਨਿਰੰਜਨ ਅਪਰ ਪਰੰਪਰ ਸਗਲੀ ਜੋਤਿ ਤੁਮਾਰੀ॥ [3]

ਐਸੀ ਸਥਿਤੀ ਵਿਚ ਉਸਦਾ ਸਰੂਪ ਨਿਯੁਕਤ ਕਰ ਸਕਣਾ ਨਿਰਮੂਲ ਹੈ। ਗੁਰਬਾਣੀ ਦਾ ਬ੍ਰਹਮ ਅਜੂਨੀ ਹੈ। ਗੁਰਬਾਣੀ ਦੀ ਇਹ ਧਾਰਨਾ ਅਵਤਾਰਵਾਦ ਦਾ ਵਿਰੋਧ ਕਰਦੀ ਹੈ। ਉਹ ਸੈਭੰ ਹੈ। ਉਸ ਨੂੰ ਜਨਮ ਮਰਨ ਦੇ ਗੇੜ ਵਿਚ ਪੈਣ ਦੀ ਕੀ ਜ਼ਰੂਰਤ ਹੈ।

ਗੁਰਬਾਣੀ ਵਿਚ ਅਵਤਾਰਾਂ ਨੂੰ ਬ੍ਰਹਮ ਸੱਤਾ ਦੇ ਤੁੱਲ ਮੰਨਣ ਤੋਂ ਇਨਕਾਰ ਕੀਤਾ ਹੈ। ਬ੍ਰਹਮ, ਵਿਸ਼ਨੂੰ, ਮਹੇਸ਼ ਨੂੰ ਸ੍ਰਿਸ਼ਟੀ ਵਾਂਗ ਪ੍ਰਭੂ ਦੀ ਕਿਰਤ ਮੰਨਿਆ ਹੈ। ਵੇਦਾਂ ਵਿਚ ਪ੍ਰਾਕ੍ਰਿਤ

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 466
2. ਗੂਜਰੀ ਮਹਲਾ 3, ਗੁਰੂ ਗ੍ਰੰਥ, ਪੰਨਾ 509
3. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 517

ਦੇ ਵੱਖ ਵੱਖ ਅੰਗਾਂ ਵਿਚ ਅਲੌਕਿਕ ਸ਼ਕਤੀਆਂ ਦਾ ਦਰਸ਼ਨ ਕਰਕੇ ਦੇਵਤਵ ਸਥਾਪਿਤ ਕੀਤਾ ਹੈ। ਅਜਿਹੇ 33 ਕਰੋੜ ਦੇਵਤਿਆਂ ਦੀ ਸੱਤਾ ਸਵੀਕਾਰ ਕਰਦੇ ਹੋਏ ਉਨ੍ਹਾਂ ਉਪਰ ਕਿਸੇ ਇਕ ਦੇ ਨਿਯੰਤਰਣ ਦੀ ਕਲਪਨਾ ਕੀਤੀ ਹੈ। ਪਰੰਤੂ ਗੁਰੂ ਗ੍ਰੰਥ ਜੀਵਾਂ ਅਤੇ ਪ੍ਰਭੂ ਦੇ ਵਿਚ ਦੇਵਤਿਆਂ ਦੀ ਸੱਤਾ ਨੂੰ ਬੇਲੋੜਾ ਮੰਨਦਾ ਹੈ। ਗੁਰੂ ਗ੍ਰੰਥ ਵਿਚ 84 ਲੱਖ ਜੂਨਾਂ ਦਾ ਚੱਕਰ ਮੰਨਿਆ ਗਿਆ ਹੈ ਅਤੇ ਇਨ੍ਹਾਂ ਵਿਚ ਤੇਤੀ ਪ੍ਰਕਾਰ ਦੇ ਦੇਵਤਿਆਂ ਦੀ ਗਿਣਤੀ ਵੀ ਕੀਤੀ ਹੈ। ਇਹ ਵੀ ਹੋਰ ਜੀਵਾਂ ਦੀ ਤਰ੍ਹਾਂ ਮਾਇਆ ਦੇ ਅਧੀਨ ਹਨ:

ਮਾਇਆ ਮੋਹੇ ਦੇਵੀ ਸਭਿ ਦੇਵਾ॥
ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ॥[1]

ਜਦੋਂ ਆਪ ਮਾਇਆ ਦੇ ਵੱਸ ਵਿਚ ਹਨ ਤਾਂ ਹੋਰ ਜੀਵਾਂ ਨੂੰ ਕਿਵੇਂ ਮੁਕਤ ਕਰਨਗੇ। ਇਹ ਅਵਤਾਰ ਅਤੇ ਦੇਵੀ ਦੇਵਤੇ ਪ੍ਰਭੂ ਹੁਕਮ ਅੰਦਰ ਹਨ:

ਹੁਕਮਿ ਉਪਾਏ ਦਸ ਅਵਤਾਰਾ॥
ਦੇਵ ਦਾਨਵ ਅਗਣਤ ਅਪਾਰਾ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥[2]

ਗੁਰਬਾਣੀ ਵਿਚ ਬ੍ਰਹਮ ਨੂੰ ਸਰਬ-ਵਿਆਪਕ, ਸਰਬ ਸ਼ਕਤੀਮਾਨ, ਦਾਤਾ, ਕ੍ਰਿਪਾਲੂ, ਮਾਤ ਪਿਤਾ ਆਦਿ ਦੇ ਸਗੁਣ ਸਰੂਪ ਨੂੰ ਤਾਂ ਪ੍ਰਗਟ ਕੀਤਾ ਹੈ, ਪਰ ਅਵਤਾਰਵਾਦ ਦਾ ਵਿਰੋਧ ਕੀਤਾ ਹੈ। ਸਭ ਵਿਚ ਵਿਦਮਾਨ ਹੋ ਕੇ ਸਾਰੀ ਸ੍ਰਿਸ਼ਟੀ ਦਾ ਕਾਰਜ ਚਲਾਉਂਦਾ ਹੈ:

ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ॥[3]
ਨਾਨਕ ਨਿਰਭਉ ਨਿਰੰਕਾਰੁ, ਹੋਰ ਕੇਤੇ ਰਾਮ ਰਵਾਲ॥[4]

ਗੁਰਬਾਣੀ ਦਾ ਬ੍ਰਹਮ ਅਜੂਨੀ ਹੈ।

ਕੁਝ ਉਪਨਿਸ਼ਦਾਂ ਵਿਚ ਦੋਹਾਂ ਕਿਸਮਾਂ ਦੇ ਵਿਚਾਰ ਮਿਲਦੇ ਹਨ। ਪਰਮਾਤਮਾ ਨੂੰ ਦੇਹ ਰਹਿਤ ਵੀ ਕਿਹਾ ਹੈ ਅਤੇ ਕਿਸੇ ਵਿਸ਼ੇਸ਼ ਪ੍ਰਯੋਜਨ ਲਈ ਦੇਹ ਧਾਰਨ ਵਾਲਾ ਵੀ:

---

1. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 227
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1037
3. ਸਲੋਕ ਮਹਲਾ 1, ਗੁਰੂ ਗ੍ਰੰਥ, ਪੰਨਾ 1412
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 464

ਪਰਮਾਤਮਾ ਦੇਹ ਰਹਿਤ ਹੈ ਪਰ ਭਗਤਾਂ ਦੇ ਹਿੱਤ ਕੰਮਾਂ ਦੀ ਪੂਰਤੀ ਲਈ ਰੂਪ ਆਕਾਰ ਧਾਰਦਾ ਹੈ।[1] ਉਪਨਿਸ਼ਦਾਂ ਵਿਚ ਰੱਬ ਦੇ ਅਵਤਾਰ ਧਾਰਨ ਦਾ ਕੋਈ ਸਿੱਧਾ ਵਰਣਨ ਨਹੀਂ ਹੈ। ਕੇਨ ਉਪਨਿਸ਼ਦ(3.4) ਵਿਚ ਦੱਸਿਆ ਹੈ ਕਿ ਹੰਕਾਰ ਨਿਵਿਰਤੀ ਲਈ ਬ੍ਰਹਮ ਅਵਤਾਰ ਧਾਰਦਾ ਹੈ। ਭਾਵੇਂ ਸਥੂਲ ਮਨੁੱਖੀ ਸਰੀਰ ਵਿਚ ਨਹੀਂ, ਇਕ ਰੂਹ ਦੇ ਰੂਪ ਵਿਚ ਜੋ ਮਨੁੱਖ ਵਾਂਗ ਗੱਲਬਾਤ ਕਰਦਾ ਹੈ। ਦੇਵਾਂ ਦੇ ਹੰਕਾਰ ਦੀ ਨਿਵਿਰਤੀ ਲਈ ਬ੍ਰਹਮ ਰੂਹ(ਯਕਸ਼)ਦੇ ਰੂਪ ਵਿਚ ਪ੍ਰਗਟ ਹੋਇਆ। ਦੇਵ ਜਾਣ ਨ ਸਕੇ। ਅਗਨੀ ਅਤੇ ਵਾਯੂ ਵਾਰੀ ਵਾਰੀ ਉਸਦੇ ਸਾਹਮਣੇ ਗਏ ਅਤੇ ਆਪਣੀ ਅਸਮਰਥਾ ਦਾ ਇਕਬਾਲ ਕੀਤਾ। ਇੰਦਰ ਨੂੰ ਉਮਾ ਦੇਵੀ ਨੇ ਦੱਸਿਆ ਕਿ ਆਪ ਬ੍ਰਹਮ ਆਇਆ ਸੀ। ਇਸ ਤਰ੍ਹਾਂ ਸੂਖਮ ਰੂਪ ਵਿਚ ਬ੍ਰਹਮ ਦੇ ਅਵਤਾਰ ਦਾ ਵਰਣਨ ਹੈ।[2]

ਬ੍ਰਹਮ ਦਾ ਸਰੀਰਕ ਰੂਪ ਵਿਚ ਪ੍ਰਗਟ ਹੋਣ ਦਾ ਅਵਤਾਰਵਾਦੀ ਵਿਚਾਰ ਬਾਅਦ ਵਿਚ ਗੀਤਾ ਵਿਚ ਨਿਰੂਪਣ ਹੋਇਆ।

---

1. ਰਾਮ ਪੂਰਵਤਾਪਿਨ ਉਪਨਿਸ਼ਦ, ਡਾ:ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਇਕ ਸਾਂਸਕ੍ਰਿਤਕ ਅਧਿਐਨ ਉਤੇ ਉਧ੍ਰਿਤ, ਪੰਨਾ 406
2. ਕੇਨ ਉਪਨਿਸ਼ਦ 3.4, ਸਤਯਾਨੰਦ, ਏਕਾਦਸ਼ ਉਪਨਿਸ਼ਦ, ਪੰਨਾ 14

## ਅਧਿਆਇ ਤੀਜਾ

### ਜੀਵਾਤਮਾ ਦਾ ਸੰਕਲਪ

ੳ. ਜੀਵਾਤਮਾ ਦਾ ਸਰੂਪ

ਅ. ਜੀਵਾਤਮਾ ਅਤੇ ਸਰੀਰ

ੲ. ਅੰਤਹਕਰਣ, ਇੰਦਰੀਆਂ ਅਤੇ ਪ੍ਰਾਣ

ਸ. ਆਤਮ ਪ੍ਰਗਤੀ ਦੇ ਪੜਾਅ

## ਜੀਵਾਤਮਾ ਦਾ ਸੰਕਲਪ

### (ੳ) ਜੀਵਾਤਮਾ ਦਾ ਸਰੂਪ

ਗੁਰਬਾਣੀ ਵਿਚ ਜੀਵਾਤਮਾ ਦਾ ਅਵਿਅਕਤ ਅਤੇ ਵਿਅਕਤ ਦੋਹਾਂ ਰੂਪਾਂ ਵਿਚ ਵਰਣਨ ਕੀਤਾ ਗਿਆ ਹੈ। ਬ੍ਰਹਮ ਦੀ ਤਰ੍ਹਾਂ ਆਤਮਾ ਵੀ ਅਪ੍ਰਗਟ, ਨਿਰਾਕਾਰ ਅਤੇ ਅਵਿਅਕਤ ਹੈ। ਜਦੋਂ ਅੰਤਹਕਰਣ ਆਤਮਾ ਨੂੰ ਸੀਮਤ ਕਰ ਦੇਂਦਾ ਹੈ ਅਤੇ ਵਿਅਕਤੀਤਵ ਦੀ ਹੋਂਦ ਸਥਾਪਿਤ ਹੁੰਦੀ ਹੈ ਤਾਂ ਇਸ ਨੂੰ ਜੀਵ ਕਿਹਾ ਜਾਂਦਾ ਹੈ। ਇਹ ਵਿਅਕਤ ਰੂਪ ਹੈ। ਨਾਮਰੂਪਧਾਰੀ ਆਦਮੀ ਹੀ ਜੀਵ ਹੈ। ਜੀਵਾਤਮਾ ਪਰਮਾਤਮਾ ਦਾ ਅੰਸ਼ ਹੈ ਪਰੰਤੂ ਮਾਇਆ ਵਸ ਪਿਆ ਉਹ ਕਰਮ ਫਲ ਭੋਗਣ ਲਈ ਆਵਾਗਵਨ ਵਿਚ ਪਿਆ ਹੈ।

ਆਤਮਾ ਲਈ ਅੰਗ੍ਰੇਜ਼ੀ ਵਿਚ soul ਸ਼ਬਦ ਦਾ ਪ੍ਰਯੋਗ ਹੋਇਆ ਹੈ, ਜਿਸ ਦਾ ਬੁਨਿਆਦੀ ਅਰਥ ਅਜੇਹੀ ਹਸਤੀ (ਹੋਂਦ) ਲਿਆ ਜਾਂਦਾ ਸੀ ਜੋ ਜਿਸਮਾਨੀ ਜ਼ਿੰਦਗੀ ਅਤੇ ਪ੍ਰਾਣਧਾਰੀ ਦੀਆਂ ਹਰਕਤਾਂ ਦਾ ਕਾਰਨ ਹੈ। ਆਤਮਾ ਨੂੰ ਭੌਤਿਕ ਤੱਤ ਦੇ ਉਲਟ ਅਧਿਆਤਮਕ ਤੱਤ ਦੀ ਸ਼ਕਲ ਵਿਚ ਹੀ ਪਰਵਾਨ ਕੀਤਾ ਗਿਆ ਹੈ ਜਿਸ ਨਾਲ ਆਤਮਾ ਅਤੇ ਸਰੀਰ ਦਾ ਅੰਤਰ ਸਪਸ਼ਟ ਹੁੰਦਾ ਸੀ।[1]

ਭਾਈ ਕਾਨ੍ਹ ਸਿੰਘ ਨਾਭਾ ਨੇ ਆਤਮਾ ਦੇ ਅਰਥ ਇਸ ਤਰ੍ਹਾਂ ਦਿੱਤੇ ਹਨ:

'ਆਤਮਾ' ਜਿਸ ਦੁਆਰਾ ਜਾਣੀਏ, ਗਿਆਨ ਦਾ ਆਧਾਰ ਰੂਪ ਅਥਵਾ ਜਿਸ ਨੂੰ ਗੁਰ ਉਪਦੇਸ਼ ਅਤੇ ਉੱਤਮ ਗ੍ਰੰਥਾਂ ਤੋਂ ਜਾਣੀਏ, ਜੀਵਾਤਮਾ, ਰੂਹ, ਇਹ ਪ੍ਰਾਣੀਆਂ ਵਿਚ ਉਹ ਤੱਤ ਹੈ ਜੋ ਅਨੇਕ ਚੇਸ਼ਟਾ ਦਾ ਕਾਰਨ ਹੈ। ਮਨੁੱਖਾਂ ਵਿਚ ਇਹ ਉਹ ਹਸਤੀ ਹੈ ਜਿਸ ਤੋਂ 'ਮੈਂ' ਮੇਰੀ ਦਾ ਬੋਧ ਹੁੰਦੀ ਹੈ। ਕਿਸੇ ਨੇ ਇਸ ਦਾ ਨਿਵਾਸ ਹਿਰਦੇ ਵਿਚ, ਕਿਸੇ ਨੇ ਦਿਮਾਗ਼ ਵਿਚ ਅਤੇ ਕਿਸੇ ਨੇ ਸਰਵਥਾ ਪੂਰਣ ਮੰਨਿਆ ਹੈ। ਇਸ ਦੇ ਕਈ ਸ਼ਬਦਿਕ ਅਰਥ ਹਨ - ਪਰਮਾਤਮਾ, ਪਾਰਬ੍ਰਹਮ, ਜੀਵਾਤਮਾ, ਅੰਤਹਕਰਣ, ਮਨ, ਚਿੱਤ, ਸੁਭਾਉ, ਸਰੀਰ, ਦੇਹ, ਧੀਰਜ, ਬੁੱਧੀ ਆਦਿ।[2]

ਗੁਰਬਾਣੀ ਵਿਚ ਜੀਵਾਤਮਾ ਲਈ ਜੀਵ, ਜੀਉ ਤੇ ਜੀਅ, ਜਾਨ, ਜੀਵਨ ਪ੍ਰਾਣੀ, ਜੀਅੜਾ, ਜੀਆ ਜੀਅੜਾ, ਜੀ ਜਿੰਦੜੀਏ, ਜੰਤੂ ਆਦਿ ਸ਼ਬਦ ਰੂਪ ਉਪਲਬਧ ਹਨ। ਜਿਵੇਂ:

---

1. Encyclopedia of Religion & Ethics, Vol. II, page 725.
2. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 73

ਜੀਵ: ਜੀਵ ਜਿਤੇ ਜਲਮੇ ਥਲ ਮੇ॥ [1]

ਜੀਅਰਾ: ਮਰਣਹਾਰੁ ਇਹੁ ਜੀਅਰਾ ਨਾਹੀ॥ [2]

ਜੀਆ: ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਇ ਜੀਉ॥ [3]

ਜੀਅੜਾ: ਜੀਅੜਾ ਅਗਨਿ ਬਰਾਬਰ ਤਪੈ ਭੀਤਰਿ ਵਗੈ ਕਾਤੀ॥ [4]

ਜੀਉ: ਨਾ ਜੀਉ ਮਰੈ ਨ ਮਾਰਿਆ ਜਾਇ॥ [5]

ਜਿੰਦੜੀਏ: ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੜੀਏ॥ [6]

ਕਿਆ ਵਿਚਾਰਾ ਜੰਤੂ ਜਾ ਆਪਿ ਭੁਲਾਇਆ॥ [7]

ਗੁਰਬਾਣੀ ਬ੍ਰਹਮ ਅਤੇ ਜੀਵਾਤਮਾ ਨੂੰ ਇਕ ਮੰਨਦੀ ਹੈ। ਜੀਵਾਤਮਾ ਪਰਮਾਤਮਾ ਦਾ ਅੰਸ਼ ਹੈ। ਬ੍ਰਹਮ ਵਿਚ ਆਤਮਾ ਅਤੇ ਆਤਮਾ ਵਿਚ ਬ੍ਰਹਮ ਹੈ। ਗੁਰਬਾਣੀ ਵਿਚ ਇਸ ਭਾਵ ਦੀਆਂ ਅਨੇਕਾਂ ਤੁਕਾਂ ਮਿਲਦੀਆਂ ਹਨ। ਕੁਝ ਇਹ ਹਨ:

1. ਆਤਮਾ ਪਰਮਾਤਮਾ ਏਕੋ ਕਰੈ॥
   ਅੰਤਰਿ ਕੀ ਦੁਬਿਧਾ ਅੰਤਰਿ ਮਰੈ॥ [8]
2. ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥ [9]
3. ਆਤਮ ਰਾਮੁ ਰਾਮ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ॥ [10]
4. ਅਚਰਜ ਕਥਾ ਮਹਾ ਅਨੂਪ॥
   ਪ੍ਰਾਤਮਾ ਪਾਰਬ੍ਰਹਮ ਕਾ ਰੂਪ॥ [11]
5. ਤਤੁ ਨਿਰੰਜਨ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥ [12]
6. ਬ੍ਰਹਮ ਮਹਿ ਜਨੁ ਜਨ ਮਹਿ ਪਾਰ ਬ੍ਰਹਮੁ॥
   ਏਕਹਿ ਆਪਿ ਨਹੀ ਕਛੁ ਭਰਮੁ॥ [13]

---

1. ਅਕਾਲ ਉਸਤਤਿ ਪਾਤਸ਼ਾਹੀ 10
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 188
3. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 599
4. ਗਉੜੀਚੇਤੀ ਮਹਲਾ 1, ਗੁਰੂ ਗ੍ਰੰਥ, ਪੰਨਾ 156
5. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1026
6. ਬਿਹਾਗੜਾ ਮਹਲਾ 4, ਗੁਰੂ ਗ੍ਰੰਥ, ਪੰਨਾ 537
7. ਜੈਤਸਰੀ ਮਹਲਾ 5, ਗੁਰੂ ਗ੍ਰੰਥ, ਪੰਨਾ 707
8. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 661
9. ਭੈਰਉ ਮਹਲਾ 1, ਗੁਰੂ ਗ੍ਰੰਥ, ਪੰਨਾ 1153
10. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1030
11. ਗੋਂਡ ਮਹਲਾ 5, ਗੁਰੂ ਗ੍ਰੰਥ, ਪੰਨਾ 868
12. ਸੋਰਠ ਮਹਲਾ 5, ਗੁਰੂ ਗ੍ਰੰਥ, ਪੰਨਾ 599
13. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 287

ਬ੍ਰਹਮ ਵਾਂਗ ਆਤਮਾ ਅਬਿਨਾਸ਼ੀ ਅਤੇ ਅਮਰ ਹੈ, ਸੱਤ ਹੈ। ਪਰਮਾਤਮਾ ਦਾ ਰਚਿਆ ਇਹ ਜੀਵ ਕੇਵਲ ਮਰਦਾ ਹੀ ਨਹੀਂ ਸਗੋਂ ਮਾਰਿਆ ਵੀ ਨਹੀਂ ਜਾ ਸਕਦਾ। ਗੁਰੂ ਅਰਜਨ ਦੇਵ ਨੇ ਆਤਮਾ ਦਾ ਬੜਾ ਅਦਭੁੱਤ ਵਰਣਨ ਕੀਤਾ ਹੈ। ਆਤਮਾ ਨਾ ਬਿਨਸਣਹਾਰ ਹੈ ਨ ਚਲਣਹਾਰ। ਇਸ ਉਪਰ ਮੌਸਮ ਦਾ ਕੋਈ ਅਸਰ ਨਹੀਂ ਇਹ ਖੁਸ਼ੀ, ਗ਼ਮੀ, ਪਾਪ ਪੁੰਨ ਤੋਂ ਨਿਰਲੇਪ ਹੈ। ਗੁਰੂ ਅਰਜਨ ਸਾਹਿਬ ਲਿਖਦੇ ਹਨ:

1. ਨਾ ਇਹੁ ਬੂਢਾ ਨਾ ਇਹੁ ਬਾਲਾ॥
ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ॥
ਆਦਿ ਜੁਗਾਦੀ ਰਹਿਆ ਸਮਾਇ॥
ਨਾ ਇਸੁ ਉਸਨੁ ਨਹੀ ਇਸੁ ਸੀਤੁ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ॥
ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥
ਨਾ ਇਸੁ ਬਾਪੁ ਨਹੀ ਇਸੁ ਮਾਇਆ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥
ਘਟ ਘਟ ਅੰਤਰਿ ਸਦ ਹੀ ਜਾਗੈ॥[1]

2. ਮਰਣ ਹਾਰੁ ਇਹੁ ਜੀਅਰਾ ਨਾਹੀ॥[2]

ਇਸ ਤਰ੍ਹਾਂ ਗੁਰਬਾਣੀ ਵਿਚ ਜੀਵ ਤੇ ਪਰਮਾਤਮਾ ਨੂੰ ਇਕ ਮੰਨਿਆ ਹੈ। ਉਸ ਵਿਚ ਉਨ੍ਹਾਂ ਗੁਣਾਂ ਦੀ ਕਲਪਨਾ ਵੀ ਕੀਤੀ ਹੈ, ਜੋ ਬ੍ਰਹਮ ਵਿਚ ਵਰਤਮਾਨ ਹਨ। ਜਿਵੇਂ:

1. ਤੋਹੀ ਮੋਹੀ, ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਕ ਜਲ ਤਰੰਗ ਜੈਸਾ॥[3]
2. ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥[4]
5. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ॥[5]
4. ਜਲ ਤਰੰਗੁ ਜਿਉ ਜਲਹਿ ਸਮਾਇਆ॥[6]

---

1. ਗੋਂਡ ਮਹਲਾ 5, ਗੁਰੂ ਗ੍ਰੰਥ, ਪੰਨਾ 868
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 188
3. ਸਿਰੀ ਰਵਿਦਾਸ, ਗੁਰੂ ਗ੍ਰੰਥ, ਪੰਨਾ 93
4. ਬਿਲਾਵਲ ਮਹਲਾ 5, ਗੁਰੂ ਗ੍ਰੰਥ, ਪੰਨਾ 846
5. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 878
6. ਮਾਝ ਮਹਲਾ 5, ਗੁਰੂਗ੍ਰੰਥ, ਪੰਨਾ 102.

ਇਥੇ ਗੁਰਬਾਣੀ ਵਿਚ ਇਹ ਵੀ ਸਵੀਕਾਰ ਕੀਤਾ ਗਿਆ ਹੈ ਕਿ ਮਾਇਆ ਦੇ ਤ੍ਰੈਗੁਣ ਬੰਧਨਾਂ ਦੇ ਕਾਰਨ ਜੀਵ ਵਿਚ ਵਿਸ਼ੇ-ਵਿਕਾਰਾਂ ਦਾ ਜਨਮ ਹੁੰਦਾ ਹੈ। ਸਰੀਰ ਵਿਚ ਆ ਕੇ ਬ੍ਰਹਮ ਦਾ ਇਕ ਰੂਪ ਤਾਂ ਭੋਗ-ਵਿਲਾਸ ਵਿਚ ਪਿਆ ਹੋਇਆ ਸੁਖ ਦੁੱਖ ਦਾ ਅਨੁਭਵ ਕਰਦਾ ਹੈ। ਦੂਸਰਾ ਰੂਪ ਇਸ ਤੋਂ ਨਿਰਲੇਪ ਰਹਿੰਦਾ ਹੈ ਅਤੇ ਉਹ ਸਿਰਫ਼ ਆਪਣੇ ਅੰਸ਼ ਦੀ ਗਤੀ ਨੂੰ ਦੇਖਦਾ ਹੀ ਹੈ:

ਏਕਾ ਸੇਜ ਵਿਛੀ ਧਨ ਕੰਤਾ॥
ਧਨ ਸੂਤੀ ਪਿਰੁ ਸਦ ਜਾਗੰਤਾ॥
ਪੀਓ ਮਦਰੋ ਧਨ ਮਤਵੰਤਾ॥
ਧਨ ਜਾਗੈ ਜੇ ਪਿਰੁ ਬੋਲੰਤਾ॥[1]

ਪਰਮ ਤੱਤ ਮਾਇਆ ਨੂੰ ਰਚਦਾ ਜ਼ਰੂਰ ਹੈ ਪਰ ਉਹ ਇਸ ਦੇ ਪ੍ਰਭਾਵ ਤੋਂ ਮੁਕਤ ਹੈ। ਜੀਵ ਅਹੰਕਾਰ ਵਸ ਪ੍ਰਭੂ ਤੋਂ ਵਿਛੜ ਜਾਂਦਾ ਹੈ ਤਾਂ ਉਸ ਦੀ ਹਾਲਤ ਤਰਸਯੋਗ ਹੋ ਜਾਂਦੀ ਹੈ। ਪਰਮਾਤਮਾ ਨੂੰ ਕੋਈ ਫਰਕ ਨਹੀਂ ਪੈਂਦਾ, ਉਹ ਪੂਰਨ ਹੀ ਰਹਿੰਦਾ ਹੈ। ਉਹ ਜੀਵ ਪੈਦਾ ਕਰਕੇ ਉਨ੍ਹਾਂ ਵਿਚ ਸਮਾ ਜਾਂਦਾ ਹੈ ਅਤੇ ਜਦੋਂ ਚਾਹੇ ਉਹ ਜੀਵ ਨੂੰ ਆਪਣੇ ਵਿਚ ਸਮੇਟ ਲਵੇ:

1. ਤੂ ਦਰੀਆਉ ਦਾਨਾ ਬੀਨਾ ਮੈ ਮਛਲੀ ਕੈਸੇ ਅੰਤੁ ਲਹਾ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ॥[2]

2. ਸੇ ਕੂਟ ਕਾਵਹਿ ਸਾਚੇ ਭਾਵਹਿ॥
ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ॥[3]

3. ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ॥[4]

ਜੀਵਾਤਮਾ ਆਪਣੇ ਕਰਮਾਂ ਕਾਰਨ ਆਵਾਗਵਨ ਵਿਚ ਹੈ। ਪਰ ਬ੍ਰਹਮ ਕਾਲ ਤੋਂ ਉਪਰ ਹੈ, ਸੋ ਜੀਵ ਬ੍ਰਹਮ ਵਾਂਗ ਸਤਿ ਨਹੀਂ ਜੀਵ ਕਾਲ-ਵਸ ਹੈ:

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥[5]

---

1. ਸੂਹੀ ਮਹਲਾ 5, ਗੁਰੂ ਗ੍ਰੰਥ, ਪੰਨਾ 737
2. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 25
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1035
4. ਗਉੜੀ ਮਹਲਾ 3, ਗੁਰੂ ਗ੍ਰੰਥ, ਪੰਨਾ 162
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 474

ਜੀਵ ਚਾਹੇ ਪਾਰਬ੍ਰਹਮ ਤੋਂ ਹੀ ਹੈ ਪਰ ਉਹ ਸੀਮਤ ਸ਼ਕਤੀਆਂ ਦਾ ਸੁਆਮੀ ਹੈ। ਉਹ ਤਾਂ ਪਰਮਾਤਮਾ ਦਾ ਕੀਤਾ ਹੋਇਆ ਹੈ ਸੋ ਉਹ ਆਪਣੇ ਉਪਰ ਹੀ ਅਭਿਮਾਨ ਕਰ ਸਕਦਾ ਹੈ। ਜੀਵ ਤਾਂ ਉਸਦੇ ਹੁਕਮ ਦਾ ਬੱਧਾ ਹੈ। ਸੋ ਜੀਵਾਤਮਾ ਬ੍ਰਹਮ ਦੀ ਤਰ੍ਹਾਂ ਪਰਿਪੂਰਣ ਸਰਬ-ਸਮਰੱਥ ਸਤਿ ਨਹੀਂ।

1. ਕੀਤਾ ਕਹਾ ਕਰੇ ਮਨਿ ਮਾਨੁ॥
ਦੇਵਣਹਾਰੇ ਕੈ ਹਥਿ ਦਾਨੁ॥
ਭਾਵੈ ਦੇਇ ਨ ਦੇਈ ਸੋਇ॥
ਕੀਤੇ ਕੈ ਕਹਿਐ ਕਿਆ ਹੋਇ॥[1]

2. ਹੁਕਮੀ ਹੋਵਨਿ ਜੀਅ॥[2]

3. ਮਾਰੈ ਰਾਖੈ ਏਕੋ ਆਪਿ॥
ਮਾਨੁਖ ਕੈ ਕਿਛੁ ਨਾਹੀ ਹਾਥਿ॥[3]

4. ਤਰਵਰੁ ਕਾਇਆ ਪੰਖਿ,ਮਨੁ ਤਰਵਰਿ ਪੰਖੀ ਪੰਚ॥
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ॥[4]

ਗੁਰਬਾਣੀ ਵਿਚ ਦੋ ਪੰਛੀਆਂ ਦਾ ਵਿਚਾਰ ਹੈ ਜੋ ਸਰੀਰ ਰੂਪੀ ਰੁੱਖ ਤੇ ਬੈਠੇ ਹਨ। ਜਿਹੜੇ ਵਾਹਿਗੁਰੂ ਨਾਮ ਦਾ ਤੱਤ ਚੁਗਦੇ ਹਨ ਉਨ੍ਹਾਂ ਨੂੰ ਫਾਹੀ ਨਹੀਂ ਪੈਂਦੀ। ਉਪਰੋਕਤ ਵਰਣਨ ਤੋਂ ਪਤਾ ਚਲਦਾ ਹੈ ਕਿ ਜੀਵ ਬ੍ਰਹਮ ਦੀ ਅੰਸ਼ ਹੋਣ ਕਾਰਨ ਸਤਿ ਹੈ ਪ੍ਰੰਤੂ ਜੀਵਾਤਮਾ ਮਾਇਆ ਵਸ ਬ੍ਰਹਮ ਤੋਂ ਵਿਛੜ ਜਾਂਦੀ ਹੈ,ਆਵਾਗਵਨ ਵਿਚ ਪਈ ਰਹਿੰਦੀ ਹੈ,ਹੰਕਾਰ ਦਾ ਪਰਦਾ ਹਟਣ ਨਾਲ ਹੀ ਬ੍ਰਹਮ ਨਾਲ ਅਭੇਦ ਹੋ ਸਕਦੀ ਹੈ। ਸੋ ਜੀਵਾਤਮਾ ਪਰਮਾਤਮਾ ਦੀ ਤਰ੍ਹਾਂ ਸਤਿ ਨਹੀਂ। ਡਾ:ਸੁਰਿੰਦਰ ਸਿੰਘ ਕੋਹਲੀ ਇਸ ਬਾਰੇ ਲਿਖਦੇ ਹਨ 'ਜੀਵਾਤਮਾ' ਸੀਮਤ ਹੈ ਪ੍ਰੰਤੂ ਬ੍ਰਹਮ ਅਸੀਮ ਹੈ। ਪ੍ਰਕ੍ਰਿਤੀ ਦੇ ਪਿਛੋਕੜ ਵਿਚ ਦੋਵੇਂ ਪੁਰਸ਼ ਅਖਵਾਉਂਦੇ ਹਨ। ਪਰੰਤੂ ਜਿਥੇ ਪਾਰਬ੍ਰਹਮ ਪ੍ਰਕ੍ਰਿਤੀ ਦਾ ਸਿਰਜਣਹਾਰ ਹੈ ਅਤੇ ਇਸ ਲਈ ਪ੍ਰਕ੍ਰਿਤੀ ਦੇ ਪ੍ਰਭਾਵ ਤੋਂ ਮੁਕਤ ਹੈ,ਉਥੇ ਜੀਵਾਤਮਾ ਪ੍ਰਕ੍ਰਿਤੀ ਵਿਚ ਲਿਪਤ ਰਹਿੰਦੀ ਹੈ,ਇਸ ਲਈ ਜਨਮ ਮਰਨ ਦੇ ਗੇੜ ਵਿਚ ਫਿਰਦਾ ਹੈ।[5] ਡਾ:ਮਨਮੋਹਨ ਸਹਿਗਲ ਦੇ ਵਿਚਾਰ ਵੀ ਇਸ ਨਾਲ ਮਿਲਦੇ

---

1. ਸਿਰੀ ਮਹਲਾ 1,ਗੁਰੂ ਗ੍ਰੰਥ,ਪੰਨਾ 25
2. ਜਪੁ,ਗੁਰੂਗ੍ਰੰਥ,ਪੰਨਾ 2
3. ਗਉੜੀ ਮਹਲਾ 5,ਗੁਰੂ ਗ੍ਰੰਥ,ਪੰਨਾ 281
4. ਰਾਮਕਲੀ ਮਹਲਾ 1,ਗੁਰੂ ਗ੍ਰੰਥ,ਪੰਨਾ 934
5. Dr.Surinder Singh Kohli,Outlines of Sikh Thoughts,page 27

ਜੁਲਦੇ ਹਨ - ਉਹ ਲਿਖਦੇ ਹਨ ਜੀਵ ਪਰਮਾਤਮਾ ਦਾ ਅੰਸ਼ ਹੈ। ਪਰੰਤੂ ਅਵਿੱਦਿਆ ਦੇ ਅਨ੍ਹੇਰੇ ਵਿਚ ਆਪਣੀ ਜੋਤਿ ਨੂੰ ਗਵਾ ਕੇ ਮਣੀ-ਹੀਣੇ ਸੱਪ ਵਾਂਗ ਭਟਕ ਰਿਹਾ ਹੈ।.....ਜੀਵ ਪਰਮਾਤਮਾ ਦਾ ਅੰਸ਼ ਹੁੰਦਾ ਹੋਇਆ ਵੀ ਪਰਮਾਤਮਾ ਤੋਂ ਭਿੰਨ ਹੈ ਕਿਉਂਕਿ ਉਸ ਦੀਆਂ ਸ਼ਕਤੀਆਂ ਸੀਮਤ ਹਨ, ਉਹ ਖ਼ਾਲਸ ਚੇਤਨਤਾ ਨਹੀਂ ਰਹਿ ਗਿਆ, ਭੌਤਿਕ ਸਰੀਰ ਵਿਚ ਦਾਖ਼ਲ ਹੋਣ ਕਰਕੇ ਉਸਦੀ ਪ੍ਰਵਿਰਤੀ ਪਦਾਰਥਕ ਕ੍ਰਿਆਵਾਂ ਵਲ ਹੁੰਦੀ ਹੈ।[1]

ਡਾ: ਸ਼ੇਰ ਸਿੰਘ ਅਤੇ ਭਾਈ ਜੋਧ ਸਿੰਘ ਦੇ ਵਿਚਾਰ ਵੀ ਇਸ ਬਾਰੇ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ:

ਜੀਵਾਤਮਾ ਪਰਮਾਤਮਾ ਦਾ ਅੰਸ਼ ਹੈ। ਜੀਵਾਤਮਾ ਆਪਣੀ ਮੌਜੂਦਾ ਹਾਲਤ ਵਿਚ ਪਰਮਾਤਮਾ ਨਹੀਂ ਹੈ। ਭਾਵੇਂ ਗੁਰਬਾਣੀ ਵਿਚ ਬਹੁਤ ਸਾਰੀਆਂ ਤੁਕਾਂ ਦਾ ਭਾਵ ਇਹ ਹੈ ਕਿ ਜੀਵਾਤਮਾ ਤੇ ਪਰਮਾਤਮਾ ਵਿਚ ਭੇਦ ਨਹੀਂ, ਪਰ ਅਭੇਦਤਾ ਦੇ ਦਰਸਾਏ ਗਏ ਅਨੇਕਾਂ ਤੇ ਦ੍ਰਿਸ਼ਟਾਂਤਾਂ ਤੋਂ ਫ਼ਰਕ ਵੀ ਸਪਸ਼ਟ ਹੈ। ਸਾਗਰ ਤੇ ਲਹਿਰ ਵਿਚ ਜੋ ਫ਼ਰਕ ਹੈ ਉਹੀ ਪਰਮਾਤਮਾ ਤੇ ਆਤਮਾ ਵਿਚ ਫ਼ਰਕ ਹੈ। ਜਿਵੇਂ ਸਾਗਰ ਤੇ ਲਹਿਰ ਵਿਚ ਫ਼ਰਕ ਵੀ ਹੈ ਅਤੇ ਇਕ ਵੀ ਹਨ।[2]

ਭਾਈ ਜੋਧ ਸਿੰਘ ਲਿਖਦੇ ਹਨ, ਕਈ ਕਹਿੰਦੇ ਹਨ ਕਿ ਇਹ ਆਤਮਾ ਹੀ ਬ੍ਰਹਮ ਹੈ। ਗੁਰੂ ਸਾਹਿਬਾਨ ਇਹ ਨਹੀਂ ਮੰਨਦੇ ਕਿ ਜੀਵ ਜਿਸ ਹਾਲਤ ਵਿਚ ਹੈ, ਇਹ ਬ੍ਰਹਮ ਹੈ। ਇਸ ਨੂੰ ਨਿਰੰਕਾਰ ਨੇ ਆਪਣੀ ਜੋਤ ਵਿਚੋਂ ਪੈਦਾ ਕੀਤਾ ਹੈ, ਇਹ ਬ੍ਰਹਮ ਰੂਪ ਹੋ ਸਕਦਾ ਹੈ। ਪਰ ਨਿਰੰਕਾਰ ਪੂਰਾ ਹੈ ਤੇ ਜੀਵ ਊਰਾ ਹੈ।[3]

ਗੁਰਬਾਣੀ ਵਿਚ ਜਿਥੇ ਜੀਵਾਤਮਾ ਨੂੰ 'ਸੋ ਪ੍ਰਭੁ ਦੂਰਿ ਨਹੀਂ ਪ੍ਰਭੁ ਤੂੰ ਹੈ॥[4]

ਅਤੇ

ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ॥
ਕਹੁ ਨਾਨਕ ਕੁੰਭੁ ਜਲੈ ਮਾਹਿ ਡਾਰਿਓ ਅੰਭੈ ਅੰਭ ਮਿਲੋ॥[5]

---

1. ਡਾ: ਮਨਮੋਹਨ ਸਹਿਗਲ, ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ, ਪੰਨਾ 138-140.
2. ਡਾ: ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 252
3. ਭਾਈ ਜੋਧ ਸਿੰਘ, ਗੁਰਮਤ ਨਿਰਣਯ, ਪੰਨਾ 41
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 354
5. ਸਾਰੰਗ ਮਹਲਾ 5, ਗੁਰੂ ਗ੍ਰੰਥ, ਪੰਨਾ 1203

ਉਸੇ ਨਾਲ ਹੀ ਪਰਮਾਤਮਾ ਨੂੰ ਇਸ ਤਰ੍ਹਾਂ ਸੰਬੋਧਨ ਕਰਕੇ ਬ੍ਰਹਮ ਸਰਬ-ਉਚਤਾ ਵੀ ਦੱਸੀ ਹੈ:

ਤੂ ਪੂਰਾ ਹਮ ਊਰੇ ਹੋਛੇ॥
ਤੂ ਗਉਰਾ ਹਮ ਹਉਰੇ।[1]

ਗੁਰਬਾਣੀ ਦੀ ਤਰ੍ਹਾਂ ਉਪਨਿਸ਼ਦਾਂ ਵਿਚ ਵੀ ਆਤਮਾ ਪਰਮਾਤਮਾ ਨੂੰ ਇਕ ਮੰਨਿਆ ਹੈ। ਮਾਇਆ ਕਾਰਨ ਆਤਮਾ ਵੱਖ ਪ੍ਰਤੀਤ ਹੁੰਦੀ ਹੈ ਅਤੇ ਆਵਾਗਵਣ ਦੇ ਚੱਕਰ ਵਿਚ ਹੈ ਜਦੋਂ ਪਰਮਾਤਮਾ ਦੀ ਪਛਾਣ ਹੁੰਦੀ ਹੈ ਤਾਂ ਜੀਵਾਤਮਾ ਹਨੇਰੇ ਤੋਂ ਚਾਨਣੇ ਵੱਲ ਚਲੀ ਜਾਂਦੀ ਹੈ।

ਮੁੰਡਕ ਉਪਨਿਸ਼ਦ(2.1.1) ਵਿਚ ਅੱਗ ਅਤੇ ਚਿਣਗ ਦੇ ਉਪਮਾਨ ਦੁਆਰਾ ਸਪਸ਼ਟ ਕੀਤਾ ਗਿਆ ਹੈ ਕਿ ਜਿਵੇਂ ਅਗਨੀ ਤੋਂ ਹਜ਼ਾਰਾਂ ਚਿੰਗਾਰੀਆਂ ਉਤਪੰਨ ਹੁੰਦੀਆਂ ਹਨ, ਇਸੇ ਤਰ੍ਹਾਂ ਪਰਮਾਤਮਾ ਤੋਂ ਹਜ਼ਾਰਾਂ ਜੀਵ ਪੈਦਾ ਹੁੰਦੇ ਹਨ ਅਤੇ ਫੇਰ ਉਸੇ ਵਿਚ ਲੀਨ ਹੋ ਜਾਂਦੇ ਹਨ।[2] ਕਠ ਉਪਨਿਸ਼ਦ(1.2.18) ਅਨੁਸਾਰ ਆਤਮਾ ਨ ਜਨਮ ਲੈਂਦਾ ਹੈ, ਨਾ ਮਰਦਾ ਹੈ, ਉਹ ਤਾਂ ਨਿੱਤ ਹੈ। ਉਹ ਸਰੀਰ ਦੇ ਨਸ਼ਟ ਹੋ ਜਾਣ ਤੇ ਵੀ ਨਹੀਂ ਮਰਦਾ। ਬ੍ਰਿਹਦਾਰਣਕ ਉਪਨਿਸ਼ਦ (2.5.19) ਵਿਚ ਮਿਲਦਾ ਹੈ ਕਿ ਭਗਵਾਨ ਇਸ ਵਿਸ਼ਵ ਰੂਪ ਵਿਚ ਆਪ ਵਿਦਮਾਨ ਹੋ ਗਿਆ। ਆਤਮਾ ਇੰਦਰੀਆਂ ਵਸ ਬਹੁ-ਰੂਪ ਪ੍ਰਤੀਤ ਹੁੰਦੀ ਹੈ ਅਤੇ ਅਨੇਕ ਜਨਮਾਂ ਨੂੰ ਪ੍ਰਾਪਤ ਕਰਦੀ ਹੈ।

ਮੁੰਡਕ ਉਪਨਿਸ਼ਦ(3.1.1) ਵਿਚ ਆਤਮਾ ਪਰਮਾਤਮਾ ਨੂੰ ਸਖਾਭਾਵ ਵਾਲੇ ਦੋ ਪੰਛੀ ਦੱਸਿਆ ਹੈ ਜੋ ਇਕ ਦਰੱਖਤ ਤੇ ਰਹਿੰਦੇ ਹਨ। ਉਨ੍ਹਾਂ ਵਿਚੋਂ ਇਕ ਤਾਂ ਉਸ ਬ੍ਰਿਛ ਦੇ ਕਰਮ ਫਲਾਂ ਦਾ ਸਵਾਦ ਲੈਂਦਾ ਹੈ ਅਤੇ ਦੂਸਰਾ ਨ ਖਾਂਦਾ ਹੋਇਆ ਕੇਵਲ ਦੇਖਦਾ ਹੈ।

ਕਠ ਉਪਨਿਸ਼ਦ(1.3.1) ਅਨੁਸਾਰ ਆਤਮਾ ਅਤੇ ਪਰਮਾਤਮਾ ਨੂੰ ਪਰਛਾਵੇਂ ਤੇ ਪ੍ਰਕਾਸ਼ ਵਾਂਗ ਦੱਸਿਆ ਹੈ। ਜਿਵੇਂ ਪ੍ਰਕਾਸ਼ ਵਿਚ ਪਰਛਾਵੇਂ ਦਾ ਅਭਾਵ ਹੋ ਜਾਂਦਾ ਹੈ, ਇਸੇ ਤਰ੍ਹਾਂ ਜੀਵਾਤਮਾ

---

1. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 597.
2. ਗੁਰਬਾਣੀ ਵਿਚ ਜਲ ਅਤੇ ਤਰੰਗ ਦਾ ਅਲੰਕਾਰ ਵਰਤ ਕੇ ਇਸ ਭਾਵ ਨੂੰ ਸਪਸ਼ਟ ਕੀਤਾ ਹੈ:

   ਜਲ ਤੇ ਉਠੀ ਤਰੰਗ ਜਿਉ-
   ਜਲ ਹੀ ਮਾਂਹਿ ਸਮਾਇ॥

   ਗੁਰੂ ਗੋਬਿੰਦ ਸਿੰਘ ਜੀ ਨੇ ਅੱਗ ਅਤੇ ਚੰਗਿਆੜੀ ਦਾ ਅਲੰਕਾਰ ਵੀ ਵਰਤਿਆ ਹੈ:

   ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ॥
   ਨਿਆਰੇ ਨਿਆਰੇ ਹੋਇ ਕੇ ਫਿਰ ਆਗ ਮਹਿ ਸਮਾਏ ਹੈ॥
   ਦਸਮ ਗ੍ਰੰਥ

ਪਰਮਾਤਮਾ ਦੇ ਮਿਲਾਪ ਨਾਲ ਅਹੰਕਾਰ ਦਾ ਹਨੇਰਾ ਖ਼ਤਮ ਹੋ ਜਾਂਦਾ ਹੈ ਅਤੇ ਪ੍ਰਕਾਸ਼ ਹੋ ਜਾਂਦਾ ਹੈ। ਕਠ ਉਪਨਿਸ਼ਦ(6.5) ਜਿਵੇਂ ਸ਼ੀਸ਼ੇ ਵਿਚ ਮੂੰਹ ਦਿਸਦਾ ਹੈ ਇਸੇ ਤਰ੍ਹਾਂ ਆਪਣੇ ਆਪ ਵਿਚ ਪਰਮਾਤਮਾ ਦਿਸਦਾ ਹੈ। ਆਤਮ ਗਿਆਨੀ ਆਪਣੇ ਹਿਰਦੇ ਵਿਚ ਹਰੀ ਦਰਸ਼ਨ ਕਰਦੇ ਹਨ। ਕਠ ਉਪਨਿਸ਼ਦ(5.1) ਵਿਚ ਜੀਵਾਤਮਾ ਨੂੰ ਦੇਹਪੁਰੀ ਵਿਚ ਰਹਿਣ ਅਤੇ ਮੁਕਤ ਹੋਣ ਵਾਲਾ ਹੰਸ ਕਿਹਾ ਹੈ। ਸ੍ਵੇਤਾਸ਼੍ਵਤਰ ਉਪਨਿਸ਼ਦ(2.19) ਵਿਚ ਲਿਖਿਆ ਹੈ ਕਿ ਆਤਮਾ ਨ ਮਰਦਾ ਹੈ ਨ ਮਾਰਿਆ ਜਾ ਸਕਦਾ ਹੈ।

ਮੈਤਰੀਯ ਉਪਨਿਸ਼ਦ(2.4) ਵਿਚ ਆਤਮਾ ਦੇ ਲੱਛਣ ਦਸਦੇ ਹੋਏ ਉਸ ਨੂੰ ਸਰੀਰ ਦਾ ਚਾਲਕ ਵੀ ਕਿਹਾ ਹੈ।[1]

ਸ੍ਵੇਤਾਸ਼੍ਵਤਰ ਉਪਨਿਸ਼ਦ(5.8) ਵਿਚ ਜੀਵਾਤਮਾ ਦਾ ਆਕਾਰ ਅੰਗੂਠੇ ਜਿੰਨਾ ਦੱਸਿਆ ਹੈ।

## (ਅ) ਜੀਵਾਤਮਾ ਅਤੇ ਸਰੀਰ

ਸੰਸਾਰੀ ਜੀਵ ਨੂੰ ਆਪਣੇ ਕਰਮਾਂ ਨੂੰ ਭੋਗਣ ਲਈ ਜਨਮ ਲੈਣਾ ਪੈਂਦਾ ਹੈ ਅਤੇ ਸਰੀਰ ਧਾਰਦਾ ਹੈ। ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਇਸ ਨੂੰ ਪਿਤਾ ਦੇ ਵੀਰਜ ਅਤੇ ਮਾਤਾ ਦੀ ਰਜ ਦੁਆਰਾ ਹੋਤਾ ਦੱਸਿਆ ਗਿਆ ਹੈ;

1. ਪੰਚ ਤਤੁ ਮਿਲਿ ਕਾਇਆ ਕੀਨੀ॥[2]
2. ਪੰਚ ਤਤੁ ਮਿਲਿ ਇਹੁ ਤਨੁ ਕੀਆ॥[3]
3. ਬਿੰਦੁ ਰਕਤੁ ਮਿਲਿ ਪਿੰਡੁ ਸਰੀਆ॥
   ਪਉਣੁ ਪਾਣੀ ਅਗਨੀ ਮਿਲਿ ਜੀਆ॥
   ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ॥[4]

---

1. He indeed is pure, clean, void, mindless, endless, undecaying, steadfast, eternal, unborn, independent, By Him this body is set-up as possessing intelligence, He is driver of the body.
   Dr. Radhakrishnan, The Principal Upnishads, Maitri Upnishad, 2.4, p.801.
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1030
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1039
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1026

4. ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ॥[1]

ਇਹ ਸਰੀਰ ਹੱਡ ਮਾਸ ਅਤੇ ਨਾੜੀ ਦਾ ਪਿੰਜਰ ਹੈ। ਮਾਸ ਵਿਚ ਜੀਵ ਰਹਿੰਦਾ ਹੈ,ਮਾਸ ਤੋਂ ਹੀ ਜੰਮਦਾ ਹੈ:

ਪਹਿਲਾ ਮਾਸਹੁ ਨਿੰਮਿਆ,ਮਾਸੈ ਅੰਦਰਿ ਵਾਸੁ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥[2]

ਸਰੀਰ ਭਾਵੇਂ ਭੌਤਿਕ ਤੱਤਾਂ ਤੋਂ ਬਣੀ ਨਾਸ਼ਵਾਨ ਵਸਤੂ ਹੈ ਪਰੰਤੂ ਇਸ ਵਿਚ ਬ੍ਰਹਮ ਦੇ ਨਿਵਾਸ ਕਾਰਨ ਇਸ ਦਾ ਮਹੱਤਵ ਵੱਧ ਜਾਂਦਾ ਹੈ। ਇਹ ਦੇਹ ਹਰਿਮੰਦਰ ਹੈ। ਇਸ ਸਰੀਰ ਵਿਚ ਪ੍ਰਭ ਨੇ ਆਪਣੇ ਬੈਠਣ ਲਈ ਸੱਚੇ ਤਖ਼ਤ ਦੀ ਸਥਾਪਨਾ ਕੀਤੀ ਹੈ। ਗੁਰਬਾਣੀ ਵਿਚ ਆਉਂਦਾ ਹੈ:

1. ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ॥[3]

2. ਘਰੁ ਦਰੁ ਮੰਦਰੁ ਜਾਣੈ ਸੋਈ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ॥[4]

3. ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥[5]

4. ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥[6]

ਜੀਵਾਤਮਾ ਅਤੇ ਸਰੀਰ ਦਾ ਬੜਾ ਗੂੜ੍ਹਾ ਸੰਬੰਧ ਹੈ। ਜੀਵਾਤਮਾ ਅਤੇ ਸਰੀਰ ਦੇ ਸੰਬੰਧ ਨੂੰ ਗੁਰਬਾਣੀ ਵਿਚ ਜੋਗੀ ਪੁਰਖ ਅਤੇ ਸੁੰਦਰ ਇਸਤਰੀ ਦੇ ਰੂਪਕ ਦੁਆਰਾ ਸਪਸ਼ਟ

---

1. ਮਾਰੂ ਮਹਲਾ 1,ਗੁਰੂ ਗ੍ਰੰਥ,ਪੰਨਾ 1036
2. ਮਾਰੂ ਮਹਲਾ 1,ਗੁਰੂ ਗ੍ਰੰਥ,ਪੰਨਾ 1289
3. ਮਲਾਰ ਮਹਲਾ 1,ਗੁਰੂ ਗ੍ਰੰਥ,ਪੰਨਾ 1256
4. ਮਾਰੂ ਮਹਲਾ 1,ਗੁਰੂ ਗ੍ਰੰਥ,ਪੰਨਾ 1039
5. ਰਾਮਕਲੀ ਮਹਲਾ 3,ਗੁਰੂ ਗ੍ਰੰਥ,ਪੰਨਾ 121
6. ਮਾਰੂ ਮਹਲਾ 3,ਗੁਰੂ ਗ੍ਰੰਥ,ਪੰਨਾ 1059

ਕੀਤਾ ਹੈ। ਗੁਰੂ ਨਾਨਕ ਦੇਵ ਦਾ ਕਥਨ ਹੈ:

> ਕਾਇਆ ਕੰਮ ਪ੍ਰੀਤਿ ਬਹੁਧਾਰੀ॥ ਉਹ ਜੋਗੀ ਪੁਰਖੁ ਓਹ ਸੁੰਦਰ ਨਾਰੀ॥
> ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ॥[1]

ਗੁਰਬਾਣੀ ਵਿਚ ਸਰੀਰ ਤੇ ਜੀਵਾਤਮਾ ਦੇ ਪਤੀ ਪਤਨੀ ਦੇ ਰੂਪਕ ਦੁਆਰਾ ਵੀ ਸੰਬੰਧ ਦੱਸੇ ਹਨ। ਸਰੀਰ ਜੀਵਾਤਮਾ ਨੂੰ ਆਪਣੇ ਨਾਲ ਰਖਣਾ ਚਾਹੁੰਦਾ ਹੈ ਪਰ ਜੀਵਾਤਮਾ ਪ੍ਰਭੂ ਹੁਕਮ ਵਿਚ ਕੰਮ ਕਰਦੀ ਹੈ। ਗੁਰੂ ਅਰਜਨ ਦੇਵ ਦਸਦੇ ਹਨ:

> ਧਨ ਕਰੈ ਬਿਨਉ ਦੋਊ ਕਰ ਜੋਰੈ,
> ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ॥
> ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ॥
> ਪਿਰ ਕਹਿਆ ਹਉ ਹੁਕਮੀ ਬੰਦਾ॥
> ਓਹ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ॥
> ਜਿਚਰੁ ਰਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ॥[2]

ਗੁਰੂ ਨਾਨਕ ਦੇਵ ਨੇ ਸਰੀਰ ਨੂੰ ਰੱਥ ਕਿਹਾ ਹੈ:

> ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥[3]

ਡਾ:ਰਾਧਾਕ੍ਰਿਸ਼ਨਨ ਅਨੁਸਾਰ ਸਰੀਰ ਆਤਮਾ ਦਾ ਸੇਵਕ ਹੈ,ਪਿੰਜਰਾ ਨਹੀਂ।[4] ਸਰੀਰ ਦਾ ਮਹੱਤਵ ਤਦ ਤਕ ਹੀ ਹੈ ਜਦ ਤਕ ਇਸ ਵਿਚ ਜੀਵਾਤਮਾ ਹੈ। ਆਤਮਾ ਦੇ ਅਭਾਵ ਵਿਚ ਇਸ ਸਰੀਰ ਨੂੰ ਕੋਈ ਨਹੀਂ ਪੁੱਛਦਾ,ਇਹ ਮਿੱਟੀ ਹੈ। ਇਹ ਸਰੀਰ ਬੜਾ ਡਰਾਉਣਾ ਹੋ ਜਾਂਦਾ ਹੈ:

> ਉਨ ਕੈ ਸੰਗਿ ਤੂੰ ਕਰਤੀ ਕੇਲ॥ ਉਨਕੈ ਸੰਗਿ ਹਮ ਤੁਮ ਸੰਗਿ ਮੇਲ॥
> ਉਨ ਕੈ ਸੰਗਿ ਤੁਮ ਸਭੁ ਕੋਊ ਲੋਰੈ॥ ਓਸ ਬਿਨਾ ਕੋਊ ਮੁਖੁ ਨਹੀ ਜੋਰੈ॥
> ਤੇ ਬੈਰਾਗੀ ਕਹਾ ਸਮਾਏ? ਤਿਸ ਬਿਨ ਤੁਹੀ ਦੁਹੇਰੀ ਰੀ॥
> ਉਨਕੈ ਸੰਗਿ ਤੂੰ ਗ੍ਰਿਹ ਮਹਿ ਮਾਹਰ॥ ਉਨ ਕੈ ਸੰਗਿ ਤੂੰ ਹੋਈ ਹੈ ਜਾਹਰ॥
> ਉਨਕੈ ਸੰਗਿ ਤੂੰ ਰਖੀ ਪਪੋਲ॥ ਓਸ ਬਿਨ ਤੂੰ ਛੁਟਕੀ ਰੋਲ॥
> ਉਨਕੈ ਸੰਗਿ ਤੇਰਾ ਮਾਨ ਮਹਤ॥ ਉਨਕੈ ਸੰਗਿ ਤੁਮ ਸਾਕ ਜਗਤ॥

---

1. ਮਾਰੂ ਮਹਲਾ 1,ਗੁਰੂ ਗ੍ਰੰਥ,ਪੰਨਾ 1028
2. ਮਾਰੂ ਮਹਲਾ 5,ਗੁਰੂ ਗ੍ਰੰਥ,ਪੰਨਾ 1072
3. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 470
4. Dr.Radhakrishnan,Indian Philosophy,Vol.I,page 218.

ਉਨ ਕੈ ਸੰਗ ਤੇਰੀ ਸਭ ਬਿਧਿ ਬਾਟੀ॥ ਉਸ ਬਿਨਾ ਤੂ ਹੋਈ ਹੈ ਮਾਟੀ॥
ਓਹ ਬੈਰਾਗੀ ਮਰੈ ਨ ਜਾਇ॥ ਹੁਕਮੇ ਬਾਧਾ ਕਾਰ ਕਮਾਇ॥[1]

2. ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ॥
ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ॥[2]

ਸੋ ਸਰੀਰ ਅਤੇ ਆਤਮਾ ਜੜ੍ਹ ਅਤੇ ਚੇਤਨ ਅੰਸ਼ ਹਨ। ਜੜ੍ਹ ਸਰੀਰ ਨੂੰ ਜੀਵ ਹੀ ਚੇਤਨਾ ਪ੍ਰਦਾਨ ਕਰਦਾ ਹੈ। ਇਸੇ ਭਾਵ ਨੂੰ ਕਠ ਉਪਨਿਸ਼ਦ ਵਿਚ 'ਰੱਥ' ਦੇ ਰੂਪਕ ਦੁਆਰਾ ਸਪਸ਼ਟ ਕੀਤਾ ਹੈ।

ਕਠ ਉਪਨਿਸ਼ਦ(1.3.3) ਵਿਚ ਸਰੀਰ ਨੂੰ ਰੱਥ ਤੇ ਜੀਵਾਤਮਾ ਨੂੰ ਰਥੀ ਕਿਹਾ ਹੈ।

ਛੰਦੋਗਯ ਉਪਨਿਸ਼ਦ(8.12.1) ਵਿਚ ਕਿਹਾ ਹੈ ਸਰੀਰ ਨੂੰ ਮੌਤ ਜ਼ਰੂਰ ਵਿਆਪਦੀ ਹੈ ਪਰ ਇਹ ਮ੍ਰਿਤੂ ਰਹਿਤ ਆਤਮਾ ਦਾ ਸਹਾਰਾ ਹੈ।

ਈਸ਼ ਉਪਨਿਸ਼ਦ(17) ਅਨੁਸਾਰ ਜੀਵਾਤਮਾ ਅਵਿਨਾਸ਼ੀ ਵਸਤੂ ਹੈ। ਨਾਸ਼ ਸਰੀਰ ਹੁੰਦਾ ਹੈ। ਜੀਵਾਤਮਾ ਦੇ ਨਿਕਲਣ ਪਿਛੋਂ ਸਰੀਰ ਮੁਰਦਾ ਹੈ।

## (ੲ) ਅੰਤਹਕਰਣ, ਇੰਦਰੀਆਂ ਅਤੇ ਪ੍ਰਾਣ

ਪਿਛੇ ਜੀਵਾਤਮਾ ਦੇ ਸਰੀਰ ਦਾ ਵਰਨਣ ਕੀਤਾ ਗਿਆ ਹੈ। ਇਸ ਸਰੀਰ ਦੇ ਤਿੰਨ ਅੰਗ ਹਨ: ਅੰਤਹਕਰਣ, ਇੰਦਰੀਆਂ ਅਤੇ ਪ੍ਰਾਣ। ਅੰਤਹਕਰਣ ਦਾ ਅਰਥ ਹੈ ਅੰਦਰ ਦੀ ਇੰਦਰੀ, ਜਿਸ ਦੁਆਰਾ ਜੀਵਾਤਮਾ ਦੇ ਵਿਚਾਰ, ਯਾਦ, ਚੇਤਾ ਆਦਿ ਸੰਪੰਨ ਹੁੰਦੇ ਹਨ। ਅੰਤਹਕਰਣ ਦੁਆਰਾ ਆਤਮਾ ਵਸਤੂਆਂ ਦਾ ਗਿਆਨ ਪ੍ਰਾਪਤ ਕਰਦੀ ਹੈ ਤੇ ਇਸ ਗਿਆਨ ਪ੍ਰਕ੍ਰਿਆ ਦੇ ਦੌਰਾਨ ਅੰਤਹਕਰਣ ਵਿਚ ਜੋ ਹਿਲਜੁਲ ਪੈਦਾ ਹੁੰਦੀ ਹੈ ਉਸ ਤੋਂ ਬ੍ਰਿਤੀ ਪੈਦਾ ਹੁੰਦੀ ਹੈ। ਵਾਸ਼ਨਾ ਇਸ ਦੀ ਬ੍ਰਿਤੀ ਹੈ। ਮਨ, ਚਿੱਤ, ਬੁੱਧੀ ਤੇ ਅਹੰਕਾਰ ਬ੍ਰਿਤੀ ਦੇ ਚਾਰ ਰੂਪ ਹਨ। ਵਿਸ਼ਵ ਕੋਸ਼ ਵਿਚ ਬੁੱਧੀ, ਅਹੰਕਾਰ ਅਤੇ ਮਨ ਨੂੰ ਆਤਮਾ ਦੇ ਭੌਤਿਕ ਸਹਿਯੋਗੀ ਪਦਾਰਥ ਦੱਸਿਆ ਹੈ।[3] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅੰਤਹਕਰਣ ਅੰਤਰ ਦੀ

---

1. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 390
2. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 19
3. Budhi, Ahankar, Man- the Treple Physical Concomitant of the Soul in Hinduism.- Encyclopedia of Religion & Ethics, Vol.II, page 755.

ਇੰਦ੍ਰੀ ਹੈ ਜਿਸ ਦੇ ਸੰਜੋਗ ਨਾਲ ਬਾਹਰ ਦੀਆਂ ਇੰਦਰੀਆਂ ਕਾਰਜ ਕਰਦੀਆਂ ਹਨ। ਇਸ ਦੇ ਚਾਰ ਭੇਦ ਹਨ:

1. ਮਨ, ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ।
2. ਬੁੱਧਿ, ਜਿਸ ਤੋਂ ਵਿਚਾਰ ਅਤੇ ਨਿਸਚਾ ਹੁੰਦੇ ਹਨ।
3. ਚਿੱਤ, ਜਿਸ ਕਰਕੇ ਸਮਰਣ(ਚੇਤਾ) ਹੁੰਦਾ ਹੈ।
4. ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਵਿਚ ਇਨ੍ਹਾਂ ਦਾ ਜ਼ਿਕਰ ਕੀਤਾ ਹੈ:

ਤਿਥੈ ਘੜੀਐ, ਸੁਰਤਿ (ਚਿਤ) ਮਤਿ (ਮਹਤੁ-ਅਹੰਕਾਰ) ਮਨਿ, ਬੁਧਿ॥[1]

<u>ਮਨ</u>

ਮਨ ਉਹ ਹੈ ਜਿਸ ਦੁਆਰਾ ਮਨਨ ਕੀਤਾ ਜਾਵੇ।[2] ਜੀਵਾਤਮਾ ਇਕ ਰਸ ਰਹਿੰਦੀ ਹੈ। ਪਰ ਮਨ ਤੇ ਸਰੀਰ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਮਨ ਪੰਜਾਂ ਤੱਤਾਂ ਦੇ ਸੁਮੇਲ ਤੋਂ ਪ੍ਰਗਟਦਾ ਹੈ।

ਇਹੁ ਮਨੁ ਪੰਚ ਤਤੁ ਤੇ ਜਨਮਾ॥[3]

ਗੁਰਬਾਣੀ ਵਿਚ ਮਨ ਨੂੰ ਬ੍ਰਹਮ ਦੀ ਜੋਤ ਮੰਨਿਆ ਹੈ। ਇਹ ਵੀ ਕਿਹਾ ਹੈ ਕਿ ਬ੍ਰਹਮ ਦਾ ਇਸ ਵਿਚ ਨਿਵਾਸ ਹੈ। ਇਸ ਵਿਚਾਰ ਨੂੰ ਵਿਅਕਤ ਕਰਨ ਵਾਲੀਆਂ ਕੁਝ ਤੁਕਾਂ ਨਿਮਨ ਲਿਖਤ ਹਨ:

1. ਮਨ ਤੂੰ ਜੋਤਿ ਸਰੂਪੁ ਹੈ॥[4]
2. ਤਨ ਮਹਿ ਮਨੂਆ ਮਨਮਹਿ ਸਾਚਾ॥[5]
3. ਮਨੁ ਮੰਦਰੁ ਤਨੁ ਸਾਜੀ ਬਾਰਿ॥
   ਇਸ ਹੀ ਮਧੇ ਬਸਤੁ ਅਪਾਰ॥[6]
4. ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ॥[7]

---

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਅੰਤਹਕਰਣ, ਪੰਨਾ 113
2. Means from 'Man' to think, believe imagine, suppose, conjecture. Theos Bernard, Hindu Philosophy, p.208
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 415
4. ਆਸਾ ਮਹਲਾ 3, ਗੁਰੂ ਗ੍ਰੰਥ, ਪੰਨਾ 441
5. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 686
6. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 181
7. ਵਡਹੰਸ ਮਹਲਾ 3, ਗੁਰੂ ਗ੍ਰੰਥ, ਪੰਨਾ 569

ਗੁਰਬਾਣੀ ਵਿਚ ਜਿਥੇ ਮਨ ਨੂੰ ਅਉਗੁਣ ਗੁਣਾਂ ਵਾਲਾ ਦੱਸਿਆ ਗਿਆ ਹੈ ਉਥੇ ਨਾਲ ਹੀ ਉਸ ਦੇ ਮਾਇਆ ਗ੍ਰਸਤ ਰੂਪ ਨੂੰ ਵੀ ਬਿਆਨਿਆ ਹੈ। ਮਨ ਹਾਥੀ ਦੀ ਤਰ੍ਹਾਂ ਮਾਇਆ ਜਾਲ ਵਿਚ ਫਸ ਰਿਹਾ ਹੈ। ਮਨ ਕਈ ਤਰ੍ਹਾਂ ਦੇ ਵਿਕਾਰ ਚਿਤਵਦਾ ਹੈ ਅਤੇ ਗੁਨਾਹਾਂ ਦਾ ਭਾਰ ਚੁੱਕੀ ਫਿਰਦਾ ਹੈ। ਇਸ ਮਨ ਨੂੰ ਚੰਚਲ ਕਿਹਾ ਗਿਆ ਹੈ। ਜਨਮ ਮਰਨ ਦੇ ਚੱਕਰ ਲਾਉਂਦਾ ਰਹਿੰਦਾ ਹੈ ਕਿਉਂਕਿ ਮਾਇਆ ਨਾਲ ਇਸ ਨੂੰ ਮੋਹ ਹੈ। ਗੁਰਬਾਣੀ ਵਿਚ ਇਸ ਤਰ੍ਹਾਂ ਦੀਆਂ ਅਨੇਕਾਂ ਤੁਕਾਂ ਮਿਲ ਜਾਂਦੀਆਂ ਹਨ, ਜਿਵੇਂ:

1. ਮਨ ਮੈਗਲ ਸਾਕਤੁ ਦੇਵਾਨਾ॥
   ਬਨ ਖੰਡਿ ਮਾਇਆ ਮੋਹਿ ਹੈਰਾਨਾ॥[1]

2. ਮਨੁ ਭੂਲੋ ਬਹੁ ਚਿਤੈ ਵਿਕਾਰੁ॥
   ਮਨ ਭੂਲੋ ਸਿਰਿ ਆਵੈ ਭਾਰੁ॥[2]

3. ਇਸੁ ਮਨੁ ਮਾਇਆ ਕਉ ਨੇਹੁ ਘਨੇਰਾ॥[3]
4. ਮਨੁ ਚੰਚਲੁ ਬਿਧਿ ਨਾਹੀ ਜਾਣੈ॥[4]
5. ਮਨੁ ਸੋਇਆ ਮਾਇਆ ਬਿਸਮਾਦਿ॥[5]
6. ਸਾਕਤੁ ਲੋਭੀ ਇਹੁ ਮਨੁ ਮੂੜਾ॥[6]

ਸੋ ਗੁਰਬਾਣੀ ਵਿਚ ਮਨ ਦੇ ਦੋਵੇਂ ਰੂਪ ਮਿਲੇ ਹਨ। ਕਦੇ ਜੋਗੀਆਂ ਵਾਂਗ ਸਾਧੂ ਬਿਰਤੀ ਵਾਲਾ ਹੋ ਜਾਂਦਾ ਹੈ ਅਤੇ ਕਦੇ ਭੋਗੀ ਵਾਂਗ ਮੂਰਖ ਬਣਦਾ ਹੈ:

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ॥ [7]
ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥

ਗੁਰਬਾਣੀ ਵਿਚ ਮਨ ਨੂੰ ਚੰਗੇ ਪਾਸੇ ਲਾਉਣ ਤੇ ਜ਼ੋਰ ਦਿੱਤਾ ਗਿਆ ਹੈ ਤਾਂ ਹੀ ਇਹ ਜੀਵਾਤਮਾਂ ਨੂੰ ਮੁਕਤ ਕਰਵਾ ਸਕਦਾ ਹੈ। ਜਦੋਂ ਤੱਕ ਮਨ ਕਾਬੂ ਵਿਚ ਨਹੀਂ ਆਉਂਦਾ ਉਦੋਂ ਤਕ ਨਾ ਮਾਇਆ ਮਰੇਗੀ ਨਾ ਹੀ ਪ੍ਰਭੂ ਪ੍ਰਾਪਤੀ ਦਾ ਕਾਰਜ ਪੂਰਾ ਹੋਵੇਗਾ। ਸੋ ਮਨ ਬੜਾ ਸ਼ਕਤੀਸ਼ਾਲੀ ਹੈ ਜਿਸ ਨੂੰ ਕਾਬੂ ਵਿਚ ਰੱਖ ਕੇ ਜਗਤ ਜਿੱਤਿਆ ਜਾ ਸਕਦਾ ਹੈ:

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 415
2. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 222
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1038
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 415
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 182
6. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 1215
7. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1330

456183

1. ਮਨਿ ਜੀਤੈ ਜਗੁ ਜੀਤੁ॥[1]
2. ਨਾ ਮਨੁ ਮਰੈ ਨ ਕਾਰਜੁ ਹੋਇ॥[2]
3. ਨਾ ਮਨੁ ਮਰੈ ਨ ਮਾਇਆ ਮਰੈ॥[3]

ਮਨ ਨੂੰ ਮਾਰਨ ਦਾ ਭਾਵ ਮਨ ਦੀਆਂ ਖ਼ਾਹਿਸ਼ਾਂ ਤੇ ਕਾਬੂ ਪਾਉਣਾ ਹੈ ਜਿਨ੍ਹਾਂ ਕਰਕੇ ਉਹ 'ਦਹਦਿਸ ਧਾਵਦਾ' ਹੈ। ਮਨ ਕਾਬੂ ਹੋ ਜਾਵੇ ਤਾਂ ਫੇਰ ਕੋਈ ਦੁਖ ਨਹੀਂ ਰਹਿੰਦਾ। ਕਿਉਂਕਿ ਦੁੱਖ ਤਾਂ ਇੱਛਾਵਾਂ ਕਾਰਨ ਭਟਕਦੇ ਰਹਿਣ ਵਿਚ ਹੈ। ਮਨ ਨੂੰ ਜਦ ਵਸ ਵਿਚ ਕਰਕੇ ਬ੍ਰਹਮਾਨੰਦ ਨਾਲ ਜੋੜਿਆ ਜਾਏ ਤਾਂ ਦੁੱਖ ਹੋ ਹੀ ਨਹੀਂ ਸਕਦਾ।

ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ॥[4]

ਇਸ ਮਨ ਨੂੰ ਕਾਬੂ ਕਿਵੇਂ ਕੀਤਾ ਜਾਵੇ? ਗੁਰਬਾਣੀ ਵਿਚ ਹਠ ਜੋਗ ਤੋਂ ਵਿਪਰੀਤ ਇਸ ਨੂੰ ਵਸ ਵਿਚ ਕਰਨ ਦੇ ਜੋ ਹੋਰ ਸਾਧਨ ਦੱਸੇ ਹਨ ਵਿਰਾਗ ਦੀ ਭਾਵਨਾ, ਮਨਮੁਖਾਂ ਦੀ ਸੰਗਤ ਦਾ ਤਿਆਗ, ਸਾਧ ਸੰਗਤ ਨਾਲ ਪਿਆਰ, ਪ੍ਰਭੂ ਨਾਮ ਨਾਲ ਪਿਆਰ ਅਤੇ ਪ੍ਰਭੂ ਕ੍ਰਿਪਾ ਹੋਵੇ ਤਾਂ ਮਨ ਵਸ ਹੋ ਸਕਦਾ ਹੈ:

1. ਮਨ ਕਹਾ ਬਿਸਾਰਿਓ ਰਾਮ ਨਾਮੁ.....ਇਹ ਜਗੁ ਧੂਏ ਦਾ ਪਾਹਾਰ॥[5]
2. ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ॥[6]
3. ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ॥[7]
4. ਮਨ ਭੂਲਉ ਸਮਝਸਿ ਸਾਚ ਨਾਇ॥ ਗੁਰ ਸਬਦੁ ਬੀਚਾਰੇ ਸਹਜ ਭਾਇ॥[8]
5. ਮਨ ਵਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥[9]

ਮਨ ਵਸ ਵਿਚ ਆਉਣ ਨਾਲ ਪ੍ਰਭੂ ਪ੍ਰਾਪਤੀ ਹੁੰਦੀ ਹੈ। ਮਨ ਸ਼ੁਧ ਹੁੰਦਾ ਹੈ, ਆਨੰਦ ਦੀ ਪ੍ਰਾਪਤੀ ਹੁੰਦੀ ਹੈ:

ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ॥[10]

---

1. ਜਪੁ, ਗੁਰੂ ਗ੍ਰੰਥ, ਪੰਨਾ 6
2. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 222
3. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1342
4. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 21
5. ਬਸੰਤ ਮਹਲਾ 9, ਗੁਰੂ ਗ੍ਰੰਥ, ਪੰਨਾ 1186-87
6. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 65
7. ਗਉੜੀ ਮਹਲਾ 4, ਗੁਰੂ ਗ੍ਰੰਥ, ਪੰਨਾ 313
8. ਬਸੰਤ ਮਹਲਾ 1, ਗੁਰੂ ਗ੍ਰੰਥ, ਪੰਨਾ 1187
9. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 298
10. ਸਾਰੰਗ ਮਹਲਾ 3, ਗੁਰੂ ਗ੍ਰੰਥ, ਪੰਨਾ 1233

ਉਪਨਿਸ਼ਦਾਂ ਵਿਚ ਮਨ ਬਾਰੇ ਸਵਿਸਤ੍ਰਿਤ ਚਰਚਾ ਹੈ। ਉਪਨਿਸ਼ਦਾਂ ਅਨੁਸਾਰ ਮਨ ਆਤਮਾ ਦਾ ਦੈਵੀ ਨੇਤ੍ਰ ਹੈ। ਮਨ ਦੁਆਰਾ ਆਤਮਾ ਮਾਣਦਾ ਹੈ। ਬ੍ਰਿਹਦਾਰਣਯਕ ਉਪਨਿਸ਼ਦ (1.5.3) ਵਿਚ ਲਿਖਿਆ ਹੈ: ਮਨ ਸਾਰੀਆਂ ਇੰਦਰੀਆਂ ਦਾ ਆਧਾਰ ਹੈ। ਮਨ ਦਾ ਸਹਿਯੋਗ ਨਾ ਹੋਵੇ ਤਾਂ ਨ ਕੰਨ ਸੁਣਦੇ ਹਨ ਨ ਅੱਖਾਂ ਵੇਖਦੀਆਂ ਹਨ। ਮਨੁੱਖ ਮਨ ਨਾਲ ਹੀ ਵੇਖਦਾ ਹੈ, ਮਨ ਨਾਲ ਹੀ ਸੁਣਦਾ ਹੈ, ਮਨ ਨਾਲ ਹੀ ਸਪਰਸ਼ ਕਰਦਾ ਹੈ। ਕਠ ਉਪਨਿਸ਼ਦ(1.3.3) ਵਿਚ ਮਨ ਦੀ ਸ਼ਕਤੀ ਵਲ ਸੰਕੇਤ ਕੀਤਾ ਗਿਆ ਹੈ। ਇਸ ਵਿਚ ਮਨ ਸਰੀਰ ਰੂਪੀ ਰੱਥ ਦੀ ਲਗਾਮ ਕਿਹਾ ਹੈ। ਜਿਵੇਂ ਲਗਾਮ ਨਾਲ ਰੱਥ ਦੇ ਘੋੜੇ ਨੂੰ ਕਾਬੂ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਮਨ ਇੰਦਰੀਆਂ ਨੂੰ ਕਾਬੂ ਕਰਦਾ ਹੈ।

ਇਸੇ ਉਪਨਿਸ਼ਦ ਦੇ ਇਕ ਹੋਰ(2.20.21) ਸ਼ਲੋਕ ਅਨੁਸਾਰ ਇੱਛਾਰਹਿਤ ਹੋ ਕੇ ਮਨ ਨੂੰ ਪਵਿੱਤਰ ਅਤੇ ਅਡੋਲ ਰੱਖਿਆ ਜਾ ਸਕਦਾ ਹੈ।

ਗੁਰਬਾਣੀ ਦੀ ਤਰ੍ਹਾਂ ਉਪਨਿਸ਼ਦਾਂ ਵਿਚ ਵੀ ਮਨ ਨੂੰ ਚੰਚਲ ਮਨ ਕਿਹਾ ਹੈ। ਕੇਨ ਉਪਨਿਸ਼ਦ(4.5) ਪ੍ਰਭੂ ਨਾਮ ਵਿਚ ਇਕਾਗਰ ਕਰਨ ਨਾਲ ਹੀ ਮਨ ਦੀ ਚੰਚਲਤਾ ਖ਼ਤਮ ਹੋ ਸਕਦੀ ਹੈ। ਗੁਰਬਾਣੀ ਵਾਂਗ ਮੈਤਰੀਯ ਉਪਨਿਸ਼ਦ(6.34) ਵਿਚ ਵੀ ਮਨ ਨੂੰ ਦੋ ਪ੍ਰਕਾਰ ਦਾ ਦੱਸਿਆ ਹੈ। ਪਵਿੱਤਰ ਅਤੇ ਅਪਵਿੱਤਰ। ਜਦੋਂ ਮੋਹ ਵਸ ਪਿਆ ਹੁੰਦਾ ਹੈ ਤਾਂ ਮਨ ਅਸ਼ੁੱਧ ਹੁੰਦਾ ਹੈ ਜਦੋਂ ਮੋਹ ਜਾਲ ਤੋਂ ਛੁਟਕਾਰਾ ਤਾਂ ਮਨ ਸ਼ੁੱਧ ਹੋ ਜਾਂਦਾ ਹੈ। ਸ਼ੁੱਧ ਮਨ ਹੀ ਪ੍ਰਭੂ ਮੇਲ ਵਲ ਜਾ ਕੇ ਸਰੀਰ ਬੰਧਨ ਤੋਂ ਜੀਵਾਤਮਾ ਨੂੰ ਮੁਕਤ ਕਰਦਾ ਹੈ।

ਛਾਂਦੋਗਯ ਉਪਨਿਸ਼ਦ(7.3.1) ਵਿਚ ਮਨ ਦੀ ਮਹਾਨਤਾ ਦੱਸੀ ਗਈ ਹੈ। ਮਨ ਜੇ ਚਾਹੇ ਤਾਂ ਚੰਗੇ ਪਾਸੇ ਲਾ ਸਕਦਾ ਹੈ। ਜਿਵੇਂ ਦੋ ਆਂਵਲਿਆਂ ਨੂੰ, ਦੋ ਬੇਰਾਂ ਨੂੰ ਮੁੱਠੀ ਅਨੁਭਵ ਕਰਦੀ ਹੈ ਤਿਵੇਂ ਬਾਣੀ ਤੇ ਨਾਮ ਨੂੰ ਮਨ ਅਨੁਭਵ ਕਰਦਾ ਹੈ। ਜਦੋਂ ਮੰਨਣ ਵਾਲਾ ਮਨ ਨਾਲ ਵਿਚਾਰਦਾ ਹੈ ਕਿ ਮੰਤਰਾਂ ਨੂੰ ਪੜ੍ਹੇ ਤਾਂ ਉਹ ਪੜ੍ਹਨ ਲਗ ਜਾਂਦਾ ਹੈ। ਇਸ ਲੋਕ ਨੂੰ ਚਾਹੇ ਜਾਂ ਉਸ ਲੋਕ ਨੂੰ ਚਾਹੇ ਤਾਂ ਇੱਛਾ ਕਾਰਨ ਉਧਰ ਲਗ ਜਾਂਦਾ ਹੈ। ਮਨ ਰਹੱਸ ਹੈ। ਮਨ ਮਹਾਨ ਹੈ।

<u>ਇੰਦਰੀਆਂ</u>

ਇੰਦਰੀਆਂ ਵੀ ਸਰੀਰ ਦੇ ਅੰਗਾਂ ਵਿਚੋਂ ਇਕ ਅੰਗ ਹੈ। ਮਨ ਜੋ ਆਤਮਾ ਦਾ ਸੂਖਮ ਸਰੀਰ ਹੈ, ਇੰਦਰੀਆਂ ਨਾਲ ਮਿਲ ਕੇ ਜੀਵ ਨੂੰ ਵਿਸ਼ਿਆਂ ਦਾ ਭੋਗ ਕਰਾਂਦਾ ਹੈ।

ਇੰਦਰੀਆਂ ਦੀ ਗਿਣਤੀ ਦਸ ਹੈ। ਕੰਨ, ਚਮੜੀ, ਜੀਭ, ਅੱਖਾਂ ਅਤੇ ਨੱਕ, ਇਹ ਪੰਜ ਗਿਆਨ ਇੰਦਰੀਆਂ ਹਨ। ਵਾਕ, ਹੱਥ, ਪੈਰ, ਗੁਦਾ, ਲਿੰਗ ਜਾਂ ਯੋਨੀ - ਇਹ ਪੰਜ ਕਰਮ ਇੰਦਰੀਆਂ ਹਨ। ਗਿਆਨ ਇੰਦਰੀਆਂ ਜੀਵ ਦੀ ਉਹ ਸ਼ਕਤੀ ਹਨ ਜਿਸ ਦੁਆਰਾ ਉਸ ਨੂੰ ਬਾਹਰਲੇ ਵਿਸ਼ਿਆਂ ਦਾ ਗਿਆਨ ਹੁੰਦਾ ਹੈ ਅਤੇ ਕਰਮ ਇੰਦਰੀਆਂ ਉਹ ਸ਼ਕਤੀ ਹਨ ਜਿਸ ਦੁਆਰਾ ਜੀਵ ਬਾਹਰਲੇ ਵਿਸ਼ਿਆਂ ਦੇ ਭਿੰਨ ਭਿੰਨ ਗੁਣਾਂ ਦਾ ਭਿੰਨ ਭਿੰਨ ਰੂਪਾਂ ਵਿਚ ਅਨੁਭਵ ਕਰਦਾ ਹੈ।

ਇਹ ਇੰਦਰੀਆਂ ਚੰਗੇ ਕਰਮਾਂ ਦੁਆਰਾ ਜੀਵਾਤਮਾ ਨੂੰ ਪ੍ਰਭੂ ਦੇ ਨੇੜੇ ਲੈ ਜਾਣ ਲਈ ਬਣੀਆਂ ਹਨ ਜਿਹੜੀਆਂ ਇਸ ਕਰਤੱਵ ਨੂੰ ਨਹੀਂ ਨਿਭਾ ਰਹੀਆਂ ਉਨ੍ਹਾਂ ਬਾਰੇ ਗੁਰਬਾਣੀ ਦਾ ਇਹ ਵਿਚਾਰ ਹੈ:

1. ਨੈਣ ਨ ਦੇਖਹਿ ਸਾਧੁ, ਸਿ ਨੈਣ ਬਿਹਾਲਿਆ॥
ਕਰਨ ਨ ਸੁਣਹੀ ਨਾਦ, ਕਰਨ ਮੁੰਦਿ ਗਲਿਆ॥
ਰਸਨਾ ਜਪੈ ਨ ਨਾਮ ਤਿਲ ਤਿਲ ਕਰ ਕਟੀਐ॥ [1]
ਹਰਿਹਾਂ ਜਬ ਬਿਸਰੈ ਗੋਬਿੰਦ ਰਾਇ ਦਿਨੋ ਦਿਨ ਘਟੀਐ॥

2. ਮਿਥਿਆ ਸ੍ਰਵਣ ਪਰਨਿੰਦਾ ਸੁਨਹਿ॥
ਮਿਥਿਆ ਹਸਤ ਪਰਦਰਬ ਕਉ ਹਿਰਹਿ॥
ਮਿਥਿਆ ਨੇਤ੍ਰ ਪੇਖਤ ਪਰਤ੍ਰਿਅ ਰੂਪਾਦਿ॥
ਮਿਥਿਆ ਰਸਨਾ ਭੋਜਨ ਅਨਸ੍ਵਾਦ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ॥
ਮਿਥਿਆ ਮਨ ਪਰ ਲੋਭ ਲੁਭਾਵਹਿ॥
ਮਿਥਿਆ ਤਨ ਨਹੀ ਪਰਉਪਕਾਰਾ॥
ਮਿਥਿਆ ਬਾਸੁ ਲੇਤ ਬਿਕਾਰਾ॥
ਬਿਨ ਬੂਝੇ ਮਿਥਿਆ ਸਭ ਭਏ॥ [2]
ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ॥

ਇੰਦਰੀਆਂ ਦਾ ਬਾਹਰਮੁਖੀ ਹੋਣ ਨਾਲ ਉਨ੍ਹਾਂ ਦੀ ਤ੍ਰਿਸ਼ਨਾ ਨਹੀਂ ਮੁੱਕਦੀ, ਸਗੋਂ ਵਧਦੀ ਹੀ ਰਹਿੰਦੀ ਹੈ। ਇਹ ਉਦੋਂ ਹੀ ਸ਼ਾਂਤ ਹੁੰਦੀ ਹੈ ਜਦੋਂ ਪ੍ਰਭੂ ਮੇਲ ਹੋਵੇ। ਪ੍ਰਭੂ ਮੇਲ ਤਾਂ ਹੀ ਹੋ ਸਕਦਾ ਹੈ ਜੇ ਇੰਦਰੀਆਂ ਸੁੱਚੇ ਕੰਮ ਕਰਨ। ਗੁਰੂ ਅਮਰਦਾਸ ਜੀ ਨੇ ਇਨ੍ਹਾਂ ਦਾ ਪ੍ਰਯੋਜਨ ਇਸ ਤਰ੍ਹਾਂ ਦੱਸਿਆ ਹੈ:

---

1. ਫੁਨਹੇ ਮਹਲਾ 5, ਗੁਰੂ ਗ੍ਰੰਥ, ਪੰਨਾ 1362
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 269

1. ਏ ਰਸਨਾ! ਤੂੰ ਅਨਰਸ ਰਾਚ ਰਹੀ, ਤੇਰੀ ਪਿਆਸ ਨ ਜਾਇ॥
ਪਿਆਸ ਨਾ ਜਾਇ ਹੋਰਤੁ ਕਿਤੈ ਜਿਚਰੁ ਹਰਿਰਸੁ ਪਲੈ ਨ ਪਾਇ॥
ਹਰਿਰਸ ਪਾਇ ਪਲੈ ਪੀਐ ਹਰਿਰਸ, ਬਹੁੜ ਤ੍ਰਿਸਨਾ ਲਾਗੈ ਆਇ॥
ਏ ਨੇਤ੍ਰਹੁ ਮੇਰਿਹੋ! ਹਰਿ ਤੁਮਮਹਿ ਜੋਤਿ ਧਰੀ,
ਹਰਿ ਬਿਨ ਅਵਰੁ ਨ ਦੇਖਹੁ ਕੋਈ॥
ਹਰਿ ਬਿਨ ਅਵਰ ਨ ਦੇਖਹੁ ਕੋਈ, ਨਦਰੀ ਹਰਿ ਨਿਹਾਲਿਆ॥
ਇਹ ਵਿਸੁ ਸੰਸਾਰ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ
ਹਰਿ ਰੂਪ ਨਦਰੀ ਆਇਆ॥
ਏ ਸ੍ਰਵਣਹੁ ਮੇਰਿਹੋ! ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਣਣੈ ਨੋ ਪਠਾਏ ਸਰੀਰ ਲਾਏ ਸੁਣਹੋ ਸਤਿਬਾਣੀ॥[1]

2. ਸਾ ਰਸਨਾ ਧਨ ਧੰਨ ਹੈ, ਮੇਰੀ ਜਿੰਦੁੜੀਏ:
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥
ਤੇ ਸ੍ਰਵਣ ਭਲੇ ਸੋਭਨੀਕ ਹਹਿ, ਮੇਰੀ ਜਿੰਦੁੜੀਏ!
ਹਰਿ ਕੀਰਤਨ ਸੁਣਹਿ ਹਰਿ ਤੇਰੇ ਰਾਮ॥
ਸੋ ਸੀਸ ਭਲਾ ਪਵਿਤ੍ਰ ਪਾਵਨ ਹੈ, ਮੇਰੀ ਜਿੰਦੁੜੀਏ!
ਜੋ ਜਾਇ ਲਗੈ ਗੁਰੂ ਪੈਰੇ ਰਾਮ॥
ਗੁਰੂ ਵਿਟਹੁ ਨਾਨਕ ਵਾਰਿਆ, ਮੇਰੀ ਜਿੰਦੁੜੀਏ!
ਜਿਨ ਹਰਿ ਹਰਿ ਨਾਮ ਚਿਤੇਰੇ ਰਾਮ॥
ਤੇ ਨੇਤ੍ਰ ਭਲੇ ਪਰਵਾਣ ਹਹਿ, ਮੇਰੀ ਜਿੰਦੁੜੀਏ!
ਜੋ ਸਾਧੂ ਸਤਿਗੁਰੂ ਦੇਖਹਿ ਰਾਮੁ॥
ਤੇ ਹਸਤ ਪੁਨੀਤ ਪਵਿਤ੍ਰ ਹਹਿ, ਮੇਰੀ ਜਿੰਦੁੜੀਏ!
ਜੋ ਹਰਿਜਸ ਹਰਿ ਹਰਿ ਲੇਖਹਿ ਰਾਮੁ॥
ਤਿਸ ਜਨ ਕੇ ਪਗ ਨਿਤ ਪੂਜੀਅਹਿ, ਮੇਰੀ ਜਿੰਦੁੜੀਏ!
ਜੋ ਮਾਰਗ ਧਰਮ ਚਲੇਸਹਿ ਰਾਮ॥
ਨਾਨਕ ਤਿਨ ਵਿਟਹੁ ਵਾਰਿਆ, ਮੇਰੀ ਜਿੰਦੁੜੀਏ।
ਹਰਿ ਸੁਣ ਹਰਿਨਾਮ ਮਨੇਸਹੀ ਰਾਮ॥[2]

ਦੁਨਿਆਵੀ ਤ੍ਰਿਸ਼ਨਾ ਦੁੱਖ ਦਾ ਕਾਰਨ ਬਣਦੀ ਹੈ। ਇੰਦਰੀਆਂ ਨੂੰ ਜਿੱਤਣ ਜਾਂ ਇਸ ਤੇ ਕਾਬੂ ਪਾਉਣ ਨਾਲ ਦੁੱਖ ਨੇੜੇ ਨਹੀਂ ਆਉਂਦੇ। ਗੁਰੂ ਅਰਜਨ ਦਾ ਕਥਨ ਹੈ:

---

1. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 922
2. ਬਿਹਾਗੜਾ ਮਹਲਾ 4, ਗੁਰੂ ਗ੍ਰੰਥ, ਪੰਨਾ 540

ਇੰਦ੍ਰੀ ਜੀਤ ਪੰਚ ਦੋਖ ਤੇ ਰਹਿਤ
ਨਾਨਕ ਕੋਟ ਮਧੇ ਕੋ ਐਸਾ ਅਪਰਸ॥ [1]

ਇੰਦਰੀਆਂ ਨੂੰ ਵਸ ਵਿਚ ਕਰਨਾ ਬਹੁਤ ਕਠਨ ਹੈ। ਗੁਰਬਾਣੀ ਵਿਚ ਇਸ ਦੀ ਵਿਧੀ 'ਸ਼ਬਦ' ਹੀ ਦੱਸਿਆ ਹੈ। ਕੁਝ ਤੁਕਾਂ ਨਿਮਨ ਲਿਖਤ ਹਨ:

1. ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ॥
ਕਾਮ ਕਰੋਧ ਜਲੈ ਸਭ ਕੋਈ॥
ਸਤਗੁਰੁ ਸੇਵੇ ਮਨੁ ਵਸਿਆਵੈ,ਮਨਮਾਰ ਮਨਹਿ ਸਮਾਇਦਾ॥ [2]

2. ਗੁਰੂ ਕਾ ਸਬਦ ਰਿਦਅੰਤਰ ਧਾਰੈ॥ ਪੰਚਜਨਾ ਸਿਉ ਸੰਗ ਨਿਵਾਰੈ॥
ਦਸ ਇੰਦ੍ਰੀ ਕਰ ਰਾਖੈ ਵਾਸਿ॥ ਤਾਕੈ ਆਤਮੈ ਹੋਇ ਪਰਗਾਸ॥ [3]

ਇੰਦਰੀਆਂ ਸੰਬੰਧੀ ਗੁਰਬਾਣੀ ਦੇ ਉਕਤ ਵਿਚਾਰਾਂ ਨਾਲ ਮੇਲ ਖਾਂਦੇ ਵਿਚਾਰ ਉਪਨਿਸ਼ਦਾਂ ਵਿਚ ਵੀ ਵੇਖੇ ਜਾ ਸਕਦੇ ਹਨ। ਕੇਨ ਉਪਨਿਸ਼ਦ(1.2) ਵਿਚ ਲਿਖਿਆ ਹੈ ਧੀਰ ਪੁਰਸ਼ ਆਤਮਾ ਨੂੰ ਇੰਦਰੀ-ਵਾਸਨਾ ਤੋਂ ਉਚੇਰਾ ਕਰਦੇ ਹਨ ਅਤੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਪ੍ਰਸ਼ਨ ਉਪਨਿਸ਼ਦ ਵਿਚ ਇੰਦਰੀਆਂ ਨੂੰ ਉਚੇਰੇ ਪਾਸੇ ਲਾਉਣ ਲਈ ਇਸ ਤਰ੍ਹਾਂ ਬੇਨਤੀ ਕੀਤੀ ਹੈ:

'ਹੇ ਪ੍ਰਭੂ ਅਸੀਂ ਸਾਰੇ ਕੰਨਾਂ ਨਾਲ ਸਦਾ ਮੰਗਲ ਸ਼ਬਦ ਸੁਣੀਏ। ਅੱਖਾਂ ਨਾਲ ਭਦਰ ਰੂਪ ਵੇਖੀਏ।'

ਕਠ ਉਪਨਿਸ਼ਦ(3.13) ਵਿਚ ਕਿਹਾ ਹੈ ਕਿ ਬੁੱਧੀਮਾਨ ਮਨੁੱਖ ਆਪਣੀ ਮਨ-ਬਾਣੀ ਨੂੰ ਭਗਵਾਨ ਦੇ ਨਾਮ ਵਲ ਲਾਵੇ। ਇਸੇ ਉਪਨਿਸ਼ਦ(3.6) ਵਿਚ ਲਿਖਿਆ ਹੈ ਕਿ ਬੁੱਧੀਮਾਨ ਪੁਰਸ਼ ਇੰਦਰੀਆਂ ਨੂੰ ਆਪਣੇ ਵਸ ਵਿਚ ਰਖਦਾ ਹੈ।

ਕੇਨ ਉਪਨਿਸ਼ਦ(1.2) ਵਿਚ ਜੀਵਾਤਮਾ ਨੂੰ ਸਭ ਇੰਦਰੀਆਂ ਦਾ ਪ੍ਰੇਰਕ ਕਿਹਾ ਹੈ। ਉਹ ਕੰਨ ਦਾ ਕੰਨ ਹੈ,ਮਨ ਦਾ ਮਨ ਹੈ,ਬਾਣੀ ਦੀ ਬਾਣੀ ਹੈ,ਪ੍ਰਾਣ ਦਾ ਪ੍ਰਾਣ ਹੈ,ਅੱਖ ਦੀ ਅੱਖ ਹੈ। ਇੰਦਰੀਆਂ ਕੇਵਲ ਸਾਧਨ ਹਨ।

ਪ੍ਰਸ਼ਨ ਉਪਨਿਸ਼ਦ(4.2) ਵਿਚ ਇਕ ਹੋਰ ਵਚਿੱਤ੍ਰ ਵਿਚਾਰ ਦਿੱਤਾ ਹੈਕ ਜਿਵੇਂ ਸੂਰਜ ਦੀਆਂ ਕਿਰਣਾਂ ਉਸ ਵਿਚ ਇਕੱਠੀਆਂ ਹੋ ਜਾਂਦੀਆਂ ਹਨ ਅਤੇ ਸੂਰਜ ਚੜ੍ਹਨ ਸਮੇਂ ਉਹ

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 274
2. ਮਾਰੂ ਮਹਲਾ 3, ਗੁਰੂ ਗ੍ਰੰਥ, ਪੰਨਾ 1062
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 236

ਲੀਨ ਜਾਂਦੀਆਂ ਹਨ। ਇਸ ਪ੍ਰਕਾਰ ਸਾਰਾ ਇੰਦਰੀ ਮੰਡਲ ਪਰਮਦੇਵ ਵਿਚ ਸਮਾ ਜਾਂਦਾ ਹੈ ਤਾਂ ਜੀਵਾਤਮਾ ਨ ਸੁਣਦਾ ਹੈ, ਨ ਦੇਖਦਾ ਹੈ, ਨ ਸੁੰਘਦਾ ਹੈ, ਨ ਅਨੰਦ ਭੋਗਦਾ ਹੈ ਨ ਛੂੰਹਦਾ ਹੈ, ਨ ਰਸ ਲੈਂਦਾ ਹੈ, ਨ ਮਲ ਮੂਤਰ ਤਿਆਗਦਾ ਹੈ ਅਤੇ ਨ ਹੀ ਚਲਦਾ ਫਿਰਦਾ ਹੈ।

## ਬੁੱਧੀ

ਭਾਈ ਕਾਨ੍ਹ ਸਿੰਘ ਅਨੁਸਾਰ 'ਬੁੱਧੀ' ਅੰਤਹਕਰਣ ਦਾ ਉਹ ਭੇਦ ਹੈ ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ।[1] ਬੁੱਧੀ ਦੁਆਰਾ ਜੀਵ ਸੂਖਮ ਅਰਥਾਂ ਨੂੰ ਸਮਝਣ ਵਿਚ ਸਮਰਥ ਹੁੰਦਾ ਹੈ।[2] ਬੁੱਧੀ ਸਤਿ ਅਸਤਿ ਦਾ ਵਿਚਾਰ ਕਰਨ ਵਾਲੀ ਸ਼ਕਤੀ ਹੈ। ਜਦੋਂ ਤਕ ਮਤ ਮਨ ਦੇ ਅਧੀਨ ਰਹਿੰਦੀ ਹੈ ਉਦੋਂ ਤੱਕ ਮਨੁੱਖ ਆਪਣੇ ਟੀਚੇ ਪ੍ਰਭੂ ਮੇਲ ਨੂੰ ਪਾ ਨਹੀਂ ਸਕਦਾ। ਚੰਚਲ ਮਤ ਤਿਆਗਣ ਨਾਲ ਹੀ ਵਿਸ਼ੇ ਵਿਕਾਰਾਂ ਤੇ ਜਿੱਤ ਪਾਈ ਜਾ ਸਕਦੀ ਹੈ। ਗੁਰੂ ਨਾਨਕ ਦੇਵ ਦਾ ਕਥਨ ਹੈ:

ਚੰਚਲ ਮਤ ਤਿਆਗੇ ਪੰਚ ਸੰਘਾਰੇ।[3]

ਬੁੱਧੀ (ਜਾਂ ਵਿਵੇਕ) ਇਸੇ ਲਈ ਮਿਲੀ ਹੈ ਕਿ ਆਪਣੇ ਆਪ ਨੂੰ ਹੋਰ ਚੰਗਾ ਨੇ ਜਾਣਿਆ ਜਾ ਸਕੇ। ਫਜ਼ੂਲ ਕੰਮਾਂ ਤੋਂ ਸਦਾ ਖ਼ਬਰ ਰਹਿਣ ਉਤੇ ਬਲ ਦਿੱਤਾ ਹੈ:

ਅਕਲਿ ਏਹ ਨ ਆਖੀਐਂ ਅਕਲਿ ਗਵਾਈਐਂ ਬਾਦਿ॥
ਅਕਲੀ ਸਾਹਿਬ ਸੇਵੀਐਂ ਅਕਲੀ ਪਾਈਐਂ ਮਾਨੁ॥
ਅਕਲੀ ਪੜ੍ਹਿ ਕੇ ਬੁਝੀਐਂ ਅਕਲੀ ਕੀਚੈ ਦਾਨੁ॥[4]

ਚੰਗੇਰੀ ਬੁੱਧੀ ਸਤਿ ਦੀ ਖੋਜ ਕਰਦੀ ਹੈ। ਗੁਰੂ ਅਰਜਨ ਦੇਵ ਆਪਣੇ ਪ੍ਰਭੂ ਤੋਂ ਉਚੀ ਬੁੱਧੀ ਦੀ ਕਾਮਨਾ ਕਰਦੇ ਹਨ। ਗੁਰਬਾਣੀ ਵਿਚ ਪਰਾ ਬੁੱਧੀ ਅਤੇ ਅਪਰਾ ਬੁੱਧੀ ਦਾ ਜ਼ਿਕਰ ਹੈ। ਆਤਮ ਗਿਆਨ ਨੂੰ ਹੀ ਸਰਬ ਸ੍ਰੇਸ਼ਟ ਕਿਹਾ ਹੈ। ਹੋਰ ਬਾਕੀ ਸਭ ਵਿਦਿਆਵਾਂ ਨੀਵੇਂ ਦਰਜੇ ਦੀਆਂ ਹਨ। ਇਸ ਨੂੰ ਕੁਬੁਧਿ, ਦੁਰਮਤਿ ਵੀ ਕਿਹਾ ਹੈ:

1. ਝੂਠੀ ਦੁਰਮਤਿ ਕੀ ਚਤੁਰਾਈ॥[5]
2. ਕੁਬੁਧਿ ਚਵਾਵੇ ਸੋ ਕਿਤੁ ਠਾਇ॥[6]

---

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਅੰਤਹਕਰਣ, ਪੰਨਾ 113
2. ਭਾਈ ਜੋਧ ਸਿੰਘ, ਜਪੁ ਜੀ ਸਟੀਕ, ਪੰਨਾ 66
3. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 226
4. ਸਾਰੰਗ ਮਹਲਾ 1, ਗੁਰੂ ਗ੍ਰੰਥ, ਪੰਨਾ 1245
5. ਪ੍ਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 345
6. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 944

3. ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ॥
ਸਾ ਮਤਿ ਦੀਜੈ ਜਿਤੁ ਤੁਧੁ ਧਿਆਈ॥[1]

4. ਤੰਤ ਕਉ ਪਰਮ ਤੰਤੁ ਮਿਲਿਆ ਨਾਨਕ ਬੁਧਿ ਪਾਈ॥[2]

ਉਚੇਰੀ ਬੁੱਧੀ ਗੁਰੂ ਦੀ ਮਦਦ ਨਾਲ ਪ੍ਰਾਪਤ ਹੁੰਦੀ ਹੈ:

ਗੁਰ ਬਿਨੁ ਗਿਆਨ ਨ ਹੋਇ।[3]
ਕਾਚਨ ਗਿਆਨ ਵਿਹੂਣਿਆ ਗੁਰ ਬਿਨ ਗਿਆਨ ਨ ਭਾਲ ਜੋਇ॥

ਬੁੱਧੀ ਬਾਰੇ ਉਪਨਿਸ਼ਦਾਂ ਵਿਚ ਵੀ ਕੁਝ ਵਿਚਾਰ ਮਿਲਦੇ ਹਨ। ਕਠ ਉਪਨਿਸ਼ਦ (1.3.3) ਵਿਚ ਸਰੀਰ ਨੂੰ ਰੱਥ, ਆਤਮਾ ਨੂੰ ਰਥਵਾਨ, ਮਨ ਨੂੰ ਲਗਾਮ ਅਤੇ ਬੁੱਧੀ ਨੂੰ ਚਾਲਕ(ਸਾਰਥਿ) ਆਖਿਆ ਹੈ। ਬੁੱਧੀ ਹੀ ਚਾਲਕ ਸ਼ਕਤੀ ਹੈ।

ਉਚੇਰੀ ਬੁੱਧੀ ਬਾਰੇ ਇਸੇ ਉਪਨਿਸ਼ਦ ਦੇ ਸ਼ਲੋਕ(3.12) ਵਿਚ ਕਿਹਾ ਹੈ, ਆਤਮਾ ਸਭ ਵਿਚ ਛੁਪੀ ਹੋਈ ਹੈ ਪਰ ਨਜ਼ਰ ਕੇਵਲ ਰਿਸ਼ੀਆਂ ਨੂੰ ਸੂਖਮ ਬੁੱਧੀ ਰਾਹੀਂ ਹੀ ਆਉਂਦੀ ਹੈ। ਮੁੰਡਕ ਉਪਨਿਸ਼ਦ(1.5) ਵਿਚ ਅਪਰਾ ਤੇ ਪਰਾ ਵਿਦਿਆ ਦਾ ਜ਼ਿਕਰ ਹੈ। ਵਿਵਹਾਰਿਕ ਗਿਆਨ ਦਾ ਨਾਮ ਅਪਰਾ ਵਿਦਿਆ ਹੈ। ਪਰਮਾਰਥਿਕ ਗਿਆਨ ਪਰਾ ਵਿਦਿਆ ਹੈ।
ਪਰ ਵਿਦਿਆ ਦਾ ਅਰਥ ਹੈ ਸਰਬ-ਸ੍ਰੇਸ਼ਟ ਗਿਆਨ। ਇਸ ਦੁਆਰਾ ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ। ਕੇਨ ਉਪਨਿਸ਼ਦ(4.1) ਬੁੱਧੀ ਦੁਆਰਾ ਬ੍ਰਹਮ ਦਾ ਅਨੁਭਵ ਹੁੰਦਾ ਹੈ। ਕੇਨ ਉਪਨਿਸ਼ਦ (4.3) ਸ਼ੁੱਧ ਬੁੱਧੀ ਕਾਰਨ ਮਨ ਵਿਚ ਸ਼ਰਧਾ, ਆਸਤਿਕਤਾ ਤੇ ਭਗਤੀ ਦੇ ਵਿਚਾਰ ਆਉਂਦੇ ਹਨ। ਤੈਤਰੀਯ ਉਪਨਿਸ਼ਦ ਅਬ ਬ੍ਰਹਮਵਲੀ(5) ਅਨੁਸਾਰ ਬੁੱਧੀ ਨਾਲ ਸਭ ਧਰਮ ਕਰਮ ਕੀਤੇ ਜਾਂਦੇ ਹਨ। ਬੁੱਧੀ ਨੂੰ ਸਾਰੀ ਇੰਦਰੀਆਂ ਉੱਤਮ ਮੰਨਦੀਆਂ ਹਨ। ਜੋ ਕੋਈ ਪ੍ਰਗਟ ਬੁੱਧੀ ਨੂੰ ਬ੍ਰਹਮ ਆਰਾਧਨ ਦਾ ਸਾਧਨ ਮੰਨਦਾ ਹੈ ਤਾਂ ਉਹ ਮਨੁੱਖ ਸਰੀਰ ਵਿਚ ਹੀ ਪਾਪਾਂ ਨੂੰ ਤਿਆਗ ਕੇ ਸਭ ਸੁਖਾਂ ਨੂੰ ਅਨੁਭਵ ਕਰਦਾ ਹੈ।

<u>ਚਿੱਤ</u>

ਚਿੱਤ ਅੰਦਰਲੀਆਂ ਇੰਦਰੀਆਂ ਵਿਚੋਂ ਇਕ ਹੈ। ਚਿੱਤ ਉਹ ਭੇਦ ਹੈ ਜਿਸ ਕਰਕੇ ਸਮਰਥ (ਚੇਤਾ) ਹੁੰਦਾ ਹੈ। ਥਿਓਸ ਬਰਨਾਰਡ ਦੇ ਅਨੁਸਾਰ ਚਿੱਤ ਵਿਅਕਤੀ-ਚੇਤਨਾ ਦਾ ਨਾਂ ਹੈ।[6]

---

1. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 100
2. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 328
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 469
4. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 751
5. ਭਾਈ ਕਾਨ੍ਹ ਸਿੰਘ 'ਮਹਾਨ ਕੋਸ਼', ਅੰਤਹਕਰਣ, ਪੰਨਾ 113
6. Chitt....Individual consciousness, Theos Bernard, Hindu Philosophy, page 195.

ਇਸਦੇ ਵਿਚ ਮਨੁੱਖ ਦਾ ਪਿਛਲਾ ਅਤੇ ਹੁਣ ਦਾ ਸਾਰਾ ਗਿਆਨ ਸੰਚਿਤ ਹੈ। ਚਿੱਤ ਬੁੱਧੀ ਦੇ ਨੇੜੇ ਦਾ ਤੱਤ ਹੈ। ਜਦੋ ਮਨ ਕਿਸੇ ਵਸਤੂ ਨੂੰ ਵੇਖਦਾ ਹੈ ਤਾਂ ਉਹ ਉਸਦੇ ਸਰੂਪ ਧਾਰਨ ਕਰ ਲੈਂਦਾ ਹੈ ਅਤੇ ਉਸ ਨੂੰ ਬੁੱਧੀ ਦੇ ਹਵਾਲੇ ਕਰ ਦਿੰਦਾ ਹੈ। ਬੁੱਧੀ ਉਸ ਨੂੰ ਚਿੱਤ ਦੇ ਹਵਾਲੇ ਕਰ ਦਿੰਦੀ ਹੈ ਅਤੇ ਅਹੰਕਾਰ ਉਸ ਨੂੰ ਨਿੱਜ ਦ੍ਰਿਸ਼ਟੀ ਦੇ ਕੁਲੋਂ ਅਪਣਾ ਲੈਂਦਾ ਹੈ।

ਮਨ ਤਾਂ ਚੰਚਲ ਹੈ ਪਰ ਜਦੋ ਚੰਚਲ ਮਨ ਬੁੱਧੀ ਰਾਹੀਂ ਅਪਣੇ ਚਿੱਤ ਅੰਦਰ ਚੰਚਲਤਾ ਸੋਚਦਾ ਹੈ ਤਾਂ ਚਿੱਤ ਵੀ ਚੰਚਲ ਹੋ ਜਾਂਦਾ ਹੈ। ਮਾਇਆ ਦੇ ਪ੍ਰਭਾਵ ਨਾਲ ਚਿਤ ਮਲੀਨ ਹੋ ਜਾਂਦਾ ਹੈ। ਪਰ ਚਿੱਤ ਜੇਕਰ ਚੰਗੀ ਗੱਲ ਚਿਤਵਦਾ ਹੈ ਤਾਂ ਇਸ ਅੰਦਰ ਪਰਮਾਤਮਾ ਦਾ ਵਾਸਾ ਹੋ ਜਾਂਦਾ ਹੈ।

1. ਚੰਚਲ ਚੀਤੁ ਨ ਰਹਈ ਠਾਇ॥[1]
2. ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ॥
   ਚਿਤ ਮਹਿ ਠਾਕੁਰੁ ਸਚੁ ਵਸੈ ਭਾਈ ਜੇ ਗੁਰ ਗਿਆਨੁ ਸਮੋਇ॥[2]

ਪ੍ਰਸ਼ਨ ਉਪਨਿਸ਼ਦ(4.8) ਅਨੁਸਾਰ ਚਿੱਤ ਆਤਮਾ ਵਿਚ ਲੀਨ ਹੋ ਜਾਂਦਾ ਹੈ
ਪ੍ਰਸ਼ਨ ਉਪਨਿਸ਼ਦ(3.10) ਅਨੁਸਾਰ ਜਿਸ ਤਰ੍ਹਾਂ ਦਾ ਚਿੱਤ ਹੋਵੇਗਾ ਉਸ ਅਨੁਸਾਰ ਹੀ ਜੀਵ ਨੂੰ ਪੁਨਰ ਜਨਮ ਮਿਲੇਗਾ।

<u>ਅਹੰਕਾਰ</u>

ਅਹੰਕਾਰ ਦਾ ਸੰਬੰਧ ਸਾਪੇਖ ਜਗਤ ਨਾਲ ਹੈ। ਉਹ ਇਕ ਅਜੇਹਾ ਕੇਂਦਰ ਹੈ ਜਿਸ ਵਿਚ ਸਾਰੇ ਇੰਦਰੀ ਅਨੁਭਵ ਤੇ ਮਾਨਸਿਕ ਅਨੁਭਵ ਕੇਂਦਰਤ ਰਹਿੰਦੇ ਹਨ। ਮਨ ਦੇ ਉਸ ਪੱਖ ਨੂੰ ਅਹੰਕਾਰ ਕਹਿੰਦੇ ਹਨ ਜਿਹੜਾ ਅਪਣੇ ਆਪ ਨੂੰ ਸਰੀਰ ਅਤੇ ਇੰਦਰੀਆਂ ਨਾਲ ਇਕ-ਰੂਪ ਕਰਦਾ ਹੈ। ਕਾਨ੍ਹ ਸਿੰਘ ਅਨੁਸਾਰ ਅਹੰਕਾਰ ਅੰਤਹਕਰਣ ਦਾ ਇਕ ਭੇਦ ਹੈ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ ਅਰਥਾਤ ਮਮਤਾ, ਮਮਤ੍ਵ।[3]

ਗੁਰਬਾਣੀ ਵਿਚ ਅਹੰਕਾਰ ਦਾ ਵਿਕਾਰ ਰੂਪ ਅਤੇ ਤੱਤ ਰੂਪ ਵਿਚ ਵਰਣਨ ਹੋਇਆ ਹੈ। ਕਾਮ, ਕ੍ਰੋਧ, ਲੋਭ ਤੇ ਮੋਹ ਦੀ ਤਰ੍ਹਾਂ ਅਹੰਕਾਰ ਵੀ ਇਕ ਮਨੋਵਿਕਾਰ ਹੈ:

ਇਸ ਦੇਹੀ ਅੰਦਰ ਪੰਚ ਚੋਰ ਵਸਹਿ
ਕਾਮ ਕ੍ਰੋਧੁ ਲੋਭੁ ਮੋਹ ਅੰਹਕਾਰਾ॥[4]

---

1. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 932
2. ਸੋਰਠਿ ਮਹਲਾ 1, ਗੁਰੂ ਗ੍ਰੰਥ, ਪੰਨਾ 637
3. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਅੰਤਹਕਰਣ, ਪੰਨਾ 113
4. ਸੋਰਠ ਮਹਲਾ 3, ਗੁਰੂਗ੍ਰੰਥ, ਪੰਨਾ 600

ਅਹੰਕਾਰ ਤੋਂ ਜਗੁ ਦੀ ਉਤਪਤੀ ਮੰਨੀ ਗਈ ਹੈ। ਇਥੇ ਗੁਰੂ ਸਾਹਿਬਾਨ ਅਹੰਕਾਰ ਨੂੰ ਤੱਤ ਰੂਪ ਵਿਚ ਬਿਆਨਿਆ ਹੈ:

ਹਉਮੈਂ ਵਿਚ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥[1]

ਹਉਮੈਂ ਨੂੰ ਦੀਰਘ ਰੋਗ ਕਿਹਾ ਹੈ। ਹੰਕਾਰ ਆਵਾਗਵਨ ਦਾ ਕਾਰਨ ਹੈ ਅਤੇ ਆਤਮਾ ਪਰਮਾਤਮਾ ਦੇ ਮੇਲ ਵਿਚ ਰੁਕਾਵਟ ਹੈ:

1. ਹਉਮੈਂ ਵਡਾ ਰੋਗੁ ਹੈ॥[2]
2. ਨਾਨਕ ਹਉਮੈਂ ਰੋਗ ਬੁਰੇ॥[3]
3. ਹਉ ਵਿਚ ਆਇਆ ਹਉ ਵਿਚ ਗਇਆ॥
   ਹਉ ਵਿਚ ਜੰਮਿਆ ਹਉ ਵਿਚ ਮੁਆ॥[4]
4. ਹਉਮੈਂ ਬੰਧਨ ਬੰਧਿ ਭਵਾਵੈ॥[5]
5. ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈਂ ਭੀਤਿ ਕਰਾਰੀ॥[6]

ਅਹੰਕਾਰ ਦੇ ਵਿਨਾਸ਼ ਲਈ ਸ਼ਬਦ ਨਾਮ ਉਪਰ ਜ਼ੋਰ ਦਿੱਤਾ ਹੈ। ਇਹ ਨਾਮ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਜੇ ਨਾਮ ਦੀ ਪ੍ਰਾਪਤੀ ਜੀਵ ਦੀ ਕਿਸਮਤ ਵਿਚ ਹੋਵੇ, ਉਸ ਦੇ ਚੰਗੇ ਭਾਗ ਹੋਣ ਤਾਂ ਨਾਮ ਦੀ ਦਾਤ ਮਿਲਦੀ ਹੈ ਅਤੇ ਪ੍ਰਭੂ ਮਿਹਰ ਦੁਆਰਾ ਹੀ ਉਹ ਹਉਮੈਂ ਅਹੰਕਾਰ ਤੋਂ ਛੁਟਕਾਰਾ ਪਾ ਸਕਦਾ ਹੈ:

1. ਅਨਹਦ ਬਾਣੀ ਪਾਈਐ ਤਹ ਹਉਮੈਂ ਹੋਇ ਬਿਨਾਸੁ॥[7]
2. ਅਉਖਧ ਨਾਮ ਨਿਰਮਲ ਜਲ ਅੰਮ੍ਰਿਤ ਪਾਈਐਗੁਰੂ ਦੁਆਰੀ॥
   ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ॥[8]
3. ਜਾ ਹਰਿ ਪ੍ਰਭ ਕਿਰਪਾ ਧਾਰੀ॥
   ਤਾ ਹਉਮੈਂ ਵਿਚਹੁ ਮਾਰੀ॥[9]

---

1. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 946
2. ਵਡਹੰਸ ਮਹਲਾ 3, ਗੁਰੂਗ੍ਰੰਥ, ਪੰਨਾ 589
3. ਭੈਰਉ ਮਹਲਾ 1, ਗੁਰੂ ਗ੍ਰੰਥ, ਪੰਨਾ 1153
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 466
5. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 227
6. ਮਲਾਰ ਮਹਲਾ 4, ਗੁਰੂ ਗ੍ਰੰਥ, ਪੰਨਾ 1263
7. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 21
8. ਸੋਰਠ ਮਹਲਾ 5, ਗੁਰੂ ਗ੍ਰੰਥ, ਪੰਨਾ 617
9. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 879

ਹੰਕਾਰ ਖਤਮ ਹੋ ਜਾਵੇ ਤਾਂ ਸੱਚੇ ਨਾਲ ਮੇਲ ਹੋ ਜਾਂਦਾ ਹੈ। ਮੈਂ ਖਤਮ ਹੋ ਜਾਵੇ ਤਾਂ ਸਾਰੇ ਪਾਸੇ ਉਹੀ ਨਜ਼ਰ ਆਉਂਦਾ ਹੈ:

1. ਆਪੁ ਗਇਆ ਤਾ ਆਪਹਿ ਭਏ॥[1]
2. ਹਉਮੈ ਬੂਝੈ ਤਾ ਦਰੁ ਸੂਝੈ॥[2]
3. ਹਉਮੈ ਜਾਇ ਪਰਮ ਪਦੁ ਪਾਈਐ॥[3]
4. ਜੀਵਨ ਮੁਕਤੁ ਸੁ ਆਖੀਐ ਜਿਸੁ ਵਿਚਹੁ ਹਉਮੈ ਜਾਇ॥[4]

ਉਪਨਿਸ਼ਦਾਂ ਵਿਚ ਵੀ ਅਹੰਕਾਰ ਨੂੰ ਰੋਗ ਕਿਹਾ ਹੈ ਜੋ ਪ੍ਰਭੂ ਮੇਲ ਨਹੀਂ ਹੋਣ ਦੇਂਦਾ। ਜੋ ਹੰਕਾਰ ਪਿੱਛੇ ਚਲਦਾ ਹੈ, ਉਹ ਭਟਕਦਾ ਰਹਿੰਦਾ ਹੈ।

ਮੁੰਡਕ ਉਪਨਿਸ਼ਦ (2.8) ਵਿਚ ਲਿਖਿਆ ਹੈ ਜੋ ਕਰਮ ਕਾਂਡ ਵਿਚ ਲੱਗੇ ਹੰਕਾਰ ਪਿਛੇ ਚਲਦੇ ਹਨ ਉਹ ਇਸ ਤਰ੍ਹਾਂ ਭਟਕਦੇ ਹਨ ਜਿਵੇਂ ਅੰਨ੍ਹੇ ਮਨੁੱਖ ਦੇ ਚਲਾਏ ਹੋਏ ਅੰਨ੍ਹੇ ਭਟਕਦੇ ਹਨ।

ਛਾਂਦੋਗਯ ਉਪਨਿਸ਼ਦ (8.15.1) ਵਿਚ ਦੱਸਿਆ ਹੈ ਜੋ ਇਸ (ਅਹੰ) ਹਨੇਰੇ ਨੂੰ ਖਤਮ ਕਰਕੇ ਪ੍ਰਭੂ ਪ੍ਰਾਪਤੀ ਕਰ ਲੈਂਦਾ ਹੈ ਉਹ ਮੁੜ ਮੁੜ ਜੀਵਨ ਨਹੀਂ ਧਾਰਦਾ।

**ਪ੍ਰਾਣ**

ਪ੍ਰਾਣ ਸਰੀਰ ਦਾ ਕ੍ਰਿਆ ਸ਼ਕਤੀ ਪ੍ਰਧਾਨ ਅੰਸ਼ ਹੈ। ਪ੍ਰਾਣ ਪੰਜ ਪ੍ਰਕਾਰ ਦੇ ਮੰਨੇ ਗਏ ਹਨ। ਪ੍ਰਾਣ, ਅਪਾਨ, ਸਮਾਨ, ਉਦਾਨ ਅਤੇ ਵਯਾਨ। ਪ੍ਰਾਣ ਨਾਸਕਾਂ, ਫੇਫੜਿਆਂ ਗਲੇ, ਨਾੜੀ ਅਤੇ ਪੈਰਾਂ ਦੀਆਂ ਉਂਗਲਾਂ ਤੀਕ ਚਲਦਾ ਅਤੇ ਆਪਣਾ ਕੰਮ ਕਰਦਾ ਹੈ। ਅਪਾਨ ਆਪਣਾ ਕਾਰਜ ਤਿੱਲੀ, ਗੁਦਾ, ਪੱਟਾਂ, ਗੋਡਿਆਂ, ਮੇਹਦੇ, ਕਮਰ, ਨਾਭੀ ਆਦਿ ਵਿਚ ਕਰਦਾ ਹੈ। ਸਮਾਨ ਸਾਰੇ ਸਰੀਰ ਅਤੇ ਇਹਦੀਆਂ ਨਾੜੀਆਂ ਵਿਚ ਚਲਦਾ ਹੈ। ਇਹਦੇ ਰਾਹੀਂ ਹੀ ਖਾਧੀ ਪੀਤੀ ਸਾਰੀ ਖੁਰਾਕ ਸਰੀਰ ਵਿਚ ਫੈਲਦੀ ਹੈ। ਉਦਾਨ ਸਰੀਰ ਦੇ ਸਾਰੇ ਜੋੜਾਂ ਵਿਚ ਆਪਣਾ ਕੰਮ ਕਰਦਾ ਹੈ। ਵਯਾਨ ਕੰਨਾਂ, ਅੱਖਾਂ, ਗਿੱਟਿਆਂ, ਨੱਕ, ਗਲੇ, ਕਮਰ ਆਦਿ ਵਿਚ ਚਲ ਕੇ ਆਪਣਾ ਕਾਰਜ ਸਾਧਦਾ ਹੈ।

ਸਵਾਸ ਸਰੀਰ ਦਾ ਜੀਵਨ ਹਨ। ਜਦ ਤਕ ਸਰੀਰ ਵਿਚ ਸਵਾਸ ਚਲਦੇ ਹਨ ਇਹ ਸਥਿਰ ਹੈ। ਪ੍ਰਾਣਾਂ ਤੋਂ ਬਿਨਾਂ ਇਹ ਮੁਰਦਾ ਹੈ। ਗੁਰਬਾਣੀ ਵਿਚ ਇਹ ਵਿਚਾਰ ਇਸ ਤਰ੍ਹਾਂ

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 202
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 466
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 226
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1010

ਅੰਕਿਤ ਹੈ;

1. ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥[1]

2. ਪਵਣੈ ਕੈ ਵਸਿ ਦੇਹੁਰੀ॥[2]

ਪ੍ਰਾਣਾਂ ਦੀ ਚਾਲ ਅਦਿੱਖ ਸ਼ਕਤੀ ਦੇ ਵਸ ਵਿਚ ਹੈ। ਇਸ ਲਈ ਸਰੀਰ ਦੀ ਠੀਕ ਤਰ੍ਹਾਂ ਕੋਈ ਮਿਆਦ ਨਹੀਂ ਮਿਥੀ ਜਾ ਸਕਦੀ। ਗੁਰੂ ਨਾਨਕ ਨੇ ਆਦਮੀ ਨੂੰ ਇਕ-ਦਮੀ ਕਿਹਾ ਹੈ;

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥[3]

ਗੁਰਬਾਣੀ ਵਿਚ ਪਵਨ ਅਥਵਾ ਪ੍ਰਾਣ ਨੂੰ 'ਗੁਰੂ' ਕਿਹਾ ਹੈ। ਪਉਣ ਨ ਹੋਵੇ ਤਾਂ ਸਾਹ ਲੈਣ ਬਿਨਾਂ ਮੌਤ ਹੋ ਜਾਵੇ। ਭਾਈ ਜੋਧ ਸਿੰਘ ਅਨੁਸਾਰ ਪਵਨ ਗੁਰੂ ਇਸ ਲਈ ਹੈ ਕਿ ਜਿਵੇਂ ਗੁਰੂ ਦੇ ਉਪਦੇਸ਼ ਬਿਨਾਂ ਆਤਮਾ ਸਥੂਲ ਹੈ, ਇਵੇਂ ਪਉਣ ਬਿਨਾਂ ਸਰੀਰ। ਪਉਣ ਸਰੀਰਾਂ ਦਾ ਗੁਰੂ ਹੈ।[4]

ਉਪਨਿਸ਼ਦਾਂ ਵਿਚ ਵੀ ਪ੍ਰਾਣਾਂ ਦੀ ਮਹੱਤਤਾ ਨੂੰ ਸਵੀਕਾਰਿਆ ਗਿਆ ਹੈ। ਛਾਂਦੋਗ ਉਪਨਿਸ਼ਦ(5.11.15) ਬਾਣੀ, ਕੰਨ, ਅੱਖ ਅਤੇ ਮਨ ਪ੍ਰਾਣ ਹੀ ਅਖਵਾਉਂਦੇ ਹਨ। ਕਿਉਂਕਿ ਇਹ ਸਭ ਪ੍ਰਾਣ ਕਾਰਨ ਹਨ। ਜੇਕਰ ਇਨ੍ਹਾਂ ਵਿਚੋਂ ਕੋਈ ਸਰੀਰ ਵਿਚੋਂ ਨਿਕਲ ਜਾਵੇ ਤਾਂ ਸਰੀਰ ਮੁਰਦਾ ਨਹੀਂ ਪਰ ਜੇਕਰ ਪ੍ਰਾਣ ਨਿਕਲ ਜਾਣ ਤਾਂ ਸਾਰੇ ਖ਼ਤਮ ਹੋ ਜਾਂਦੇ ਹਨ ਸੋ ਪ੍ਰਾਣ ਇਨ੍ਹਾਂ ਸਭ ਵਿਚੋਂ ਸ੍ਰੇਸ਼ਟ ਹੈ। ਇਹ ਸਰੀਰ ਦਾ ਜੀਵਨ ਹੈ। ਪ੍ਰਸ਼ਨ ਉਪਨਿਸ਼ਦ(1.14) ਵਿਚ ਪ੍ਰਾਣ ਨੂੰ ਦਿਨ, ਸੂਰਜ ਪ੍ਰਕਾਸ਼, ਅਮ੍ਰਿਤ, ਜੀਵਨ, ਆਤਮਾ, ਪੁਰਸ਼ ਆਦਿਕ ਕਿਹਾ ਹੈ।

ਪ੍ਰਸ਼ਨ ਉਪਨਿਸ਼ਦ(2.11) ਵਿਚ ਪ੍ਰਾਣ ਨੂੰ ਬ੍ਰਹਮਾਂਡ ਦੇ ਅਰਥ ਵਿਚ ਲਿਆ ਗਿਆ ਹੈ। ਹੇ ਪ੍ਰਾਣ ਤੂੰ ਸ਼ੁਧ ਹੈਂ, ਜਗਤ ਦਾ ਭੋਗਤਾ ਤੇ ਸੰਘਾਰਨ ਵਾਲਾ ਹੈਂ। ਸ੍ਰਿਸ਼ਟੀ ਦਾ ਵੀ ਤੂੰ ਹੀ ਪਿਤਾ ਹੈਂ। ਪ੍ਰਸ਼ਨ ਉਪਨਿਸ਼ਦ(3.3) ਮਾਨਸ ਬਿਰਤੀਆਂ ਤੋਂ ਇਸ ਸਰੀਰ ਵਿਚ ਪ੍ਰਾਣ ਆਉਂਦਾ ਹੈ। ਇਥੇ ਇਸ ਨੂੰ ਜੀਵਨ ਪ੍ਰਾਣ ਦੇ ਅਰਥਾਂ ਵਿਚ ਲਿਆ ਹੈ।

---

1. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 20
2. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 63
3. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 660
4. ਭਾਈ ਜੋਧ ਸਿੰਘ, ਜਪੁ ਜੀ, ਪੰਨਾ 68

ਪ੍ਰਸ਼ਨ ਉਪਨਿਸ਼ਦ (2.4) ਅਨੁਸਾਰ ਪ੍ਰਾਣ ਦੇ ਬਾਹਰ ਨਿਕਲਣ ਤੇ ਸਾਰੇ ਦੇਵ ਬਾਹਰ ਆਏ। ਸਰੀਰ ਵਿਚ ਵਾਪਸ ਆਣ ਤੇ ਸਾਰੇ ਵਾਪਸ ਆ ਗਏ। ਜਿਵੇਂ ਮਧੂ ਛੱਤੇ ਤੋਂ ਮਧੂ ਮੱਖੀਆਂ ਦੇ ਰਾਜਾ ਦੇ ਨਿਕਲ ਜਾਣ ਤੇ ਸਭ ਮੱਖੀਆਂ ਉਡ ਜਾਂਦੀਆਂ ਹਨ ਅਤੇ ਉਸਦੇ ਬੈਠ ਜਾਣ ਤੇ ਸਭ ਬੈਠ ਜਾਂਦੀਆਂ ਹਨ, ਇਸੇ ਕਾਰਨ ਪ੍ਰਾਣ ਨੂੰ ਬਾਣੀ, ਮਨ, ਨੇਤਰ ਤੇ ਸ੍ਰੋਤ ਦਾ ਜਾਵਕ ਕਿਹਾ ਹੈ। ਪ੍ਰਸ਼ਨ ਉਪਨਿਸ਼ਦ (4.4) ਸਾਹ ਦਾ ਆਉਣਾ ਜਾਣਾ ਸਰੀਰ ਨੂੰ ਸੰਤੁਲਤ ਰਖਦਾ ਹੈ।

## (ਸ) ਆਤਮ ਪ੍ਰਗਤੀ ਦੇ ਪੜਾਅ

ਜੀਵਾਤਮਾ ਦਾ ਨਿਸ਼ਾਨਾ ਹੈ ਉਸ ਪਰਮਾਤਮਾ ਨਾਲ ਮੇਲ, ਜਿਸ ਤੋਂ ਕਿ ਉਹ ਅਲੱਗ ਹੋਈ ਹੈ। ਮਨੁੱਖਾ ਜਨਮ ਪ੍ਰਭੂ ਨਾਲ ਅਭੇਦਤਾ ਦਾ ਸ਼ੁੱਭ ਮੌਕਾ ਹੈ ਪਰ ਮਾਇਆ, ਹਉਮੈਂ ਵਿਕਾਰਾਂ ਵਿਚ ਖਚਿਤ ਹੋਇਆ ਮਨੁੱਖ ਆਪਣੇ ਅਸਲੇ ਨੂੰ ਭੁੱਲ ਕੇ ਆਵਾਗਵਨ ਦੇ ਚੱਕਰਾਂ ਵਿਚ ਭਟਕਦਾ ਰਹਿੰਦਾ ਹੈ। ਇਹ ਭਟਕਦੀ ਆਤਮਾ ਸੁਹਾਗਣ ਹੋਣਾ ਚਾਹੁੰਦੀ ਹੈ। ਜਿਸ ਲਈ ਉਸ ਨੂੰ ਗੁਣ ਧਾਰਨ ਕਰਨੇ ਪੈਣਗੇ। ਗੁਣਾਂ ਨਾਲ ਹੀ ਉਸ ਨੂੰ ਪਤੀ ਪਰਮਾਤਮਾ ਮਿਲੇਗਾ। ਬਿਨਾਂ ਗੁਣਾਂ ਦੇ ਤਾਂ ਉਸ ਨੂੰ ਉਸ ਦੇ ਨਾਮ ਦੀ ਪ੍ਰਾਪਤੀ ਵੀ ਨਹੀਂ ਹੋਣੀ। ਗੁਰਬਾਣੀ ਵਿਚ ਇਸ ਤਰ੍ਹਾਂ ਵਿਚਾਰ ਅੰਕਿਤ ਹਨ:

1. ਪੇਈਅੜੈ ਪਿਰੁ ਜਾਤੋ ਨਾਹੀ
   ਝੂਠ ਵਿਛੁੰਨੀ ਰੋਵੈ ਧਾਹੀ॥
   ਅਵਗੁਣਿ ਮੁਠੀ ਮਹਲੁ ਨ ਪਾਇਆ॥
   ਅਵਗਣ ਗੁਣਿ ਬਖਸਾਵਣਿਆ॥[1]

2. ਵਿਣੁ ਗੁਣ ਕੀਤੇ ਭਗਤਿ ਨ ਹੋਇ॥[2]

ਗੁਰੂ ਨਾਨਕ ਦੇਵ ਨੇ ਜਪੁਜੀ ਵਿਚ ਪੰਜ ਖੰਡਾਂ ਦਾ ਵਰਣਨ ਕੀਤਾ ਹੈ। ਇਹ ਖੰਡ ਆਤਮ ਪ੍ਰਗਤੀ ਦੇ ਪੜਾ ਜਾਂ ਅਵਸਥਾਵਾਂ ਹਨ।

ਧਰਮਖੰਡ ਸਭ ਤੋਂ ਪਹਿਲਾ ਜਾਂ ਹੇਠਲਾ ਖੰਡ ਹੈ। ਧਰਮ ਖੰਡ ਫਰਜ਼ ਦੀ ਅਵਸਥਾ ਹੈ। ਇਸ ਵਿਚ ਜੀਵਨ ਨੂੰ ਉਚੇਰਾਂ ਚੁੱਕਣ ਦਾ ਯਤਨ ਕੀਤਾ ਜਾਂਦਾ ਹੈ। ਇਸ ਦਾ ਤਲ ਧਰਤੀ ਹੈ ਜਿਥੇ ਕਈ ਤਰ੍ਹਾਂ ਦੇ ਜੀਵ ਵਿਚਰਦੇ ਹਨ। ਧਰਤੀ ਨੂੰ ਧਰਮ ਕਮਾਉਣ ਲਈ ਧਰਮ ਸਾਲ ਬਣਾਇਆ ਹੈ। ਹਰ ਜੀਵ ਕਰਮ ਕਰ ਰਿਹਾ ਹੈ। ਕਰਮ ਕਰਦੇ ਕਰਦੇ ਉਸ ਨੂੰ ਸੋਝੀ ਹੁੰਦੀ

---

1. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 109
2. ਜਪੁ, ਗੁਰੂ ਗ੍ਰੰਥ, ਪੰਨਾ 4

ਹੈ ਕਿ ਉਸਦੇ ਉੱਪਰ ਸੱਚਾ ਬ੍ਰਹਮ ਹੈ ਜਿਸ ਦਾ ਦਰਬਾਰ ਵੀ ਸੱਚਾ ਹੈ। ਉਸ ਦਰਬਾਰ ਵਿਚ ਜੀਵ ਦਾ ਕਰਮਾਂ ਅਨੁਸਾਰ ਨਿਬੇੜਾ ਹੋਵੇਗਾ।[1] ਇਥੇ ਸੁਕਰਮਾਂ ਦਾ ਅਭਿਆਸ ਸ਼ੁਰੂ ਹੋ ਜਾਂਦਾ ਹੈ ਅਤੇ ਕੁਕਰਮਾਂ ਦਾ ਤਿਆਗ ਕੀਤਾ ਜਾਂਦਾ ਹੈ।[2] ਗੁਰੂ ਨਾਨਕ ਅਨੁਸਾਰ ਧਰਮ ਖੰਡ ਕੀ ਏਹੋ ਧਰਮੁ ਹੈ। ਜਦੋਂ ਚੰਗੇ ਮੰਦੇ ਦੀ ਪਛਾਣ ਹੁੰਦੀ ਹੈ, ਇਖਲਾਕ ਉੱਚਾ ਕਰਨ ਦੀ ਰੁਚੀ ਪੈਦਾ ਹੁੰਦੀ ਹੈ ਤਾਂ ਜੀਵਾਤਮਾ ਅਗਲੇ ਦਰਜੇ ਵਲ ਵਧਦਾ ਹੈ।

ਗਿਆਨ ਖੰਡ ਦੂਜੀ ਅਵਸਥਾ ਦਾ ਨਾਂ ਹੈ। ਇਹ ਆਤਮ-ਬੋਧ ਦੀ ਮੰਜ਼ਿਲ ਹੈ। ਸ਼ਬਦ ਵਿਚ ਲੀਨ ਹੋਣ ਉਤੇ ਪ੍ਰਭੂ ਦੀਆਂ ਸ਼ਕਤੀਆਂ ਦਾ ਗਿਆਨ ਉਤਪੰਨ ਹੁੰਦਾ ਹੈ। ਇਸ ਖੰਡ ਵਿਚ ਉਸ ਦੀ ਦ੍ਰਿਸ਼ਟੀ ਵਿਸ਼ਾਲ ਹੋ ਜਾਂਦੀ ਹੈ, ਜਿਸ ਨਾਲ ਉਹ ਦੇਖਦਾ ਹੈ ਕਿ ਧਰਮ ਕਮਾਉਣ ਦਾ ਜਤਨ ਕੇਵਲ ਉਹ ਹੀ ਨਹੀਂ ਕਰ ਰਿਹਾ ਸਗੋਂ ਕਈ ਦੇਵੀ ਦੇਵਤੇ ਇਸ ਪਾਸੇ ਲੱਗੇ ਹੋਏ ਹਨ। ਇਸ ਖੰਡ ਵਿਚ ਜੀਵ ਨੂੰ ਪ੍ਰਭੂ ਦੀ ਬੇਅੰਤਤਾ ਦਾ ਗਿਆਨ ਹੁੰਦਾ ਹੈ। ਪ੍ਰਭੂ ਦੀ ਰਚਨਾ ਅਸੀਮ ਹੈ। ਖਾਣੀਆਂ, ਬਾਣੀਆਂ, ਕਰਮ ਭੂਮੀਆਂ, ਚੰਦਾ, ਸੂਰਜਾਂ, ਨਾਥਾਂ, ਸਾਗਰਾਂ ਆਦਿਕ ਬੇਸ਼ੁਮਾਰ ਹਨ। ਸੋ ਇਸ ਗਿਆਨ ਖੰਡ ਵਿਚ ਗਿਆਨੁ ਹੀ ਪ੍ਰਚੰਡ ਰਹਿੰਦਾ ਹੈ।[3]

ਸਰਮ ਖੰਡ ਤੀਜੀ ਅਵਸਥਾ ਹੈ। ਇਸ ਖੰਡ ਵਿਚ ਮਿਹਨਤ, ਉਦੱਮ ਨਾਲ ਰੂਪ ਨਿਖਰਦਾ ਹੈ ਅਤੇ ਉਸ ਵਿਚ ਸੁਰਤ ਮਤਿ ਮਨਿ ਬੁਧਿ ਦੀ ਰਚਨਾ ਹੁੰਦੀ ਹੈ। ਸਿੱਧਾਂ ਅਤੇ ਦੇਵਤਿਆਂ ਦੀ ਸੁਧਿ ਦੀ ਵੀ ਇਸੇ ਖੰਡ ਵਿਚ ਰਚਨਾ ਹੁੰਦੀ ਹੈ।[4] ਮਨ ਬੁੱਧੀ ਦੇ ਨਿਰਮਲ ਹੋ ਜਾਣ ਤੇ ਉਹ ਅਗਲੇ ਪੜਾਅ ਤੇ ਪਹੁੰਚ ਜਾਂਦਾ ਹੈ।

ਕਰਮ ਖੰਡ ਪ੍ਰਸਾਦ ਦਾ ਦੇਸ਼ ਹੈ। ਇਹ ਚੌਥੀ ਅਵਸਥਾ ਹੈ। ਭਾਈ ਜੋਧ ਸਿੰਘ ਅਨੁਸਾਰ ਯਥਾਰਥ ਗਿਆਨ ਮਗਰੋਂ ਜੀਵ ਪਾਸੇ ਘਾਲ ਘਾਲਣ ਨਾਲ ਕੁਝ ਬਖਸ਼ਿਸ਼ ਦਾ ਦਰ ਲੱਭਦਾ ਹੈ। ਇਸ ਖੰਡ ਵਿਚ ਪ੍ਰਭੂ ਦੀ ਸ਼ਕਤੀ ਦੀ ਪ੍ਰਧਾਨਤਾ ਹੁੰਦੀ ਹੈ। ਇਹ ਅਧਿਆਤਮਿਕ ਯੋਧੇ ਅਤੇ ਭਗਤਾਂ ਦਾ ਨਿਵਾਸ ਸਥਾਨ ਹੈ। ਉਹ ਸਦੀਵੀ ਆਨੰਦ ਵਿਚ ਰਹਿੰਦੇ ਹਨ।[5]

ਪ੍ਰਭੂ ਦੀ ਬਖ਼ਸ਼ਿਸ਼ ਨਾਲ ਉਹ ਇਸ ਖੰਡ ਤੋਂ ਅਗਲੇ ਖੰਡ ਵਿਚ ਦਾਖ਼ਲ ਹੋ ਸਕਦਾ ਹੈ। ਸਚ ਖੰਡ ਪੰਜਵਾਂ ਖੰਡ ਹੈ। ਇਸ ਨੂੰ ਨਿਰ ਅਵਿਨਾਸ਼ੀ ਮੰਡਲ ਵੀ ਕਿਹਾ ਹੈ। ਇਸ ਵਿਚ ਨਿਰੰਕਾਰ ਦਾ ਨਿਵਾਸ ਹੈ। ਇਸ ਵਿਚ ਅਨੇਕਾਂ ਖੰਡ, ਮੰਡਲ ਅਤੇ ਬ੍ਰਹਮੰਡ ਹਨ।

---

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਹਿਲੀ ਪੋਥੀ, ਪੰਨਾ 77
2. ਦੇਖੋ ਜਪੁਜੀ ਪਉੜੀ 34, ਪੰਨਾ 7
3. ਦੇਖੋ ਜਪੁਜੀ, ਪਉੜੀ 35-36, ਪੰਨਾ 7
4. ਉਹੀ, ਪਉੜੀ 36, ਪੰਨਾ 8
5. ਉਹੀ, ਪਉੜੀ 37, ਪੰਨਾ 8

ਉਪਰੋਕਤ ਵਿਕਾਸ ਵਿਚ ਜੀਵਾਤਮਾ ਸਹਿਜੇ ਸਹਿਜੇ ਉਪਰ ਉਠਦੀ ਹੈ। ਜਿਉਂ ਜਿਉਂ ਇਕ ਪੜਾਅ ਤੋਂ ਅਗਲੇ ਪੜਾਅ ਵਿਚ ਜਾਂਦੀ ਹੈ ਸੂਖਮ ਹੁੰਦੀ ਜਾਂਦੀ ਹੈ। ਅੰਤ ਸੂਖਮ ਪਰਮਾਤਮਾ ਵਿਚ ਸੂਖਮ ਆਤਮਾ ਲੀਨ ਹੋ ਜਾਂਦੀ ਹੈ। ਇਸ ਅਵਸਥਾ ਨੂੰ ਪਰਮਪਦ, ਚਉਥਾ ਪਦ, ਤੁਰੀਆ ਅਵਸਥਾ ਜਾਂ ਸਹਿਜ ਵੀ ਕਿਹਾ ਗਿਆ ਹੈ। ਜਿਵੇਂ:

1. ਤ੍ਰੈਗੁਣ ਮਾਇਆ ਮੋਹੁ ਹੈ
   ਗੁਰਮੁਖ ਚਉਥਾ ਪਦੁ ਪਾਇ॥[1]

2. ਤੁਰੀਆਵਸਥਾ ਗੁਰਮੁਖ ਪਾਈਐ
   ਸੰਤਸਭਾ ਕੀ ਓਟ ਲਹੀ॥[2]

3. ਸਬਦੈ ਹੀ ਤੇ ਸਹਿਜ ਉਪਜੈ
   ਹਰਿ ਪਾਇਆ ਸਚੁ ਸੋਇ॥
   ਚਉਥੇ ਪਦ ਮਹਿ ਸਹਿਜ ਹੈ
   ਗੁਰਮੁਖਿ ਪਲੈ ਪਾਇ॥[3]

4. ਅਨੰਦ ਅਨਦ ਘਣਾ ਮੈਂ ਸੋ ਪ੍ਰਭ ਡੀਠਾ ਰਾਮ॥
   ਚਾਖਿਅੜਾ ਚਾਖਿਅੜਾ ਮੈਂ ਹਰਿ ਰਸੁ ਮੀਠਾ ਰਾਮ॥[4]

ਉਪਨਿਸ਼ਦਾਂ ਵਿਚ ਇਸ ਤਰ੍ਹਾਂ ਖੰਡਾਂ ਦਾ ਉਲੇਖ ਨਹੀਂ ਹੈ ਪਰ ਆਤਮਾ ਚਾਰ ਅਵਸਥਾਵਾਂ ਵਿਚ ਵਿਚਰਦੀ ਦੱਸੀ ਜਾਂਦੀ ਹੈ। ਇਹ ਚਾਰ ਅਵਸਥਾਵਾਂ ਜਾਗ੍ਰਤ ਸੁਪਨ, ਸੁਖੋਪਤ ਅਤੇ ਤੁਰੀਆ ਹਨ। ਉਪਨਿਸ਼ਦਾਂ ਵਿਚ ਕ੍ਰਮਵਾਰ ਇਨ੍ਹਾਂ ਦੇ ਨਾਂ ਵੈਸ਼੍ਵਾਨਰ, ਤੈਜਸ, ਪ੍ਰਾਜਣ ਅਤੇ ਆਤਮਾ ਹਨ। ਮਾਂਡੂਕਯ ਉਪਨਿਸ਼ਦ(2) ਵਿਚ ਆਤਮਾ ਨੂੰ ਚਾਰ ਪੈਰਾਂ ਵਾਲੀ ਕਲਪਿਆ ਹੈ। ਇਹ ਉਸ ਦੀਆਂ ਚਾਰ ਅਵਸਥਾਵਾਂ ਹਨ। ਮਾਂਡੂਕਯ ਉਪਨਿਸ਼ਦ(3-4-5-6-7) ਵਿਚ ਇਨ੍ਹਾਂ ਅਵਸਥਾਵਾਂ ਦਾ ਵਰਣਨ ਹੈ। ਪਹਿਲੀ ਅਵਸਥਾ ਜਾਗ੍ਰਤ ਅਵਸਥਾ ਹੈ। ਜਾਗ੍ਰਤ ਅਵਸਥਾ ਵਿਚ ਭੌਤਿਕ ਸੰਸਾਰ ਨਾਲ ਵਾਹ ਪੈਂਦਾ ਹੈ, ਜਿਸ ਦਾ ਗਿਆਨ, ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ। ਇਸ ਅਵਸਥਾ ਵਿਚ ਆਤਮਾ ਕੇਵਲ ਬਾਹਰਮੁਖੀ ਪਦਾਰਥਾਂ ਬਾਰੇ ਚੇਤੰਨ ਹੁੰਦੀ ਹੈ ਅਤੇ ਸਥੂਲ ਵਸਤਾਂ ਨੂੰ ਮਾਣਦੀ ਹੈ।

---

1. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 30
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 356
3. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 68
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 452

ਦੂਜੀ ਅਵਸਥਾ ਸੁਪਨ ਅਵਸਥਾ ਹੈ, ਜਦੋਂ ਕਿ ਆਤਮਾ ਕੇਵਲ ਅੰਤਰਮੁਖੀ ਪਦਾਰਥਾਂ ਬਾਰੇ ਚੇਤੰਨ ਹੁੰਦੀ ਹੈ ਅਤੇ ਸੂਖਮ ਵਸਤਾਂ ਨੂੰ ਮਾਣਦੀ ਹੈ। ਉਦੋਂ ਉਸ ਨੂੰ ਤੇਜਸ ਕਹਿੰਦੇ ਹਨ। ਜਦੋਂ ਜੀਵ ਸੁਪਨੇ ਦੀ ਦੁਨੀਆਂ ਵਿਚ ਦਾਖਲ ਹੁੰਦਾ ਹੈ ਤਾਂ ਉਹ ਉਸ ਨੂੰ ਸੱਚ ਪ੍ਰਤੀਤ ਹੁੰਦੀ ਹੈ। ਜਾਗ ਕੇ ਹੀ ਉਸ ਨੂੰ ਪਤਾ ਚਲਦਾ ਹੈ ਕਿ ਉਹ ਝੂਠ ਹੈ। ਸੁਪਨੇ ਵਿਚਲੇ ਪਦਾਰਥਾਂ ਉਤੇ ਉਸ ਦੀ ਜਾਗਰਤ ਅਵਸਥਾ ਦਾ ਪ੍ਰਭਾਵ ਹੈ। ਸੋ ਇਸ ਉਪਰ ਵੀ ਮਾਇਆ ਦਾ ਪ੍ਰਭਾਵ ਹੈ।

ਤੀਜੀ ਅਵਸਥਾ ਸੁਸੁਪਤੀ ਜਾਂ ਸੁਖੋਪਤ ਦੀ ਹੈ। ਜਦੋਂ ਮਨੁੱਖ ਸੁੱਤਿਆਂ ਸੁਪਨਿਆਂ ਤੋਂ ਮੁਕਤ ਹੋ ਕੇ ਗੂੜ੍ਹੀ ਨੀਂਦ ਸੌਂਦਾ ਹੈ, ਇਸ ਅਵਸਥਾ ਵਿਚ ਆਤਮਾ ਪਰਮਾਤਮਾ ਵਿਚਕਾਰ ਏਕਤਾ ਮਹਿਸੂਸ ਹੁੰਦੀ ਹੈ ਪਰ ਜਦੋਂ ਮਨੁੱਖ ਜਾਗਰਤ ਅਵਸਥਾ ਵਿਚ ਮੁੜਦਾ ਹੈ ਤਾਂ ਫੇਰ ਉਹੀ ਹੁੰਦਾ ਹੈ। ਪਰ ਇਸ ਅਵਸਥਾ ਤੇ ਮਨੁੱਖ ਬਾਹਰਮੁਖੀ ਜਗਤ ਤੋਂ ਬਰੀ ਜ਼ਰੂਰ ਹੁੰਦਾ ਹੈ। ਉਸ ਨੂੰ ਬ੍ਰਹਮ ਗਿਆਨ ਦੀ ਝਲਕ ਵੀ ਮਿਲਦੀ ਹੈ।

ਤਿੰਨ ਅਵਸਥਾਵਾਂ ਤੋਂ ਅਗਲੀ ਅਵਸਥਾ ਤੁਰੀਆ ਅਵਸਥਾ ਹੈ। ਇਸ ਅਵਸਥਾ ਵਿਚ ਆਤਮਾ ਦਾ ਸ਼ੁੱਧ ਰੂਪ ਹੁੰਦਾ ਹੈ। ਮਾਨਵ ਉਤੇ ਅੰਤਰਮੁਖੀ ਤੇ ਬਾਹਰਮੁਖੀ ਜਗਤ ਦੇ ਅਸਰ ਨਹੀਂ ਰਹਿੰਦਾ। ਇਸ ਵਿਚ ਦ੍ਵੈਤ ਭਾਵ ਖ਼ਤਮ ਹੋ ਜਾਂਦਾ ਹੈ। ਆਤਮਾ ਸ਼ੁਭ ਅਨੰਦ ਭਰਪੂਰ ਹੁੰਦੀ ਹੈ। ਇਹ ਚੌਥਾ ਪਦ ਵਰਣਨ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਵਰਣਨ ਤੋਂ ਜ਼ਾਹਰ ਹੋ ਜਾਂਦਾ ਹੈ ਕਿ ਉਪਨਿਸ਼ਦਾਂ ਵਿਚ ਪੰਜ ਖੰਡ ਦੇ ਸਮਾਨ ਖੰਡ ਨਹੀਂ। ਇਹ ਗੁਰਬਾਣੀ ਦੀ ਮੌਲਿਕ ਦੇਣ ਹੈ। ਵੈਸੇ ਉਪਨਿਸ਼ਦਾਂ ਵਿਚ ਗਿਆਨ ਬਾਰੇ, ਕਰਮ ਬਾਰੇ, ਪ੍ਰਭੂ ਪ੍ਰਸਾਦ ਅਤੇ ਤੁਰੀਆ ਅਵਸਥਾ ਬਾਰੇ ਵਰਣਨ ਮਿਲਦਾ ਹੈ ਕਿ ਇਨ੍ਹਾਂ ਦੁਆਰਾ ਪਰਮ ਪਦ ਪਾਇਆ ਜਾ ਸਕਦਾ ਹੈ। ਈਸ਼ ਉਪਨਿਸ਼ਦ(11) ਅਨੁਸਾਰ ਜੋ ਗਿਆਨ ਪੂਰਵਕ ਕਰਮ ਕਰਦਾ ਹੈ ਉਹ ਮ੍ਰਿਤੂ ਭੈ ਨੂੰ ਤਰ ਕੇ ਅੰਮ੍ਰਿਤ ਮੋਖ ਨੂੰ ਪ੍ਰਾਪਤ ਹੁੰਦਾ ਹੈ ਜਿਵੇਂ ਇਕ ਰਾਹੀ ਨੇਤਰਾਂ ਨਾਲ ਦੇਖਦਾ ਹੋਇਆ ਪੈਰਾਂ ਨਾਲ ਤੁਰਦਾ ਮੰਜ਼ਲ ਤੇ ਪਹੁੰਚ ਜਾਂਦਾ ਹੈ, ਇਸੇ ਤਰ੍ਹਾਂ ਗਿਆਨ ਸਹਿਤ ਕਰਮ ਕਰਦਾ ਜੀਵ ਯਾਤਰੀ, ਜੀਵਨ ਯਾਤਰਾ ਨੂੰ ਸਫਲ ਬਣਾਉਂਦਾ ਹੈ, ਅੰਮ੍ਰਿਤ ਪਦ ਦੀ ਪ੍ਰਾਪਤੀ ਹੁੰਦੀ ਹੈ।

ਈਸ਼ ਉਪਨਿਸ਼ਦ(15) ਅਨੁਸਾਰ ਇਸ ਸਾਰੇ ਕਾਰਜ ਨਾਲ ਪ੍ਰਭੂ ਦੀ ਕਿਰਪਾ ਜ਼ਰੂਰੀ ਹੈ। ਮੁੰਡਕ ਉਪਨਿਸ਼ਦ(2,8) ਅਨੁਸਾਰ ਜੋ ਜੀਵ ਬ੍ਰਹਮ ਦੇ ਨਿਕਟ ਹੁੰਦਾ ਹੈ, ਉਹ ਬ੍ਰਹਮ ਹੀ ਹੋ ਜਾਂਦਾ ਹੈ। ਜਿਵੇਂ ਸਮੁੰਦਰ ਵਿਚ ਪਹੁੰਚ ਕੇ ਨਦੀਆਂ ਸਮੁੰਦਰ ਹੀ ਹੋ ਜਾਂਦੀਆਂ ਹਨ।

## ਅਧਿਆਇ ਚੌਥਾ

ਸ੍ਰਿਸ਼ਟੀ ਦਾ ਸੰਕਲਪ

ੳ. ਸ੍ਰਿਸ਼ਟੀ ਕੀ ਹੈ?
ਅ. ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੀ ਸੀ?
ੲ. ਸ੍ਰਿਸ਼ਟੀ ਉਤਪਤੀ ਦਾ ਕਾਰਨ
ਸ. ਰਚਨਾ ਅਤੇ ਰਚਨਹਾਰ
ਹ. ਸ੍ਰਿਸ਼ਟੀ ਕ੍ਰਮ

## ਸ੍ਰਿਸ਼ਟੀ ਦਾ ਸੰਕਲਪ

### ੳ. ਸ੍ਰਿਸ਼ਟੀ ਕੀ ਹੈ?

ਸ੍ਰਿਸ਼ਟੀ ਰਚਨਾ ਇਕ ਰਹੱਸ ਹੈ। ਇਸ ਰਚਨਾ ਤੋਂ ਪਹਿਲਾਂ ਕੀ ਸੀ? ਰਚਨਾ ਕਦੋਂ ਹੋਈ, ਕਿਉਂ ਹੋਈ, ਇਸ ਦਾ ਸਰੂਪ ਕਿਹੋ ਜਿਹਾ ਹੈ, ਇਸ ਦਾ ਵਿਸਤਾਰ ਕਿੰਨਾ ਹੈ ਅਤੇ ਇਸ ਦਾ ਅੰਤ ਕਦੋਂ ਹੋਊ? ਇਸ ਬਾਰੇ ਬਹੁਤ ਕੁਝ ਕਿਹਾ ਜਾਣ ਤੇ ਵੀ ਇਹ ਬੁਝਾਰਤ ਹੀ ਹੈ।

ਗੁਰਬਾਣੀ ਵਿਚ ਸ੍ਰਿਸ਼ਟੀ ਸੰਬੰਧੀ ਕੋਈ ਦਾਰਸ਼ਨਿਕ ਵਿਵੇਚਨ ਨਹੀਂ ਕੀਤਾ। ਕਿਤੇ ਕਿਤੇ ਜੋ ਉਲੇਖ ਮਿਲਦੇ ਹਨ ਉਨ੍ਹਾਂ ਨੂੰ ਇਕੱਠਾ ਕਰਕੇ ਸ੍ਰਿਸ਼ਟੀ ਬਾਰੇ ਗੁਰਬਾਣੀ ਦੀ ਧਾਰਨਾ ਦਾ ਨਿਰੂਪਣ ਕੀਤਾ ਜਾ ਸਕਦਾ ਹੈ। ਭਾਈ ਜੋਧ ਸਿੰਘ ਦਾ ਕਥਨ ਭਾਵ ਪੂਰਿਤ ਹੈ ਕਿ ਗੁਰੂ ਸਾਹਿਬ ਰਚਨਾ ਸਿਧਾਂਤਾਂ ਨੂੰ ਬਿਆਨ ਕਰਨ ਦੇ ਵਿਸਤਾਰ ਵਿਚ ਨਹੀਂ ਪਏ।[1] ਰਚਨਾ ਕਦੋਂ, ਕਿਵੇਂ, ਕਿਸ ਤਰ੍ਹਾਂ ਹੋਈ, ਇਸ ਬਾਰੇ ਤਾਂ ਕਰਨਹਾਰ ਹੀ ਜਾਣ ਸਕਦਾ ਹੈ। ਬਾਕੀ ਤਾਂ ਅਨੁਮਾਨ ਹੀ ਹਨ। ਗੁਰਬਾਣੀ ਦਾ ਮੱਤ ਹੈ:

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥[2]

ਗੁਰਬਾਣੀ ਵਿਚ ਸ੍ਰਿਸ਼ਟੀ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਹ ਵੇਖਣਾ ਯੋਗ ਹੋਵੇਗਾ ਕਿ ਸ੍ਰਿਸ਼ਟੀ ਦੇ ਪਰਿਆਇਵਾਚੀ ਹੋਰ ਕਿਹੜੇ ਸ਼ਬਦਾਂ ਦਾ ਗੁਰਬਾਣੀ ਵਿਚ ਉਲੇਖ ਹੋਇਆ ਹੈ। ਕੁਝ ਸ਼ਬਦ ਨਿਮਨ ਲਿਖਿਤ ਹਨ:

ਸਿਰਠਿ: ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥[3]
ਜਗ: ਇਹੁ ਜਗੁ ਸਚੈ ਕੀ ਹੈ ਕੋਠੜੀ॥[4]
ਸ੍ਰਿਸਟਿ: ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥[5]
ਕੁਦਰਤਿ: ਆਪੇ ਕੁਦਰਤਿ ਕਰਿ ਕਰਿ ਦੇਖੈ॥[6]

---

1. Bhai Jodh Singh, Some Studies in Sikhism, page 12.
2. ਜਪੁ, ਗੁਰੂ ਗ੍ਰੰਥ, ਪੰਨਾ 4
3. ਜਪੁ, ਗੁਰੂ ਗ੍ਰੰਥ, ਪੰਨਾ 2
4. ਆਸਾ ਮਹਲਾ 2, ਗੁਰੂ ਗ੍ਰੰਥ, ਪੰਨਾ 463
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 285
6. ਮਾਝੁ ਮਹਲਾ 1, ਗੁਰੂ ਗ੍ਰੰਥ, ਪੰਨਾ 107

ਰਚਨਾ: ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥[1]

ਪਸਾਉ: ਕੀਤਾ ਪਸਾਉ ਏਕੋ ਕਵਾਉ॥[2]

ਸੰਸਾਰ: ਅਤਮ ਰਾਮ ਸੰਸਾਰਾ॥[3]

ਪਰਪੰਚ: ਜਹ ਆਪ ਰਚਿਓ ਪਰਪੰਚੁ ਅਕਾਰੁ॥[4]

ਬਣਤ: ਸਗਲੀ ਬਣਤ ਬਣਾਈ ਆਪ॥[5]

ਬ੍ਰਹਿਮੰਡ: ਕਈ ਕੋਟਿ ਆਕਾਸ ਬ੍ਰਹਿਮੰਡ॥[6]

ਮਾਇਆ: ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ॥[7]

ਦੁਨੀਆ: ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥[8]

ਸ੍ਰਿਸ਼ਟੀ ਲਈ ਬਾਜੀ, ਖੇਲ, ਤਮਾਸ਼ਾ, ਸ਼ਬਦ ਵੀ ਗੁਰਬਾਣੀ ਵਿਚ ਆਏ ਹਨ ਜਿਵੇਂ:

1. ਬਾਜੀਗਰਿ ਜੈਸੇ ਬਾਜੀ ਪਾਈ॥
   ਨਾਨਾ ਰੂਪ ਭੇਖ ਦਿਖਲਾਈ॥[9]

2. ਕੀਆ ਖੇਲੁ ਬਡ ਮੇਲੁ ਤਮਾਸਾ
   ਵਾਹਗੁਰੂ ਤੇਰੀ ਸਭ ਰਚਨਾ॥[10]

3. ਆਪਨ ਖੇਲੁ ਆਪਿ ਕਰਿ ਦੇਖੈ॥
   ਖੇਲੁ ਸੰਕੋਚੈ ਤਉ ਨਾਨਕ ਏਕੈ॥[11]

ਗੁਰਬਾਣੀ ਅਨੁਸਾਰ ਜਿਥੇ ਕਰਤਾ ਬੇਅੰਤ ਜਾਂ ਅਨੰਤ ਹੈ, ਉਥੇ ਉਸਦੀ ਰਚਨਾ ਦਾ ਵੀ ਕੋਈ ਅੰਤ ਨਹੀਂ। ਸਾਡੀ ਦ੍ਰਿਸ਼ਟੀ ਅਤੇ ਖੋਜ ਸੀਮਤ ਹੈ। ਸੀਮਤ ਵਿਅਕਤੀ ਅਸੀਮ ਦਾ ਪੂਰਨ ਤੌਰ ਤੇ ਭੇਦ ਕਿਵੇਂ ਪਾ ਸਕਦਾ ਹੈ। ਗੁਰੂ ਨਾਨਕ ਦੀ ਜਪੁ ਬਾਣੀ ਵਿਚ ਰਚਨਾ ਦੀ ਅਨੰਤਤਾ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕੀਤਾ ਹੈ। 17ਵੀਂ, 18ਵੀਂ, 19ਵੀਂ ਪਉੜੀਆਂ ਵਿਚ ਅਸੰਖ

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 275
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 3
3. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 764
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 291
5. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 131
6. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 276
7. ਟੋਡੀ ਮਹਲਾ 5, ਗੁਰੂ ਗ੍ਰੰਥ, ਪੰਨਾ 713
8. ਤਿਲੰਗ ਮਹਲਾ 5, ਗੁਰੂ ਗ੍ਰੰਥ, ਪੰਨਾ 723
9. ਸੂਹੀ ਮਹਲਾ 5, ਗੁਰੂ ਗ੍ਰੰਥ, ਪੰਨਾ 736
10. ਸਵਯੇ ਮਹਲਾ 4, ਗੁਰੂ ਗ੍ਰੰਥ, ਪੰਨਾ 1404
11. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 292

ਸ਼ਬਦ ਅਣਗਿਣਤ ਦੇ ਅਰਥ ਵਿਚ ਵਰਤਿਆ ਹੈ। ਜਿਹੜਾ ਆਪਣੀ ਬੁੱਧੀ ਅਨੁਸਾਰ ਗਿਣਤੀ ਵਿਚ ਅੱਖਰਾਂ ਜਾਂ ਸ਼ਬਦਾਂ ਵਿਚ ਦਸਦਾ ਹੈ, ਉਹ ਇਕ ਪ੍ਰਕਾਰ ਨਾਲ ਝੂਠ ਦਾ ਭਾਰ ਹੀ ਸਿਰ ਉਤੇ ਚੁੱਕਦਾ ਹੈ। ਗੁਰੂ ਸਾਹਿਬ ਕਹਿੰਦੇ ਹਨ:

ਅਸੰਖ ਨਾਵ ਅਸੰਖ ਥਾਵ॥
ਅਗੰਮ ਅਗੰਮ ਅਸੰਖ ਲੋਅ॥
ਅਸੰਖ ਕਹਹਿ ਸਿਰਿ ਭਾਰੁ ਹੋਇ॥[1]

ਨਾ ਮਹਿਦੂਦ ਰਚਨਾ ਬਾਰੇ ਜਪੁਜੀ ਦੀਆਂ ਇਹ ਪੰਗਤੀਆਂ ਵੇਖੀਆਂ ਜਾ ਸਕਦੀਆਂ ਹਨ:

1. ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥[2]

2. ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥[3]

3. ਅੰਤੁ ਨ ਜਾਪੈ ਕੀਤਾ ਆਕਾਰੁ॥
ਅੰਤੁ ਨ ਜਾਪੈ ਪਾਰਾਵਾਰੁ॥[4]

4. ਧਰਤੀ ਹੋਰੁ ਪਰੈ ਹੋਰੁ ਹੋਰੁ॥[5]

5. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥[6]

ਇਥੇ ਲੱਖ ਵੀ ਗਿਣਤੀ ਵਿਚ ਸ਼ਬਦ ਨਹੀਂ। ਅਣਗਿਣਤ ਦਾ ਹੀ ਲਖਾਇਕ ਹੈ। ਉਸ ਦੀ ਰਚਨਾ ਦਾ ਸਹੀ ਅੰਦਾਜ਼ਾ ਨਹੀਂ ਲੱਗ ਸਕਦਾ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਇਸ ਬਾਰੇ ਜੇ ਕਹਿਣਾ ਹੋਵੇ ਤਾਂ ਇੰਨਾ ਹੀ ਕਿਹਾ ਜਾ ਸਕਦਾ ਹੈ:

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥[7]

---

1. ਜਪੁ, ਗੁਰੂ ਗ੍ਰੰਥ, ਪੰਨਾ 4
2. ਜਪੁ, ਗੁਰੂ ਗ੍ਰੰਥ, ਪੰਨਾ 7
3. ਜਪੁ, ਗੁਰੂ ਗ੍ਰੰਥ, ਪੰਨਾ 8
4. ਜਪੁ, ਗੁਰੂ ਗ੍ਰੰਥ, ਪੰਨਾ 5
5. ਜਪੁ, ਗੁਰੂ ਗ੍ਰੰਥ, ਪੰਨਾ 5
6. ਜਪੁ, ਗੁਰੂ ਗ੍ਰੰਥ, ਪੰਨਾ 5
7. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 275

ਜਿਵੇਂ ਜਿਵੇਂ ਸਾਨੂੰ ਇਸ ਦੀ ਵਿਸ਼ਾਲਤਾ ਦਾ ਗਿਆਨ ਹੁੰਦਾ ਹੈ ਤਿਵੇਂ ਤਿਵੇਂ ਰਚਨਾ ਤੇ ਰਚੈਤਾ ਬਾਰੇ ਹੈਰਾਨੀ ਹੁੰਦੀ ਹੈ। 'ਆਸਾ ਦੀ ਵਾਰ' ਵਿਚ ਇਸ ਬੇਅੰਤਤਾ ਪ੍ਰਤਿ ਗੁਰੂ ਨਾਨਕ ਨੇ 'ਵਿਸਮਾਦ' ਸ਼ਬਦ ਦੀ ਵਰਤੋਂ ਕਰਕੇ ਅਸਚਰਜ ਦੀ ਭਾਵਨਾ ਪ੍ਰਗਟ ਕੀਤੀ ਹੈ:

ਵਿਸਮਾਦੁ ਨਾਦ ਵਿਸਮਾਦੁ ਵੇਦ॥
ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥
ਵਿਸਮਾਦੁ ਨਾਗੇ ਫਿਰਹਿ ਜੰਤ॥.....
ਵੇਖਿ ਵਿਡਾਣੁ ਰਹਿਆ ਵਿਸਮਾਦੁ॥
ਨਾਨਕ ਬੁਝਣੁ ਪੂਰੈ ਭਾਗਿ॥[1]

ਸੋ ਰਚਨਾ ਬਾਰੇ ਉਹੀ ਜਾਣੇ। ਗੁਰੂ ਸਾਹਿਬਾਨ ਦਾ ਕਥਨ ਹੈ:

ਸਭੁ ਖੇਲੁ ਤੁਮਾਰਾ ਅਗਮ ਅਪਾਰਾ
ਤੁਧੁ ਬਿਨੁ ਕਉਣੁ ਬੁਝਾਏ॥[2]

ਤਾਕਾ ਅੰਤੁ ਨ ਜਾਨੈ ਕੋਇ॥
ਆਪੇ ਆਪਿ ਨਾਨਕ ਪ੍ਰਭੁ ਸੋਇ॥[3]

ਏਹੁ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥[4]

ਸ੍ਰਿਸ਼ਟੀ ਦੇ ਆਦਿ ਤੇ ਅੰਤ ਬਾਰੇ ਕਿਸੇ ਨੂੰ ਗਿਆਨ ਨਹੀਂ। ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ? ਇਸ ਬਾਰੇ ਕੋਈ ਨਹੀਂ ਜਾਣਦਾ। ਗੁਰੂ ਨਾਨਕ ਦੇਵ ਅਨੁਸਾਰ ਇਸ ਪ੍ਰਸ਼ਨ ਦਾ ਉੱਤਰ ਦੇਣਾ ਕਠਿਨ ਹੈ। ਜਿਨ੍ਹਾਂ ਨੇ ਇਸ ਬਾਰੇ ਜਾਣਨ ਦਾ ਉਪਰਾਲਾ ਕੀਤਾ ਹੈ, ਉਨ੍ਹਾਂ ਦਾ ਉਲੇਖ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਆਪਣਾ ਮੱਤ ਇਸ ਤਰ੍ਹਾਂ ਪ੍ਰਗਟਾਇਆ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 463-64
2. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 764
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 276
4. ਜਪੁ, ਗੁਰੂ ਗ੍ਰੰਥ, ਪੰਨਾ 5

ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ [1]

ਸ੍ਰਿਸ਼ਟੀ ਦਾ ਅੰਤ ਕੀ ਹੈ ਅਤੇ ਕਿਵੇਂ ਹੋਵੇਗਾ? ਗੁਰਬਾਣੀ ਦਾ ਮੱਤ ਹੈ ਕਿ ਜਿਸ ਤੋਂ ਉਪਜਦੀ ਹੈ ਉਸੇ ਵਿਚ ਹੀ ਸਮਾ ਜਾਵੇਗੀ। ਆਪ ਹੀ ਇਸ ਨੂੰ ਉਸਾਰਦਾ ਅਤੇ ਆਪ ਹੀ ਢਾਹੁੰਦਾ ਹੈ। ਇਸ ਭਾਵ ਨੂੰ ਦਰਸਾਉਣ ਵਾਲੀਆਂ ਕੁਝ ਤੁਕਾਂ ਇਹ ਹਨ:

1. ਜਿਸ ਤੇ ਉਪਜੈ ਤਿਸਤੇ ਬਿਨਸੈ॥ [2]
2. ਜਿਨਿ ਸਿਰਿ ਸਾਜੀ ਤਿਨਿ ਫੁਨਿ ਸੋਈ॥ [3]
3. ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ॥ [4]
4. ਢਾਹੇ ਢਾਹਿ ਉਸਾਰੇ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥ [5]
5. ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥
   ਆਪਨੈ ਭਾਣੈ ਲਏ ਸਮਾਏ॥ [6]
6. ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥ [7]

ਦ੍ਰਿਸ਼ਟਮਾਨ ਸ੍ਰਿਸ਼ਟੀ ਦਾ ਅੰਤ ਜ਼ਰੂਰ ਹੈ। ਗੁਰਬਾਣੀ ਅਨੁਸਾਰ ਇਹ ਕਿੰਨੀ ਵਾਰ ਬਣੀ ਤੇ ਸਮੇਟੀ ਗਈ ਹੈ:

ਕਈ ਬਾਰ ਪਸਰਿਓ ਪਾਸਾਰ॥
ਸਦਾ ਸਦਾ ਏਕ ਏਕੰਕਾਰ॥ [8]

ਉਪਰੋਕਤ ਵਿਚਾਰ ਤੋਂ ਇਹ ਕਹਿ ਸਕਦੇ ਹਾਂ ਕਿ ਸ੍ਰਿਸ਼ਟੀ ਤੋਂ ਪਹਿਲਾਂ ਉਹ ਇਕ ਸੀ। ਉਹ ਰਚਨਾ ਕਰਕੇ ਇਸੇ ਵਿਚ ਸਮਾ ਗਿਆ। ਉਸ ਤੋਂ ਹੀ ਸ੍ਰਿਸ਼ਟੀ ਪੈਦਾ ਹੋਈ ਅਤੇ ਉਸੇ ਤੋਂ ਇਸ ਦਾ ਅੰਤ ਹੋਵੇਗਾ। ਗੁਰੂ ਸਾਹਿਬ ਹੇਠਲੀਆਂ ਤੁਕਾਂ ਵਿਚ ਦਸਦੇ ਹਨ ਸ੍ਰਿਸ਼ਟੀ ਦੇ ਸਾਰੇ ਭੇਦਾਂ ਦਾ ਸਾਰ ਜਾਣਨ ਵਾਲੇ ਨੂੰ ਹੀ ਹੈ:

---

1. ਜਪੁ, ਗੁਰੂ ਗ੍ਰੰਥ, ਪੰਨਾ 4
ਸਿਰੀ ਰਾਗੁ। 2. ਗੁਰੂ ਗ੍ਰੰਥ, ਪੰਨਾ 20
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 355
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1035
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 433
6. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 292
7. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 276
8. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 276

1. ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ॥[1]
2. ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੇ॥[2]

ਤੈਤਰੀਯ ਉਪਨਿਸ਼ਦ(2.6) ਵਿਚ ਲਿਖਿਆ ਹੈ ਬ੍ਰਹਮ ਨੇ ਸੰਸਾਰ ਰਚਿਆ ਅਤੇ ਆਪ ਇਸ ਵਿਚ ਪ੍ਰਵੇਸ਼ ਕਰ ਗਿਆ। ਐਤਰੀਯ ਉਪਨਿਸ਼ਦ(2.1) ਦੀ ਵੀ ਇਹੀ ਵਿਚਾਰ ਹੈ ਕਿ ਰਚਨਾ ਕਰਕੇ ਬ੍ਰਹਮ ਇਸੇ ਵਿਚ ਸਮਾ ਗਿਆ। ਸ਼ਵੇਤਾਸ਼ਵਤਰ ਉਪਨਿਸ਼ਦ(4.1) ਦੇ ਵਿਚ ਲਿਖਿਆ ਹੈ ਕਿ ਬ੍ਰਹਮ ਆਪਣੀ ਸ਼ਕਤੀ ਦੁਆਰਾ ਬਿਨਾ ਕਿਸੇ ਪ੍ਰਯੋਜਨ ਦੇ ਨਾਨਾ ਪ੍ਰਕਾਰ ਦੇ ਰੂਪ ਵਰਣ ਧਾਰਨ ਕਰਦਾ ਹੈ। ਅੰਤ ਵਿਚ ਵਿਸ਼ਵ ਉਸੇ ਵਿਚ ਲੀਨ ਹੋ ਜਾਂਦਾ ਹੈ।

ਤੈਤਰੀਯ ਉਪਨਿਸ਼ਦ(2.1) ਵਿਚ ਲਿਖਿਆ ਹੈ ਬ੍ਰਹਮ ਦੀ ਤਰ੍ਹਾਂ ਉਸ ਦੀ ਰਚਨਾ ਵੀ ਅਨੰਤ ਹੈ,ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਮੁੰਡਕ ਉਪਨਿਸ਼ਦ(1.6) ਬ੍ਰਹਮ ਸਾਰੇ ਜਗਤ ਦਾ ਰਚੇਤਾ ਦੱਸਿਆ ਹੈ। ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ ਅਤੇ ਅੰਤ ਕਦੋਂ ਹੋਵੇਗਾ। ਇਸ ਬਾਰੇ ਉਪਨਿਸ਼ਦ ਰਿਸ਼ੀ ਚੁੱਪ ਹੀ ਹਨ।

## (ਅ) ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੀ ਸੀ?

ਗੁਰਬਾਣੀ ਵਿਚ ਅਜੇਹੇ ਸਮੇਂ ਦੀ ਕਲਪਨਾ ਕੀਤੀ ਗਈ ਹੈ ਜਦੋਂ ਸ੍ਰਿਸ਼ਟੀ ਦਾ ਨਾਂ ਨਿਸ਼ਾਨ ਨਹੀਂ ਸੀ। ਸ੍ਰਿਸ਼ਟੀ ਤੋਂ ਪਹਿਲਾਂ ਕੇਵਲ ਬ੍ਰਹਮ ਸੀ। ਉਸ ਸਮੇਂ ਉਹ ਅਫੁਰ ਸੁੰਨ ਅਵਸਥਾ ਵਿਚ ਸੀ।

ਸਿਧ ਗੋਸ਼ਟਿ ਵਿਚ ਸਿੱਧਾਂ ਨੇ ਪ੍ਰਸ਼ਨ ਕੀਤਾ:ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਆਦਿ ਕਾਲ ਦੀ ਕੀ ਅਵਸਥਾ ਸੀ ਅਤੇ ਸੁਨਯ ਕਿਥੇ ਵਸਦਾ ਸੀ?

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ॥[3]

ਗੁਰੂ ਨਾਨਕ ਨੇ ਇਸ ਦੇ ਜੁਆਬ ਵਿਚ ਕਿਹਾ ਹੈ ਕਿ ਪੂਰਵ ਅਵਸਥਾ ਬਾਰੇ ਕਥਨ ਕਰਨਾ ਬੜਾ ਵਿਸਮਾਦਪੂਰਣ ਹੈ। ਉਸ ਸਮੇਂ ਪਰਮਾਤਮਾ ਸੁੰਨ ਰੂਪ ਵਿਚ ਸੀ ਅਤੇ ਆਪਣੇ ਆਪ ਵਿਚ ਮਹਾਨ ਸਭ ਸ਼ਕਤੀਆਂ ਆਪਣੇ ਵਿਚ ਸਮੇਟੀ ਬੈਠਾ ਸੀ:

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥[4]

---

1. ਵਡਹੰਸ ਮਹਲਾ 1,ਗੁਰੂ ਗ੍ਰੰਥ,ਪੰਨਾ 581
2. ਵਡਹੰਸ ਮਹਲਾ 1,ਗੁਰੂ ਗ੍ਰੰਥ,ਪੰਨਾ 581
3. ਰਾਮਕਲੀ ਮਹਲਾ 1,ਗੁਰੂ ਗ੍ਰੰਥ,ਪੰਨਾ 940
4. ਰਾਮਕਲੀ ਮਹਲਾ 1,ਗੁਰੂ ਗ੍ਰੰਥ,ਪੰਨਾ 940

ਸ੍ਰਿਸ਼ਟੀ ਤੋਂ ਪਹਿਲਾਂ ਕੇਵਲ ਪ੍ਰਭੂ ਸੀ। ਉਹ ਹੀ ਇਸ ਰਚਨਾ ਦਾ ਕਰਤਾ ਹੈ। ਸੋ ਪਹਿਲੇ ਕਰਤਾ ਸੀ, ਕਾਰਜ ਨਹੀਂ ਸੀ। ਕਰਤਾ ਸੁੰਨ ਅਵਸਥਾ ਵਿਚ ਸੀ। ਇਥੇ ਸੁੰਨ ਦਾ ਅਰਥ ਕੁਝ ਨਹੀਂ, ਸਗੋਂ ਸੁੰਨ ਦਾ ਭਾਵ ਉਸ ਸਥਿਤੀ ਤੋਂ ਹੈ ਜਦ ਸੰਸਾਰ ਦੀ ਸਿਰਜਣਾ ਤੋਂ ਪਹਿਲਾਂ ਸਾਰੀਆਂ ਸ਼ਕਤੀਆਂ ਪਰਮਾਤਮਾ ਵਿਚ ਸਮਾਈਆਂ ਹੋਈਆਂ ਸਨ। ਗੁਰਬਾਣੀ ਵਿਚ ਲਿਖਿਆ ਹੈ:

ਸੁੰਨੇ ਵਰਤੇ ਜੁਗ ਸਬਾਏ॥[1]

ਮਾਰੂ ਰਾਗ ਦੇ 15ਵੇਂ ਸੋਲਹੇ ਵਿਚ ਪੂਰਵ-ਅਵਸਥਾ ਦਾ ਵਿਸਤਾਰ ਨਾਲ ਵਿਵੇਚਨ ਕੀਤਾ ਹੈ। ਗੁਰੂ ਨਾਨਕ ਦੇ ਵਿਚਾਰ ਅਨੁਸਾਰ ਉਦੋਂ ਕਈ ਅਰਬ ਜੁਗਾਂ ਤੱਕ ਅੰਧਕਾਰ ਹੀ ਅੰਧਕਾਰ ਸੀ। ਉਦੋਂ ਨ ਪ੍ਰਿਥਵੀ ਸੀ, ਨ ਆਕਾਸ਼ ਸੀ, ਨ ਸੂਰਜ ਸੀ। ਪ੍ਰਭੂ ਨੇ ਸੁੰਨ ਸਮਾਧੀ ਲਗਾਈ ਹੋਈ ਸੀ। ਉਦੋਂ ਨਾ ਪਵਨ ਸੀ, ਨਾ ਪਾਣੀ। ਉਤਪਤੀ, ਵਿਨਾਸ਼, ਜੰਮਣਾ ਮਰਨਾ ਕੁਝ ਵੀ ਨਹੀਂ ਸੀ। ਉਦੋਂ ਕੇਵਲ ਬ੍ਰਹਮ ਹੀ ਵਿਦਮਾਨ ਸੀ। ਉਹ ਅਗੋਚਰ, ਅਲਖ, ਆਪ ਹੀ ਆਪਣੇ ਆਪ ਨੂੰ ਪ੍ਰਦਰਸ਼ਿਤ ਕਰ ਰਿਹਾ ਸੀ। ਜਦੋਂ ਉਸ ਨੂੰ ਚੰਗਾ ਲੱਗਿਆ ਤਾਂ ਉਸ ਨੇ ਜਗਤ ਨੂੰ ਉਤਪੰਨ ਕੀਤਾ ਅਤੇ ਇਸ ਤਰ੍ਹਾਂ ਆਪਣੇ ਆਪ ਅਵਿਅਕਤ ਨਿਰਗੁਣ ਤੋਂ ਵਿਅਕਤ ਰੂਪ ਵਿਚ ਪ੍ਰਗਟ ਹੋਇਆ। ਗੁਰਬਾਣੀ ਵਿਚ ਵਿਚਾਰ ਇਸ ਤਰ੍ਹਾਂ ਅੰਕਿਤ ਹੋਇਆ ਹੈ:

1. ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥
ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥
ਨਾ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥[2]

2. ਕੇਤੇ ਜੁਗ ਵਰਤੇ ਗੁਬਾਰੀ। ਤਾੜੀ ਲਾਈ ਅਪਰ ਅਪਾਰੇ॥
ਧੁੰਧੂਕਾਰ ਨਿਰਾਲਮ ਬੈਠਾ ਨਾ ਤਦਿ ਧੰਧੁ ਪਸਾਰਾ ਹੇ॥[3]

ਜਦੋਂ ਉਸ ਨੂੰ ਫੁਰਨਾ ਫੁਰਿਆ ਜਾਂ ਜਦੋਂ ਉਸਦੀ ਇੱਛਾ ਹੋਈ ਤਾਂ ਨਿਰਗੁਣ ਤੋਂ ਸਗੁਣ ਹੋ ਗਿਆ। ਗੁਰੂ ਅਰਜਨ ਦੇਵ ਨੇ ਦੱਸਿਆ ਕਿ ਜਦ ਇਹ ਰਚਨਾ ਨਹੀਂ ਸੀ ਹੋਈ ਤਾਂ ਸੰਸਾਰ ਦੀ ਹੁਣ ਵਾਲੀ ਸਥਿਤੀ ਵੀ ਨਹੀਂ ਸੀ:

---

1. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1037
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1035-36
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1026

ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ॥
ਪਾਪ ਪੁੰਨ ਤਬੁ ਕਹਤੇ ਹੋਤਾ॥
ਜਬ ਆਪਨ ਧਾਰੀ ਸੁੰਨ ਸਮਾਧਿ॥
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ॥
ਜਬ ਇਸਕਾ ਬਰਨੁ ਚਿਹਨੁ ਨ ਜਾਪਤ॥
ਤਬ ਹਰਖ ਸੋਗ ਕਹੁ ਕਿਸਹਿ ਬਿਆਪਤ॥
ਜਬ ਆਪਨ ਆਪ ਆਪਿ ਪਾਰਬ੍ਰਹਮ॥
ਤਬ ਮੋਹ ਕਹਾ ਕਿਸ ਹੋਵਤ ਭਰਮੁ॥
ਆਪਨੁ ਖੇਲੁ ਆਪ ਵਰਤੀਜਾ॥
ਨਾਨਕ ਕਰਨੈਹਾਰ ਨ ਦੂਜਾ॥
ਆਪਨੁ ਖੇਲੁ ਆਪ ਕਰਿ ਦੇਖੈ॥
ਖੇਲੁ ਸੰਕੋਚੈ ਤਉ ਨਾਨਕ ਏਕੈ॥[1]

ਗੁਰੂ ਨਾਨਕ ਨੇ ਗੁਰਬਾਣੀ ਵਿਚ ਇਕ ਥਾਂ ਜਗਤ ਦੀ ਉਤਪਤੀ ਤੋਂ ਪਹਿਲਾਂ ਦੀ ਅਵਸਥਾ ਨੂੰ ਅੰਡੇ ਦੇ ਉਪਮਾਨ ਦੁਆਰਾ ਚਿਤਰਿਆ ਹੈ। ਉਨ੍ਹਾਂ ਦਾ ਮੱਤ ਹੈ ਕਿ ਸਤਿ ਸਰੂਪ ਪਰਮਾਤਮਾ ਨੇ ਅੰਡੇ ਨੂੰ ਤੋੜ ਕੇ ਇਸ ਦੇ ਜੁੜੇ ਭਾਗਾਂ ਨੂੰ ਅੱਡਰ ਕਰ ਦਿੱਤਾ। ਇਸ ਤਰ੍ਹਾਂ ਧਰਤੀ ਅਤੇ ਆਕਾਸ਼ ਨੂੰ ਰਹਿਣ ਦੀਆਂ ਥਾਵਾਂ ਬਣਾਇਆ। ਉਸ ਨੇ ਰਾਤ ਅਤੇ ਦਿਨ, ਡਰ ਅਤੇ ਪ੍ਰੇਮ ਉਤਪੰਨ ਕੀਤੇ। ਚਾਰ ਵੇਦਾਂ, ਚਾਰ ਬਾਣੀਆਂ, ਅਠਾਰਾਂ ਪੁਰਾਣਾਂ, ਛੇ ਸ਼ਾਸਤਰਾਂ ਅਤੇ ਤਿੰਨ ਗੁਣਾਂ ਦੀ ਉਤਪਤੀ ਕੀਤੀ। ਗੁਰੂ ਨਾਨਕ ਦੇਵ ਦਾ ਕਥਨ ਹੈ:

ਆਪੇ ਸਚੁ ਕੀਆ ਕਰ ਜੋੜਿ॥
ਅੰਡਜ ਫੋੜਿ ਜੋੜਿ ਵਿਛੋੜਿ॥
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ॥
ਰਾਤਿ ਦਿਨੰਤੁ ਕੀਏ ਭਉ ਭਾਉ॥
ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥
ਦੇਵੀ ਦੇਵ ਉਪਾਏ ਵੇਸਾ॥.....
ਚਉਥਿ ਉਪਾਏ ਚਾਰੇ ਬੇਦਾ॥
ਖਾਣੀ ਚਾਰੇ ਬਾਣੀ ਭੇਦਾ॥[2]

ਉਪਨਿਸ਼ਦਾਂ ਵਿਚ ਵੀ ਗੁਰਬਾਣੀ ਨਾਲ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਬਾਰੇ ਵਿਚਾਰ ਮਿਲਦੇ ਜੁਲਦੇ ਹਨ। ਛਾਂਦੋਗਯ ਉਪਨਿਸ਼ਦ(7.24.1) ਵਿਚ ਲਿਖਿਆ ਹੈ ਕਿ

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 290
2. ਬਿਲਾਵਲ ਮਹਲਾ 1, ਗੁਰੂ ਗ੍ਰੰਥ, ਪੰਨਾ 838

ਰਚਨਾ ਤੋਂ ਪਹਿਲਾਂ 'ਉਹ' ਆਪਣੇ ਆਪ ਵਿਚ ਸੀ। ਅਰਥਾਤ ਉਹ ਆਕਾਰ ਰਹਿਤ ਸੀ। ਉਸ ਦਾ ਬਹੁ ਵਿਸਥਾਰ ਨਹੀਂ ਹੋਇਆ ਸੀ।

ਐਤਰੀਯ ਉਪਨਿਸ਼ਦ(1.1.1) ਵਿਚ ਮਿਲਦਾ ਹੈ ਕਿ ਸ੍ਰਿਸ਼ਟੀ ਤੋਂ ਪਹਿਲਾਂ ਇਹ ਜਗਤ ਇਕ ਮਾਤਰ ਆਤਮਾ ਹੀ ਸੀ। ਉਸਦੇ ਸਿਵਾ ਹੋਰ ਕੋਈ ਕੁਝ ਨਹੀਂ ਮਿਲਦਾ ਸੀ। ਬ੍ਰਿਹਦਾਰਣਯਕ ਉਪਨਿਸ਼ਦ ਅਨੁਸਾਰ(1.4.10) ਨਿਸ਼ਚੇ ਹੀ ਸ੍ਰਿਸ਼ਟੀ ਤੋਂ ਪਹਿਲਾਂ ਇਹ ਬ੍ਰਹਮਾ ਹੀ ਸੀ(7.2.1) ਸਭ ਪਾਸੇ ਮ੍ਰਿਤੂ ਅਤੇ ਪਰਲੋ ਹੀ ਸੀ। ਮੈਤਰੀਯ ਉਪਨਿਸ਼ਦ(4.5) ਵਿਚ ਰਚਨਾ ਉਤਪਤੀ ਤੋਂ ਪਹਿਲਾਂ ਸਭ ਪਾਸੇ ਹਨੇਰੇ ਦੀ ਹਾਲਤ ਦੱਸੀ ਹੈ। ਕਠ ਉਪਨਿਸ਼ਦ (2.4.6) ਸ੍ਰਿਸ਼ਟੀ ਦੇ ਸੰਕਲਪ ਕਰਨ ਤੋਂ ਪਹਿਲਾਂ ਕੇਵਲ ਬ੍ਰਹਮ ਸੀ।

## ੲ. ਸ੍ਰਿਸ਼ਟੀ ਉਤਪਤੀ ਦਾ ਕਾਰਨ

ਦਾਰਸ਼ਨਿਕ ਸ੍ਰਿਸ਼ਟੀ ਤੋਂ ਵੇਖੀਏ ਤਾਂ ਹਰ ਕਾਰਜ ਦਾ ਕੋਈ ਨ ਕੋਈ ਕਾਰਨ ਅਵੱਸ਼ ਹੁੰਦਾ ਹੈ। ਸ੍ਰਿਸ਼ਟੀ ਵੀ ਇਕ ਕਾਰਜ ਹੈ ਅਤੇ ਇਸ ਦਾ ਵੀ ਕੋਈ ਕਾਰਨ ਹੈ। ਗੁਰਬਾਣੀ ਸ੍ਰਿਸ਼ਟੀ ਦਾ ਕਰਤਾ ਕਰਤਾਰ ਨੂੰ ਮੰਨਦੀ ਹੈ। ਮੂਲ-ਮੰਤਰ ਵਿਚ 'ਕਰਤਾਪੁਰਖ' ਸ਼ਬਦ ਗੁਰੂ ਨਾਨਕ ਦੇ ਮੱਤ ਨੂੰ ਸਪਸ਼ਟ ਕਰਦਾ ਹੈ। ਗੁਰੂ ਗ੍ਰੰਥ ਵਿਚ ਅਨੇਕਾਂ ਉਦਾਹਰਣਾਂ ਹਨ ਜਿਨ੍ਹਾਂ ਦਾ ਕਿ ਪਹਿਲਾਂ ਉਲੇਖ ਕੀਤਾ ਹੈ ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਇਸ ਸ੍ਰਿਸ਼ਟੀ ਦਾ ਰਚੇਤਾ ਬ੍ਰਹਮ ਹੀ ਹੈ।

ਬ੍ਰਹਮ ਸਭ ਕਾਰਣਾਂ ਦਾ ਕਾਰਣ ਹੈ। ਉਹ ਇਕ ਹੈ ਉਸਦੇ 'ੴ' ਰੂਪ ਤੋਂ ਸਾਰੀ ਉਤਪਤੀ ਹੋਈ। ਗੁਰੂ ਸਾਹਿਬਾਨ ਦੇ ਵਿਚਾਰ ਹਨ:

ਓਂਕਾਰੁ ਉਤਪਾਤੀ। ਕੀਆ ਦਿਨਸੁ ਸਭ ਰਾਤੀ॥[1]

ਜਾਂ ਓਅੰਕਾਰਿ ਸਭ ਸ੍ਰਿਸਟਿ ਉਪਾਈ॥[2]

ਪਹਿਲਾਂ ਸਾਰਾ ਕੁਝ ਉਸਦਾ ਆਪਾ ਸੀ। ਉਸ ਆਪੇ ਨੇ ਆਪਣੇ ਆਪ ਨੂੰ ਫੈਲਾ ਦਿੱਤਾ:

ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ॥[3]

---

1. ਮਹਲਾ 5, ਗੁਰੂ ਗ੍ਰੰਥ, ਪੰਨਾ 1003
2. ਮਹਲਾ 3, ਗੁਰੂ ਗ੍ਰੰਥ, ਪੰਨਾ 1061
3. ਗੂਜਰੀ ਮਹਲਾ 1, ਗੁਰੂ ਗ੍ਰੰਥ, ਪੰਨਾ 503

ਉਪਨਿਸ਼ਦਾਂ ਵਿਚਲੀ ਰਚਨਾ ਬ੍ਰਹਮ ਤੋਂ ਮੰਨੀ ਗਈ ਹੈ ਓਅੰਕਾਰ ਸ਼ਬਦ ਸੰਸਕ੍ਰਿਤ, ਭਾਸ਼ਾ ਦਾ ਹੈ,ਇਸ ਦਾ ਇਕ ਅਰਥ 'ਬ੍ਰਹਮ ਸ਼ਬਦ' 'ਪ੍ਰਣਵ' ਵੀ ਹੈ। ਉਪਨਿਸ਼ਦਾਂ ਵਿਚ 'ਪ੍ਰਣਵ' ਤੋਂ ਸ੍ਰਿਸ਼ਟੀ ਦੀ ਉਤਪਤੀ ਦਾ ਉਲੇਖ ਮਿਲਦਾ ਹੈ। ਮਾਂਡੂਕਯ ਉਪਨਿਸ਼ਦ(1) ਅਨੁਸਾਰ ਪਹਿਲੇ ਹੈ ਹੀ ਓਅੰਕਾਰ ਸੀ ਸੋ ਉਸੇ ਤੋਂ ਸ੍ਰਿਸ਼ਟੀ ਪੈਦਾ ਹੋਈ। ਛਾਂਦੋਗਯ ਉਪਨਿਸ਼ਦ(2.23.3) ਵਿਚ ਓਅੰਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਦਾ ਵਿਸਤਾਰ ਮੰਨਿਆ ਗਿਆ ਹੈ,ਉਹੀ ਸਰਬ ਵਿਆਪਕ ਹੈ। ਛਾਂਦੋਗਯ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਸ੍ਰਿਸ਼ਟੀ ਤੋਂ ਪਹਿਲਾਂ ਕੁਝ ਵੀ ਨਹੀਂ ਸੀ।

ਗੁਰਬਾਣੀ ਵਿਚ ਹਉਮੈ ਤੋਂ ਸ੍ਰਿਸ਼ਟੀ ਦੀ ਉਤਪਤੀ ਦਾ ਵਿਚਾਰ ਵੀ ਮਿਲਦਾ ਹੈ। 'ਸਿਧ ਗੋਸ਼ਟਿ' ਵਿਚ ਜੋਗੀਆਂ ਨੇ ਗੁਰੂ ਨਾਨਕ ਉਤੇ ਪ੍ਰਸ਼ਨ ਕੀਤਾ ਕਿ ਜਗਤ ਦੀ ਉਤਪਤੀ ਕਿਵੇਂ ਹੋਈ ਹੈ? ਗੁਰੂ ਨਾਨਕ ਦੇਵ ਦਾ ਉੱਤਰ ਹੈ:

ਹਉਮੈ ਵਿਚਿ ਜਗੁ ਉਪਜੈ ਪੁਰਖਾ॥[1]

ਮਾਰੂ ਰਾਗ ਦੇ ਇਕ ਸ਼ਬਦ ਵਿਚ ਵੀ ਹਉਮੈ ਤੋਂ ਸ੍ਰਿਸ਼ਟੀ ਦੀ ਉਤਪਤੀ ਦਾ ਵਿਚਾਰ ਦਿੱਤਾ ਹੈ:

ਹਉਮੈ ਬਿਖੁ ਪਾਇ ਜਗਤੁ ਉਪਾਇਆ॥[2]

ਹਉਮੈ ਤੋਂ ਸ੍ਰਿਸ਼ਟੀ ਦੀ ਉਤਪਤੀ ਦਾ ਸਿਧਾਂਤ ਬੜਾ ਪੁਰਾਣਾ ਹੈ। ਸਾਂਖ ਵਾਲੇ ਪ੍ਰਕ੍ਰਿਤੀ ਤੋਂ ਮਹਤ,ਮਹਤ ਤੋਂ ਅਹੰਕਾਰ ਅਤੇ ਅਹੰਕਾਰ ਤੋਂ ਪੰਜ ਗਿਆਨ ਇੰਦਰੀਆਂ ਪੰਜ ਕਰਮ ਇੰਦਰੀਆਂ ਅਤੇ ਮਨ ਦੀ ਉਤਪਤੀ ਮੰਨਦੇ ਹਨ। ਗੁਰਬਾਣੀ ਦਾ ਵਿਚਾਰ ਹੈ ਕਿ ਜਿਤਨਾ ਚਿਰ ਮਨੁੱਖ ਉਪਰ ਹਉਮੈ ਦਾ ਪਰਦਾ ਰਹਿੰਦਾ ਹੈ ਉਹ ਜਨਮ ਮਰਨ ਦੇ ਗੇੜ ਵਿਚ ਰਹਿੰਦਾ ਹੈ। ਨਾਮ ਦੁਆਰਾ ਜੀਵ ਹਉਮੈ ਤੋਂ ਮੁਕਤ ਹੁੰਦਾ ਹੈ:

ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥[3]

ਗੁਰਬਾਣੀ ਦੀ ਤਰ੍ਹਾਂ ਉਪਨਿਸ਼ਦਾਂ ਵਿਚ ਹਉਮੈ ਤੋਂ ਸ੍ਰਿਸ਼ਟੀ ਦੀ ਰਚਨਾ ਦਾ ਪ੍ਰਤੱਖ ਵਰਣਨ ਨਹੀਂ ਮਿਲਦਾ। ਪਰ ਅਪ੍ਰਤੱਖ ਤੌਰ ਤੇ ਹਉਮੈ ਨੂੰ,ਅਵਿਦਿਆ ਨੂੰ ਜਗਤ ਦਾ ਕਾਰਨ ਦੱਸਿਆ ਹੈ।

---

1. ਰਾਮਕਲੀ ਮਹਲਾ 1,ਗੁਰੂ ਗ੍ਰੰਥ,ਪੰਨਾ 946
2. ਮਾਰੂ ਮਹਲਾ 1,ਗੁਰੂ ਗ੍ਰੰਥ,ਪੰਨਾ 1009
3. ਸਿਰੀ ਮਹਲਾ 1,ਗੁਰੂ ਗ੍ਰੰਥ,ਪੰਨਾ 21

ਸ੍ਵੇਤਾਸ਼੍ਵਤਰ ਉਪਨਿਸ਼ਦ(5.1) ਵਿਚ ਲਿਖਿਆ ਹੈ ਵਿਦਿਆ-ਅਵਿਦਿਆ ਦੋਵੇਂ ਉਸੇ ਤੋਂ ਹੀ ਹਨ। ਵਿਦਿਆ ਅਵਿਨਾਸ਼ੀ ਹੈ ਅਤੇ ਅਵਿਦਿਆ ਨਾਸ਼ਮਾਨ ਹੈ। ਜੋ ਸੰਸਾਰਕ ਅਨੇਕਤਾ ਵਿਚ ਉਸ ਇਕ ਦੇ ਦਰਸ਼ਨ ਕਰਦਾ ਹੈ ਉਹ ਮੁਕਤ ਹੋ ਜਾਂਦਾ ਹੈ। ਜੋ ਅਵਿਦਿਆ ਦੇ ਪ੍ਰਭਾਵ ਹੇਠ ਸੰਸਾਰ ਦੀ ਬਹੁਰੂਪਤਾ ਵਿਚ ਖੰਡਤ ਹੋ ਜਾਂਦਾ ਹੈ, ਉਹ ਸੰਸਾਰਕ ਬੰਧਨਾਂ ਵਿਚ ਬੰਨ੍ਹਿਆ ਜਾਂਦਾ ਹੈ ਅਤੇ ਹਉਮੈਂ ਵਸ ਜੰਮਦਾ ਮਰਦਾ ਰਹਿੰਦਾ ਹੈ।

ਬ੍ਰਿਹਦਾਰਣਯਕ ਉਪਨਿਸ਼ਦ(1.4.1)ਅਨੁਸਾਰ ਮਨੁੱਖ ਰੂਪ ਵਿਚ ਪਹਿਲਾਂ 'ਹਉਮੈਂ' ਪੈਦਾ ਹੋਈ। ਉਸ ਨੇ ਆਪਣੇ ਤੋਂ ਇਲਾਵਾ ਕਿਸੇ ਦੂਸਰੇ ਨੂੰ ਨਾ ਵੇਖਿਆ ਅਤੇ ਇਸ ਕਾਰਨ ਉਸ ਨੇ 'ਮੈਂ ਹਾਂ' ਕਿਹਾ। ਇਸ ਨਾਲ ਉਹ ਅਹੰ ਨਾਮ ਵਾਲਾ ਹੋ ਗਿਆ।

ਗੁਰਬਾਣੀ ਅਤੇ ਉਪਨਿਸ਼ਦਾਂ ਵਿਚ ਹੁਕਮ ਦੁਆਰਾ ਸ੍ਰਿਸ਼ਟੀ ਰਚਨਾ ਦਾ ਵਿਚਾਰ ਮਿਲਦਾ ਹੈ। ਵਿਦਵਾਨਾਂ ਦੁਆਰਾ ਹੁਕਮ ਦੇ ਵੱਖ ਵੱਖ ਅਰਥ ਕੀਤੇ ਗਏ ਹਨ। ਡਾ:ਸ਼ੇਰ ਸਿੰਘ ਨੇ ਇਸ ਦਾ ਅਰਥ 'ਈਸ਼ਵਰੀ ਇੱਛਾ' ਅਤੇ ਉਸ ਤੋਂ 'ਰੱਬੀ ਕੁਦਰਤ' ਲਿਆ ਹੈ।[1] ਡਾ:ਕੋਹਲੀ ਨੇ ਇਸ ਨੂੰ overall order of the Lord and a set of laws of God ਕਿਹਾ ਹੈ।[2] ਉਸ ਨੇ 'ਹੁਕਮ' ਨੂੰ 'ਭਾਣਾ' ਸ਼ਬਦ ਨਾਲ ਇਕ ਕਰਕੇ ਇਸ ਨੂੰ ਈਸ਼ਵਰੀ ਇੱਛਾ ਦੇ ਰੂਪ ਵਿਚ ਗ੍ਰਹਿਣ ਕੀਤਾ ਹੈ।[3]

ਹੁਕਮ ਦੁਆਰਾ ਰਚਨਾ ਦੇ ਨਾਲ ਨਾਲ ਸ਼ਬਦ ਦੁਆਰਾ ਸ੍ਰਿਸ਼ਟੀ ਦੀ ਰਚਨਾ ਦਾ ਵਿਚਾਰ ਵੀ ਦਿੱਤਾ ਹੈ ਇਥੇ ਵੀ ਸ਼ਬਦ ਜਾਂ ਕਵਾਉ ਬ੍ਰਹਮ ਦੀ ਇੱਛਾ ਜਾਂ ਉਸਦੇ ਹੁਕਮ ਦੇ ਰੂਪ ਵਿਚ ਆਇਆ ਹੈ। ਹੁਕਮ ਦੁਆਰਾ ਰਚਨਾ ਦਾ ਵਿਚਾਰ ਗੁਰਬਾਣੀ ਵਿਚ ਇਸ ਤਰ੍ਹਾਂ ਹੈ:

1. ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥[4]
2. ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥[5]
3. ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥[6]
4. ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥
   ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥[7]

---

1. Dr.Sher Singh,Philosophy of Sikhism,page 184.
2. Dr.Surinder Singh Kohli,Outlines of Sikh Thought,page 56
3. Ibid.
4. ਜਪੁ,ਗੁਰੂ ਗ੍ਰੰਥ,ਪੰਨਾ 1
5. ਰਾਮਕਲੀ ਮਹਲਾ 1,ਗੁਰੂ ਗ੍ਰੰਥ,ਪੰਨਾ 940
6. ਮਲਾਰ ਮਹਲਾ 1,ਗੁਰੂ ਗ੍ਰੰਥ,ਪੰਨਾ 1289
7. ਸਿਰੀ ਮਹਲਾ 1,ਗੁਰੂ ਗ੍ਰੰਥ,ਪੰਨਾ 55

5. ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥[1]

6. ਹੁਕਮੇ ਆਇਆ ਹੁਕਮਿ ਸਮਾਇਆ॥
ਹੁਕਮੇ ਦੀਸੈ ਜਗਤੁ ਉਪਾਇਆ॥[2]

7. ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ॥[3]

8. ਉਤਪਤਿ ਪਰਲਉ ਸਬਦੇ ਹੋਵੈ॥[4]
ਸਬਦੇ ਹੀ ਫਿਰਿ ਓਪਤਿ ਹੋਵੈ॥

ਰਚਨਾ ਬ੍ਰਹਮ ਦੀ ਇੱਛਾ ਦੀ ਪੂਰਤੀ ਹੈ। ਉਹ ਕਲਾਕਾਰ ਆਪਣੀ ਕਲਾ ਸਿਰਜ ਕੇ ਪ੍ਰਸੰਨ ਹੁੰਦਾ ਹੈ। ਗੁਰਬਾਣੀ ਦਸਦੀ ਹੈ:

1. ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ॥
ਵੇਖੈ ਚਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥[5]

2. ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ॥
ਵੇਖੈ ਚਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥[6]

ਬ੍ਰਹਮ ਦੇ ਹੁਕਮ, ਭੈ, ਨਿਯਮ ਦਾ ਜ਼ਿਕਰ ਉਪਨਿਸ਼ਦ ਵਿਚ ਹੈ। ਜੋ ਪਾਸਾਰ ਹੈ, ਉਸ ਵਿਚ ਪ੍ਰਭੂ ਬਿਰਾਜਮਾਨ ਹੈ। ਉਹ ਮਹਾਨ ਭੈ ਹੈ, ਅਟੱਲ ਨਿਯਮ ਹੈ।[7] ਬ੍ਰਿਹਦਾਰਣਯਕ ਉਪਨਿਸ਼ਦ (3.9) ਅਨੁਸਾਰ ਇਸ ਅਵਿਨਾਸ਼ੀ ਪਰਮੇਸ਼ਰ ਦੇ ਨਿਯਮ ਵਿਚ ਸੂਰਜ ਅਤੇ ਚੰਨ੍ਹ ਨਿਯਮਤ ਹੋ ਕੇ ਚਲਦੇ ਹਨ। ਇਸੇ ਪਰਮੇਸ਼ਰ ਦੀ ਆਗਿਆ ਵਿਚ ਪ੍ਰਿਥਵੀ ਲੋਕ, ਧੁਲੋਕ, ਦਿਨ-ਰਾਤ, ਮਹੀਨਾ, ਰੁੱਤਾਂ, ਸਾਲ ਉਸੇ ਦੇ ਨਿਯੰਤਰਣ ਵਿਚ ਹਨ। ਕਠ ਉਪਨਿਸ਼ਦ (6.3) ਬ੍ਰਹਮ ਦੇ ਭੈ ਵਿਚ ਅਗਨੀ ਜਲਦੀ ਹੈ, ਉਸ ਦੇ ਨਿਯਮ ਵਿਚ ਸੂਰਜ ਚਮਕਦਾ ਹੈ। ਭਗਵਾਨ ਦਾ ਨਿਯਮ ਸਾਰੇ ਜਗਤ ਵਿਚ ਕੰਮ ਕਰ ਰਿਹਾ ਹੈ।

ਪ੍ਰਸ਼ਨ ਉਪਨਿਸ਼ਦ (6.3) ਅਨੁਸਾਰ ਪ੍ਰਭੂ ਇੱਛਾ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ। ਛਾਂਦੋਗ ਉਪਨਿਸ਼ਦ (6.2.3) ਵਿਚ ਆਉਂਦਾ ਹੈ ਕਿ ਉਸ ਪਰਮੇਸ਼ਰ ਨੇ ਇੱਛਾ ਕੀਤੀ, ਮੈਂ ਬਹੁਤ ਹੋ ਜਾਵਾਂ।

---

1. ਸਾਰੰਗ ਮਹਲਾ 1, ਗੁਰੂ ਗ੍ਰੰਥ, ਪੰਨਾ 1243
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1037
3. ਸੂਹੀ ਮਹਲਾ 3, ਗੁਰੂ ਗ੍ਰੰਥ, ਪੰਨਾ 786
4. ਮਾਝ ਮਹਲਾ 3, ਗੁਰੂ ਗ੍ਰੰਥ, ਪੰਨਾ 117
5. ਆਸਾ ਮਹਲਾ 1, ਗੁਰੂਗ੍ਰੰਥ, ਪੰਨਾ 24
6. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 32
7. ਕਠ ਉਪਨਿਸ਼ਦ, 6.2, ਸਵਾਮੀ ਸਤਯਾਨੰਦ, ਏਕਾਦਸ਼ ਉਪਨਿਸ਼ਦ ਪੰਨਾ 42 ਉਤੇ ਉਧ੍ਰਿਤ

ਅਪਣੀ ਸ਼ਕਤੀ ਦਾ ਬਹੁਤ ਵਿਸਤਾਰ ਕਰਾਂ ਅਤੇ ਜਗਤ ਪੈਦਾ ਕਰਾਂ।

ਸ੍ਵੇਤਾਸ੍ਵਤਰ ਉਪਨਿਸ਼ਦ(3.10) ਅਨੁਸਾਰ ਬ੍ਰਹਮ ਨੇ ਅਪਣੀਆਂ ਮਾਇਆ ਸ਼ਕਤੀ ਤੋਂ ਸ੍ਰਿਸ਼ਟੀ ਉਤਪੰਨ ਕੀਤੀ।[1]

ਇਸੇ ਉਪਨਿਸ਼ਦ(1.10) ਵਿਚ ਇਹ ਵੀ ਕਿਹਾ ਹੈ ਕਿ ਮਾਇਆ ਵੀ ਬ੍ਰਹਮ ਤੋਂ ਪੈਦਾ ਹੋਈ ਹੈ ਅਤੇ ਉਸੇ ਦੀ ਸ਼ਕਤੀ ਹੈ ਉਸ ਤੋਂ ਵੱਖ ਨਹੀਂ।

ਹੁਣ ਇਹ ਸੁਆਲ ਪੈਦਾ ਹੁੰਦਾ ਹੈ ਕਿ ਬ੍ਰਹਮ ਨਿਮਿਤ ਕਾਰਨ ਹੈ ਜਾਂ ਉਪਾਦਾਨ ਕਾਰਨ ਹੈ। ਗੁਰਬਾਣੀ ਬ੍ਰਹਮ ਨੂੰ ਦੋਵੇਂ ਕਾਰਨ ਸਵੀਕਾਰ ਕਰਦੀ ਹੈ। ਜਦੋਂ ਗੁਰਬਾਣੀ ਦੇ ਲੇਖਕ ਇਹ ਲਿਖਦੇ ਹਨ ਕਿ ਸ੍ਰਿਸ਼ਟੀ ਰਚਨਾ ਬ੍ਰਹਮ ਦੇ ਸ਼ਬਦ ਜਾਂ ਹੁਕਮ ਨਾਲ ਹੋਈ ਤਾਂ ਉਹ ਨਿਮਿਤ ਕਾਰਨ ਵਿਅਕਤ ਕਰ ਰਹੇ ਹਨ,ਪਰ ਜਦੋਂ ਲਿਖਦੇ ਹਨ:

1. ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥[2]

2. ਆਪੇ ਕਰਤਾ ਪੁਰਖ ਬਿਧਾਤਾ॥
ਜਿਨਿ ਆਪੇ ਆਪੁ ਉਪਾਇ ਪਛਾਤਾ॥
ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥[3]

ਇਥੇ ਬ੍ਰਹਮ ਨੂੰ ਉਪਾਦਾਨ ਕਾਰਨ ਪ੍ਰਗਟ ਕਰ ਰਹੇ ਹਨ। ਸੋ ਸਪਸ਼ਟ ਹੈ ਕਿ ਬ੍ਰਹਮ ਹੀ ਭਿੰਨ ਭਿੰਨ ਵਸਤੂਆਂ ਦਾ ਆਕਾਰ ਧਾਰਨ ਕਰਦਾ ਹੈ। ਬ੍ਰਹਮ ਤਤ ਦਾ ਜਗਤ-ਸਰੂਪ ਵਸਤੂ ਵਿਚ ਪਲਟ ਜਾਣਾ ਹੀ ਉਪਾਦਾਨ ਕਾਰਨ ਹੈ।

ਉਪਨਿਸ਼ਦਾਂ ਅਨੁਸਾਰ ਬ੍ਰਹਮ ਆਪ ਹੀ ਕਾਰਨ ਅਤੇ ਕਾਰਜ ਹੈ।[4] ਤੈਤਰੀਯ ਉਪਨਿਸ਼ਦ (2.6) ਵਿਚ ਜ਼ਿਕਰ ਹੈ ਕਿ ਬ੍ਰਹਮ ਨੇ ਚਾਹਿਆ ਮੈਂ ਇਕ ਤੋਂ ਅਨੇਕ ਹੋ ਜਾਵਾਂ ਅਤੇ ਰਚਨਾ ਕਰ ਦਿੱਤੀ। ਇਸੇ ਉਪਨਿਸ਼ਦ(3.1) ਵਿਚ ਬ੍ਰਹਮ ਨੂੰ ਜਗਤ ਦਾ ਨਿਮਿਤ ਤੇ ਉਪਾਦਾਨ ਕਾਰਨ ਮੰਨਿਆ ਹੈ। ਜਿਸ ਤੋਂ ਇਹ ਜਗਤ ਪੈਦਾ ਹੁੰਦਾ ਹੈ,ਰਹਿੰਦਾ ਹੈ ਅਤੇ ਇਸੇ ਵਿਚ ਲੀਨ

---

1. The Svetasvatra Upnishad describes God as maya,the wonder-working powerful Being,who creates the world by His powers. Here maya is used in the sense of divine art or power by which the dinity makes a likeness of the ideas inherent in his nature.-Radhakrishnan, The Principal Upnishad,page 82-83.
2. ਸੋਰਠ ਮਹਲਾ 4,ਗੁਰੂ ਗ੍ਰੰਥ,ਪੰਨਾ 605
3. ਮਾਰੂ ਮਹਲਾ 1,ਗੁਰੂ ਗ੍ਰੰਥ,ਪੰਨਾ 1025
4. Brahman was regarded as the cause antecedent in time and the universe as the effect proceeding from it. The inner dependence of the universe on Brahman and its essential identity with Him was represented as a creation of the universe by and out of Brahman.-Paul Deussen,Philosophy of Upnishads,Vol.II,page 164.

ਹੋ ਜਾਂਦਾ ਹੈ।

ਮੁੰਡਕ ਉਪਨਿਸ਼ਦ(1.7) ਅਨੁਸਾਰ ਜਿਵੇਂ ਮੱਕੜੀ ਆਪਣੇ ਆਪ ਤੋਂ ਜਾਲਾ ਕਢਦੀ, ਜਿਵੇਂ ਜੜ੍ਹੀਆਂ ਬੂਟੀਆਂ ਜ਼ਮੀਨ ਵਿਚ ਪੈਦਾ ਹੁੰਦੀਆਂ ਹਨ, ਜਿਵੇਂ ਵਾਲ ਮਨੁੱਖੀ ਸਿਰ ਅਤੇ ਸਰੀਰ ਤੇ ਸੁਤੰਤਰ ਉਗ ਆਉਂਦੇ ਹਨ, ਇਸੇ ਤਰ੍ਹਾਂ ਬ੍ਰਹਮ ਤੋਂ ਜਗਤ ਪੈਦਾ ਹੁੰਦਾ ਹੈ। ਇਸੇ ਉਪਨਿਸ਼ਦ (2.1) ਵਿਚ ਈਸ਼ਵਰ ਤੋਂ ਰਚਨਾ ਦੀ ਉਤਪਤੀ, ਸਥਿਤੀ, ਲੀਨਤਾ ਦਸਦੇ ਹੋਏ ਕਿਹਾ ਹੈ ਜਿਵੇਂ ਪ੍ਰਚੰਡ ਅਗਨੀ ਤੋਂ ਹਜ਼ਾਰਾਂ ਚਿੰਗਾਰੀਆਂ ਉਤਪੰਨ ਹੁੰਦੀਆਂ ਹਨ, ਇਸੇ ਤਰ੍ਹਾਂ ਅਵਿਨਾਸ਼ੀ ਭਗਵਾਨ ਤੋਂ ਕਈ ਪ੍ਰਕਾਰ ਦੇ ਪਦਾਰਥ ਪ੍ਰਗਟ ਹੁੰਦੇ ਅਤੇ ਉਸੇ ਵਿਚ ਲਯ ਹੋ ਜਾਂਦੇ ਹਨ। ਈਸ਼ ਉਪਨਿਸ਼ਦ(8.5) ਸੰਕੇਤ ਕਰਦਾ ਹੈ ਕਿ ਜਗਤ ਆਪਣੇ ਆਪ ਤੋਂ ਨਹੀਂ ਹੋਇਆ। ਉਹ ਕਾਰਨ ਨਹੀਂ ਹੈ, ਸਿੱਟਾ ਹੈ। ਮੂਲ ਸਤਿ ਇਕ ਹੀ ਹੈ, ਜਿਸਤੇ ਨਿਰਭਰ ਸਭ ਕੁਝ ਹੈ।

## ਸ. <u>ਰਚਨਾ ਅਤੇ ਰਚਨਹਾਰ</u>

ਸ੍ਰਿਸ਼ਟੀ ਉਸ ਕਰਤੇ ਦਾ ਕਾਰਜ ਹੈ, ਕਾਰਨ ਅਤੇ ਕਾਰਜ ਦਾ ਕਿਹੋ ਜਿਹਾ ਸੰਬੰਧ ਹੈ? ਭਾਵ ਕਰਤੇ ਅਤੇ ਰਚਨਾ, ਪ੍ਰਭੂ ਅਤੇ ਜਗਤ ਦਾ ਕੀ ਸੰਬੰਧ ਹੈ?

ਇਹ ਪਿੱਛੇ ਦੱਸਿਆ ਜਾ ਚੁੱਕਿਆ ਹੈ ਕਿ ਪ੍ਰਭੂ ਰਚਨਾ ਦਾ ਨਿਮਿਤ ਅਤੇ ਉਪਾਦਾਨ ਕਾਰਨ ਹੈ। ਸ੍ਰਿਸ਼ਟੀ ਰਚਕੇ ਉਹ ਇਸ ਤੋਂ ਵੱਖ ਨਹੀਂ ਇਸੇ ਵਿਚ ਬਿਰਾਜਮਾਨ ਹੋ ਗਿਆ ਹੈ।

ਕਾਰਨ ਅਤੇ ਕਾਰਜ ਦੇ ਸੰਬੰਧ ਬਾਰੇ ਭਾਰਤੀ ਦਾਰਸ਼ਨਿਕਾਂ ਵਿਚ ਬੜੀ ਵਿਸਤਾਰਪੂਰਵਕ ਚਰਚਾ ਹੋਈ ਹੈ ਅਤੇ ਅਨੇਕ ਤਰ੍ਹਾਂ ਦੇ ਸਿਧਾਂਤ ਸਾਹਮਣੇ ਆਏ ਹਨ। ਮੂਲ ਪ੍ਰਸ਼ਨ ਇਹ ਹੈ ਕਿ ਅਨੇਕ ਤਰ੍ਹਾਂ ਦੀ ਸਮਗਰੀ ਅਤੇ ਯਤਨ ਨਾਲ ਪੈਦਾ ਹੋਣ ਤੋਂ ਪਹਿਲਾਂ ਕਾਰਜ ਕਾਰਨ ਵਿਚ ਮੌਜੂਦ ਰਹਿੰਦਾ ਹੈ ਜਾਂ ਨਹੀਂ? ਇਸ ਮਸਲੇ ਦੇ ਹੱਲ ਵਜੋਂ ਦੋ ਮੂਲ ਸਿਧਾਂਤ ਸਥਾਪਿਤ ਹੋਏ:

ਅਸਤ ਕਾਰਜਵਾਦ
ਸਤ ਕਾਰਜਵਾਦ

ਨਿਆਂਇ ਅਤੇ ਵੈਸ਼ੇਸ਼ਿਕ ਦਰਸ਼ਨ ਅਸਤ-ਕਾਰਜਵਾਦ ਦੇ ਸਮਰਥਕ ਹਨ। ਇਨ੍ਹਾਂ ਅਨੁਸਾਰ ਕਾਰਜ ਪੈਦਾ ਹੋਣ ਤੋਂ ਪਹਿਲਾਂ ਕਾਰਨ ਵਿਚ ਵਿਦਮਾਨ ਨਹੀਂ ਰਹਿੰਦਾ। ਇਸ ਲਈ ਇਸ ਸਿਧਾਂਤ ਨੂੰ ਅਸਤ ਕਾਰਜਵਾਦ ਆਖਿਆ ਗਿਆ ਹੈ। ਸਾਂਖ ਅਤੇ ਵੇਦਾਂਤ ਦਰਸ਼ਨ ਇਸ

ਨਾਲ ਸਹਿਮਤ ਨਹੀਂ। ਉਨ੍ਹਾਂ ਅਨੁਸਾਰ ਪੈਦਾ ਹੋਣ ਤੋਂ ਪਹਿਲਾਂ ਕਾਰਜ ਕਾਰਨ ਵਿਚ ਅਪ੍ਰਗਟ ਤੌਰ ਤੇ ਅਵੱਸ਼ ਹੁੰਦਾ ਹੈ। ਕਾਰਜ ਦੀ ਅਪ੍ਰਗਟ ਅਵਸਥਾ ਹੀ ਕਾਰਨ ਹੈ ਅਤੇ ਕਾਰਨ ਦੀ ਪ੍ਰਗਟ ਅਵਸਥਾ ਕਾਰਜ ਹੈ। ਇਸ ਤਰ੍ਹਾਂ ਕਾਰਜ-ਕਾਰਨ ਦਾ ਫ਼ਰਕ ਵਿਵਹਾਰਿਕ ਹੈ। ਇਸ ਸਿਧਾਂਤ ਨੂੰ ਸਤ ਕਾਰਜਵਾਦ ਆਖਦੇ ਹਨ।

ਗੁਰਬਾਣੀ ਵਿਚ ਸਤ ਕਾਰਜਵਾਦ ਦੀ ਝਲਕ ਮਿਲਦੀ ਹੈ ਜਿਥੇ ਬ੍ਰਹਮ ਰੂਪੀ ਕਾਰਨ ਅਤੇ ਸ੍ਰਿਸ਼ਟੀ ਰੂਪੀ ਕਾਰਜ ਵਿਚ ਅਭੇਦਤਾ ਦਾ ਵਰਣਨ ਹੈ:

ਆਪੇ ਅੰਡਜ ਜੇਰਜ ਸੇਤਜ ਉਤਭੁਜ
ਆਪੇ ਖੰਡ ਆਪੇ ਸਭ ਲੋਇ॥[1]

ਜਾਂ

ਤੂੰ ਪੇਡੁ ਸਾਖ ਤੇਰੀ ਫੂਲੀ॥
ਤੂੰ ਸੂਖਮੁ ਹੋਆ ਅਸਥੂਲੀ॥
ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ
ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥[2]

ਅਤੇ

ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ॥[3]
ਨਿਰੰਕਾਰ ਮਹਿ ਆਕਾਰ ਸਮਾਵੈ॥[4]
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥[5]

ਸਤ ਕਾਰਜਵਾਦ ਦੇ ਵੀ ਦੋ ਰੂਪ ਹਨ:

ਪਰਿਣਾਮਵਾਦ
ਵਿਵਰਤਵਾਦ

ਕਾਰਜ ਨੂੰ ਵਾਸਤਵਿਕ, ਅਨੇਕ ਅਤੇ ਸੱਚਾ ਦੱਸਣ ਵਾਲਾ ਸਿਧਾਂਤ ਪਰਿਣਾਮਵਾਦ ਹੈ।

---

1. ਸੋਰਠ ਮਹਲਾ 4, ਗੁਰੂ ਗ੍ਰੰਥ, ਪੰਨਾ 605
2. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 102
3. ਗੂਜਰੀ ਮਹਲਾ 1, ਗੁਰੂ ਗ੍ਰੰਥ, ਪੰਨਾ 505
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 414
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 293

ਪਰਿਣਾਮਵਾਦ ਦਵੈਤ ਦਾ ਲਖਾਇਕ ਹੈ। ਸਾਂਖ ਮੱਤ ਅਨੁਸਾਰ ਪੁਰਸ਼ ਅਤੇ ਪ੍ਰਕ੍ਰਿਤੀ ਦੋ ਤੱਤ ਹਨ। ਪ੍ਰਕ੍ਰਿਤੀ ਪੁਰਸ਼ ਦੇ ਸੰਜੋਗ ਨਾਲ ਸ੍ਰਿਸ਼ਟੀ ਨੂੰ ਪੈਦਾ ਕਰਦੀ ਹੈ, ਜੋ ਬ੍ਰਹਮ ਤੋਂ ਭਿੰਨ ਹੈ। ਗੁਰਬਾਣੀ ਨੇ ਸਾਂਖ ਦਾ ਦਵੈਤ ਭਾਵ ਸਵੀਕਾਰ ਨਹੀਂ ਕੀਤਾ। ਗੁਰਬਾਣੀ ਤਾਂ ਇਹ ਕਹਿੰਦੀ ਹੈ:

ਦੂਜਾ ਕਉਨ ਕਹਾ ਨਹੀ ਕੋਈ॥
ਸਭ ਮਹਿ ਏਕੁ ਨਿਰੰਜਨੁ ਸੋਈ॥[1]

ਵਿਵਰਤਵਾਦ ਅਦ੍ਵੈਤ ਵੇਦਾਂਤ ਦਾ ਮੱਤ ਹੈ। ਉਸ ਅਨੁਸਾਰ ਜੋ ਕਾਰਜ ਵੇਖਿਆ ਜਾਂਦਾ ਹੈ, ਉਹ ਵਾਸਤਵਿਕ ਨਹੀਂ, ਸਿਰਫ਼ ਪ੍ਰਤੀਤ ਹੁੰਦਾ ਹੈ, ਪ੍ਰੰਤੂ ਸ੍ਰਿਸ਼ਟੀ ਅਸਤਿ ਹੈ, ਕਲਪਨਾ ਹੈ। ਇਕ ਪਾਸੇ ਗੁਰਬਾਣੀ ਸ੍ਰਿਸ਼ਟੀ ਨੂੰ ਨਾਸ਼ਵਾਨ, ਥੋੜ੍ਹ-ਚਿਰਾ ਦਸਦੀ ਹੈ, ਦੂਜੇ ਪਾਸੇ ਖੰਡ ਬ੍ਰਹਮੰਡ ਨੂੰ ਸੱਚੇ ਕਹਿੰਦੀ ਹੈ। ਗੁਰਬਾਣੀ ਵਿਚ ਕਈ ਤੁਕਾਂ ਵੇਖੀਆਂ ਜਾ ਸਕਦੀਆਂ ਹਨ:

1. ਛਲੋਤਿਮੁ ਡਿਠਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲ ਹਰੁ॥[2]

2. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
   ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤਿ॥[3]

3. ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
   ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥[4]

4. ਜੈਸਾ ਸੁਪਨਾ ਰੈਨ ਕਾ ਤੈਸਾ ਸੰਸਾਰ॥[5]

5. ਕੂੜੁ ਰਾਜਾ ਕੂੜੁ ਪਰਜ ਕੂੜੁ ਸਭ ਸੰਸਾਰੁ॥
   ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
   ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥[6]

6. ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥[7]

---

1. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ
2. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 138
3. ਸਲੋਕ ਮਹਲਾ 9, ਗੁਰੂ ਗ੍ਰੰਥ, ਪੰਨਾ 1428
4. ਸਲੋਕ ਮਹਲਾ 9, ਗੁਰੂ ਗ੍ਰੰਥ, ਪੰਨਾ 1427
5. ਬਿਲਾਵਲ ਮਹਲਾ 5, ਗੁਰੂਗ੍ਰੰਥ, ਪੰਨਾ 808
6. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 468
7. ਸਲੋਕ ਮਹਲਾ 9, ਗੁਰੂ ਗ੍ਰੰਥ, ਪੰਨਾ 1428

7. ਜੋ ਉਪਜੈ ਸੋ ਕਾਲਿ ਸੰਘਾਰਿਆ॥[1]

8. ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥
ਪਕੇ ਬੰਕ ਦੁਆਰ ਮੂਰਖ ਜਾਣੈ ਆਪਣੇ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥
ਤਾਜੀ ਰਥ ਤੁਖਾਰ ਹਾਥੀ ਪਾਖਰੇ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥[2]

9. ਸਚੇ ਤੇਰੇ ਖੰਡ ਸਚੇ ਬ੍ਰਹਮੰਡ॥[3]

10. ਆਪ ਸਤਿ ਕੀਆ ਸਭੁ ਸਤਿ॥
ਤਿਸ ਪ੍ਰਭ ਤੇ ਸਗਲੀ ਉਤਪਤਿ॥[4]

ਵਾਸਤਵ ਵਿਚ ਗੁਰਬਾਣੀ ਇਹੋ ਹੀ ਵਿਚਾਰ ਦ੍ਰਿੜ੍ਹ ਕਰਵਾਉਂਦੀ ਹੈ ਕਿ ਪ੍ਰਭੂ ਦੀ ਕੀਤੀ ਰਚਨਾ ਵੀ ਸੱਚੀ ਹੈ। ਸੱਚੀ ਇਸ ਲਈ ਹੈ ਕਿਉਂਕਿ ਪਰਮਾਤਮਾ ਇਸ ਵਿਚ ਵਿਆਪਕ ਹੈ। ਜਿਥੇ ਕੂੜ ਦਾ, ਨਾਸ਼ਮਾਨਤਾ ਦਾ ਉਲੇਖ ਕੀਤਾ ਹੈ, ਉਥੇ ਇਸ ਤੋਂ ਭਾਵ ਇਹ ਹੈ ਕਿ ਇਸ ਜਗਤ ਦਾ ਅਸਤਿਤਵ ਨਹੀ। ਸੰਸਾਰ ਦਾ ਜ਼ਾਹਰਾ ਰੂਪ ਬਦਲ ਜਾਂਦਾ ਹੈ। ਇਸ ਬਿਨਸਨਹਾਰ ਦੇ ਮੋਹ ਵਿਚ ਪੈ ਕੇ ਵਿਅਕਤੀ ਕਰਨਹਾਰ ਨੂੰ ਭੁੱਲ ਜਾਂਦਾ ਹੈ:

ਦਾਤ ਪਿਆਰੀ ਵਿਸਰਿਆ ਦਾਤਾਰਾ॥
ਜਾਣੈ ਨਾਹੀ ਮਰਣੁ ਵਿਚਾਰਾ॥[5]

ਇਥੇ ਭਾਈ ਜੋਧ ਸਿੰਘ ਦਾ ਕਥਨ ਵਰਣਨਯੋਗ ਹੈ। ਸੁਪਨਾ ਅਤੇ ਧੂਏ ਦੇ ਪਹਾੜ ਦਾ ਮਤਲਬ ਇਹ ਹੈ ਕਿ ਇਸ ਸੰਸਾਰ ਨੂੰ ਥਿਰ ਅਤੇ ਸਦਾ ਰਹਿਣ ਵਾਲਾ ਮੰਨਣਾ ਗਲਤੀ ਹੈ, ਪਰ ਇਸ ਦਾ ਇਹ ਭਾਵ ਨਹੀਂ ਕਿ ਸੰਸਾਰ ਅਸਲੋਂ ਹੈ ਹੀ ਨਹੀ। ਅਜੇਹੇ ਸ਼ਬਦਾਂ ਦਾ ਇਹ ਭਾਵ ਹੈ ਕਿ ਜੋ ਰੂਪ ਅਸੀਂ ਸਮਝਦੇ ਹਾਂ ਉਹ ਰੂਪ ਇਹ ਸੰਸਾਰ ਨਹੀ।[6]

---

1. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 227
2. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 141
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 463
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 294
5. ਧਨਾਸਰੀ ਮਹਲਾ 5, ਗੁਰੂ ਗ੍ਰੰਥ, ਪੰਨਾ 676
6. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 33

ਡਾ: ਜੈ ਰਾਮ ਮਿਸ਼ਰ ਨੇ ਗੁਰਬਾਣੀ ਦੇ ਸ੍ਰਿਸ਼ਟੀ ਬਾਰੇ ਸੰਕਲਪ ਦਾ ਵਿਚਾਰ ਕਰਦਿਆਂ ਲਿਖਿਆ ਹੈ ਕਿ ਪਰਮਾਤਮਾ ਨੇ ਜੋ ਰਚਿਆ ਹੈ ਉਹ ਸਤਿ ਹੈ। ਸਾਧਾਰਣ ਦ੍ਰਿਸ਼ਟੀ ਤੋਂ ਇਹੀ ਵੇਖਿਆ ਜਾਂਦਾ ਹੈ ਕਿ ਕਾਰਨ ਤੋਂ ਹੀ ਕਾਰਜ ਦੀ ਉਤਪਤੀ ਹੁੰਦੀ ਹੈ। ਕਾਰਨ ਦੇ ਮੂਲ ਵਿਚ ਜੋ ਦ੍ਰਵ ਵਿਰਾਜਮਾਨ ਰਹਿੰਦਾ ਹੈ, ਉਹੀ ਕਾਰਜ ਵਿਚ ਵੀ ਦਿਸ ਪੈਂਦਾ ਹੈ। ਦੁੱਧ ਤੋਂ ਦਹੀਂ ਬਣਦਾ ਹੈ, ਪਾਣੀ ਤੋਂ ਨਹੀਂ। ਇਸ ਲਈ ਸਤਿ ਪਰਮਾਤਮਾ ਤੋਂ ਸਤਿ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਹੈ, ਅਸਤਿ ਸ੍ਰਿਸ਼ਟੀ ਦੀ ਨਹੀਂ।[1]

ਡਾ: ਕੋਹਲੀ ਅਨੁਸਾਰ ਸ੍ਰਿਸ਼ਟੀ ਉਤਪਤੀ ਦਾ ਸਿਧਾਂਤ 'ਬ੍ਰਹਮ ਪਰਿਣਾਮਵਾਦ' ਦੇ ਬਹੁਤ ਨੇੜੇ ਹੈ।[2]

'ਬ੍ਰਹਮ ਪਰਿਣਾਮਵਾਦ' ਰਾਮਾਨੁਜ ਦਾ ਮਤ ਹੈ। ਇਸ ਅਨੁਸਾਰ ਬ੍ਰਹਮ ਵਿਚ ਦੋ ਤੱਤ ਵਿਦਮਾਨ ਹਨ। ਚਿੱਤ ਅਤੇ ਅਚਿੱਤ। ਚਿੱਤ ਭਾਵ ਚੇਤਨ-ਤੱਤ ਅਤੇ ਅਚਿੱਤ ਭਾਵ ਜੜ੍ਹ-ਤੱਤ। ਚਿੱਤ ਤੋਂ ਜੀਵ-ਆਤਮਾ ਅਤੇ ਅਚਿੱਤ ਤੋਂ ਭੌਤਿਕ ਜਗਤ ਉਤਪੰਨ ਹੁੰਦੇ ਹਨ। ਇਸ ਅਨੁਸਾਰ ਜਗਤ ਵਾਸਤਵਿਕ ਹੈ ਅਤੇ ਬ੍ਰਹਮ ਵਾਂਗ ਸੱਚਾ ਹੈ।

ਗੁਰਬਾਣੀ ਜਗਤ ਨੂੰ ਸੱਚਾ ਮੰਨਦੀ ਹੈ ਇਸ ਜਗਤ ਨੂੰ ਸੱਚੇ ਦਾ ਨਿਵਾਸ ਮੰਨਿਆ ਹੈ। ਕਰਤਾ ਰਚਨਾ ਕਰਕੇ ਇਸ ਵਿਚ ਹੀ ਸਮਾ ਗਿਆ:

1. ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥[3]

2. ਸਭ ਮਹਿ ਜੋਤਿ ਜੋਤਿ ਹੈ ਸੋਇ॥
   ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥[4]

3. ਆਪਿ ਸਤਿ ਸਤਿ ਸਭ ਧਾਰੀ॥
   ਆਪੇ ਗੁਣ ਆਪੇ ਗੁਣਕਾਰੀ॥[5]

4. ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥[6]

ਉਪਰੋਕਤ ਵਿਚਾਰ ਤੋਂ ਕਹਿ ਸਕਦੇ ਹਾਂ ਕਿ ਸ੍ਰਿਸ਼ਟੀ ਉਸੇ ਤੋਂ ਹੋਈ ਉਹ ਰਚਨਾ ਦਾ ਪਾਲਕ ਤੇ ਸੰਘਾਰਨ ਕਰਨ ਵਾਲਾ ਹੈ। ਜਗਤ ਸਤਿ ਹੈ, ਪਰ ਜਗਤ ਪਰਮਾਤਮਾ ਨਹੀਂ।

---

1. ਡਾ: ਜੈ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 16
2. The Theory of Adi Granth is very close to Brahmaparinama-Vada.- Dr. Surinder Singh Kohli, Outlines of Sikh Thought, page 48.
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 463
4. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 13
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 285
6. ਸੋਰਠ ਮਹਲਾ 5, ਗੁਰੂ ਗ੍ਰੰਥ, ਪੰਨਾ 617

ਉਪਨਿਸ਼ਦਾਂ ਵਿਚ ਵੀ ਜਗਤ ਨੂੰ ਪਰਮਾਤਮਾ ਤੋਂ ਹੋਇਆ ਮੰਨਿਆ ਹੈ। ਜਗਤ ਨੂੰ ਨਾਸ਼ਵਾਨ ਦੱਸਿਆ ਹੈ ਪਰ ਨਾਲ ਹੀ ਇਹ ਵੀ ਵਿਚਾਰ ਮਿਲਦਾ ਹੈ ਕਿ ਰਚਨਾ ਕਰਕੇ ਉਹ ਇਸੇ ਵਿਚ ਵਸ ਗਿਆ।

ਮੈਤਰੀਯ ਉਪਨਿਸ਼ਦ(1.4) ਜੋ ਅਸੀਂ ਵੇਖਦੇ ਹਾਂ ਸਭ ਨਾਸ਼ਵਾਨ ਹੈ। ਘਾਹ, ਦਰੱਖਤ, ਬਨਸਪਤੀ ਉਗਦੀ ਹੈ ਫੇਰ ਖ਼ਤਮ ਹੋ ਜਾਂਦੀ ਹੈ। ਕਈ ਵੀਰ ਜੋਧੇ, ਰਾਜੇ ਮਹਾਰਾਜੇ ਪਹਿਲਵਾਨ ਆਏ ਅਤੇ ਚਲੇ ਗਏ।[1] ਈਸ਼ ਉਪਨਿਸ਼ਦ(1) ਵਿਚ ਜਗਤ ਨੂੰ ਨਾਸ਼ਵਾਨ ਦੱਸਿਆ ਹੈ।

ਈਸ਼ ਉਪਨਿਸ਼ਦ(5) ਵਿਚ ਬ੍ਰਹਮ ਨੂੰ ਜਗਤ ਦੇ ਅੰਦਰ ਬਾਹਰ ਕਿਹਾ ਹੈ। ਇਸੇ ਉਪਨਿਸ਼ਦ ਦੇ(1) ਸ਼ਲੋਕ ਵਿਚ ਜਗਤ ਨੂੰ 'ਉਸ' ਪੂਰਣ ਤੋਂ ਪੈਦਾ ਹੋਣ ਕਾਰਨ ਪੂਰਣ ਕਿਹਾ ਹੈ।

ਸ਼ਵੇਤਾਸ਼ਵਤਰ ਉਪਨਿਸ਼ਦ(3.9) ਵਿਚ ਲਿਖਿਆ ਹੈ ਪਰਮਾਤਮਾ ਸਰਬ ਵਿਆਪੀ ਹੈ। ਉਸ ਪੁਰਸ਼ ਕਾਰਨ ਹੀ ਸਾਰਾ ਜਗਤ ਪੂਰਣ ਹੈ।

ਬ੍ਰਿਹਦਾਰਣਯਕ ਉਪਨਿਸ਼ਦ(2.1.20) ਅਨੁਸਾਰ ਜਿਵੇਂ ਮੱਕੜੀ ਆਪਣੇ ਤਾਰ ਨਾਲ ਉਪਰ ਨੀਵੇਂ ਸਭ ਪਾਸੇ ਫਿਰਦੀ ਹੈ, ਜਿਵੇਂ ਅਗਨੀ ਤੋਂ ਛੋਟੀ ਛੋਟੀ ਚਿੰਗਾਰੀਆਂ ਨਿਕਲਦੀਆਂ ਹਨ, ਇਸੇ ਤਰ੍ਹਾਂ ਇਸ ਦੇਹਧਾਰੀ ਆਤਮ ਤੋਂ ਸਾਰੇ ਪ੍ਰਾਣ, ਜੀਵਨ-ਸ਼ਕਤੀਆਂ, ਇੰਦਰੀਆਂ, ਨਿਯਮ ਅਨੁਸਾਰ ਕੰਮ ਕਰਦੀਆਂ ਹਨ। ਇਸ ਵਿਚ ਉਹ ਆਤਮਾ ਕੰਮ ਕਰਦੀ ਹੈ, ਸੋ ਇਹ ਵੀ ਸੱਚ ਦਾ ਸੱਚ ਹੈ।

ਮੁੰਡਕ ਉਪਨਿਸ਼ਦ(2.2.1-2) ਵਿਚ ਇਹ ਵਿਚਾਰ ਮਿਲਦਾ ਹੈ ਕਿ ਈਸ਼ਵਰ ਆਪਣੇ ਕੀਤੇ ਹੋਏ ਪ੍ਰਗਟ ਜਗਤ ਵਿਚ ਪ੍ਰਗਟ ਹੈ, ਨੇੜੇ ਤੋਂ ਨੇੜੇ ਹੈ। ਉਸ ਅੰਦਰ ਸਭ ਲੋਕ ਅਤੇ ਲੋਕ ਵਾਸੀ ਨਿਵਾਸ ਕਰਦੇ ਹਨ। ਉਹ ਪ੍ਰਾਣ ਹੈ, ਪ੍ਰਾਣੀ ਹੈ, ਉਹੀ ਬਾਣੀ ਅਤੇ ਮਨ ਹੈ। ਇਸੇ ਉਪਨਿਸ਼ਦ ਵਿਚ ਇਕ ਹੋਰ ਸ਼ਲੋਕ(2.2.11) ਵਿਚ ਅੱਗੇ ਲਿਖਿਆ ਹੈ ਕਿ ਅੱਗੇ ਪਿੱਛੇ ਬ੍ਰਹਮ ਹੈ, ਦੱਖਣ ਤੇ ਉੱਤਰ ਵਲ ਬ੍ਰਹਮ ਹੈ, ਨੀਵੇਂ ਤੇ ਉਪਰ ਫੈਲਿਆ ਹੋਇਆ ਬ੍ਰਹਮ ਹੈ। ਇਸ ਵਿਸ਼ਵ ਬ੍ਰਹਮ ਨਾਲ ਓਤ ਪੋਤ ਹੈ। ਸਭ ਬ੍ਰਹਮ ਦਾ ਪ੍ਰਕਾਸ਼ ਹੈ।

ਛਾਂਦੋਗਯ ਉਪਨਿਸ਼ਦ(3.14.1) ਵਿਚ ਤਾਂ ਸਾਰੇ ਵਿਸ਼ਵ ਨੂੰ ਹੀ ਬ੍ਰਹਮ ਕਿਹਾ ਹੈ, ਭਾਵ ਇਹ ਵਿਸ਼ਵ ਦੇ ਕਣ ਕਣ ਵਿਚ ਸਮਾਇਆ ਹੋਇਆ ਹੈ। ਛਾਂਦੋਗਯ ਉਪਨਿਸ਼ਦ (3.14)

---

1. Radhakrishnan,The Principal Upnishads,Maitri Upnishad,page 797

ਵਿਚ 'ਤਜਲਨ' ਸ਼ਬਦ ਆਇਆ ਹੈ ਜਿਸ ਦਾ ਅਰਥ ਹਿਊਮ ਨੇ ਇਸ ਤਰ੍ਹਾਂ ਕੀਤਾ ਹੈ: ਜਿਸ ਤੋਂ ਸੰਸਾਰ ਪੈਦਾ ਹੋਇਆ ਜਿਸ ਵਿਚ ਸਮਾ ਜਾਵੇਗਾ ਅਤੇ ਜਿਸ ਕਾਰਨ ਕਾਇਮ ਹੈ। ਰਾਧਾਕ੍ਰਿਸ਼ਨਨ ਨੇ ਵੀ ਤਜਲਨ ਦੇ ਅਰਥ ਬ੍ਰਹਮ ਤੋਂ ਸ੍ਰਿਸ਼ਟੀ ਦੀ ਉਤਪਤੀ ਲੀਨ ਹੋਣਾ ਤੇ ਇਸੇ ਕਾਰਨ ਕਾਇਮ ਹੈ, ਕੀਤੇ ਹਨ।[1] ਸ਼ਵੇਤਾਸ਼ਵਤਰ ਉਪਨਿਸ਼ਦ(1.15) ਵਿਚ ਪਰਮਾਤਮਾ ਨੂੰ ਜਗਤ ਵਿਚ ਇਸ ਤਰ੍ਹਾਂ ਦੱਸਿਆ ਹੈ ਜਿਵੇਂ ਬੀਜ ਵਿਚ ਤੇਲ, ਕਰੀਮ ਵਿਚ ਮੱਖਣ ਹੁੰਦਾ ਹੈ।

ਕਠ ਉਪਨਿਸ਼ਦ(2.5.2) ਵਿਚ ਉਸ ਨੂੰ ਸਾਰੀ ਕਾਇਨਾਤ ਵਿਚ ਵਿਦਮਾਨ ਦੱਸਿਆ ਹੈ। ਹਰ ਰੂਪ ਵਿਚ ਉਹੀ ਹੈ। ਆਕਾਸ਼ ਵਿਚ ਰਹਿਣ ਵਾਲਾ ਉਹੀ ਹੈ। ਵੇਦਾਂ ਵਿਚ ਬੈਠਣ ਵਾਲਾ ਉਹੀ ਹੈ। ਗ੍ਰਿਹਸਥੀਆਂ ਦੇ ਘਰ ਮਹਿਮਾਨ ਹੈ, ਜਲ, ਪ੍ਰਿਥਵੀ ਉਤੇ ਪੈਦਾ ਹੋਣ ਵਾਲਾ ਹੈ। ਉਹ ਪੰਜ ਕੁਦਰਤੀ ਕਾਇਆਂ ਧਾਰਨ ਕਰਦਾ ਹੈ। ਪਰਬਤਾਂ ਵਿਚ ਪ੍ਰਗਟ ਹੁੰਦਾ ਹੈ। ਕਠ ਉਪਨਿਸ਼ਦ(4.8) ਉਹ ਜਗਤ ਵਿਚ ਇਸ ਤਰ੍ਹਾਂ ਗੁਪਤ ਹੈ ਜਿਵੇਂ ਗਰਭਵਤੀ ਵਿਚ ਗਰਭ ਹੁੰਦਾ ਹੈ।

ਕਠ ਉਪਨਿਸ਼ਦ(1.3.1) ਵਿਚ ਜਗਤ ਨੂੰ ਕਰਤੇ ਦਾ ਪ੍ਰਤਿਬਿੰਬ ਕਿਹਾ ਹੈ। ਜਿਹੋ ਜਿਹੀ ਕਿਰਤ ਹੋਵੇਗੀ ਉਹੋ ਜਿਹਾ ਉਸ ਦਾ ਪ੍ਰਤਿਬਿੰਬ ਹੋਵੇਗਾ। ਪਰ ਕਰਤੇ ਅਤੇ ਪ੍ਰਤਿਬਿੰਬ ਵਿਚ ਫਰਕ ਹੈ। ਰਾਧਾਕ੍ਰਿਸ਼ਨਨ ਨੇ ਜਗਤ ਦੇ ਸੱਚ ਬਾਰੇ ਵਿਚਾਰ ਦਿੱਤਾ ਹੈ ਕਿ ਜਗਤ ਸੱਚ ਇਸ ਲਈ ਹੈ ਕਿਉਂਕਿ ਇਹ ਉਸ ਸੱਚੇ ਉਤੇ ਆਧਾਰਿਤ ਹੈ, ਪਰ ਇਹ ਆਪਣੇ ਆਪ ਵਿਚ ਸੱਚ ਨਹੀਂ।[2]

ਮਾਂਡੂਕਯ ਉਪਨਿਸ਼ਦ(2) ਵਿਚ ਸਾਰਾ ਵਿਸ਼ਵ ਹਰੀ ਦਾ ਸਰੀਰ ਹੈ। ਵਿਸ਼ਵ ਤੇ ਬ੍ਰਹਮ ਸੰਬੰਧ ਸਰੀਰ ਅਤੇ ਸਰੀਰੀ ਵਾਲੇ ਹਨ। ਬ੍ਰਿਹਦਾਰਣਯਕ(3.7.3) ਵਿਚ ਵੀ ਬ੍ਰਹਮੰਡ ਨੂੰ ਪ੍ਰਭੂ ਦਾ ਸਰੀਰ ਕਿਹਾ ਹੈ ਜੋ ਆਪ ਵਿਚ ਰਹਿ ਕੇ ਇਸ ਨੂੰ ਕਾਬੂ ਵਿਚ ਰੱਖਦਾ ਹੈ। ਕਿਉਂਕਿ ਇਸ ਵਿਚ ਆਤਮਾ ਦਾ ਨਿਵਾਸ ਹੈ, ਇਸ ਲਈ ਇਹ ਸੱਤ ਹੈ।

---

1. (a) Etymologically 'Tajjalana' means;(Tat) that (Ja) from which the world arises (la) into which it returns (na) by which it is supported and it lives.
R.E. Hume, The Thirteen Principal Upnishads, II Edition, page 214.
(b) In the Chandogya Upanishad, Brahman is defined as Tajjalan as that (tat) which gives rise to (ja), absorbs (li) and sustains (an) the world.
Radhakrishnan, The Principal Upnishads, page 81.

2. The World is real as based on Brahman; it is unreal by itself.
Dr. Radhakrishnan, The Principal Upnishads, page 85.

## ਕ. ਸ੍ਰਿਸ਼ਟੀ ਕ੍ਰਮ

ਗੁਰਬਾਣੀ ਅਤੇ ਉਪਨਿਸ਼ਦ ਦੋਹਾਂ ਦਾ ਇਹ ਵਿਚਾਰ ਹੈ ਕਿ ਪ੍ਰਭੂ ਦੇ ਹੁਕਮ ਜਾਂ ਉਸ ਦੀ ਇੱਛਾ ਅਨੁਸਾਰ ਸ੍ਰਿਸ਼ਟੀ ਉਤਪੰਨ ਹੋਈ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਉਸ ਨੇ ਜਦ ਹੁਕਮ ਤੋਂ ਰਚਨਾ ਕੀਤੀ ਤਾਂ ਇਹਦੀ ਵਰਤਮਾਨ ਸਥਿਤੀ ਤਕ ਪਹੁੰਚਣ ਨਈ ਕੋਈ ਸਮਾਂ ਲੱਗਾ ਜਾਂ ਇਕ ਦਮ ਇਸ ਸਥਿਤੀ ਵਿਚ ਪਹੁੰਚ ਗਈ।

ਆਮ ਕਰਕੇ ਵਿਚਾਰਵਾਨ 'ਕੀਤਾ' ਪਸਾਉ। ਏਕੋ ਕਵਾਉ ਅਤੇ ਜੋ ਕਿਛੁ ਪਾਇਆ ਸੋ ਏਕਾਕਾਰ[1] ਦੀਆਂ ਪੰਕਤੀਆਂ ਦੇ ਆਧਾਰ ਤੇ ਉਤਪਤੀ ਇਕ ਦਮ ਹੋ ਗਈ ਮੰਨਦੇ ਹਨ। ਪਰੰਤੂ ਇਹ ਗੱਲ ਨ ਤਾਂ ਭਾਰਤੀ ਦਰਸ਼ਨਾਂ ਵਿਚ ਮਿਲਦੀ ਹੈ ਅਤੇ ਨ ਹੀ ਗੁਰਬਾਣੀ ਤੋਂ ਸਪਸ਼ਟ ਹੁੰਦੀ ਹੈ। 'ਪਸਾਉ' ਸ਼ਬਦ ਸੰਸਕ੍ਰਿਤ ਦੇ 'ਪ੍ਰਸਾਰ' ਸ਼ਬਦ ਦਾ ਅਪਭ੍ਰੰਸ਼ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸ੍ਰਿਸ਼ਟੀ-ਰਚਨਾ ਅਕਸਮਾਤ ਨਹੀਂ, ਕ੍ਰਮਵਾਰ ਪਰਸਾਰਿਤ ਹੋਈ ਹੈ। ਜਪੁਜੀ ਦੀ ਅਗਲੀ ਪੰਕਤੀ 'ਤਿਸ ਤੇ ਹੋਇ ਲਖ ਦਰੀਆਉ' ਵਿਚ ਲੱਖ ਪ੍ਰਸਾਰ ਦਾ ਚਿੰਨ੍ਹ ਹੈ। ਇਹ ਪਸਾਰ ਪਰਮ ਸੱਤਾ ਦੇ ਇਕ ਵਾਕ ਜਾਂ ਹੁਕਮ ਨਾਲ ਹੋਇਆ, ਪਰ ਇਕੋ ਵਾਰ ਨਹੀਂ ਸਗੋਂ ਲਗਾਤਾਰ ਹੁੰਦਾ ਰਿਹਾ। ਗੁਰੂ ਅਰਜਨ ਦੇਵ ਦਾ ਕਥਨ ਹੈ:

ਕਈ ਬਾਰ ਪਸਰਿਓ ਪਸਾਰ॥
ਸਦਾ ਸਦਾ ਇਕੁ ਏਕੰਕਾਰ॥[2]

ਸ੍ਰਿਸ਼ਟੀ ਦੇ ਪ੍ਰਸਾਰ ਦੀ ਤੁਲਨਾ ਇਕ ਪੇੜ ਨਾਲ ਕੀਤੀ ਹੈ ਜਿਵੇਂ:

ਤੂੰ ਪੇਡੁ ਸਾਖ ਤੇਰੀ ਫੂਲੀ॥[3]
ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ॥[4]

ਬੀਜ ਦਾ ਫੁੱਟਣਾ, ਪੌਦਾ, ਤਣਾ, ਸ਼ਾਖਾਂ, ਪੱਤੇ ਫੁੱਲ, ਫਲ ਫੇਰ ਬੀਜ - ਇਹ ਇਕ ਕ੍ਰਮਵਾਰ-ਵਿਕਾਸ ਹੈ।

---

1. ਜਪੁ, ਗੁਰੂਗ੍ਰੰਥ, ਪੰਨਾ 4
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 276
3. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 102
4. ਗੂਜਰੀ ਮਹਲਾ 1, ਗੁਰੂ ਗ੍ਰੰਥ, ਪੰਨਾ 505

ਗੁਰੂ ਨਾਨਕ ਨੇ ਗੁਰਬਾਣੀ ਵਿਚ ਇਕ ਥਾਂ 'ਰਚਨਾ ਰਚ ਰਹੇ ਨਿਰੰਕਾਰੀ' [1] ਕਿਹਾ ਹੈ। ਇਸ ਤੋਂ ਸ੍ਰਿਸ਼ਟੀ ਦੀ ਨਿਰੰਤਰਤਾ ਦਾ ਸੰਕੇਤ ਮਿਲਦਾ ਹੈ, ਜੋ ਇਕ ਵਿਕਾਸ ਕ੍ਰਮ ਹੈ।

ਸ੍ਰਿਸ਼ਟੀ-ਕ੍ਰਮ ਬਾਰੇ ਗੁਰਬਾਣੀ ਵਿਚ ਕਿਧਰੇ ਵੀ ਕ੍ਰਮ-ਬੱਧ ਉਲੇਖ ਨਹੀਂ ਮਿਲਦਾ ਅਤੇ ਨਾ ਹੀ ਬਾਣੀਕਾਰਾਂ ਦਾ ਇਹ ਉਦੇਸ਼ ਸੀ। ਗੁਰਬਾਣੀ ਵਿਚ ਮਿਲਦੇ ਕੁਝ ਕਥਨਾਂ ਦੇ ਆਧਾਰ ਤੇ ਰੂਪ-ਰੇਖਾ ਤਿਆਰ ਕੀਤੀ ਜਾ ਸਕਦੀ ਹੈ।

ਸਭ ਤੋਂ ਪਹਿਲਾਂ ਪਰਮਾਤਮਾ ਸਤਿ ਰੂਪ ਨਿਰਗੁਣ, ਅਫੁਰ, ਸੁੰਨ ਅਵਸਥਾ ਵਿਚ ਸੀ। ਉਸ ਦੀ ਇਕ ਤੋਂ ਅਨੇਕ ਹੋਣ ਦੀ ਇੱਛਾ ਹੋਈ, ਹੁਕਮ ਕੀਤਾ। ਹੁਕਮ ਵਿਚ ਸਕ੍ਰਿਯਤਾ ਹੈ, ਪ੍ਰਗਟੀਕਰਣ ਹੈ, ਸੋ ਫੇਰ ਇਹ ਸਰੂਪ ਹੋ ਗਿਆ।

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ॥ [2]

ਸਿਰੀ ਰਾਗ ਵਿਚ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਸਤਿ ਤੋਂ ਪਵਨ, ਪਵਨ ਤੋਂ ਜਲ ਤੇ ਜਲ ਤੋਂ ਤਿੰਨ ਲੋਕ ਆਕਾਸ਼, ਪਾਤਾਲ ਤੇ ਮਾਰਤਯ ਲੋਕ ਦਾ ਨਿਰਮਾਣ ਹੋਇਆ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ [3]

ਗੁਰੂ ਨਾਨਕ ਨੇ ਪਰਭਾਤੀ ਰਾਗ ਵਿਚ ਦੱਸਿਆ ਹੈ ਕਿ ਪਰਮਾਤਮਾ ਨੇ ਜਲ, ਅਗਨੀ ਅਤੇ ਪਵਨ ਨਾਂ ਦੇ ਤਿੰਨ ਤੱਤਾਂ ਨੂੰ ਪੈਦਾ ਕਰਕੇ ਫੇਰ ਇਨ੍ਹਾਂ ਦੇ ਸੰਯੋਗ ਨਾਲ ਪੰਜ ਭੌਤਿਕ ਜਗਤ ਰਚਿਆ। ਫੇਰ ਵੀ ਇਹ ਸਭ ਕੁਝ ਉਸੇ ਦੇ ਹੁਕਮ ਵਿਚ ਹੈ:

ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ॥
ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ॥ [4]

ਸ੍ਰਿਸ਼ਟੀ-ਵਿਕਾਸ ਦੇ ਵਿਚ ਗੁਰਬਾਣੀ ਤਿੰਨ ਗੁਣਾਂ ਦਾ ਸੰਕੇਤ ਵੀ ਕਰਦੀ ਹੈ:

ਤ੍ਰੈ ਗੁਣ ਕੀਆ ਪਾਸਾਰਾ॥ [5]

---

1. ਤੁਖਾਰੀ ਮਹਲਾ 1, ਗੁਰੂ ਗ੍ਰੰਥ, ਪੰਨਾ 1107
2. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 940
3. ਸਿਰੀ ਰਾਗ ਮਹਲਾ 1, ਗੁਰੂ ਗ੍ਰੰਥ, ਪੰਨਾ 19
4. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1345
5. ਮਾਰੂ ਮਹਲਾ 5, ਗੁਰੂ ਗ੍ਰੰਥ, ਪੰਨਾ 1003

ਫਿਰ ਹੋਰ ਥਾਂ ਗੁਰੂ ਜੀ ਸਤਿ-ਸਰੂਪ ਪਰਮਾਤਮਾ ਤੋਂ ਪਉਣ ਦੀ ਉਤਪਤੀ ਪਉਣ ਤੋਂ ਜਲ ਅਤੇ ਜਲ ਤੋਂ ਸ੍ਰਿਸ਼ਟੀ ਦੇ ਵਿਕਾਸ ਦਾ ਵਰਣਨ ਕਰਦੇ ਹਨ। ਕੁਝ ਪੰਗਤੀਆਂ ਪ੍ਰਸਤੁਤ ਹਨ:

1. ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥[1]
2. ਜਲ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ॥[2]
3. ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥[3]
4. ਪਾਣੀ ਪਿਤਾ ਜਗਤ ਕਾ....।[4]
5. ਪਾਣੀ ਪਿਤਾ ਮਾਤਾ ਧਰਤਿ ਮਹਤੁ॥[5]

ਵਾਰ ਮਲਾਰ ਵਿਚ ਗੁਰੂ ਨਾਨਕ ਸਾਹਿਬ ਸ੍ਰਿਸ਼ਟੀ-ਕ੍ਰਮ ਨੂੰ ਇਸ ਤਰ੍ਹਾਂ ਚਿਤਰਦੇ ਹਨ। ਪਹਿਲਾਂ ਉਸ ਨੇ ਆਪਣੇ ਆਪ ਨੂੰ ਸਾਜਿਆ। ਉਸ ਤੋਂ ਬਾਅਦ ਧਰਤੀ ਉਤੇ ਆਸਮਾਨ ਦਾ ਚੰਦੋਆ ਤਾਣ ਦਿੱਤਾ। ਇਹ ਆਸਮਾਨ ਬਗੈਰ ਥੰਮਾਂ ਤੋਂ ਖੜ੍ਹਾ ਕੀਤਾ। ਫੇਰ ਸੂਰਜ ਤੇ ਚੰਦ ਉਤਪੰਨ ਕਰਕੇ ਚਾਨਣ ਫੈਲਾ ਦਿੱਤਾ, ਰਾਤ ਦਿਨ ਹੋਂਦ ਵਿਚ ਆਏ।

ਆਪੀਨ੍ਹੈ ਆਪੁ ਸਾਜਿ ਆਪੁ ਪਛਾਣਿਆ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥[6]

ਗੁਰਬਾਣੀ ਵਿਚ ਸ੍ਰਿਸ਼ਟੀ ਦੀ ਵਿਆਪਕਤਾ ਅਤੇ ਵਿਸ਼ਾਲਤਾ ਲਈ ਚੌਦਾਂ ਭਵਨ ਤ੍ਰੈਲੋਕ, ਨਉ ਖੰਡ ਸ਼ਬਦ ਵਰਤੇ ਹਨ। ਚਾਰ ਖਾਣੀਆਂ ਅੰਡਜ ਜੇਰਜ ਸੇਤਜ ਤੇ ਉਤਭੁਜ ਦਾ ਜ਼ਿਕਰ ਹੈ। 84 ਲੱਖ ਜੂਨਾਂ ਵੱਲ ਵੀ ਸੰਕੇਤ ਹੈ ਜਿਵੇਂ:

1. ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ॥[7]
2. ਆਪੇ ਅੰਡਜੁ ਜੇਰਜ ਸੇਤਜ ਉਤਭੁਜ॥[8]
3. ਲਖ ਚਉਰਾਸੀਹ ਫਿਰ ਫਿਰ ਆਵੈ॥[9]

---

1. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1283
2. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1345
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 472
4. ਸਾਰੰਗ ਮਹਲਾ 1, ਗੁਰੂ ਗ੍ਰੰਥ, ਪੰਨਾ 1240
5. ਜਪੁ, ਗੁਰੂ ਗ੍ਰੰਥ, ਪੰਨਾ 8
6. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1279
7. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 208
8. ਸੋਰਠ ਮਹਲਾ 4, ਗੁਰੂ ਗ੍ਰੰਥ, ਪੰਨਾ 605
9. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 69

ਪਰ ਇਹ ਸੰਕੇਤ ਹੀ ਹਨ। ਗੁਰਬਾਣੀ ਵਿਚ ਸ੍ਰਿਸ਼ਟੀ ਨੂੰ ਸ੍ਰਿਸ਼ਟੇ ਵਾਂਗ ਅਸੀਮ ਦੱਸਿਆ ਹੈ। ਗੁਰੂ ਸਾਹਿਬਾਨ ਦਾ ਮੱਤ ਹੈ ਕਿ ਖੰਡ, ਬ੍ਰਹਿਮੰਡ, ਖਾਣੀਆਂ ਆਦਿ ਅਣਗਿਣਤ ਹਨ। ਇਨ੍ਹਾਂ ਦੀ ਪੂਰੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸ੍ਰਿਸ਼ਟੀ ਦਾ ਪ੍ਰਸਾਰ ਕਿਥੋਂ ਤੱਕ ਹੈ। ਇਸ ਦੀ ਅੰਤ ਨਹੀਂ ਪਾਇਆ ਜਾ ਸਕਦਾ। ਗੁਰਬਾਣੀ ਦੀਆਂ ਕੁਝ ਪੰਕਤੀਆਂ ਵੇਖੋ:

ਕਈ ਕੋਟਿ ਖਾਣੀ ਅਰੁ ਖੰਡ ॥[1]
ਕੇਤੀਆ ਖਾਣੀ ਕੇਤੀਆ ਬਾਣੀ ॥[2]
ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥[3]

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥[4]

ਸਾਂਖ ਦਰਸ਼ਨ ਦੀ ਤਰ੍ਹਾਂ ਗੁਰਬਾਣੀ ਪੁਰਸ਼ ਅਤੇ ਪ੍ਰਕ੍ਰਿਤੀ ਦੇ ਸੰਯੋਗ ਤੋਂ ਸ੍ਰਿਸ਼ਟੀ ਦਾ ਸ਼ੁਰੂ ਨਹੀਂ ਮੰਨਦੀ। ਇਸ ਵਿਚ ਪ੍ਰਥਮ ਕ੍ਰਿਆ ਦਾ ਕਾਰਨ ਪ੍ਰਭੂ ਦੀ ਇੱਛਾ ਨੂੰ ਹੀ ਸਵੀਕਾਰ ਕੀਤਾ ਹੈ। ਜਿਸ ਨੂੰ ਭਾਣਾ, ਹੁਕਮ ਕਰਕੇ ਵੀ ਲਿਖਿਆ ਹੈ। ਇਸ ਇੱਛਾ ਦੀ ਪੂਰਤੀ ਕਾਰਨ ਬ੍ਰਹਮ ਨਿਰਗੁਣ ਤੋਂ ਸਰਗੁਣ ਹੋਇਆ ਅਰਥਾਤ

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥[5]

ਉਸੇ ਨਿਰਗੁਣ ਤੋਂ ਸਾਰੀ ਰਚਨਾ ਹੋਈ। ਉਸੇ ਵਿਚ ਸਾਰੀ ਸਮਾ ਜਾਵੇਗੀ:
ਜਿਸੁ ਤੇ ਹੋਇਓ ਅਕਾਰਾ ਨਾਨਕ ਏਕਸੁ ਮਾਹਿ ਸਮਾਏ ਜੀਉ ॥[6]

ਛਾਂਦੋਗਯ ਉਪਨਿਸ਼ਦ(6.8.6) ਵਿਚ ਪਰਮਾਤਮਾ ਤੋਂ ਪਹਿਲਾਂ ਤੇਜ, ਫੇਰ ਜਲ ਅਤੇ ਪ੍ਰਿਥਵੀ- ਇਨ੍ਹਾਂ ਤਿੰਨ ਤੱਤਾਂ ਦੀ ਉਤਪਤੀ ਮੰਨੀ ਗਈ ਹੈ। ਤੈਤਰੀਯ ਉਪਨਿਸ਼ਦ(2.1.1) ਵਿਚ ਪੰਜ ਤੱਤਾਂ ਦਾ ਅਤੇ ਉਨ੍ਹਾਂ ਦੀ ਪ੍ਰਕਿਰਿਆ ਦਾ ਵਰਣਨ ਹੈ: ਬ੍ਰਹਮ ਤੋਂ ਆਕਾਸ਼ ਹੋਇਆ, ਆਕਾਸ਼

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 276
2. ਜਪੁ, ਗੁਰੂ ਗ੍ਰੰਥ, ਪੰਨਾ 6
3. ਜਪੁ, ਗੁਰੂ ਗ੍ਰੰਥ, ਪੰਨਾ 5
4. ਸਿਰੀ ਰਾਗ ਮਹਲਾ 1, ਗੁਰੂ ਗ੍ਰੰਥ, ਪੰਨਾ 18
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 463
6. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 131

ਤੋਂ ਪਵਨ, ਪਵਨ ਤੋਂ ਅਗਨੀ, ਅਗਨੀ ਤੋਂ ਪਾਣੀ, ਪਾਣੀ ਤੋਂ ਧਰਤੀ ਤੋਂ ਬਨਸਪਤੀ, ਬਨਸਪਤੀ ਤੋਂ ਅੰਨ ਅਤੇ ਅੰਨ ਤੋਂ ਪੁਰਖ ਬਣੇ। ਬ੍ਰਿਹਦਾਰਣਯਕ ਉਪਨਿਸ਼ਦ(1.5.13) ਪਾਣੀ ਨੂੰ ਹੀ ਪਰਜਾਪਤੀ ਬ੍ਰਹਮ ਦਾ ਸਰੀਰ ਕਿਹਾ ਹੈ। ਛਾਂਦੋਗਯ ਉਪਨਿਸ਼ਦ(6.3.1) ਵਿਚ ਤਿੰਨ ਖਾਣੀਆਂ ਦੱਸੀਆਂ ਹਨ। ਅੰਡਜ, ਜੇਰਜ ਅਤੇ ਉਤਭੁਜ। ਐਤਰੇਯ ਉਪਨਿਸ਼ਦ(3.1.3) ਵਿਚ ਚਾਰ ਖਾਣੀਆਂ ਦਾ ਜ਼ਿਕਰ ਹੈ, ਅੰਡੇ ਤੋਂ, ਗਰਭ ਤੋਂ, ਪਸੀਨੇ ਅਤੇ ਧਰਤੀ ਤੋਂ ਹੋਣ ਵਾਲੀ ਰਚਨਾ ਦੱਸੀ ਗਈ ਹੈ। ਮੈਤਰੇਯ ਉਪਨਿਸ਼ਦ(6.6) ਵਿਚ ਲਿਖਿਆ ਹੈ ਕਿ ਆਰੰਭ ਵਿਚ ਇਹ ਜਗਤ ਅਵਕਤ ਹੀ ਸੀ, ਜਦ ਪਰਜਾਪਤੀ ਨੇ ਤਪ ਸਾਧਿਆ ਤਾਂ ਉਸ ਨੇ ਭੂ, ਭਵ, ਸਵ, ਉਚਾਰੇ, ਫੇਰ ਜਗਤ ਦਾ ਇਹ ਸਥੂਲ ਰੂਪ ਬਣਿਆ। ਮੁੰਡਕ ਉਪਨਿਸ਼ਦ(1.8) ਵਿਚ ਸ੍ਰਿਸ਼ਟੀ ਵਿਕਾਸ ਇਸ ਤਰ੍ਹਾਂ ਹੈ। ਪਰਮੇਸ਼ਰ ਆਪਣੇ ਗਿਆਨ ਇੱਛਾ ਤੋਂ ਪ੍ਰਕ੍ਰਿਤੀ ਵਿਚ ਪ੍ਰਗਟ ਹੁੰਦਾ ਹੈ। ਉਸੇ ਰਚੀ ਇੱਛਾ ਤੋਂ ਭੋਗਤਾ ਰੂਪ ਪ੍ਰਕ੍ਰਿਤੀ ਜਗਤ ਉਤਪੰਨ ਹੋਇਆ। ਅੰਨ ਤੋਂ ਜੀਵਨ, ਮਨੋਵਿਰਤੀਆਂ, ਬੁੱਧੀ, ਕਰਮਫਲ ਭੁਗਤਣ ਲਈ ਲੋਕ, ਫੇਰ ਸਤ ਕਰਮਾਂ ਤੋਂ ਅੰਮ੍ਰਿਤ ਅਤੇ ਮੋਖ ਪਦ ਦਾ ਵਿਕਾਸ ਹੋ ਗਿਆ।

ਬ੍ਰਿਹਦਾਰਣਯਕ ਉਪਨਿਸ਼ਦ(1.4.3) ਵਿਚ ਲਿਖਿਆ ਹੈ 'ਪਹਿਲਾਂ' ਕੇਵਲ ਆਤਮਾ ਹੀ ਸੀ, ਇਕੱਲਿਆਂ ਹੋਣ ਕਰਕੇ ਉਸ ਨੂੰ ਕੋਈ ਖੁਸ਼ੀ ਨਹੀਂ ਸੀ। ਉਸ ਨੇ ਦੂਜੇ ਦੀ ਇੱਛਾ ਕੀਤੀ। ਜਿਵੇਂ ਇਸਤਰੀ ਪੁਰਖ ਆਲਿੰਗਿਤ ਹੁੰਦੇ ਹਨ, ਉਸੇ ਤਰ੍ਹਾਂ ਦਾ ਹੋ ਗਿਆ। ਉਸ ਨੇ ਆਪਣੇ ਇਸ ਸਰੀਰ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ, ਜਿਸ ਤੋਂ ਪਤੀ ਅਤੇ ਪਤਨੀ ਹੋਏ। ਪੁਰਸ਼ ਇਸਤਰੀ ਨਾਲ ਸੰਯੁਕਤ ਹੋਇਆ ਜਿਸ ਤੋਂ ਪ੍ਰਾਣੀ ਉਤਪੰਨ ਹੋਏ। ਇਸੇ ਉਪਨਿਸ਼ਦ (1.4.4) ਵਿਚ ਅੱਗੇ ਲਿਖਿਆ ਹੈ 'ਇਸਤਰੀ ਨੇ ਸੋਚਿਆ ਮੈਨੂੰ ਆਪਣੇ ਤੋਂ ਰਚ ਕੇ ਮੇਰੇ ਨਾਲ ਕਿਵੇਂ ਮੇਲ ਹੋ ਸਕਦਾ ਹੈ। ਉਹ ਛੁਪ ਗਈ ਅਤੇ ਗਾਂ ਬਣ ਗਈ, ਦੂਜਾ ਬਲਦ ਬਣ ਗਿਆ, ਦੋਹਾਂ ਦੇ ਮੇਲ ਨਾਲ ਗਊਆਂ ਬਲਦ ਪੈਦਾ ਹੋਏ। ਇਸ ਤਰ੍ਹਾਂ ਕੀੜੀ ਤੋਂ ਲੈ ਕੇ ਜਿੰਨੇ ਵੀ ਇਸਤਰੀ ਪੁਰਖ ਰੂਪ ਜੋੜੇ ਹਨ, ਉਨ੍ਹਾਂ ਸਾਰਿਆਂ ਦੀ ਰਚਨਾ ਕਰ ਦਿੱਤੀ।

ਬ੍ਰਿਹਦਾਰਣਯਕ ਉਪਨਿਸ਼ਦ(3.6.1) ਵਿਚ ਕਈ ਲੋਕਾਂ ਦਾ ਵਰਣਨ ਹੈ, ਜਿਨ੍ਹਾਂ ਦਾ ਆਪਸ ਵਿਚ ਪਰਸਪਰ ਸੰਬੰਧ ਹੈ। ਦ੍ਰਿਸ਼ਮਾਨ ਬ੍ਰਹਿਮੰਡ ਜੋ ਜਲ ਨਾਲ ਓਤ ਪੋਤ ਹੈ, ਉਹ ਅੱਗੇ ਵਾਯੂ ਨਾਲ ਓਤ ਪੋਤ ਹੈ, ਵਾਯੂ ਅੰਤਰਿਕਸ਼ ਲੋਕ ਵਿਚ, ਅੰਤਰਿਕਸ਼ ਗੰਧਰਵ ਲੋਕ ਵਿਚ, ਗੰਧਰਵ ਸੂਰਜ-ਲੋਕ ਵਿਚ, ਸੂਰਜ ਲੋਕ ਚੰਦਰ ਲੋਕ ਵਿਚ, ਚੰਦਰ ਲੋਕ ਨਛੱਤਰ ਲੋਕ ਵਿਚ, ਨਛੱਤਰ ਲੋਕ ਇੰਦਰ ਲੋਕ ਵਿਚ, ਇੰਦਰਲੋਕ ਪਰਜਾਪਤੀ ਲੋਕ ਵਿਚ, ਪਰਜਾਪਤੀ ਬ੍ਰਹਮਲੋਕ ਵਿਚ।

ਛਾਂਦੋਗਯ ਉਪਨਿਸ਼ਦ(3.19.1) ਵਿਚ ਅੰਡੇ ਤੋਂ ਸ੍ਰਿਸ਼ਟੀ ਦਾ ਵਿਕਾਸ ਦੱਸਿਆ ਹੈ। ਰਚਨਾ ਤੋਂ ਪਹਿਲੇ ਵਿਸ਼੍ਵ ਅਵਿਅਕਤ ਸੀ। ਈਸ਼੍ਵਰ ਦੀ ਇੱਛਾ ਨਾਲ ਵਿਅਕਤ ਹੋਇਆ। ਉਹ ਅੰਡਾਕਾਰ ਬਣਿਆ। ਅੰਡਾ ਕਈ ਸੌ ਸਾਲ ਪਿਆ ਰਿਹਾ, ਉਸ ਤੋਂ ਦੋ ਟੁਕੜੇ ਹੋ ਗਏ। ਦੋ ਟੁਕੜੇ ਸੋਨਾ ਚਾਂਦੀ ਬਣੇ। ਜੋ ਚਾਂਦੀ ਦਾ ਟੁਕੜਾ ਸੀ ਉਸ ਤੋਂ ਪ੍ਰਿਥਵੀ। ਸੋਨੇ ਵਾਲੇ ਭਾਗ ਤੋਂ ਸੂਰਜ ਲੋਕ ਬਣੇ। ਜੋ ਉਸ ਅੰਡੇ ਵਿਚ ਜ਼ੇਰ ਸੀ, ਉਹ ਪਰਬਤ ਬਣੇ। ਜੋ ਉਸ ਵਿਚ ਗਰਭ ਸੀ ਉਸ ਤੋਂ ਮੀਂਹ ਤੇ ਕੋਹਰਾ ਬਣੇ। ਉਸ ਵਿਚ ਜੋ ਨਾੜੀਆਂ ਸੀ ਉਸ ਤੋਂ ਨਦੀਆਂ ਬਣ ਗਈਆਂ। ਉਸੇ ਤੋਂ ਇਹ ਕਈ ਵਿਕਾਰ ਪੈਦਾ ਹੋਏ ਅਤੇ ਕਾਰਣ ਕਾਰਜ ਦਾ ਕ੍ਰਮ ਚੱਲਿਆ।

ਪ੍ਰਸ਼ਨ ਉਪਨਿਸ਼ਦ(6.4) ਵਿਚ ਸ੍ਰਿਸ਼ਟੀ ਕ੍ਰਮ ਇਸ ਤਰ੍ਹਾਂ ਦਿੱਤਾ ਹੈ 'ਉਸ ਪੁਰਸ਼ ਨੇ ਪ੍ਰਾਣ ਨੂੰ ਰਚਿਆ, ਫੇਰ ਪ੍ਰਾਣ ਤੋਂ ਸ਼ਰਧਾ, ਆਕਾਸ਼, ਵਾਯੂ, ਤੇਜ, ਜਲ, ਪ੍ਰਿਥਵੀ, ਇੰਦ੍ਰੀ, ਮਨ ਅਤੇ ਫੇਰ ਅੰਨ ਨੂੰ। ਅੰਨ ਤੋਂ ਵੀਰਜ, ਤਪ, ਮੰਤ੍ਰ, ਕਰਮ ਅਤੇ ਲੋਕਾਂ ਨੂੰ, ਲੋਕਾਂ ਤੋਂ ਨਾਮ ਉਤਪੰਨ ਕੀਤਾ'।

ਐਤਰੀਯ ਉਪਨਿਸ਼ਦ ਵਿਚ ਚਾਰ ਲੋਕਾਂ ਦਾ ਜ਼ਿਕਰ ਹੈ। ਉਸ ਨੇ ਅਭ, ਮਰੀਚਿ, ਮਰ ਅਤੇ ਆਪ - ਇਨ੍ਹਾਂ ਲੋਕਾਂ ਦੀ ਰਚਨਾ ਕੀਤੀ। ਸਵਰਗ ਅਭ ਹੈ, ਦ੍ਯੂ ਲੋਕ ਮਰੀਚ ਹੈ, ਪ੍ਰਿਥਵੀ ਮਰ-ਲੋਕ ਹੈ ਅਤੇ ਜੋ ਪ੍ਰਿਥਵੀ ਨੀਚੇ ਹੈ ਉਹ 'ਆਪ' ਹੈ।

ਸ਼੍ਵੇਤਾਸ਼੍ਵਤਰ ਉਪਨਿਸ਼ਦ ਵਿਚ ਰਚਨਾ ਵਿਕਾਸ ਵਿਚ ਤਿੰਨ ਗੁਣਾਂ ਦਾ ਜ਼ਿਕਰ ਆਉਂਦਾ ਹੈ।[1] ਤੈਤਰੀਯ ਉਪਨਿਸ਼ਦ(1.28) ਪ੍ਰਿਥਵੀ ਅਤੇ ਇਸ ਵਿਚਲੀ ਸਾਰੀ ਸਾਮਗਰੀ ਨੇ ਪਾਣੀ ਵਿਚੋਂ ਜਨਮ ਲਿਆ ਹੈ।

...

1. It is usual to describe the world as a wheel with three tires. Reference is to the three Gunas, Sattva, rajas and tamas. Radhakrishnan, The Principal Upnishads, Svetasvatara Upanishad(1.4) page 711

## ਅਧਿਆਇ ਪੰਜਵਾਂ

### ਮਾਇਆ ਦਾ ਸੰਕਲਪ

ੳ. ਮਾਇਆ ਕੀ ਹੈ?

ਅ. ਤ੍ਰਿਗੁਣੀ ਮਾਇਆ

ੲ. ਮਾਇਆ ਦਾ ਅਗਿਆਨ ਰੂਪ

ਸ. ਮਾਇਆ ਦਾ ਰੂਪਾਤਮਕ ਸਰੂਪ ਚਿਤਰਣ

ਹ. ਮਾਇਆ ਬ੍ਰਹਮ ਦੀ ਸ਼ਕਤੀ

ਕ. ਮਾਇਆ ਅਤੇ ਮਨ

ਖ. ਮਾਇਆ ਪ੍ਰਭਾਵ ਤੋਂ ਬਚਣ ਦੇ ਸਾਧਨ

## ਮਾਇਆ ਦਾ ਸੰਕਲਪ

### (ੳ) ਮਾਇਆ ਕੀ ਹੈ?

ਮਾਇਆ ਵੀ ਇਕ ਰਹੱਸਵਾਦੀ ਵਿਸ਼ਾ ਹੈ। ਇਸ ਰਹੱਸ ਨੂੰ ਪ੍ਰਗਟਾਉਣ ਲਈ ਚਿੰਤਕਾਂ ਨੇ ਕਈ ਪਰਿਭਾਸ਼ਾਵਾਂ ਦਿੱਤੀਆਂ ਹਨ। ਡਾ: ਰਾਧਾਕ੍ਰਿਸ਼ਨਨ ਅਨੁਸਾਰ ਮਾਇਆ ਉਹ ਤੱਤ ਹੈ ਜੋ ਸੰਸਾਰ ਨੂੰ ਸਦਾ ਬੇਚੈਨ ਕਰੀ ਰਖਦਾ ਹੈ।[1] ਇਸ ਦੀ ਆਪਣੀ ਕੋਈ ਹੋਂਦ ਨਹੀਂ ਸਗੋਂ ਮਾਇਆ ਪ੍ਰਭੂ ਦੀ ਰਚਨਾ-ਸ਼ਕਤੀ ਹੈ।[2] ਪਰ ਇਹ ਜੀਵ ਨੂੰ ਭਰਮਾਂ ਦੇ ਮੰਦੇ ਪਾਸੇ ਲਗਾਈ ਰਖਦੀ ਹੈ। ਜੋ ਕੁਝ ਝੂਠ ਹੈ, ਅਸਥਾਈ ਹੈ ਉਸ ਨਾਲ ਜੀਵ ਦਾ ਮੋਹ ਪਾ ਦੇਂਦੀ ਹੈ ਅਤੇ ਜੋ ਕੁਝ ਅਸਲ ਜਾਂ ਸਥਿਰ ਹੈ ਉਸ ਨੂੰ ਭੁਲਾ ਦੇਂਦੀ ਹੈ। ਡਾ: ਕੋਹਲੀ ਅਨੁਸਾਰ 'ਮਾਇਆ' ਦੀ ਵਰਤੋਂ ਸਿਰਫ਼ ਭੁਲੇਖੇ ਵਾਸਤੇ ਨਹੀਂ ਕੀਤੀ ਗਈ ਸਗੋਂ ਪਦਾਰਥ, ਦੌਲਤ, ਮਨੁੱਖੀ ਖਾਹਸ਼ਾਂ,[3] ਜੋ ਕਿ ਪਰਮਾਤਮਾ ਨੂੰ ਮਿਲਣ ਦੇ ਰਾਹ ਵਿਚ ਰੁਕਾਵਟਾਂ ਹਨ, ਲਈ ਕੀਤੀ ਗਈ ਹੈ।

ਭਾਈ ਕਾਨ੍ਹ ਸਿੰਘ ਨੇ ਗੁਰਬਾਣੀ ਦੇ ਆਧਾਰ ਤੇ ਮਾਇਆ ਲਈ ਕੁਦਰਤ, ਅਵਿਦਿਆ[4] ਸ਼ਬਦ ਵਰਤੇ ਹਨ। ਕੁਦਰਤ ਨੂੰ ਕਰਤਾਰ ਦੀ ਰਚਨਾ ਸ਼ਕਤੀ ਕਿਹਾ ਹੈ। ਗੁਰਬਾਣੀ ਵਿਚ ਵੀ ਮਾਇਆ ਨੂੰ ਗੁਰੂ ਦੀ ਰਚਨਾ ਕਿਹਾ ਹੈ ਪਰ ਇਹ ਮਨੁੱਖ ਨੂੰ ਭਰਮਾ ਕੇ ਉਸ ਨੂੰ ਰੱਬ ਵਿਸਾਰ ਦਿੰਦੀ ਹੈ। ਦਾਤੇ ਦੀ ਥਾਂ ਉਸ ਦੀਆਂ ਦਾਤਾਂ ਨਾਲ ਮੋਹ ਜੋੜ ਦਿੰਦੀ ਹੈ ਅਤੇ ਜੀਵ ਸਥਿਰ ਦੀ ਥਾਂ ਅਸਥਿਰ ਨੂੰ ਹੀ ਸਭ ਕੁਝ ਸਮਝਣ ਲਗ ਜਾਂਦਾ ਹੈ। ਗੁਰਬਾਣੀ ਵਿਚ ਇਹ ਵਿਚਾਰ ਇਨ੍ਹਾਂ ਰੂਪਾਂ ਤੋਂ ਪ੍ਰਗਟ ਹੋ ਗਏ ਹਨ:

1. ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥[5]
2. ਏਹ ਮਾਇਆ ਜਿਤੁ ਵਿਸਰੈ ਮੋਹੁ ਉਪਜੈ<br>ਭਾਉ ਦੂਜਾ ਲਾਇਆ॥[6]
3. ਦਾਤਿ ਪਿਆਰੀ ਵਿਸਰਿਆ ਦਾਤਾਰਾ॥[7]
4. ਜੋ ਛਡਣਾ ਸੁ ਅਸਥਿਰੁ ਕਰਿ ਮਾਨੈ॥<br>ਜੋ ਹੋਵਨੁ ਸੋ ਦੂਰਿ ਪਰਾਨੈ॥[8]

---

1. Dr.Radhakrishnan,Indian Philosophy,Vol.I,page 35.
2. Dr.Radhakrishnan,The Principal Upnishads,page 90.
3. Dr.Surinder Singh Kohli,A Critical study of Adi Granth,p.359.
4. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਦੂਜੀ ਵਾਰ, ਪੰਨਾ 339
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 9
6. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 921
7. ਧਨਾਸਰੀ ਮਹਲਾ 5, ਗੁਰੂ ਗ੍ਰੰਥ, ਪੰਨਾ 676
8. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 267

ਉਪਨਿਸ਼ਦਾਂ ਵਿਚ ਵੀ ਮਾਇਆ ਨੂੰ ਸ੍ਰਿਸ਼ਟੀ ਦੇ ਪਰਪੰਚ ਲਈ ਵਰਤਿਆ ਗਿਆ ਹੈ। ਸ੍ਵੇਤਾਸ੍ਵਤਰ ਉਪਨਿਸ਼ਦ(4.10) ਵਿਚ ਮਾਇਆ ਨੂੰ ਪ੍ਰਾਕ੍ਰਿਤੀ ਅਤੇ ਪ੍ਰਭੂ ਦੀ ਸ਼ਕਤੀ ਵੀ ਕਿਹਾ ਗਿਆ ਹੈ ਅਤੇ ਸਾਰਾ ਨਾਮਰੂਪਾਤਮਕ ਜਗਤ ਮਾਇਆ ਦਾ ਪਰਪੰਚ ਹੈ।

(ਅ) ਤ੍ਰਿਗੁਣੀ ਮਾਇਆ:

ਸਾਰਾ ਸੰਸਾਰ ਮਾਇਆ ਦੇ ਤਿੰਨ ਗੁਣਾਂ-ਰਜੋ ਸਤੋ ਅਤੇ ਤਮੋ ਦੇ ਵਸ ਵਿਚ ਹੈ। ਬ੍ਰਹਮ ਦੀ ਰਚੀ ਹੋਈ ਤ੍ਰਿਗੁਣੀ ਮਾਇਆ ਨੇ ਸਾਰੇ ਸੰਸਾਰ ਨੂੰ ਬੰਨ੍ਹਿਆ ਹੋਇਆ ਹੈ। ਗੁਰੂ ਅਮਰਦਾਸ ਜੀ ਦਾ ਕਥਨ ਹੈ:

ਮਾਇਆ ਮਾਈ ਤ੍ਰੈਗੁਣ ਪਰਸੂਤਿ ਜਮਾਇਆ॥[1]

ਜੀਵ ਇਨ੍ਹਾਂ ਗੁਣਾਂ ਦੇ ਵਸ ਪੈ ਕੇ ਕਈ ਪ੍ਰਕਾਰ ਦੀਆਂ ਕ੍ਰਿਆਵਾਂ ਕਰਦਾ ਹੈ। ਗੁਰਬਾਣੀ ਵਿਚ ਇਨ੍ਹਾਂ ਤਿੰਨਾਂ ਗੁਣਾਂ ਅਤੇ ਇਨ੍ਹਾਂ ਦੇ ਪਰਿਣਾਮਾਂ ਦਾ ਬੜਾ ਸੁੰਦਰ ਚਿੱਤਰ ਉਪਲੱਬਧ ਹੈ:

ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਹੇ॥
ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਹੇ॥
ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਹੇ॥[2]

ਇਨ੍ਹਾਂ ਪੰਕਤੀਆਂ ਵਿਚ ਅੰਕਿਤ ਤਿੰਨਾਂ ਗੁਣਾਂ ਵਿਚ 'ਸਕਰਖੰਡੁ' ਦਾ ਰਸਾਸਵਾਦਨ ਸੁਖ ਸਤੋਗੁਣ ਹੈ, 'ਪੰਡ ਉਚਾਈ' ਵਿਚ ਲੋਭ ਅਤੇ ਬਲ ਦਾ ਸੰਕੇਤ ਹੋਣ ਕਾਰਨ 'ਰਜੋਗੁਣ' ਅਤੇ 'ਰਾਤ ਅਨੇਰੀ' ਵਿਚ ਅਗਿਆਨਤਾ ਕਰਕੇ 'ਤਮੋਗੁਣ' ਦਾ ਸਰੂਪ ਚਿਤਰਿਆ ਗਿਆ ਹੈ।[3]

ਸਮੁੱਚਾ ਸੰਸਾਰ ਇਨ੍ਹਾਂ ਤਿੰਨ ਗੁਣਾਂ ਵਿਚ ਬੰਨ੍ਹਿਆ ਹੋਇਆ ਹੈ। ਗੁਰੂ ਸਾਹਿਬਾਨ ਇਸ ਨੂੰ ਤਿੰਨ ਗੁਣਾਂ ਵਾਲੀ ਬਿਖਿਆ ਕਹਿੰਦੇ ਹਨ। ਜਿਸਦੇ ਸੰਪਰਕ ਵਿਚ ਆ ਕੇ ਜੀਵ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਇਸੇ ਤ੍ਰਿਗੁਣੀ ਮਾਇਆ ਦੇ ਚੱਕਰ ਵਿਚ ਪਿਆ ਉਹ ਹਰਖ-ਸੋਗ ਦਾ ਭੋਗਤਾ ਬਣਿਆ ਹੋਇਆ ਹੈ। ਗੁਰਬਾਣੀ ਵਿਚ ਇਨ੍ਹਾਂ ਗੁਣਾਂ ਦਾ ਬਹੁਤ ਵਾਰੀ ਜ਼ਿਕਰ ਹੋਇਆ ਹੈ। ਕਿਧਰੇ ਇਨ੍ਹਾਂ ਦਾ ਉਲੇਖ ਮਾਇਆ ਦੇ ਨਾਲ ਹੈ ਅਤੇ ਕਿਧਰੇ ਮਾਇਆ ਤੋਂ ਬਿਨਾਂ ਉਥੇ ਵੀ ਇਸ ਤੋਂ ਭਾਵ ਮਾਇਆ ਹੀ ਹੈ। ਕੁਝ ਤੁਕਾਂ ਨਿਮਨ ਲਿਖਤ

1. ਮਾਰੂ ਮਹਲਾ 3, ਗੁਰੂ ਗ੍ਰੰਥ, ਪੰਨਾ 1066
2. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 156
3. ਡਾ: ਮਨਮੋਹਨ ਸਹਿਗਲ, ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ, ਪੰਨਾ 157.

ਯਥਾ:

1. ਤਿਹੁ ਗੁਣ ਵਰਤੈ ਸੰਸਾਰਾ॥ [1]
ਨਰਕ ਸੁਰਗ ਫਿਰਿ ਫਿਰਿ ਅਉਤਾਰਾ॥

2. ਤ੍ਰੈ ਗੁਣ ਬਿਖਿਆ ਜਨਮਿ ਮਰੀਜੈ॥ [2]

3. ਰਜ ਤਮ ਸਤ ਕਲ ਤੇਰੀ ਛਾਇਆ॥
ਜਨਮ ਮਰਣ ਹਉਮੈ ਦੁਖੁ ਪਾਇਆ॥ [3]

4. ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ॥
ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ॥ [4]

ਜੀਵ ਦੇ ਅੰਦਰ ਪਰਮਾਤਮਾ ਦੀ ਜੋਤ ਹੈ ਪਰ ਮਾਇਆ ਦਾ ਅੰਧਕਾਰ-ਪਰਦਾ ਐਸਾ ਵਿਚਾਲੇ ਤਣਿਆ ਹੁੰਦਾ ਹੈ ਕਿ ਪ੍ਰਕਾਸ਼ ਦ੍ਰਿਸ਼ਟੀਗਤ ਹੀ ਨਹੀਂ ਹੁੰਦਾ। ਪੰਜ ਵਿਕਾਰ ਅਤੇ ਕੂੜ ਆਦਿ ਸਾਰੇ ਇਸੇ ਦੇ ਹੀ ਹਥਿਆਰ ਹਨ। ਜਪੁ ਜੀ ਵਿਚ ਕੂੜ ਨੂੰ ਆਤਮਾ ਅਤੇ ਪਰਮਾਤਮਾ ਵਿਚਕਾਰ ਦੀਵਾਰ ਕਿਹਾ ਹੈ ਅਤੇ ਜਿਸ ਨੂੰ ਤੋੜਨਾ ਅਵੱਸ਼ਕ ਹੈ। ਗੁਰੂ ਦੀ ਕਿਰਪਾ ਜਾਂ ਚਉਥੇ ਪਦ ਦੀ ਪ੍ਰਾਪਤੀ ਉਸ ਨੂੰ ਹੋ ਸਕਦੀ ਹੈ ਜੋ ਤ੍ਰਿਗੁਣੀ ਪਰਦੇ ਨੂੰ ਹਟਾਉਂਦਾ ਹੈ। ਅਜਿਹਾ ਕਰਨ ਤੋਂ ਬਿਨਾਂ ਉਸ ਅਵਸਥਾ ਨੂੰ ਪ੍ਰਾਪਤ ਹੋਣਾ ਅਸੰਭਵ ਹੈ। ਗੁਰਬਾਣੀ ਦਸਦੀ ਹੈ:

1. ਅੰਤਰਿ ਰਤਨੁ ਮਿਲੈ ਮਿਲਾਇਆ॥
ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ॥
ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ॥ [5]

2. ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥ [6]

3. ਤ੍ਰੈ ਗੁਣ ਮੇਟੇ ਪਾਈਐ ਸਾਚੁ॥ [7]

ਜੋ ਮਾਇਆ ਦੇ ਪਿਛੇ ਲਗਦੇ ਹਨ ਗੁਰਬਾਣੀ ਅਨੁਸਾਰ ਉਹ ਸਾਕਤ ਹਨ। ਸੰਸਾਰ ਸਾਗਰ ਨੂੰ ਪਾਰ ਨਹੀਂ ਕਰ ਸਕਦੇ। ਗੁਰੂ ਨਾਨਕ ਦੇਵ ਦਾ ਕਥਨ ਹੈ:

---

1. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 389
2. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 905
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1038
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 297
5. ਮਾਝ ਮਹਲਾ 3, ਗੁਰੂ ਗ੍ਰੰਥ, ਪੰਨਾ 117
6. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 297
7. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 940

ਸਾਕਤ ਮਾਇਆ ਕਉ ਬਹੁ ਧਾਵਹਿ॥
ਨਾਮੁ ਵਿਸਾਰਿ ਕਹਾ ਸੁਖ ਪਾਵਹਿ॥
ਤਿਹੁ ਗੁਣ ਅੰਤਰਿ ਖਪਹਿ ਖਪਾਵਹਿ॥
ਨਾਹੀ ਪਾਰਿ ਉਤਾਰਾ ਹੇ॥[1]

ਉਪਨਿਸ਼ਦਾਂ ਵਿਚ ਤਿੰਨ ਗੁਣਾਂ ਸਤ, ਰਜ ਅਤੇ ਤਮ ਦੀ ਹੋਂਦ ਮੰਨੀ ਗਈ ਹੈ। ਸਾਰੀ ਪ੍ਰਕਿਰਤੀ ਤਿੰਨ ਗੁਣ ਸਪੰਨ ਹੈ ਕੇਵਲ ਬ੍ਰਹਮ ਇਸ ਤੋਂ ਮੁਕਤ ਹੈ। ਇਨ੍ਹਾਂ ਤਿੰਨ ਗੁਣਾਂ ਦੁਆਰਾ ਸ੍ਰਿਸ਼ਟੀ ਪੈਦਾ ਹੁੰਦੀ ਹੈ ਅਤੇ ਇਨ੍ਹਾਂ ਦੇ ਅਭਾਵ ਵਿਚ ਜਗਤ ਉਸ ਸੰਗ ਵਿਚ ਸਮਾ ਜਾਂਦਾ ਹੈ। ਇਹ ਤ੍ਰੈਗੁਣਾਤਮਕ ਮਾਇਆ ਬ੍ਰਹਮ ਨੂੰ ਛੁਪਾਈ ਰਖਦੀ ਹੈ।

ਸ੍ਵੇਤਾਸ੍ਵਤਰ ਉਪਨਿਸ਼ਦ(6.11) ਅਨੁਸਾਰ ਪਰਮਾਤਮਾ ਸਾਰੀ ਪ੍ਰਕਿਰਤੀ ਵਿਚ ਛੁਪਿਆ ਹੋਇਆ ਹੈ। ਸਿਰਫ਼ ਬ੍ਰਹਮ ਹੀ ਸਤ ਰਜ ਅਤੇ ਤਮ ਗੁਣ ਤੋਂ ਰਹਿਤ ਹੈ। ਅਰਥਾਤ ਸਾਰੀ ਸ੍ਰਿਸ਼ਟੀ ਮਾਇਆ ਦੇ ਤ੍ਰਿਗੁਣਾਤਮਕ ਰੂਪ ਦੀ ਸ਼ਿਕਾਰ ਹੈ ਕੇਵਲ ਬ੍ਰਹਮ ਇਸ ਪ੍ਰਭਾਵ ਤੋਂ ਮੁਕਤ ਹੈ। ਸ੍ਵੇਤਾਸ੍ਵਤਰ ਉਪਨਿਸ਼ਦ(6.3) ਵਿਚ ਤਿੰਨ ਦਾ ਅਰਥ ਰਾਧਾਕ੍ਰਿਸ਼ਨਨ ਨੇ ਤਿੰਨ ਗੁਣਾਂ ਕਰਕੇ ਦੱਸਿਆ ਹੈ।[2]

ਇਸੇ ਉਪਨਿਸ਼ਦ ਵਿਚ ਅੱਗੇ(6.4) ਦੱਸਿਆ ਹੈ ਕਿ ਇਨ੍ਹਾਂ ਤਿੰਨਾਂ ਗੁਣਾਂ ਦੀ ਅਣਹੋਂਦ ਵਿਚ ਜਗਤ ਦਾ ਅੰਤ ਹੋ ਜਾਂਦਾ ਹੈ ਅਤੇ ਉਹ ਸਤਿ ਨਾਲ ਮਿਲ ਜਾਂਦੀ ਹੈ। ਸ੍ਵੇਤਾਸ੍ਵਤਰ ਦੇ ਸਲੋਕ(5.7) ਵਿਚ ਕਿਹਾ ਹੈ ਕਿ ਜੀਵਾਤਮਾ ਗੁਣ-ਯੁਕਤ ਹੈ, ਕੀਤੇ ਕੰਮਾਂ ਦੀ ਭੋਗਤਾ ਹੈ। ਸਤ, ਰਜ ਅਤੇ ਤਮ ਤਿੰਨ ਗੁਣ ਯੁਕਤ ਹੈ। ਸ੍ਵੇਤਾਸ੍ਵਤਰ ਉਪਨਿਸ਼ਦ(4.5) ਵਿਚ ਲਾਲ, ਚਿੱਟਾ ਅਤੇ ਕਾਲਾ ਰੰਗਾਂ ਦਾ ਵਰਣਨ ਹੈ, ਜਿਸ ਨੂੰ ਰਾਧਾਕ੍ਰਿਸ਼ਨਨ ਨੇ ਸਤ ਰਜ ਅਤੇ ਤਮ ਕਿਹਾ ਹੈ।[3]

1. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1029.

2. Having created this work and rested again having entered into union with the essence of the self, by one, two three or eight, or by time too and the subtle qualities of the self. By three means the three gunas, Sattva, Rajas and Tamas. Dr. Radhakrishnan, The Principal Upnishads, page 343-44.

3. Red, White and Black is reference to the three gunas, rajas, Sattva and Tamas of Prakrti, -Dr. Radhakrishnan, The Principal Upnishads, Svetsvatra Upnishad, page 732.

(ੲ) ਮਾਇਆ ਦਾ ਅਗਿਆਨ ਰੂਪ:

ਅਗਿਆਨਤਾ ਜਾਂ ਅਵਿਦਿਆ ਮਾਇਆ ਦਾ ਹੀ ਰੂਪ ਹੈ। ਜਦੋਂ ਮਾਇਆ ਦੇ ਪਰਦੇ ਕਾਰਨ ਜੀਵ ਸਤਿ ਨੂੰ ਭੁੱਲ ਕੇ ਅਸਤਿ ਨੂੰ ਸਤਿ ਸਮਝੇ ਤਾਂ ਇਹ ਉਸਦਾ ਅਗਿਆਨ ਹੈ ਜਾਂ ਜਦੋਂ ਬ੍ਰਹਮ ਦੀ ਅਨੇਕਤਾ ਵਿਚ ਉਸਦੀ ਏਕਤਾ ਵਿਸਰ ਜਾਵੇ ਤਾਂ ਅਗਿਆਨ ਹੈ। ਡੀ.ਐਸ.ਸਰਮਾ ਦਾ ਵਿਚਾਰ ਹੈ ਕਿ ਜਦੋਂ ਜੀਵਾਤਮਾ ਬ੍ਰਹਮ ਨੂੰ ਉਸਦੇ ਸਹੀ ਰੂਪ ਵਿਚ ਜਾਣਨ ਤੋਂ ਅਸਮਰਥ ਹੁੰਦੀ ਹੈ ਤਾਂ ਉਹੀ ਅਵਿਦਿਆ ਹੈ।[1] ਡਾ:ਰਾਧਾਕ੍ਰਿਸ਼ਨਨ ਦਾ ਮਤ ਹੈ ਜਦੋਂ ਅਸੀਂ ਨਾਮ ਰੂਪ ਦੀ ਅਨੇਕਤਾ ਨੂੰ ਹੀ ਸਭ ਕੁਝ ਸਮਝਣ ਲਗ ਜਾਈਏ ਤਾਂ ਉਹੀ ਅਵਿਦਿਆ ਹੈ।[2] ਭਾਈ ਕਾਨ੍ਹ ਸਿੰਘ ਅਨੁਸਾਰ, "ਅਵਿਦਿਆ, ਮਾਇਆ ਦੀ ਉਹ ਦਸ਼ਾ ਹੈ ਜੋ ਜੀਵਾਤਮਾ ਨੂੰ ਅਗਿਆਨ ਬੰਧਨ ਵਿਚ ਫਸਾਉਂਦੀ ਹੈ।[3] ਮਾਇਆ ਦਾ ਸਰੂਪ ਹੀ ਐਸੋ ਹੈ ਕਿ ਉਸਦੇ ਪ੍ਰਭਾਵ ਨਾਲ ਅਸਲੀਅਤ ਵਿਸਰ ਜਾਂਦੀ ਹੈ ਅਤੇ ਕੂੜ ਦਾ ਨਵੇਰ ਬੱਝ ਜਾਂਦਾ ਹੈ।[4]

ਮਾਇਆ ਦੀਆਂ ਦੋ ਸ਼ਕਤੀਆਂ ਮੰਨੀਆਂ ਗਈਆਂ ਹਨ। ਇਕ ਹੈ 'ਆਵਰਣ' ਤੇ ਦੂਜੀ ਹੈ 'ਵਿਕਸ਼ੇਪ'। ਆਵਰਣ ਦਾ ਅਰਥ ਹੈ ਪਰਦਾ, ਢੱਕਣ ਵਾਲਾ। ਮਾਇਆ ਆਪਣੀ ਇਸ ਆਵਰਣ ਸ਼ਕਤੀ ਨਾਲ ਜਗਤ-ਜੀਵ ਦੇ ਬ੍ਰਹਮ-ਮਈ ਸਰੂਪ ਨੂੰ ਢਕ ਲੈਂਦੀ ਹੈ ਜਿਸ ਕਰਕੇ ਉਨ੍ਹਾਂ ਦੀ ਅਸਲੀਅਤ ਅੱਖੋਂ ਓਹਲੇ ਰਹਿੰਦੀ ਹੈ। ਬ੍ਰਹਮ ਤੋਂ ਮਾਇਆ ਸ਼ਕਤੀ ਦੀ ਸਹਾਇਤਾ ਨਾਲ ਆਸਮਾਨ, ਧਰਤੀ, ਜਲ, ਅੱਗ ਆਦਿ ਪਦਾਰਥਾਂ ਦੇ ਪੈਦਾ ਹੋਣ ਦਾ ਖ਼ਿਆਲ ਸਾਡੇ ਸਾਹਮਣੇ ਆਉਂਦਾ ਹੈ। ਇਹੋ ਮਾਇਆ ਦੀ ਵਿਕਸ਼ੇਪ ਸ਼ਕਤੀ ਹੈ।[5] ਵਿਕਸ਼ੇਪ ਦਾ ਅਰਥ ਹੈ ਇਕ ਹੋਈ ਵਸਤੂ ਉਤੇ ਦੂਜੀ ਵਸਤੂ ਦਾ ਆਰੋਪ ਕਰਨਾ।

---

1. Avidya is the natural disability of the soul which prevents it from apprehending God as the really is. D.S.Sarma, A Primer of Hinduism, page 129.
2. We are subject to avidya when we look upon the multiplicity of objects and egos as final and fundamental.-Dr.Radhakrishnan, The Principal Upnishads, page 89.
3. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 67
4. ਡਾ:ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 30
5. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ 436.

ਇੰਦਰੀਆਂ ਇਸ ਜਗਤ ਨੂੰ ਜਿਸ ਤਰ੍ਹਾਂ ਦਾ ਵਿਖਾਉਂਦੀਆਂ ਹਨ ਉਸ ਨੂੰ ਸੱਚਮੁੱਚ ਉਸਤਰ੍ਹਾਂ ਦਾ ਮੰਨ ਕੇ ਸਾਧਾਰਨ ਲੋਕ ਭਾਵਨਾ ਕਰਦੇ ਹਨ। ਇਹੋ ਅਵਿਦਿਆ ਦਾ ਅਵਿਵੇਕ ਹੈ। ਇਸ ਅਵਿਦਿਆ ਦੇ ਪ੍ਰਭਾਵ ਨਾਲ ਮਨੁੱਖ ਪਦਾਰਥਾਂ ਦੀ ਸੁਤੰਤਰ ਸੱਤਾ ਮੰਨਣ ਲੱਗ ਜਾਂਦਾ ਹੈ ਅਤੇ ਉਸਦੀ ਪ੍ਰਾਪਤੀ ਲਈ ਕਈ ਕਿਰਿਆਵਾਂ ਕਰਦਾ ਹੋਇਆ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ। ਇਸ ਤਰ੍ਹਾਂ ਭਰਮ ਵਿਚ ਪਾਈ ਇਹ ਮਾਇਆ ਜੀਵ ਨੂੰ ਪ੍ਰਭੂ ਤੋਂ ਦੂਰ ਲੈ ਜਾਂਦੀ ਹੈ ਅਤੇ ਜੀਵ ਆਵਾਗਵਣ ਦੇ ਗੇੜੇ ਕੱਟਦਾ ਰਹਿੰਦਾ ਹੈ।

ਜੀਵ ਅਗਿਆਨ ਵਸ ਧਨ ਨੂੰ ਸੱਚਾ ਸਮਝਦਾ ਹੈ ਜਦ ਕਿ ਇਹ ਚਾਰ ਦਿਨਾਂ ਦੀ ਖੇਡ ਹੈ। ਇਹ ਹੇਰਾਫੇਰੀ ਜਾਂ ਮੰਦੇ ਸਾਧਨਾਂ ਨਾਲ ਇਕੱਠੀ ਹੁੰਦੀ ਹੈ ਪਰ ਨਾਲ ਫਿਰ ਵੀ ਨਹੀਂ ਜਾਂਦੀ। ਗੁਰਬਾਣੀ ਦਸਦੀ ਹੈ:

1. ਇਹ ਮਾਇਆ ਕੀ ਸੋਭਾ ਚਾਰ ਦਿਹਾੜੇ
   ਜਾਦੀ ਬਿਲਮ ਨ ਹੋਇ॥[1]

2. ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
   ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥[2]

3. ਮਾਇਆ ਸਾਥਿ ਨ ਚਲੈ ਪਿਆਰੀ॥[3]

ਇਸ ਅਗਿਆਨ ਨੇ ਜੀਵ ਨੂੰ ਇੰਨਾ ਭਰਮਾਇਆ ਹੈ ਕਿ ਉਹ ਆਪਣਾ ਅਸਲ ਮਨੋਰਥ ਭੁੱਲ ਗਿਆ ਹੈ। ਮਾਇਆ ਜੀਵ ਅਤੇ ਬ੍ਰਹਮ ਦੇ ਰਸਤੇ ਵਿਚ ਦੀਵਾਰ ਬਣੀ ਹੋਈ ਹੈ। ਗੁਰਬਾਣੀ ਵਿਚ ਇਸ ਅਸਲੀਅਤ ਬਾਰੇ ਇਸ ਤਰ੍ਹਾਂ ਲਿਖਿਆ ਹੈ:

1. ਮਾਇਆ ਮਗਨੁ ਅਹਿਨਿਸ ਮਗੁ [4]
   ਨਾਮੁ ਨ ਲੇਵੈ ਮਰੈ ਬਿਖੁ ਖਾਈ॥

2. ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥[5]
   ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ॥

---

1. ਆਸਾ ਮਹਲਾ 3, ਗੁਰੂ ਗ੍ਰੰਥ, ਪੰਨਾ 429
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 417
3. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1342
4. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 596
5. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 229

3. ਕਮਲਾ ਭ੍ਰਮ ਭੀਤਿ,ਕਮਲਾ ਭ੍ਰਮ ਭੀਤਿ ਹੇ॥[1]

4. ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ॥[2]

ਠੱਗਣੀ ਮਾਇਆ ਮੋਹ ਲੋਭ,ਸੰਸਾਰਕ ਪ੍ਰੇਮ,ਹਉਮੈ ਹੰਕਾਰ ਦੁਆਰਾ ਮਨੁੱਖ ਨੂੰ ਅਗਿਆਨ ਅਤੇ ਭਰਮ ਵਿਚ ਪਾਈ ਰਖਦੀ ਹੈ। ਸੰਸਾਰਕ ਭੋਗ ਵਿਲਾਸ ਵਿਚ ਜੀਵ ਆਪਣੇ ਆਪ ਨੂੰ ਸੁਖੀ ਸਮਝਦਾ ਹੈ। ਇਹ ਵੀ ਉਸਦੀ ਅਗਿਆਨਤਾ ਹੀ ਹੈ। ਮਾਇਆ ਦੇ ਵਸ ਵਿਚ ਹੋਏ ਇਨਸਾਨ ਦੀ ਹਾਲਤ ਇਹ ਹੈ:

ਅੰਮ੍ਰਿਤ ਕਉਰਾ ਬਿਖਿਆ ਮੀਠੀ॥[3]

ਕਾਮ,ਕ੍ਰੋਧ,ਲੋਭ,ਮੋਹ,ਅਹੰਕਾਰ,ਤ੍ਰਿਸ਼ਨਾ ਅਤੇ ਦੁਬਿਧਾ ਇਹ ਸਭ ਮਾਇਆ ਦੇ ਸਹਾਇਕ ਹਨ। ਇਨ੍ਹਾਂ ਦੁਆਰਾ ਮਨ ਵਿਕਾਰਾਂ ਵਿਚ ਉਲਝਿਆ ਰਹਿੰਦਾ ਹੈ। ਪੰਜ ਵਿਕਾਰਾਂ ਦਾ ਵਰਣਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਮਨੁੱਖ ਪੰਜ ਵਿਕਾਰਾਂ ਨਾਲ ਘਿਰਿਆ ਹੋਇਆ ਹੈ ਅਤੇ ਇਨ੍ਹਾਂ ਦੀ ਸ਼ਕਤੀ ਸਾਹਮਣੇ ਉਹ ਬੇਵੱਸ ਹੈ:

ਅਵਰਿ ਪੰਚ ਹਮ ਏਕ ਜਨਾ॥
ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ॥[4]

ਲਾਲਚ ਮੋਹ ਦੁੱਖਾਂ ਦਾ ਘਰ ਹਨ। ਕਾਮ,ਕ੍ਰੋਧ,ਅਤੇ ਹਉਮੈ ਦੇ ਵਧੇ ਨਾਲ ਸਰੀਰ ਪੀੜਤ ਹੈ। ਇਹ ਵਿਕਾਰ ਸਰੀਰ ਨੂੰ ਇਸ ਤਰ੍ਹਾਂ ਗਾਲ ਦੇਂਦੇ ਹਨ ਜਿਵੇਂ ਸੋਨੇ ਨੂੰ ਸੁਹਾਗਾ ਗਾਲ ਦੇਂਦਾ ਹੈ:

1. ਲਾਲਚ ਛੋਡਹੁ ਅੰਧਿ ਹੇ ਲਾਲਚਿ ਦੁਖੁ ਭਾਰੀ॥[5]

---

1. ਆਸਾ ਮਹਲਾ 5,ਗੁਰੂ ਗ੍ਰੰਥ,ਪੰਨਾ 461
2. ਮਲਾਰ ਮਹਲਾ 4,ਗੁਰੂ ਗ੍ਰੰਥ,ਪੰਨਾ 1263
3. ਰਾਮਕਲੀ ਮਹਲਾ 5,ਗੁਰੂ ਗ੍ਰੰਥ,ਪੰਨਾ 892
4. ਗਉੜੀ ਮਹਲਾ 1,ਗੁਰੂ ਗ੍ਰੰਥ,ਪੰਨਾ 155
5. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 419

2. ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰੁ॥[1]

3. ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ॥[2]

4. ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੁਹਾਗਾ ਢਾਲੈ॥[3]

ਸੋ ਮਾਇਆ ਕਾਰਨ ਅਗਿਆਨ ਪੈਦਾ ਹੁੰਦਾ ਹੈ ਅਤੇ ਅਗਿਆਨ ਭਰਮ ਵਿਚ ਪਾਈ ਰਖਦਾ ਹੈ। ਜੀਵ ਆਪਣੇ ਸੋਮੇ ਤੋਂ ਦੂਰ ਬੰਧਨਾਂ ਵਿਚ ਭਟਕਦਾ ਰਹਿੰਦਾ ਹੈ। ਇਹ ਹਾਲਤ ਉਸ ਦੀ ਭਰਮ ਕਾਰਨ ਹੁੰਦੀ ਹੈ ਕਿਉਂਕਿ ਅਵਿਦਿਆ ਤੋਂ ਭਰਮ ਪੈਦਾ ਹੁੰਦਾ ਹੈ। ਜਦੋ ਭਰਮ ਦਾ ਪਰਦਾ ਉਤਰਦਾ ਹੈ ਤਾਂ ਜੀਵ ਨੂੰ ਪਛਤਾਵਾ ਹੁੰਦਾ ਹੈ। ਮਾਇਆ ਵਿਚ ਜਾਦੂਗਰ ਵਾਂਗ ਰੀਝਾਣ ਦੀ, ਮਸਤ ਕਰਨ ਦੀ ਅਤੇ ਭੁਲੇਖਾ ਪਾਉਣ ਦੀ ਕਲਾ ਹੁੰਦੀ ਹੈ। ਗੁਰਬਾਣੀ ਵਿਚ ਵਿਚਾਰ ਆਉਂਦਾ ਹੈ:

ਤ੍ਰਿਬਿਧਿ ਮਾਇਆ ਰਹੀ ਬਿਆਪਿ॥
ਜੋ ਲਪਟਾਨੋ ਤਿਸੁ ਦੂਖ ਸੰਤਾਪ॥
ਸਾਂਗੀ ਸਿਉ ਜੋ ਮਨੁ ਰੀਝਾਵੈ॥
ਸਾਂਗਿ ਉਤਾਰਿਐ ਫਿਰਿ ਪਛੁਤਾਵੈ॥[4]

ਪਾਲ ਡੇਵਿਡ ਨੇ ਵੀ ਮਾਇਆ ਨੂੰ ਜਾਦੂ ਕਿਹਾ ਹੈ, ਜੋ ਭਰਮ ਵਿਚ ਪਾਂਦਾ ਹੈ।[5]

ਉਪਨਿਸ਼ਦਾਂ ਵਿਚ ਵੀ ਮਾਇਆ ਨੂੰ ਅਗਿਆਨ, ਅਵਿਦਿਆ, ਭਰਮ ਕਿਹਾ ਹੈ। ਸਾਰਾ ਜਗਤ ਨਾਮ ਰੂਪਾਤਮਕ ਮਾਇਆ ਹੈ। ਜੀਵ ਇਸ ਵਿਚ ਮੋਹਿਆ ਹੋਇਆ ਹੈ ਅਤੇ ਇਸ ਵਿਚ ਛੁਪੇ ਪਰਮਾਤਮਾ ਨੂੰ ਨਹੀਂ ਦੇਖਦਾ ਅਤੇ ਜਨਮ ਮਰਨ ਦੇ ਚੱਕਰ ਕੱਟ ਰਿਹਾ ਹੈ।

---

1. ਵਡਹੰਸ ਮਹਲਾ 3, ਗੁਰੂ ਗ੍ਰੰਥ, ਪੰਨਾ 570
2. ਗੂਜਰੀ ਮਹਲਾ 3, ਗੁਰੂ ਗ੍ਰੰਥ, ਪੰਨਾ 509
3. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 932
4. ਭੈਰਉ ਮਹਲਾ 5, ਗੁਰੂ ਗ੍ਰੰਥ, ਪੰਨਾ 1145

5. The word maya means magic: the magician's art which claims to produce 'things' with the aid of mysterious powers is called maya. On the other hand, it also creates the illusion. Such magical 'power' so far as the ordinary man is concerned blindfolds the looker-on., Paul David Devanandan, The Concept of Maya, page 58.

ਬ੍ਰਿਹਦਾਰਣਯਕ ਉਪਨਿਸ਼ਦ(2.5.19) ਅਨੁਸਾਰ ਉਸ ਇਕ ਬ੍ਰਹਮ ਤੋਂ ਹੀ ਸਾਰੇ ਜੀਵ ਪੈਦਾ ਹੋਏ ਅਤੇ ਉਸ ਇਕ ਵਿਚ ਹੀ ਸਭ ਦਾ ਅੰਤ ਹੋਵੇਗਾ। ਪਰ ਅਗਿਆਨਤਾ ਕਾਰਨ ਜੀਵ ਇਸ ਅਸਲੀਅਤ ਨੂੰ ਭੁੱਲ ਜਾਂਦਾ ਹੈ। ਕਠ ਉਪਨਿਸ਼ਦ(1.3.12) ਵਿਚ ਲਿਖਿਆ ਹੈ ਕਿ ਇਹ ਪਰਮਾਤਮਾ ਸਭ ਪ੍ਰਾਣੀਆਂ ਵਿਚ ਵਿਦਮਾਨ ਹੈ। ਪਰ ਅਗਿਆਨਤਾ ਦੇ ਪਰਦੇ ਪਿਛੇ ਛੁਪਿਆ ਹੋਣ ਕਰਕੇ ਪ੍ਰਗਟ ਨਹੀਂ ਹੁੰਦਾ। ਛਾਂਦੋਗਯ ਉਪਨਿਸ਼ਦ (6.1.4) ਅਨੁਸਾਰ ਜਿਵੇਂ ਮਿੱਟੀ ਤੋਂ ਬਣੇ ਕਈ ਰੂਪਾਂ ਵਿਚ ਮਿੱਟੀ ਕਾਇਮ ਹੈ, ਇਸੇ ਤਰ੍ਹਾਂ ਜਗਤ ਦੇ ਵੱਖ ਵੱਖ ਰੂਪ ਸਿਰਫ ਵੇਖਣ ਨੂੰ ਹੀ ਹਨ, ਉਨ੍ਹਾਂ ਪਿਛੇ ਕਾਰਨ ਇਕ ਬ੍ਰਹਮ ਹੈ। ਅਗਿਆਨ ਕਾਰਨ ਜੀਵ ਇਸ ਭੇਦ ਨੂੰ ਸਮਝਣ ਤੋਂ ਅਸਮਰਥ ਹੈ।

ਬ੍ਰਿਹਦਾਰਣਯਕ ਉਪਨਿਸ਼ਦ(2.4.7) ਵਿਚ ਲਿਖਿਆ ਹੈ ਕਿ ਢੋਲ ਦੀ ਅੰਦਰਲੀ ਆਵਾਜ਼ ਦੇਖੀ ਨਹੀਂ ਜਾ ਸਕਦੀ, ਬੰਸਰੀ ਦੀ ਆਵਾਜ਼ ਵੀ ਦਿਖਾਈ ਨਹੀਂ ਦਿੰਦੀ, ਪਰ ਢੋਲ ਤੇ ਢੋਲ ਵਜਾਣ ਵਾਲੇ, ਬੰਸਰੀ ਅਤੇ ਬੰਸਰੀ ਵਜਾਣ ਵਾਲੇ ਤੋਂ ਆਵਾਜ਼ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਇਸੇ ਤਰ੍ਹਾਂ ਜਗਤ ਤੋਂ[1] ਬ੍ਰਹਮ ਵੇਖਿਆ ਜਾ ਸਕਦਾ ਹੈ ਪਰ ਅਗਿਆਨਤਾ ਕਾਰਨ ਅਜਿਹਾ ਸੰਭਵ ਨਹੀਂ ਹੁੰਦਾ। ਸ੍ਵੇਤਾਸ੍ਵਤਰ ਉਪਨਿਸ਼ਦ(4.9) ਅਨੁਸਾਰ ਸਾਰਾ ਜਗਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਦੂਤਾਂ ਦੁਆਰਾ ਬੰਨ੍ਹਿਆ ਹੋਇਆ ਹੈ। ਈਸ਼ ਉਪਨਿਸ਼ਦ(1) ਵਿਚ ਲਿਖਿਆ ਹੈ ਕਿ ਜੀਵ ਅਗਿਆਨ ਵਸ ਬ੍ਰਹਮ ਨੂੰ ਭੁੱਲ ਕੇ ਉਸਦੀ ਅਨੇਕਤਾ ਵਿਚ ਖੋਹ ਕੇ ਸੰਸਾਰਕ ਲਾਲਚਾਂ ਵਿਚ ਫਸ ਜਾਂਦਾ ਹੈ।

(ਸ) ਮਾਇਆ ਦਾ ਰੂਪਾਤਮਕ ਸਰੂਪ ਚਿਤਰਣ

ਗੁਰਬਾਣੀ ਵਿਚ ਕਈ ਰੂਪਕਾਂ ਦੁਆਰਾ ਮਾਇਆ ਦੀ ਅਸਲੀਅਤ ਵਰਣਨ ਕੀਤੀ ਗਈ ਹੈ। ਗੁਰੂ ਅਰਜਨ ਦੇਵ ਨੇ ਉਸ ਨੂੰ ਇਕ ਨਕੂਰ, ਝਗੜਾਲੂ ਔਰਤ ਦੇ ਰੂਪ ਵਿਚ ਚਿਤਰਿਆ ਹੈ ਜੋ ਪਤੀ ਪਰਮਾਤਮਾ ਤੋਂ ਦੂਰ ਲੈ ਜਾਂਦੀ ਹੈ, ਕੇਵਲ ਗੁਰੂ ਹੀ ਉਸ ਤੋਂ ਬਚਾਅ ਸਕਦਾ ਹੈ, ਬਾਕੀ ਸਾਰਾ ਸੰਸਾਰ ਉਹ ਖਾ ਰਹੀ ਹੈ:

---

1. ਹੋਰ ਵੇਖੋ ਬ੍ਰਿਹਦਾਰਣਯਕ ਉਪਨਿਸ਼ਦ(4.4.19), ਕਠ ਉਪਨਿਸ਼ਦ(2.4.10) ਈਸ਼ ਉਪਨਿਸ਼ਦ(3)

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥
ਬੋਲੈ ਕਉੜਾ ਜਿਹਬਾ ਕੀ ਫੂੜਿ॥
ਸਦਾ ਭੂਖੀ ਪਿਰੁ ਜਾਨੈ ਦੂਰਿ॥
ਐਸੀ ਇਸਤ੍ਰੀ ਇਕ ਰਾਮਿ ਉਪਾਈ॥
ਉਨਿ ਸਭੁ ਜਗੁ ਖਾਇਆ, ਹਮ ਗੁਰਿ ਰਾਖੇ ਮੇਰੇ ਭਾਈ॥
ਪਾਇ ਠਗਉਲੀ ਸਭੁ ਜਗੁ ਜੋਹਿਆ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥[1]

ਮਾਇਆ ਨੂੰ ਐਸੀ ਬੁਰੀ ਸੱਸ ਦੇ ਰੂਪ ਵਿਚ ਦਿਖਾਇਆ ਹੈ ਜੋ ਪਤੀ ਨੂੰ ਮਿਲਣ ਨਹੀਂ ਦੇਂਦੀ, ਉਹ ਐਸੀ ਚੰਚਲ ਔਰਤ ਹੈ ਜੋ ਘਰ ਦੇ ਸੁਆਮੀ ਨੂੰ ਵੀ ਘਰ ਨਹੀਂ ਰਹਿਣ ਦੇਂਦੀ। ਭਾਵ ਮਾਇਆ ਆਪਣੇ ਮੋਹ ਜਾਲ ਵਿਚ ਫੁਸਾਈ ਰਖਦੀ ਹੈ ਅਤੇ ਪਰਮਾਤਮਾ ਨਾਲ ਮੇਲ ਨਹੀਂ ਹੋਣ ਦੇਂਦੀ। ਗੁਰਬਾਣੀ ਵਿਚ ਆਉਂਦਾ ਹੈ:

1. ਸਾਸੁ ਬੁਰੀ ਘਰਿ ਵਾਸੁ ਨ ਦੇਵੈ॥
   ਪਿਰ ਸਿਉ ਮਿਲਣ ਨ ਦੇਇ ਬੁਰੀ॥[2]

2. ਘਰ ਕੀ ਨਾਇਕਿ ਘਰ ਵਾਸੁ ਨ ਦੇਵੈ॥
   ਜਤਨ ਕਰਉ ਉਰਝਾਇ ਪਰੇਵੈ॥[3]

ਮਾਇਆ ਨੂੰ ਠੱਗਣੀ ਵੀ ਕਿਹਾ ਗਿਆ ਹੈ ਜੋ ਕਈ ਮਨਮੋਹਕ ਰੂਪ ਧਾਰ ਕੇ ਜੀਵ ਨੂੰ ਠਗਦੀ ਹੈ ਅਤੇ ਆਪਣੇ ਆਪਣੇ ਮੋਹ ਵਸ ਕਰੀ ਰਖਦੀ ਹੈ। ਇਸ ਅੰਦਰ ਐਸੀ ਖਿੱਚ ਵੀ ਹੈ ਜੋ ਜੀਵ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ ਇਸ ਲਈ ਇਸ ਨੂੰ ਸੁੰਦਰ ਇਸਤਰੀ ਜਾਂ ਮੋਹਿਨੀ ਵੀ ਕਿਹਾ ਹੈ। ਸਾਰਾ ਜਗਤ ਹੀ ਇਸ ਦੇ ਮੋਹ ਵਿਚ ਫਸਿਆ ਹੋਇਆ ਹੈ। ਇਸ ਦਾ ਰੂਪ ਹੀ ਐਸਾ ਹੈ ਕਿ ਦੇਵੀ ਦੇਵਤੇ ਵੀ ਇਸ ਦੇ ਜਾਲ ਵਿਚ ਆ ਫਸਦੇ ਹਨ। ਗੁਰਬਾਣੀ ਵਿਚ ਇਸ ਦੇ ਨਾਨਾ ਰੂਪ ਇਸ ਤਰ੍ਹਾਂ ਅੰਕਿਤ ਕੀਤੇ ਹਨ:

1. ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥
   ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ॥
   ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ॥[4]

---

1. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 394.
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 355
3. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 371
4. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 61

2. ਸਭ ਜਗ ਚੌਧਿਆ ਛਾਇਆ ਮਾਇਆ॥[1]
3. ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥[2]
4. ਐਸੀ ਸੁੰਦਰਿ ਮਨ ਕਉ ਮੋਹੈ॥[3]
5. ਮਾਇਆ ਮਮਤਾ ਮੋਹਣੀ॥[4]
6. ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗ ਖਾਇਆ॥[5]

ਮਾਇਆ ਨੂੰ ਸੱਪਣੀ, ਸੱਪਣੀ ਦੀ ਜ਼ਹਿਰ ਕਹਿ ਕੇ ਮਾਇਆ ਦਾ ਜ਼ਹਿਰੀਲਾ, ਭਿਆਨਕ ਅਤੇ ਬਲਸ਼ਾਲੀ ਰੂਪ ਚਿਤਰਿਆ ਹੈ। ਇਹ ਸੱਪਣੀ ਮਨੁੱਖ ਨੂੰ ਐਸਾ ਡੰਗਦੀ ਹੈ ਕਿ ਜੀਵ ਦੁਬਿਧਾ ਵਿਚ ਪੈ ਕੇ ਡਰ ਭਉ ਨਾਲ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਕੁਝ ਪੰਕਤੀਆਂ ਵੇਖੋ:

1. ਇਸ ਸਰਪਨਿ ਕੇ ਬਸ ਜੀਉੜਾ॥[6]
2. ਨਦੀ ਉਪਕੰਠਿ ਜੈਸੇ ਘਰੁ ਤਰਵਰੁ
   ਸਰਪਨਿ ਘਰੁ ਘਰ ਮਾਹੀ॥
   ਉਲਟੀ ਨਦੀ ਕਹਾਂ ਘਰ ਤਰਵਰੁ
   ਸਰਪਨਿ ਡਸੈ ਦੂਜਾ ਮਨ ਮਾਹੀ॥[7]
3. ਮਾਇਆ ਬਿਖੁ ਭੁਇਅੰਗਮ ਨਾਲੇ॥
   ਇਨ ਦੁਬਿਧਾ ਬਹੁਤੇ ਗਾਲੇ॥[8]
4. ਮਾਇਆ ਹੋਈ ਨਾਗਨੀ
   ਜਗਤ ਰਹੀ ਲਪਟਾਇ॥[9]

ਉਪਨਿਸ਼ਦਾਂ ਵਿਚ ਗੁਰਬਾਣੀ ਵਾਂਗ ਮਾਇਆ ਦਾ ਰੂਪਾਤਮਕ ਸਰੂਪ ਦਾ ਵਿਸਤ੍ਰਿਤ ਵਿਸ਼ਲੇਸ਼ਣ ਨਹੀਂ। ਪਰ ਕਿਧਰੇ ਕਿਧਰੇ ਮਾਇਆ ਦਾ ਰੂਪਾਤਮਕ ਚਿਤਰਣ ਮਿਲ ਜਾਂਦਾ ਹੈ। ਈਸ਼ ਉਪਨਿਸ਼ਦ(15) ਅਨੁਸਾਰ ਸਤਿ ਇਸ ਸੰਸਾਰ ਵਿਚ ਸੋਨੇ ਦੇ ਢੱਕਣ ਨਾਲ

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 790.
2. ਸਿਰੀ ਮਹਲਾ 5, ਗੁਰੂ ਗ੍ਰੰਥ, ਪੰਨਾ 50
3. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 392
4. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 937
5. ਸਲੋਕ ਮਹਲਾ 3, ਗੁਰੂ ਗ੍ਰੰਥ, ਪੰਨਾ 643
6. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 63
7. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1274
8. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1029
9. ਗੂਜਰੀ ਮਹਲਾ 3, ਗੁਰੂ ਗ੍ਰੰਥ, ਪੰਨਾ 510

ਫੈਲਿਆ ਹੋਇਆ ਹੈ। ਇਸ ਦੀ ਚਮਕ ਨੇ ਜੀਵ ਨੂੰ ਮੋਹਿਆ ਹੋਇਆ ਹੈ ਅਤੇ ਉਹ ਇਸ ਚੱਕਰ ਨੂੰ ਭੁੱਲ ਕੇ ਬ੍ਰਹਮ ਨੂੰ ਵੇਖਣ ਦਾ ਯਤਨ ਵੀ ਨਹੀਂ ਕਰਦਾ।

(ਚ) <u>ਮਾਇਆ ਬ੍ਰਹਮ ਦੀ ਸ਼ਕਤੀ</u>

ਮਾਇਆ 'ਮਾ' ਧਾਤੂ ਤੋਂ ਹੈ ਜਿਸ ਦਾ ਭਾਵ ਹੈ ਸਿਰਜਕ ਸ਼ਕਤੀ।[1] ਪ੍ਰਭੂ ਦੀ ਰਚਨਾ ਸ਼ਕਤੀ ਨੂੰ ਮਾਇਆ ਕਿਹਾ ਗਿਆ ਹੈ। ਭਾਈ ਕਾਨ੍ਹ ਸਿੰਘ ਨੇ ਗੁਰਬਾਣੀ ਦੇ ਆਧਾਰ ਤੇ ਮਾਇਆ ਨੂੰ ਜਗਤ ਦਾ ਕਾਰਨ ਰੂਪ ਈਸ਼੍ਵਰ ਦੀ ਸ਼ਕਤੀ ਮੰਨਿਆ ਹੈ।[2] ਰਾਧਾਕ੍ਰਿਸ਼ਨਨ ਨੇ ਵੀ ਪ੍ਰਭੂ ਦੀ ਰਚਨਾ ਸ਼ਕਤੀ ਨੂੰ ਮਾਇਆ ਕਿਹਾ ਹੈ।[3]

ਗੁਰਬਾਣੀ ਅਨੁਸਾਰ ਮਾਇਆ ਬ੍ਰਹਮ ਦੀ ਸ਼ਕਤੀ ਜਾਂ ਸਾਧਨ ਹੈ ਜਿਸ ਤੋਂ ਸੰਸਾਰ ਦਾ ਪ੍ਰਵਾਹ ਚਲ ਰਿਹਾ ਹੈ। ਸੋ ਮਾਇਆ ਜਗਤ ਦਾ ਕਾਰਨ-ਰੂਪ ਈਸ਼੍ਵਰ ਸ਼ਕਤੀ ਹੈ ਜਿਵੇਂ:

1. ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥[4]
2. ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
   ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥[5]

ਗੁਰਬਾਣੀ ਸਪਸ਼ਟ [illegible] ਇਸ ਨੂੰ ਪੁਰਸ਼ ਤੋਂ ਸੁਤੰਤਰ ਸ਼ਕਤੀ ਨਹੀਂ ਮੰਨਦੀ। ਨਾ ਹੀ ਪਰਮ ਤੱਤ ਉਤੇ ਇਸ ਦਾ ਕੋਈ ਪ੍ਰਭਾਵ ਹੈ। ਜਿਵੇਂ ਜਾਦੂਗਰ ਉਤੇ ਜਾਦੂ ਦਾ ਕੋਈ ਪ੍ਰਭਾਵ ਨਹੀਂ, ਕੇਵਲ ਦਰਸ਼ਕਾਂ ਨੂੰ ਭਰਮ ਵਿਚ ਪਾਂਦਾ ਹੈ। ਮਾਇਆ ਪ੍ਰਭੂ ਦੀ ਬਣਾਈ ਹੋਈ ਹੈ ਅਤੇ ਮਾਇਆ ਦੇ ਆਕਰਸ਼ਣ ਵੀ ਪ੍ਰਭੂ ਦੇ ਬਣਾਏ ਹੋਏ ਹਨ। ਗੁਰਬਾਣੀ ਵਿਚ ਇਹ ਵਿਚਾਰ ਤੱਤ ਇਸ ਤਰ੍ਹਾਂ ਸਪਸ਼ਟ ਕੀਤਾ ਹੈ:

1. ਤ੍ਰੈਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ॥[6]

---

1. Dr.Radhakrishnan, Bhagvat Gita, page 41.
2. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 718
3. Dr.Radhakrishnan, The Principal Upnishads, page 90.
4. ਮਾਰੂ ਮਹਲਾ 3, ਗੁਰੂ ਗ੍ਰੰਥ, ਪੰਨਾ 1066
5. ਜਪੁ, ਗੁਰੂ ਗ੍ਰੰਥ, ਪੰਨਾ 7
6. ਸਾਰੰਗ ਮਹਲਾ 1, ਗੁਰੂ ਗ੍ਰੰਥ, ਪੰਨਾ 1237

2. ਮਾਇਆ ਮੋਹ ਹੁਕਮਿ ਬਣਾਇਆ॥[1]

3. ਧੁਰਿ ਕੀ ਭੇਜੀ ਆਈ ਆਮਰਿ॥[2]

ਸੋ ਬ੍ਰਹਮ ਮਾਇਆ ਦਾ ਉਤਪਾਦਕ ਹੈ। ਗੁਰਬਾਣੀ ਵਿਚ ਮਾਇਆ ਨੂੰ ਬ੍ਰਹਮ ਦੀ ਦਾਸੀ, ਚੇਰੀ ਕਿਹਾ ਹੈ, ਜੋ ਠਾਕੁਰ ਦੀ ਆਗਿਆ ਵਿਚ ਰਹਿੰਦੀ ਹੈ:

1. ਇਕ ਦਾਸੀ ਧਾਰੀ ਸਗਲ ਪਸਾਰੀ॥[3]

2. ਆਗਿਆਕਾਰੀ ਕੀਨੀ ਮਾਇਆ॥[4]

ਸੋ ਪੁਰਸ਼ ਦੇ ਬ ਪ੍ਰਕ੍ਰਿਤੀ ਸੁਤੰਤਰ ਨਹੀਂ। ਪੁਰਸ਼ ਤੋਂ ਮਾਦਾ ਹੋਇਆ ਹੈ, ਮਾਦੇ ਤੋਂ ਪੁਰਸ਼ ਨਹੀਂ। ਗੁਰਬਾਣੀ ਵਿਚ ਰਾਮਾਨੁਜ ਅਤੇ ਸ਼ੰਕਰ ਦੇ ਵਿਚਾਰਾਂ ਦਾ ਮਿਸ਼ਰਣ ਜਿਹਾ ਪ੍ਰਤੀਤ ਹੁੰਦਾ ਹੈ। ਡਾ: ਮਨਮੋਹਨ ਸਹਿਗਲ ਅਨੁਸਾਰ, ਬਾਣੀ ਵਿਚ ਸ਼ੰਕਰ ਅਤੇ ਰਾਮਾਨੁਜ ਦੇ ਮਤਾਂ ਨੂੰ ਜੋੜ ਦਿੱਤਾ ਗਿਆ ਹੈ। ਗੁਰੂ ਰਾਮਾਨੁਜ ਦੀ ਤਰ੍ਹਾਂ ਮਾਇਆ ਨੂੰ ਬ੍ਰਹਮ ਦੀ ਚਿੱਤ-ਅਚੇਤਨ ਸ਼ਕਤੀ ਸਵੀਕਾਰ ਕਰਦੇ ਹਨ। ਇਸੇ ਸ਼ਕਤੀ ਤੋਂ ਸ੍ਰਿਸ਼ਟੀ ਦੀ ਸਾਕਾਰ ਰਚਨਾ ਹੋ ਰਹੀ ਹੈ। ਗੁਰੂ ਏਥੇ ਸ਼ੰਕਰ ਦੇ ਵਿਚਾਰ ਦੇ ਸਮਾਨ ਇਹ ਮੰਨ ਲੈਂਦੇ ਹਨ ਕਿ ਇਸ ਸ਼ਕਤੀ ਨਾਲ ਬ੍ਰਹਮ ਵਿਚ ਕੋਈ ਤਬਦੀਲੀ ਨਹੀਂ ਹੁੰਦੀ। ਤਬਦੀਲੀ ਬ੍ਰਹਮ ਦੀ ਅਪੂਰਣਤਾ ਦੀ ਲਖਾਇਕ ਹੈ। ਬ੍ਰਹਮ ਪੂਰਣ ਹੈ, ਮਾਇਆ ਉਸਦੀ ਸੁਤੰਤਰ ਕ੍ਰਿਆ ਸ਼ਕਤੀ ਉਤੇ ਆਧਾਰਿਤ ਹੈ।[5]

ਉਪਨਿਸ਼ਦਾਂ ਅਨੁਸਾਰ ਇਹ ਪ੍ਰਭੂ ਦੀ ਬਣਾਈ ਸ਼ਕਤੀ ਹੈ ਅਤੇ ਇਹ ਪ੍ਰਭੂ ਆਸ਼ਰਿਤ ਹੈ। ਇਸ ਨੂੰ ਪ੍ਰਭੂ ਦੀ ਰਚਨਾ ਸ਼ਕਤੀ ਕਿਹਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ(4.10) ਵਿਚ ਮਾਇਆ ਨੂੰ ਪ੍ਰਕ੍ਰਿਤੀ ਅਤੇ ਮਾਯਾ ਯੁਕਤ ਆਤਮਾ ਨੂੰ ਈਸ਼ਵਰ ਕਿਹਾ ਹੈ। ਮਾਇਆ ਦੇ ਸਹਿਯੋਗ ਨਾਲ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ[6]। ਇਸ ਦਾ ਭਾਵ ਇਹ ਨਹੀਂ ਕਿ

---

1. ਮਾਰੂ ਮਹਲਾ 3, ਗੁਰੂ ਗ੍ਰੰਥ, ਪੰਨਾ 1065
2. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 371
3. ਰਾਮਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 924
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 294
5. ਡਾ: ਮਨਮੋਹਨ ਸਹਿਗਲ, ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ, ਪੰਨਾ 156.
6. The whole world proceeds from the imperishable Brahman. The actual creator is Isvara, The Personal God, who is acting through his power of maya.

   Dr. Radhakrisnan, The Principal Upnishads, Svetasvatra Upnishad(4.9) page 734.

ਮਾਇਆ ਅਤੇ ਪ੍ਰਭੂ ਦੋਵੇਂ ਵੱਖ ਹਨ। ਸਗੋਂ ਮਾਇਆ ਬ੍ਰਹਮ ਦੀ ਰਚਨਾ ਹੈ ਅਤੇ ਬ੍ਰਹਮ ਆਸ਼ਰਿਤ ਹੈ। ਜਿਵੇਂ ਅੱਗ ਤੇ ਅੱਗ ਦਾ ਸੇਕ ਵੱਖ ਨਹੀਂ ਇਸੇ ਤਰ੍ਹਾਂ ਮਾਇਆ ਬ੍ਰਹਮ ਤੋਂ ਵੱਖ ਸੁਤੰਤਰ ਸੱਤਾ ਨਹੀਂ। ਸ਼੍ਵੇਤਾਸ਼੍ਵਤਰ ਉਪਨਿਸ਼ਦ(4.10) ਵਿਚ ਪ੍ਰਕ੍ਰਿਤੀ ਨੂੰ ਮਾਇਆ ਅਤੇ ਪ੍ਰਭੂ 'ਮਾਇਨ' ਭਾਵ ਮਾਇਆ ਦਾ ਪਤੀ ਹੈ।

(ਕ) <u>ਮਾਇਆ ਅਤੇ ਮਨ</u>

ਮਨ ਦੇ ਰਾਹੀਂ ਹੀ ਮਾਇਆ ਜੀਵਾਤਮਾ ਉੱਤੇ ਆਪਣਾ ਪ੍ਰਭਾਵ ਪਾਉਂਦੀ ਹੈ ਸੋ ਮਾਇਆ ਦੇ ਸੰਬੰਧ ਵਿਚ ਮਨ ਦੀ ਚਰਚਾ ਕਰਨਾ ਵੀ ਜ਼ਰੂਰਤ ਹੈ। ਜਿਤਨਾ ਚਿਰ ਮਨ ਮਾਇਆ ਦੇ ਅਸਰ ਹੇਠ ਹੈ ਪ੍ਰਭੂ ਤੋਂ ਦੂਰ ਹੈ ਅਤੇ ਆਵਾਗਵਨ ਵਿਚ ਹੈ। ਜਦੋਂ ਮਨ ਮਾਇਆ ਦੇ ਹਨੇਰੇ ਤੋਂ ਉਪਰ ਉਠੇਗਾ ਤਾਂ ਪ੍ਰਕਾਸ਼ ਵਿਚ ਹੋਵੇਗਾ ਅਤੇ ਪ੍ਰਭੂ ਦਾ ਮੇਲ ਹੋਵੇਗਾ।

ਜਦੋਂ ਮਨ ਸੰਸਾਰਕ ਰੰਗਾਂ ਵੱਲ ਭੱਜਦਾ ਹੈ ਮਾਇਆ ਉਸ ਨੂੰ ਆਪਣੇ ਵਸ ਕਰ ਲੈਂਦੀ ਹੈ। ਫੇਰ ਮਾਇਆ ਸੰਸਾਰ ਰੂਪੀ ਤਾਲਾਬ ਦੇ ਜਾਲ ਵਿਚ ਮਨ ਨੂੰ ਬੰਨ੍ਹ ਲੈਂਦੀ ਹੈ। ਮਨ ਮਾਇਆ ਦੇ ਨਸ਼ੇ ਵਿਚ ਇਸ ਤਰ੍ਹਾਂ ਸੁੱਤਾ ਹੋਇਆ ਹੈ ਕਿ ਉਹ ਅਸਲ ਲਕਸ਼ ਵਲੋਂ ਬਿਲਕੁਲ ਬੇਖ਼ਬਰ ਹੋ ਜਾਂਦਾ ਹੈ:

1. ਮਨੁ ਭੂਲੋ ਮਾਇਆ ਘਰਿ ਜਾਇ॥[1]

2. ਮਨੁ ਮਾਇਆ ਬੰਧਿਓ ਸਰ ਜਾਲਿ॥<br>ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ॥<br>ਜੋ ਆਂਜੈ ਸੋ ਦੀਸੈ ਕਾਲਿ॥[2]

3. ਮਨ ਸੋਇਆ ਮਾਇਆ ਬਿਸਮਾਦ॥[3]

ਮਨ ਦੇ ਆਖੇ ਲੱਗ ਕੇ ਹੀ ਜੀਵ ਕਰਮ ਕਰਦਾ ਹੈ। ਮਾਇਆ ਮਦ ਵਿਚ ਰੱਤਿਆ ਜੀਵ ਮਾੜੇ ਕਰਮ ਹੀ ਕਰੇਗਾ। ਇਨ੍ਹਾਂ ਨਾਲ ਉਸ ਦੀ ਤ੍ਰਿਪਤੀ ਨਹੀਂ ਹੁੰਦੀ। ਗੁਰੂ ਨਾਨਕ ਦੇਵ ਦਾ ਕਥਨ ਹੈ:

1. ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ॥[4]

---

1. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 222.
2. ਬਿਲਾਵਲ ਮਹਲਾ 1, ਗੁਰੂ ਗ੍ਰੰਥ, ਪੰਨਾ 831
3. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 182
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 350

2. ਮਨ ਕਾ ਕਹਿਆ ਮਨਸਾ ਕਰੈ॥
ਇਹੁ ਮਨੁ ਪੁੰਨੁ ਪਾਪੁ ਉਚਰੈ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ॥
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ॥[1]

3. ਮਨੁ ਭੂਲਉ ਭਰਮਸਿ ਆਇ ਜਾਇ॥
ਅਤਿ ਲੁਬਧ ਲੁਭਾਨਉ ਬਿਖਮ ਮਾਇ॥
ਨਹ ਅਸਥਿਰੁ ਦੀਸੈ ਏਕ ਭਾਇ॥
ਜਿਉ ਮੀਨ ਕੁੰਡਲੀਆ ਕੰਠਿ ਪਾਇ॥[2]

ਉਪਨਿਸ਼ਦਾਂ ਵਿਚ ਵੀ ਮਨ ਨੂੰ ਮਾਇਆ ਦਾ ਸ੍ਰੋਤ ਮੰਨਿਆ ਗਿਆ ਹੈ। ਬ੍ਰਿਹਦਾਰਣਯਕ ਉਪਨਿਸ਼ਦ(1.5.3) ਅਨੁਸਾਰ ਸਾਰੇ ਸੰਕਲਪ, ਕਾਮਨਾਵਾਂ, ਸ਼ਰਧਾ, ਲੱਜਾ ਅਤੇ ਭੈ ਆਦਿ ਸਭ ਮਨ ਹੀ ਹੈ। ਕਠ ਉਪਨਿਸ਼ਦ(2.3.4) ਵਿਚ ਕਿਹਾ ਗਿਆ ਹੈ ਕਿ ਮਨ ਜੇਕਰ ਕੰਟਰੋਲ ਵਿਚ ਰਹੇ ਤਾਂ ਸਿੱਧੇ ਰਸਤੇ ਨਹੀਂ ਤਾਂ ਜੀਵਾਤਮਾ ਇੰਦਰੀ ਵਿਸ਼ਿਆਂ ਵਿਚ ਭਟਕਣ ਲਗਦਾ ਹੈ। ਇਸੇ ਉਪਨਿਸ਼ਦ(2.2.8) ਵਿਚ ਮਨ ਨੂੰ ਸਮਝਾਇਆ ਗਿਆ ਹੈ ਕਿ ਉਹ ਮਾਇਆ ਪਿੱਛੇ ਨਾ ਦੌੜੇ, ਮਾਇਆ ਮੋਹ ਤੋਂ ਉਪਰ ਉਠ ਕੇ ਇਹ ਜਾਣੇ ਕਿ ਜੀਵਾਤਮਾ ਤੋਂ ਸ੍ਰੇਸ਼ਠ, ਮਾਇਆ ਤੋਂ ਵੀ ਸ੍ਰੇਸ਼ਠ ਉਹ ਸੁਆਮੀ ਹੈ ਜਿਸ ਨੇ ਮਾਇਆ ਰਚੀ ਹੈ ਅਤੇ ਜਿਸ ਨੂੰ ਜਾਣ ਕੇ ਅਮਰਪਦ ਪ੍ਰਾਪਤ ਹੁੰਦਾ ਹੈ। ਸ਼ਵੇਤਾਸ਼ਵਤਰ(2.4) ਵਿਚ ਮਨ ਨੂੰ ਕਾਬੂ ਕਰਨ ਤੇ ਜ਼ੋਰ ਦਿੱਤਾ ਹੈ। ਸਾਧਕ ਮਨ ਨੂੰ ਕਾਬੂ ਕਰਕੇ ਮਨ ਨੂੰ ਉਸ ਪਰਮੇਸ਼ਵਰ ਤੇ ਇਕਾਗਰ ਕਰਦੇ ਹਨ।

### (ਖ) ਮਾਇਆ ਪ੍ਰਭਾਵ ਤੋਂ ਬਚਣ ਦੇ ਸਾਧਨ

ਗੁਰਬਾਣੀ ਵਿਚ ਕਈ ਸੁਝਾਅ ਦਿੱਤੇ ਗਏ ਹਨ ਜਿਨ੍ਹਾਂ ਦੁਆਰਾ ਜੀਵ ਮਾਇਆ ਦੇ ਮਾਰੂ ਪ੍ਰਭਾਵ ਤੋਂ ਮੁਕਤ ਹੋ ਸਕਦਾ ਹੈ। ਗੁਰਬਾਣੀ ਵਿਚ ਮਾਇਕ ਪਦਾਰਥਾਂ ਨੂੰ ਨਾਸ਼ਮਾਨ ਦੱਸਿਆ ਅਤੇ ਜੀਵ ਨੂੰ ਸਮਝਾਇਆ ਕਿ ਜੋ ਨਾਸ਼ਮਾਨ ਹੈ ਉਸ ਨਾਲ ਮੋਹ ਕਿਉਂ ਪਾਇਆ ਜਾਵੇ। ਮਨੁੱਖ ਦੀ ਕਮਜ਼ੋਰੀ ਕਰਕੇ ਹੀ ਮਾਇਆ ਉਸ ਨੂੰ ਵਸੀਕ ਬਣਾਉਂਦੀ

---

1. ਬਿਲਾਵਲ ਮਹਲਾ 1, ਗੁਰੂ ਗ੍ਰੰਥ, ਪੰਨਾ 832
2. ਬਸੰਤ ਮਹਲਾ 1, ਗੁਰੂ ਗ੍ਰੰਥ, ਪੰਨਾ 1187

ਹੈ। ਜਦ ਉਹ ਵਿਰਕਤ ਹੋ ਕੇ ਇਸ ਦੀ ਪਰਵਾਹ ਨਹੀਂ ਕਰਦਾ ਤਾਂ ਉਹ ਇਸ ਦੀ ਆਗਿਆਕਾਰੀ ਹੋ ਜਾਂਦੀ ਹੈ:

1. ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥[1]

2. ਕਹੁ ਨਾਨਕ ਜਉ ਤਿਆਗਿ ਦਈ॥
   ਤਬ ਉਹ ਚਰਣੀ ਆਇ ਪਈ॥[2]

3. ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ॥[3]

4. ਜਬ ਉਸ ਕਉ ਕੋਈ ਮਨਿ ਪਰਹਰੈ॥
   ਤਬ ਓਹ ਸੇਵਕਿ ਸੇਵਾ ਕਰੈ॥[4]

ਗੁਰਬਾਣੀ ਵਿਚ ਇਸ ਨੂੰ ਕੱਚਾ ਧਨ ਕਿਹਾ ਹੈ ਅਤੇ ਕੱਚੇ ਧਨ ਨੂੰ ਤਿਆਗ ਕੇ ਸੱਚੇ ਧਨ ਦੀ ਕਮਾਈ ਲਈ ਉਪਦੇਸ਼ ਦਿੱਤਾ ਹੈ:

ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ॥
ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ॥
ਸਚਿਆਰੀ ਸਚੁ ਸੰਚਿਆ ਸਾਚਉ ਨਾਮ ਅਮੋਲੁ॥
ਹਰਿ ਨਿਰਮਾਇਲੁ ਉਜਲੋ ਪਤਿ ਸਾਚੀ ਸਚਿ ਬੋਲੁ॥[5]

ਮਾਇਆ ਦੇ ਬੰਧਨ ਤੋਂ ਮੁਕਤ ਨਾਮ ਹੀ ਕਰਵਾ ਸਕਦਾ ਹੈ। ਨਾਮ ਜਾਂ ਸ਼ਬਦ ਦਾ ਮਹੱਤਵ ਇਸ ਆਸ਼ੇ ਲਈ ਗੁਰਬਾਣੀ ਵਿਚ ਇਸ ਤਰ੍ਹਾਂ ਦੱਸਿਆ ਹੈ:

1. ਹਰਿ ਜਪਿ ਮਾਇਆ ਬੰਧਨ ਤੂਟੇ॥[6]

2. ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ॥
   ਗੁਰ ਕੈ ਸਬਦਿ ਪਰਜਾਲੀਐ ਤਾਂ ਇਹੁ ਵਿਚਹੁ ਜਾਇ।
   ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ॥
   ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ॥[7]

---

1. ਗਉੜੀ ਮਹਲਾ 3, ਗੁਰੂ ਗ੍ਰੰਥ, ਪੰਨਾ 231
2. ਰਾਮਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 891
3. ਸਿਰੀ ਮਹਲਾ 5, ਗੁਰੂ ਗ੍ਰੰਥ, ਪੰਨਾ 45
4. ਰਾਮਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 892
5. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 937
6. ਗੂਜਰੀ ਮਹਲਾ 5, ਗੁਰੂ ਗ੍ਰੰਥ, ਪੰਨਾ 497
7. ਬਿਲਾਵਲ ਮਹਲਾ 3, ਗੁਰੂ ਗ੍ਰੰਥ, ਪੰਨਾ 853

3. ਤ੍ਰਿਸਨਾ ਬੁਝੀ ਨਾਨਕਾ ਜਾ ਮਨੁ ਰਤਾ ਨਾਇ॥[1]

ਬ੍ਰਿਹਦਾਰਣਯਕ ਉਪਨਿਸ਼ਦ(2.4.2) ਵਿਚ ਲਿਖਿਆ ਹੈ ਕਿ ਮੈਤਰੀਯ ਨੇ ਕਿਹਾ ਜੇ ਸਾਰੀ ਜ਼ਮੀਨ ਧਨ ਮੇਰਾ ਹੋਵੇ ਤਾਂ ਮੈਂ ਅਮਰ ਹੋ ਜਾਵਾਂਗਾ। ਯਗਵਲਕਯ ਨੇ ਕਿਹਾ ਅਮਰਤਾ ਧਨ ਦੁਆਰਾ ਨਹੀਂ, ਧਨ ਤਾਂ ਨਾਸ਼ਮਾਨ ਹੈ। ਸੰਸਾਰ ਨੂੰ ਨਾਸ਼ਮਾਨ ਦਸ ਕੇ ਜੀਵ ਨੂੰ ਆਪਣੇ ਅਸਲੇ ਵੱਲ ਮੋੜਣ ਦੀ ਚਿਤਾਵਨੀ ਦਿੱਤੀ ਹੈ। ਮਾਇਆ ਬਾਰੇ ਜੀਵ ਦਾ ਗਿਆਨ ਦੇਣਾ ਜ਼ਰੂਰੀ ਹੈ।

ਈਸ਼ ਉਪਨਿਸ਼ਦ(14) ਵਿਚ ਆਤਮ ਗਿਆਨ ਤੇ ਜ਼ੋਰ ਦਿੱਤਾ ਹੈ। ਜੋ ਨਾਸ਼ਵਾਨ-ਨਾਸ਼ਕ ਪ੍ਰਕ੍ਰਿਤ ਨੂੰ ਤੇ ਅਪ੍ਰਕ੍ਰਿਤੀ ਤੇ ਪੁਰਸ਼ ਨੂੰ ਸਮਝਦਾ ਹੈ ਉਹੀ ਬ੍ਰਹਮ ਨੂੰ ਪਹੁੰਚਦਾ ਹੈ। ਜੋ ਮਾਇਆ ਦੀ ਅਸਲੀਅਤ ਨੂੰ ਸਮਝ ਕੇ ਬ੍ਰਹਮ ਵਲ ਧਿਆਨ ਲਾਵੇ ਉਹੀ ਮਾਇਆ ਤੋਂ ਮੁਕਤ ਹੈ।

ਕਠ ਉਪਨਿਸ਼ਦ(7.1.3) ਵਿਚ ਬ੍ਰਹਮ ਨਾਮ ਨੂੰ ਦੁੱਖ ਸਾਗਰ ਤੋਂ ਪਾਰ ਹੋਣ ਦਾ ਸਾਧਨ ਦੱਸਿਆ ਹੈ। ਇਸ ਵਿਚ ਲਿਖਿਆ ਹੈ, ਮੈਂ ਵੇਦਾਂ ਦਾ ਗਿਆਤਾ ਹਾਂ, ਆਤਮ ਗਿਆਤਾ ਨਹੀਂ। ਮੈਂ ਸੁਣਿਆ ਹੋਇਆ ਹੈ ਕਿ ਜਿਹੜਾ ਆਤਮਾ ਨੂੰ ਜਾਣ ਲੈਂਦਾ ਹੈ, ਉਹ ਦੁਖ ਸਾਗਰ ਨੂੰ ਪਾਰ ਕਰ ਲੈਂਦਾ ਹੈ। ਮੈਂ ਵੀ ਫ਼ਿਕਰਮੰਦ ਹਾਂ ਮੈਨੂੰ ਵੀ ਦੁੱਖ ਸਮੁੰਦਰ ਪਾਰ ਕਰਨ ਦਾ ਢੰਗ ਦੱਸੋ। ਉਸ ਨੂੰ ਦੱਸਿਆ ਜਾਂਦਾ ਹੈ ਕਿ ਜੋ ਵੀ ਤੂੰ ਸਿੱਖਿਆ ਹੈ ਪੜ੍ਹਿਆ ਹੈ ਸਭ ਨਾਮ ਹੀ। ਨਾਮ ਉਪਰ ਧਿਆਨ ਲਾ ਕੇ ਦੁਖ ਤੇ ਜਿੱਤ ਪਾਈ ਜਾ ਸਕਦੀ ਹੈ। ਸ਼ਵੇਤਾਸ਼ਵਤਰ(1.10) ਉਪਨਿਸ਼ਦ ਅਨੁਸਾਰ ਵੀ ਮਾਇਆ ਨੂੰ ਖਤਮ ਕਰਕੇ ਹੀ ਮਾਇਆ ਭਰਮ ਤੋਂ ਛੁਟਕਾਰਾ ਹੋ ਸਕਦਾ ਹੈ।[2]

...

---

1. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1091.

2. What is perishable is the Pradhana(Primary Matter). What is immortal and imperishable is Hara(The Lord). over both the perishable and the soul the one God rules. By meditating on Him, by uniting with Him, there is complete cessation from the illusion of the world. Dr. Radhakrisnan, The Principal Upnishads, page 715.

# ਅਧਿਆਇ ਛੇਵਾਂ

## ਸਾਧਨਾ ਮਾਰਗ

ੳ. ਗਿਆਨ ਮਾਰਗ

ਅ. ਕਰਮ ਮਾਰਗ

ੲ. ਯੋਗ ਮਾਰਗ

ਸ. ਭਗਤੀ ਅਤੇ ਨਾਮ ਮਾਰਗ

ਹ. ਗੁਰੂ ਦਾ ਸੰਕਲਪ

ਕ. ਪ੍ਰਸਾਦਿ ਦਾ ਸੰਕਲਪ

## ਸਾਧਨਾ ਮਾਰਗ

ਬ੍ਰਹਮ ਅਨੁਭੂਤੀ ਜੀਵਾਤਮਾ ਦਾ ਮੁੱਖ ਉਦੇਸ਼ ਹੈ। ਪਿਛਲੇ ਪੰਨਿਆਂ ਤੇ ਦੱਸ ਚੁੱਕੇ ਹਾਂ ਕਿ ਬ੍ਰਹਮ ਨਿਰਗੁਣ ਅਤੇ ਅਵਿਅਕਤ ਹੈ, ਉਹ ਸਰਬਵਿਆਪੀ ਹੈ। ਪਰੰਤੂ ਏਨਾ ਜਾਣ ਲੈਣ ਨਾਲ ਹੀ ਬ੍ਰਹਮ ਪ੍ਰਾਪਤੀ ਨਹੀਂ ਹੋ ਜਾਂਦੀ। ਬ੍ਰਹਮ ਨੂੰ ਪਾਣ ਲਈ ਅਭਿਆਸ ਦੀ ਲੋੜ ਹੈ। ਬਿਨਾਂ ਅਭਿਆਸ ਤੇ ਅਨੁਭਵ ਤੋਂ ਕੋਰਾ ਗਿਆਨ ਵਿਅਰਥ ਹੈ ਸੋ ਇਹ ਅਭਿਆਸ ਹੀ ਸਾਧਨਾ ਹੈ। ਗਿਆਨ ਦੇ ਨਾਲ ਨਾਲ ਅਮਲ ਜ਼ਰੂਰੀ ਹੈ। ਪੀ.ਡੀ.ਮਹਿਤਾ ਨੇ ਵੀ ਅਭਿਆਸ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ।[1] ਡਾ:ਸ਼ੇਰ ਸਿੰਘ ਸਾਧਨਾ ਨੂੰ 'ਮਾਰਗ' ਆਖਦੇ ਹਨ। ਉਨ੍ਹਾਂ ਨੇ ਲਿਖਿਆ ਹੈ 'ਕਿਸੇ ਮਤ ਦੇ ਇਲਮੀ ਅਤੇ ਅਮਲੀ ਪਹਿਲੂਆਂ ਵਿਚ ਭੇਦ ਬਹੁਤ ਪੁਰਾਣਾ ਹੈ। ਇਕ ਪਹਿਲੂ ਸਿਧਾਂਤ ਫਿਲਾਸਫੀ ਹੈ ਅਤੇ ਦੂਜਾ ਪਹਿਲੂ ਹੈ ਮਾਰਗ - ਉਸ ਫਿਲਾਸਫੀ ਨੂੰ ਜਿਊਣ ਦਾ ਢੰਗ। ਸੋ ਦੂਜਾ ਪੱਖ ਮਾਰਗ ਹੈ, ਤਾਂ ਜੋ ਉਸ ਦੱਸੀ ਰਾਹ ਉਤੇ ਚੱਲ ਕੇ ਹਰ ਕੋਈ ਬੇਖਟਕੇ ਤੇ ਨਿਸਚਿੰਤ ਹੋ ਕੇ ਸਿਧਾਂਤ ਪੱਖ ਵਿਚ ਦੱਸੀ ਗਈ ਮੁਕਤੀ ਨੂੰ ਪ੍ਰਾਪਤ ਕਰ ਸਕੇ। ਇਹ ਦੋ ਪੱਖ ਹਰ ਇਕ ਮਤ ਵਿਚ ਹਨ।[2] ਸੋ ਜਿਗਿਆਸੂ ਪ੍ਰਭੂ ਪ੍ਰਾਪਤੀ ਲਈ ਆਪਣੇ ਗਿਆਨ ਨੂੰ ਅਮਲੀ ਜਾਮਾ ਪੁਆਣ ਲਈ ਜੋ ਯਤਨ ਕੰਮ ਕਰਦਾ ਹੈ ਉਹ ਸਾਧਨਾ ਹੈ ਤੇ ਉਹ ਜਿਗਿਆਸੂ ਸਾਧਕ ਹੈ। ਡਾ:ਰਾਮ ਜੀ ਲਾਲ ਸਹਾਇਕ ਦੇ ਸ਼ਬਦਾਂ ਵਿਚ ਮੂਲ ਤੱਤ ਦੇ ਸਾਖਿਆਤਕਾਰ ਜਾਂ ਆਤਮਾ ਦੀ ਸ਼ੁੱਧ ਸਰੂਪ ਵਿਚ ਸਥਿਤੀ ਲਈ ਸਾਧਕ ਨੂੰ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਤੇ ਯਤਨ ਕਰਨੇ ਪੈਂਦੇ ਹਨ, ਜਿਨ੍ਹਾਂ ਨੂੰ ਸਾਧਨਾ ਦਾ ਨਾਉਂ ਦਿੱਤਾ ਜਾਂਦਾ ਹੈ।[3]

ਗੁਰਬਾਣੀ ਵਿਚ ਕਈ ਸਾਧਨਾਵਾਂ ਅਤੇ ਅਭਿਆਸਾਂ ਦਾ ਸੰਕੇਤ ਕੀਤਾ ਮਿਲਦਾ ਹੈ:

ਅਸੰਖ ਜਪ ਅਸੰਖ ਭਾਉ॥
ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥
ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥
ਅਸੰਖ ਸਤੀ ਅਸੰਖ ਦਾਤਾਰ॥

---

1. To really know a truth means to be able to live it. The knowledge is part of the persons constitution so to say.
   P.D.Mehta, Early Indian Religious Thought, page 122
2. Dr.Sher Singh, Philosophy of Sikhism, page 260
3. ਡਾ:ਰਾਮ ਜੀ ਲਾਲ ਸਹਾਇਕ, ਕਬੀਰ ਦਰਸ਼ਨ, ਪੰਨਾ 248

ਅਸੰਖ ਸੂਰ ਮੁਹ ਭਖ ਸਾਰ॥ [1]
ਅਸੰਖ ਮੌਨਿ ਲਿਵ ਲਾਇ ਤਾਰ॥

ਇਸ ਵਿਚ ਜਪ ਤਪ ਉਪਾਸਨਾ, ਯੋਗ, ਭਗਤੀ ਗਿਆਨ ਸਾਧਨਾ ਵਲ ਸੰਕੇਤ ਹੈ। ਉਸ ਸਮੇਂ ਅਧਿਆਤਮਕ ਖੇਤਰ ਵਿਚ ਗਿਆਨ, ਕਰਮ, ਯੋਗ ਅਤੇ ਭਗਤੀ ਪ੍ਰਚਲਿਤ ਸਾਧਨ ਸਨ। ਗੁਰਬਾਣੀ ਵਿਚ ਇਨ੍ਹਾਂ ਸਾਧਨਾਂ ਦਾ ਸਮਨਵ ਅਤੇ ਅਨੁਸਰਣ ਕਰਕੇ ਨਵੇਂ ਸਾਧਨਾ ਮਾਰਗ ਨੂੰ ਪਰਚਾਰਿਆ।

ਉਪਨਿਸ਼ਦਾਂ ਵਿਚ ਵੀ ਅਭਿਆਸ ਦਾ ਜ਼ਿਕਰ ਹੈ। ਸਾਧਨਾ ਤੇ ਜ਼ੋਰ ਹੈ। ਤੈਤਰੀਯ ਉਪਨਿਸ਼ਦ(2.3.1) ਅਨੁਸਾਰ ਉਹ ਮਨੁੱਖ ਸਾਰੀ ਆਯੂ ਪ੍ਰਾਪਤ ਕਰ ਲੈਂਦੇ ਹਨ ਜੋ ਪ੍ਰਾਣ ਨੂੰ ਬ੍ਰਹਮ ਪ੍ਰਾਪਤੀ ਦਾ ਸਾਧਨ ਸਮਝ ਕੇ ਆਰਾਧਦੇ ਹਨ।

ਸ਼ਵੇਤਾਸ਼ਵਤਰ ਉਪਨਿਸ਼ਦ(2.6) ਵਿਚ ਗਿਆਨ ਯੋਗ, ਕਰਮ ਯੋਗ, ਰਾਜ ਯੋਗ ਦਾ ਸਮਨੌਣ ਦੱਸਿਆ ਹੈ। ਗਿਆਨ ਲਈ ਅਗਨੀ, ਪਵਨ, ਰਾਜ ਯੋਗ ਲਈ ਅਤੇ ਸੋਮ ਰਸ ਕਰਮ ਯੋਗ ਲਈ ਚਿੰਨ੍ਹ ਵਰਤੇ ਹਨ।[2]

ਉਪਨਿਸ਼ਦਾਂ ਵਿਚ ਬ੍ਰਹਮ ਤਕ ਪੁੱਜਣ ਲਈ ਪੁਲ ਅਤੇ ਪਉੜੀ ਦਾ ਮਾਰਗ ਵੀ ਦੱਸਿਆ ਹੈ। ਛਾਂਦੋਗਯ ਉਪਨਿਸ਼ਦ(8.4.2) ਅਨੁਸਾਰ ਜਿਹੜਾ ਇਸ ਪੁਲ ਨੂੰ ਪਾਰ ਕਰ ਲੈਂਦਾ ਹੈ ਉਹ ਅਗਿਆਨੀ ਤੋਂ ਗਿਆਨਵਾਨ ਹੋ ਜਾਂਦਾ ਹੈ। ਕਠ ਉਪਨਿਸ਼ਦ(3.2) ਵਿਚ ਲਿਖਿਆ ਹੈ ਪ੍ਰਭੂ ਮੇਲ ਚਾਹੁਣ ਵਾਲਿਆਂ ਲਈ ਪਰਮੇਸ਼ੁਰ ਦਾ ਨਾਮ ਪੁਲ ਹੈ ਅਤੇ ਸੰਸਾਰ ਮਾਰਗ ਤਰਨ ਵਾਲਿਆਂ ਲਈ ਪਰਲਾ ਪਾਰ ਹੈ।

## (ਖ) ਗਿਆਨ-ਮਾਰਗ

ਗਿਆਨ-ਮਾਰਗ ਆਤਮਾ ਪਰਮਾਤਮਾ ਦੇ ਯੋਗ ਲਈ ਅਧਿਆਤਮਿਕ ਸਾਧਨਾਂ ਵਿਚੋਂ ਇਕ ਹੈ। ਆਮ ਬੋਲੀ ਵਿਚ ਗਿਆਨ ਤੋਂ ਭਾਵ ਅਕਲ, ਬੁੱਧੀ, ਇਲਮ ਤੋਂ ਹੈ। ਵਿਦਵਾਨਾਂ ਨੇ ਗਿਆਨ ਦੇ ਦੋ ਨਿਕਾਸ ਮੰਨੇ ਹਨ।[3] ਬੁੱਧੀ ਅਤੇ ਅਨੁਭਵ, ਜਿਨ੍ਹਾਂ ਨੂੰ ਕ੍ਰੋਚੇ ਨੇ **Intellect & intuition** ਕਿਹਾ ਹੈ। ਬੁੱਧੀ ਦੁਆਰਾ ਪ੍ਰਾਪਤ ਕੀਤਾ ਗਿਆਨ ਦਰਸ਼ਨ ਹੈ ਅਤੇ

---

1. ਜਪੁ, ਗੁਰੂ ਗ੍ਰੰਥ, ਪੰਨਾ 3-4
2. ਡਾ: ਦਲੀਪ ਸਿੰਘ 'ਦੀਪ', ਜਪੁ ਜੀ- ਇਕ ਤੁਲਨਾਤਮਕ ਅਧਿਐਨ, ਪੰਨਾ 42 ਉਤੇ ਉਧ੍ਰਿਤ
3. Croce, Aesthetic, page 1

ਅਨੁਭਵ ਦੁਆਰਾ ਮਿਲਿਆ ਗਿਆਨ ਰਹੱਸਵਾਦ ਜਾਂ ਅਧਿਆਤਮਿਕ ਗਿਆਨ ਹੈ। ਅਨੁਭਵ ਗਿਆਨ ਦਾ ਇਕ ਸ੍ਰੋਤ ਹੈ ਜੋ ਸੱਚ ਦਾ ਸਿੱਧਾ ਅਤੇ ਤੁਰੰਤ ਅਨੁਮਾਨ ਹੈ।[1] ਜੇਕਰ ਬੁੱਧੀ ਆਪਣੀ ਸੋਤਾਂ ਨੂੰ ਸਰਬ ਵਿਆਪੀ ਆਤਮਾ ਵਲ ਮੋੜਦੀ ਹੈ ਤਾਂ ਉਸ ਤੋਂ ਸੱਚਾ ਗਿਆਨ ਵਿਕਸਿਤ ਹੁੰਦਾ ਹੈ। ਅਗਿਆਨ ਹੀ ਸਾਰੇ ਦੁੱਖਾਂ ਦਾ ਕਾਰਨ ਹੈ। ਇਸ ਅਗਿਆਨ ਨੂੰ ਮਿਟਾਣ ਲਈ ਗਿਆਨ ਦੀ ਲੋੜ ਹੈ। ਗਿਆਨ ਰਾਹੀਂ ਦੁਨਿਆਵੀ ਅਤੇ ਪਰਮਾਰਥਿਕ ਸਚਾਈਆਂ ਨੂੰ ਅਨੁਭਵ ਕਰਕੇ ਸਾਧਕ ਆਪਣੇ ਪਰਮ-ਮਨੋਰਥ ਵਲ ਵਧਦਾ ਹੈ। ਇਸ ਲਈ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਗਿਆਨ ਮਾਰਗ ਦਾ ਮਹੱਤਵ ਹੈ। ਅਨੁਭੂਤੀ ਦੁਆਰਾ ਆਤਮਾ ਤੇ ਪਰਮਾਤਮਾ ਦੇ ਯੋਗ ਨੂੰ ਗਿਆਨ-ਯੋਗ ਜਾਂ ਗਿਆਨ ਮਾਰਗ ਕਿਹਾ ਹੈ। ਭਗਵਤ ਗੀਤਾ ਵਿਚ ਲਿਖਿਆ ਹੈ ਕਿ ਮਾਇਆ ਤੋਂ ਉਤਪੰਨ ਹੋਏ ਸਪੂਰਣ ਗੁਣ ਹੀ ਗੁਣਾਂ ਵਿਚ ਵਰਤਦੇ ਹਨ, ਐਸਾ ਸਮਝ ਕੇ ਤਥਾ ਮਨ, ਇੰਦਰੀਆਂ ਅਤੇ ਸਰੀਰ ਦੁਆਰਾ ਹੋਣ ਵਾਲੀ ਸਪੂਰਣ ਕਿਰਿਆਵਾਂ ਵਿਚ ਕਰਤਾਪਨ ਦੇ ਅਭਿਮਾਨ ਤੋਂ ਰਹਿਤ ਹੋ ਕੇ ਸਰਬ-ਵਿਆਪੀ, ਸਚਿਦਾਨੰਦ ਪਰਮਾਤਮਾ ਨਾਲ ਏਕ ਭਾਵ ਨਾਲ ਸਥਿਤ ਰਹਿਣ ਦਾ ਨਾਮ ਗਿਆਨ ਯੋਗ ਹੈ।[2]

ਗੁਰਬਾਣੀ ਅਨੁਸਾਰ ਮਾਇਆ ਪ੍ਰਭਾਵ ਤੋਂ ਮੁਕਤ ਹੋ ਕੇ ਆਪਣਾ ਹਉਮੈ ਮਿਟਾ ਕੇ ਪਰਮਾਤਮਾ ਨਾਲ ਅਭੇਦਤਾ ਕਾਇਮ ਕਰਨ ਦੀ ਅਨੁਭੂਤੀ ਗਿਆਨ ਹੈ। ਆਤਮ-ਪਹਿਚਾਣ ਹੀ ਗਿਆਨ ਹੈ। ਅਦ੍ਵੈਤ ਅਨੁਭੂਤੀ ਦੇ ਭਾਵ ਨੂੰ ਹਿਰਦੇ ਵਿਚ ਵਸਾਣਾ ਹੀ ਗਿਆਨ ਹੈ।

ਗਿਆਨ ਦੋ ਪ੍ਰਕਾਰ ਦਾ ਦੱਸਿਆ ਜਾਂਦਾ ਹੈ ਇਕ ਉਚੇਰਾ ਅਤੇ ਦੂਜਾ ਨੀਵੇਂ ਪੱਧਰ ਦਾ। ਪਹਿਲੇ ਨੂੰ ਪਰਾ-ਵਿਦਿਆ ਅਤੇ ਦੂਜੇ ਨੂੰ ਅਪਰਾ-ਵਿਦਿਆ ਆਖਿਆ ਗਿਆ ਹੈ। ਪੀ.ਟੀ. ਰਾਜੂ ਅਨੁਸਾਰ ਪਰਾ ਗਿਆਨ ਅੰਦਰਲੇ ਸੱਤ ਦਾ ਗਿਆਨ ਹੈ ਅਤੇ ਅਪਰਾ ਬਾਹਰ ਦਾ (ਦੁਨਿਆਵੀ)।[3]

ਗੁਰਬਾਣੀ ਵਿਚ ਉੱਚ ਗਿਆਨ ਨੂੰ ਬ੍ਰਹਮ-ਗਿਆਨ, ਤੱਤ-ਗਿਆਨ, ਆਤਮ-ਗਿਆਨ ਆਦਿ ਕਿਹਾ ਹੈ। ਦੁਨਿਆਵੀ ਗਿਆਨ ਨੂੰ ਵਾਚਕ ਗਿਆਨ, ਕੂੜ ਗਿਆਨ ਅਤੇ ਜ਼ਬਾਨੀ ਗਿਆਨ ਕਿਹਾ ਗਿਆ ਹੈ। ਗੁਰਬਾਣੀ ਵਾਚਕ ਗਿਆਨ ਅਥਵਾ ਕੋਰੇ ਫਲਸਫੇ ਵਿਚ ਯਕੀਨ

---

1. The term 'intuition'(to look upon)symbolizes the conception that one among the sources of knowledge is the direct and immediate apprehension of truth. Encyclopedia of Religion & Ethics, Vol.VII, page 397
2. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਇਕ ਸਾਂਸਕ੍ਰਿਤਕ ਸਰਵੇਖਣ, ਪੰਨਾ 446 ਉਤੇ ਉਧ੍ਰਿਤ
3. P.T. Raju, Introduction to Comparative Philosophy, page 210.

ਨਹੀਂ ਰਖਦੀ। ਡਾ:ਸ਼ੇਰ ਸਿੰਘ ਦੇ ਕਥਨ ਅਨੁਸਾਰ ਗੁਰਬਾਣੀ ਵਿਚ ਖੁਸ਼ਕ ਫ਼ਲਸਫ਼ਾ ਘੱਟ ਹੀ ਲਭਦਾ ਹੈ।[1] ਗੁਰੂ ਅਜਿਹੀ ਬੌਧਿਕਤਾ ਨੂੰ ਨਹੀਂ ਸਵੀਕਾਰ ਕਰਦਾ ਜੋ ਅਮਲੀ ਜੀਵਨ ਵਿਚ ਦਖ਼ਲ ਨਹੀਂ ਹੁੰਦੀ। ਅਮਲਾਂ ਤੋਂ ਸੱਖਣੇ ਗਿਆਨ ਨੂੰ ਗੁਰੂ ਸਾਹਿਬਾਨ ਸਿਆਣਪ, ਚਤੁਰਾਈ ਕਿਹਾ ਹੈ ਜਿਨ੍ਹਾਂ ਦਾ ਪ੍ਰਭੂ ਮੇਲ ਲਈ ਕੋਈ ਮੁੱਲ ਨਹੀਂ। ਇਹ ਵਿਚਾਰ ਗੁਰਬਾਣੀ ਵਿਚ ਇਸ ਤਰ੍ਹਾਂ ਅੰਕਿਤ ਹਨ:

1. ਜਗੁ ਕਹਿਆ ਮੁਖ ਬੂਝ ਗਿਆਨ॥
ਅੰਤਰਿ ਲੋਭੁ ਝੂਠੁ ਅਭਿਮਾਨ॥[2]

2. ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥[3]

3. ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥[4]

4. ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥[5]

5. ਝੂਠੀ ਦੁਰਮਤਿ ਕੀ ਚਤੁਰਾਈ॥
ਬਿਨਸਤ ਬਾਰ ਨ ਲਾਗੈ ਕਾਈ॥[6]

6. ਲਿਖਿ ਲਿਖਿ ਪੜਿਆ ਤੇਤਾ ਕੜਿਆ॥[7]

7. ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥[8]

8. ਵਾਚਹਿ ਪੁਸਤਕ ਵੇਦ ਪੁਰਾਨਾ॥
ਇਕ ਬਹਿ ਸੁਨਹਿ ਸੁਨਾਵਹਿ ਕਾਨਾ॥
ਅਜਗਰ ਕਪਟੁ ਕਹਹੁ ਕਿਉ ਖੁਲੈ ਬਿਨੁ ਸਤਿਗੁਰ ਤਤੁ ਨ ਪਾਇਆ॥[9]

ਗੁਰਬਾਣੀ ਆਤਮ ਗਿਆਨ ਨੂੰ ਹੀ ਸ੍ਰੇਸ਼ਠ ਗਿਆਨ ਕਹਿੰਦੀ ਹੈ। ਇਸੇ ਨੂੰ ਸਤਿ-ਗਿਆਨ, ਤੱਤ ਗਿਆਨ, ਅਮਲੀ, ਗਿਆਨ ਜਾਂ ਸਹਿਜ ਗਿਆਨ ਕਿਹਾ ਹੈ। ਕਈ ਨੇ ਇਸ ਨੂੰ

---

1. ਡਾ:ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 273.
2. ਬਿਲਾਵਲ ਮਹਲਾ 3, ਗੁਰੂ ਗ੍ਰੰਥ, ਪੰਨਾ 832
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 465
4. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 918
5. ਜਪੁ ਜੀ, ਗੁਰੂ ਗ੍ਰੰਥ, ਪੰਨਾ 1
6. ਪ੍ਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1345
7. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 467
8. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 467
9. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1043

ਇਨਟਿਊਸ਼ਨ ਕਿਹਾ ਹੈ। ਗੁਰਬਾਣੀ ਇਸ ਨੂੰ ਬਿਸੇਖ ਗਿਆਨ ਵੀ ਕਹਿੰਦੀ ਹੈ। ਗੁਰਬਾਣੀ ਗਿਆਨ ਤੇ ਅਨੁਭਵ ਉਤੇ ਆਧਾਰਿਤ ਹੈ। ਗੁਰੂ ਸਾਹਿਬਾਨ ਉਸ ਬੁੱਧੀ ਦੇ ਹੱਕ ਵਿਚ ਹਨ ਜੋ ਅਮਲ ਕਾਰੀ ਅਨੁਭਵ ਬਣੇ। ਗੁਰਬਾਣੀ ਵਿਚ ਬੁੱਧੀ ਨੂੰ ਨਿੰਦਿਆ ਨਹੀਂ ਸਗੋਂ ਬੁੱਧੀ ਤੇ ਅਨੁਭਵ ਦਾ ਸੁਮੇਲ ਕੀਤਾ ਹੈ:

1. ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥[1]
2. ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥[2]
3. ਭਾਉ ਭਗਤਿ ਗੁਰਮਤੀ ਪਾਏ॥
   ਹਉਮੈ ਵਿਚਹੁ ਸਬਦਿ ਜਲਾਏ॥
   ਧਾਵਤ ਰਾਖੈ ਠਾਕਿ ਰਹਾਏ॥
   ਸਚਾ ਨਾਮੁ ਮੰਨਿ ਵਸਾਏ॥[3]

ਇਥੇ ਡਾ: ਸ਼ੇਰ ਸਿੰਘ ਦਾ ਕਥਨ ਵਰਣਨ ਯੋਗ ਹੈ ਕਿ 'ਗੁਰੂ ਸਾਹਿਬ ਬੁੱਧੀ ਨੂੰ ਦੁਰਕਾਰੀ ਜਾਣ ਵਾਲੀ ਸ਼ੈ ਨਹੀਂ ਸਮਝਦੇ ਸਗੋਂ ਉਹ ਬੁੱਧੀ ਅਤੇ ਅਨੁਭਵ ਦੇ ਮਿਲਵਰਤਨ ਉਤੇ ਜ਼ੋਰ ਦਿੰਦੇ ਹਨ, ਇਨ੍ਹਾਂ ਦੋਹਾਂ ਦੇ ਮਿਲਵਰਤਨ ਨਾਲ ਹੀ ਮਨੁੱਖ ਤਰੱਕੀ ਕਰਦਾ ਹੈ। ਬੁੱਧੀ ਲਈ ਅਨੁਭਵ ਪ੍ਰਕਾਸ਼ ਹੈ ਅਤੇ ਅਨੁਭਵ ਲਈ ਬੁੱਧੀ ਟਿਕਾਣਾ ਹੈ। ਅਨੁਭਵ ਤੋਂ ਬਿਨਾਂ ਬੁੱਧੀ ਅੰਨ੍ਹੀ ਹੈ। ਬੁੱਧੀ ਤੋਂ ਬਿਨਾਂ ਅਨੁਭਵ ਲੰਗੜਾ ਹੈ।[4] ਸ਼ਰਮਾ ਅਨੁਸਾਰ ਬੁੱਧੀ ਅਨੁਭਵ ਬੁੱਧੀ ਦਾ ਵਿਰੋਧੀ ਨਹੀਂ ਪੂਰਕ ਹੈ।[5]

ਗਿਆਨ ਖੰਡ ਵਿਚ ਪਰਾ ਗਿਆਨ ਦੀ ਹਾਲਤ ਦੱਸੀ ਹੈ। ਪਰਾ ਗਿਆਨ ਅੰਦਰ ਦੀ ਹਾਲਤ ਹੈ ਜਿਥੇ ਬ੍ਰਹਮ ਗਿਆਨ ਦੀ ਪ੍ਰਧਾਨਤਾ ਹੈ:

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥
ਤਿਥੈ ਨਾਦ ਬਿਨੋਦ ਕੋਡ ਅਨੰਦੁ॥[6]

---

1. ਸਾਰੰਗ ਮਹਲਾ 1, ਗੁਰੂ ਗ੍ਰੰਥ, ਪੰਨਾ 1245
2. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 229
3. ਪ੍ਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1342
4. ਡਾ: ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 298
5. Janana or intuition deals with the whole and gives absolute truth. The findings of intuition does not discard reason, but only supplements it. D.S. Sarma, A Primer of Hinduism, page 108
6. ਜਪੁ ਮਹਲਾ 1, ਗੁਰੂ ਗ੍ਰੰਥ, ਪੰਨਾ 36

ਗੁਰਬਾਣੀ ਵਿਚ ਪਰਾਵਿਦਿਆ ਨੂੰ ਬਿਸੇਖ ਗਿਆਨ ਕਿਹਾ ਹੈ। ਬਿਬੇਕ ਬੁਧਿ ਅਤੇ ਸੁਗਿਆਨ ਗੁਰਮਤਿ ਵੀ ਕਿਹਾ ਹੈ:

1. ਸਭ ਮਹਿ ਊਚ ਬਿਸੇਖ ਗਿਆਨੁ॥[1]
2. ਬਿਬੇਕ ਬੁਧਿ ਸਭ ਜਗ ਮਹਿ ਨਿਰਮਲ,
   ਬਿਚਰ ਬਿਚਰ ਰਸ ਪੀਜੈ॥[2]
3. ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥[3]
4. ਗੁਰਮਤਿ ਸਾਚੀ ਸਬਦੁ ਹੈ ਸਾਰੁ॥[4]

ਭਾਈ ਕਾਨ੍ਹ ਸਿੰਘ ਨੇ ਬਿਬੇਕ ਬੁਧਿ ਨੂੰ ਵਿਚਾਰ-ਬੁੱਧੀ ਦੱਸਿਆ ਹੈ ਜੋ ਜਾਨਣ ਦੀ ਸੂਝ-ਸੂਰਤੀ ਹੈ, ਜੋ ਸਤਿ-ਅਸਤਿ ਦਾ ਨਿਰਣਾ ਕਰਦੀ ਹੈ ਅਤੇ ਜਿਸ ਨਾਲ ਪ੍ਰਕ੍ਰਿਤੀ ਅਤੇ ਬ੍ਰਹਮ ਦਾ ਯਥਾਰਥ ਗਿਆਨ ਹੁੰਦਾ ਹੈ।[5]

ਮਾਇਆ ਜਾਂ ਅਗਿਆਨਤਾ ਕਾਰਣ ਜੀਵਾਤਮਾ ਆਪਣੇ ਸ੍ਰੋਤ ਬ੍ਰਹਮ ਨੂੰ ਭੁੱਲ ਜਾਂਦੀ ਹੈ। ਇਸ ਅਗਿਆਨਤਾ ਰੂਪ ਨੂੰ ਮਿਟਾ ਕੇ ਆਤਮ ਬੋਧ ਕਰਵਾਣਾ ਗਿਆਨ ਦਾ ਮੁਖ ਮੰਤਵ ਹੈ। ਗਿਆਨ ਤੋਂ ਬਿਨਾ ਅਗਿਆਨ ਦੀ ਦਸ਼ਾ ਵਿਚ ਦੁਨੀਆਂ ਲੁੱਟੀ ਜਾ ਰਹੀ ਹੈ ਅਤੇ ਜਮਾਂ ਦੇ ਵਸ ਪੈਂਦੀ ਹੈ। ਜੀਵ ਬੰਧਨਾਂ ਵਿਚ ਅਗਿਆਨਤਾ ਕਾਰਣ ਜਕੜਿਆ ਹੋਇਆ ਹੈ:

1. ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ॥
   ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮ ਕਾਲੁ॥[6]
2. ਬਿਨੁ ਬੂਝੇ ਸਭ ਖਪੀਅਸਿ ਬੰਧਿ॥[7]

ਇਸ ਅਗਿਆਨਤਾ ਨੂੰ ਮਿਟਾਣ ਲਈ ਗਿਆਨ ਜ਼ਰੂਰੀ ਹੈ। ਜਦੋਂ ਗਿਆਨ ਹੋ ਜਾਂਦਾ ਹੈ ਤਾਂ ਹਉਮੈਂ ਖ਼ਤਮ ਹੋ ਜਾਂਦੀ ਹੈ। ਜੀਵ ਵਾਸਤਵਿਕ ਗਿਆਨ ਤੋਂ ਨਿਕਲ ਕੇ ਪਰਮਾਤਮਾ ਦੇ ਦਰ ਵਲ ਵਧਦਾ ਹੈ। ਗਿਆਨ ਨੂੰ ਗੁਰਬਾਣੀ ਵਿਚ ਖੜਗ ਕਿਹਾ ਹੈ ਜਿਸ ਨਾਲ ਜੀਵ

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 296
2. ਕਲਿਆਨ ਮਹਲਾ 4, ਗੁਰੂ ਗ੍ਰੰਥ, ਪੰਨਾ 1375
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 271
4. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1276
5. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 653
6. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 465
7. ਬਸੰਤ ਮਹਲਾ 1, ਗੁਰੂ ਗ੍ਰੰਥ, ਪੰਨਾ 1169

ਮਨੋਵਿਕਾਰਾਂ ਦਾ ਨਾਸ਼ ਕਰਦਾ ਹੈ। ਗਿਆਨ ਮਨ ਤੇ ਕਾਬੂ ਪਾਂਦਾ ਹੈ। ਗਿਆਨ ਪ੍ਰਕਾਸ਼ ਹੈ ਜੋ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਦੇਂਦਾ ਹੈ। ਗੁਰਬਾਣੀ ਵਿਚ ਅਨੇਕ ਤੁਕਾਂ ਇਸ ਭਾਵ ਦੀ ਪੁਸ਼ਟੀ ਕਰਦੀਆਂ ਹਨ:

1. ਹਉਮੈ ਬੂਝੈ ਤਾ ਦਰੁ ਸੂਝੈ॥
   ਗਿਆਨ ਵਿਹੂਣਾ ਕਥਿ ਕਥਿ ਲੂਝੈ॥[1]

2. ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ॥[2]

3. ਗਿਆਨ ਖੜਗੁ ਲੈ ਮਨ ਸਿਉ ਲੂਝੈ,
   ਮਨਸਾ ਮਨਹਿ ਸਮਾਈ ਹੇ॥[3]

4. ਜਿਹ ਗਿਆਨ ਪ੍ਰਗਾਸ ਅਗਿਆਨ ਮਿਟੰਤ॥[4]

5. ਜਿਉ ਅੰਧੇਰੈ ਦੀਪਕੁ ਬਾਲੀਐ,
   ਤਿਉ ਗੁਰਗਿਆਨਿ ਅਗਿਆਨੁ ਤਜਾਇ॥[5]

ਜਦੋਂ ਅਗਿਆਨ ਦਾ ਹਨੇਰਾ ਦੂਰ ਹੋ ਜਾਂਦਾ ਹੈ ਤਾਂ ਜਗਿਆਸੂ ਨੂੰ ਆਤਮ ਬੋਧ ਹੁੰਦਾ ਹੈ। ਜੀਵ ਨੂੰ ਅਸਲੀਅਤ ਪਤਾ ਚਲਦੀ ਹੈ ਕਿ ਸਾਰੇ ਰੂਪਾਂ ਵਿਚ ਉਹ ਇਕ ਬ੍ਰਹਮ ਰਮਿਆ ਹੋਇਆ ਹੈ। ਸਾਡੇ ਆਪਣੇ ਅੰਦਰ ਵੀ ਉਹੀ ਹੈ। ਪਰਮਾਤਮਾ ਆਤਮਾ ਵਿਚ ਪ੍ਰਤਿਬਿੰਬਤ ਹੈ।[6] ਗਿਆਨ ਇਹ ਆਤਮਕ ਸੋਝੀ ਕਰਵਾਂਦਾ ਹੈ। ਡਾ: ਤ੍ਰਿਲੋਕੀ ਨਾਰਾਇਣ ਦੀਕਸ਼ਿਤ ਦੇ ਵਿਚਾਰ ਅਨੁਸਾਰ, "ਆਪੇ ਨੂੰ ਮਿਟਾ ਕੇ ਪਰਮਾਤਮ ਵਿਚ ਸਥਿਤ ਹੋ ਕੇ ਉਸੇ ਦੀ ਏਕਤਾ ਦਾ ਅਹਿਸਾਸ ਕਰਨਾ ਗਿਆਨ ਹੈ।"[7] ਵਿਵੇਕਾਨੰਦ ਦੇ ਸ਼ਬਦਾਂ ਵਿਚ - ਇਸ ਬਹੁਭਾਂਤੀ ਜਗਤ ਵਿਚ ਜੋ ਉਸ ਇਕ ਨੂੰ, ਇਸ ਪਰਿਵਰਤਨਸ਼ੀਲ ਜਗਤ ਵਿਚ ਜੋ ਉਸ ਅਪਰਿਵਰਤਨਸ਼ੀਲ ਨੂੰ ਆਪਣੀ ਆਤਮਾ ਦੀ ਆਤਮਾ ਦੇ ਰੂਪ ਵਿਚ ਦੇਖਦਾ ਹੈ, ਆਪਣਾ ਸਰੂਪ ਸਮਝਦਾ ਹੈ ਉਹ ਮੁਕਤ ਹੈ, ਉਸ ਨੂੰ ਪਰਮ-ਗਿਆਨ ਦੀ ਪ੍ਰਾਪਤੀ ਹੁੰਦੀ ਹੈ।[8]

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 466
2. ਮਾਰੂ ਮਹਲਾ 5, ਗੁਰੂ ਗ੍ਰੰਥ, ਪੰਨਾ 1072
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1022
4. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 791
5. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 39
6. God in the fullness of His Godhead dwells eternally in His image(The Soul Itself).
   Ecknart, Quoted by Rudolfotto:Mysticism:East and West, p. 12
7. ਡਾ: ਤ੍ਰਿਲੋਕੀ ਨਾਰਾਇਣ ਦੀਕਸ਼ਿਤ, ਸੁੰਦਰ ਦਰਸ਼ਨ, ਪੰਨਾ 116
8. ਸਵਾਮੀ ਵਿਵੇਕਾਨੰਦ, ਗਿਆਨ ਯੋਗ, ਪੰਨਾ 225

ਗੁਰਬਾਣੀ ਵਿਚ ਇਸੇ ਨੂੰ ਆਤਮ-ਗਿਆਨ, ਆਤਮ ਚੀਨਣਾ, ਆਪ ਪਛਾਣ, ਆਪ-ਵਿਚਾਰ ਆਦਿ ਸ਼ਬਦਾਂ ਦੁਆਰਾ ਵਿਅਕਤ ਕੀਤਾ ਗਿਆ ਹੈ। ਜਦੋਂ ਆਤਮ-ਗਿਆਨ ਦੀ ਸੋਝੀ ਹੋ ਜਾਂਦੀ ਹੈ ਤਾਂ ਭਰਮ ਦੀ ਦੀਵਾਰ ਟੁੱਟ ਜਾਂਦੀ ਹੈ ਅਤੇ ਆਤਮ ਗਿਆਨ ਸਰੂਪ ਬ੍ਰਹਮ ਨਾਲ ਇਕ ਹੋ ਕੇ ਪਰਮਾਤਮਾ ਰੂਪ ਹੀ ਹੋ ਜਾਂਦੀ ਹੈ ਜਿਸ ਨੇ ਆਪੇ ਦੀ ਪਛਾਣ ਕਰ ਲਈ ਉਸ ਨੇ ਸਾਰੇ ਭੇਦ ਪਾ ਲਏ।

1. ਆਪੁ ਪਛਾਣੈ ਬੂਝੈ ਸੋਇ॥[1]
2. ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
   ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥[2]
3. ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥[3]
4. ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥[4]
5. ਆਪੁ ਪਛਾਣੈ ਸੋ ਸਭਿ ਗੁਣ ਜਾਣੈ॥[5]
6. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ
   ਕਵਣੁ ਬੁਝੈ ਬਿਧਿ ਜਾਣੈ॥[6]

ਇਹ ਆਤਮ-ਪਰਖ ਗਿਆਨ ਸਾਧਨਾ ਦਾ ਮੁਖ ਮਨੋਰਥ ਹੈ। ਕੌਂਸੰਗ ਅਨੁਸਾਰ[7] "ਅਗਿਆਨ ਦਾ ਨਿਸ਼ਾਨਾ ਮੌਤ ਹੈ ਅਤੇ ਮੌਤ ਆਤਮ ਦੀ ਭਾਵਨਾ ਹੈ।" ਰਾਧਾ ਕ੍ਰਿਸ਼ਨਨ ਨੇ ਵੀ ਗਿਆਨ ਦਾ ਮਤਲਬ ਆਤਮ ਸੋਝੀ ਦੱਸਿਆ ਹੈ। "ਸਾਨੂੰ ਇਹ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਗਿਆਨ ਨਿਰੀ ਬੌਧਕ ਯੋਗਤਾ ਨਹੀਂ, ਇਹ ਆਤਮ ਸੋਝੀ ਹੈ।"[8]

ਉਪਨਿਸ਼ਦਾਂ ਵਿਚ ਵੀ ਗਿਆਨ ਯੋਗ ਬਾਰੇ ਗੁਰਬਾਣੀ ਨਾਲ ਮੇਲ ਖਾਂਦੇ ਵਿਚਾਰ ਮਿਲਦੇ ਹਨ। ਮਾਂਡੂਕਿਆ ਅਗਿਆਨ ਕਾਰਨ ਜੀਵ ਆਪਣੀ ਆਤਮਿਕਤਾ ਭੁੱਲ ਗਿਆ ਹੈ। ਜਦੋਂ ਆਤਮ ਗਿਆਨ ਦੁਆਰਾ ਉਸ ਨੂੰ ਅੰਤਰ ਆਤਮੇ ਬ੍ਰਹਮ ਦਾ ਗਿਆਨ ਹੁੰਦਾ ਹੈ ਤਾਂ ਇਹੀ

---

1. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 25
2. ਧਨਾਸਰੀ ਮਹਲਾ 9, ਗੁਰੂ ਗ੍ਰੰਥ, ਪੰਨਾ 684
3. ਮਾਝ ਮਹਲਾ 2, ਗੁਰੂ ਗ੍ਰੰਥ, ਪੰਨਾ 148
4. ਆਸਾ ਮਹਲਾ 1, ਗੁਰੂਗ੍ਰੰਥ, ਪੰਨਾ 421
5. ਮਾਰੂ ਮਹਲਾ 3, ਗੁਰੂਗ੍ਰੰਥ, ਪੰਨਾ 1056
6. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 878-79
7. Quoted by Hardyal, Hints for Self Culture, page 1.
8. Dr. Radhakrishnan, Indian Philosophy, Vol. I, page 224

ਉਸ ਦੀ ਗਿਆਨ ਅਵਸਥਾ ਹੈ। ਆਤਮ ਗਿਆਨ ਹੀ ਗਿਆਨ ਯੋਗ ਦਾ ਮਨੋਰਥ ਹੈ। ਬਾਕੀ ਗਿਆਨ ਅਪਰਾ ਗਿਆਨ ਹਨ,ਜੋ ਬ੍ਰਹਮ ਗਿਆਨ ਦੀ ਸੋਝੀ ਦੇਣ ਉਹੀ ਪਰਾ ਗਿਆਨ ਹੈ।

ਕਠ ਉਪਨਿਸ਼ਦ(2.3.10) ਵਿਚ ਗਿਆਨ ਅਵਸਥਾ ਦੱਸੀ ਹੈ ਕਿ ਜਦੋਂ ਸਾਰੀਆਂ ਇੰਦਰੀਆਂ ਸੰਜਮ ਵਿਚ ਹੋ ਜਾਣ,ਜਦੋਂ ਮਨੁੱਖ ਉਨ੍ਹਾਂ ਨੂੰ ਆਪਣਾ ਦਾਸ ਬਣਾ ਲੈਂਦਾ ਹੈ ਤਾਂ ਮਨ ਚੰਚਲ ਨਹੀਂ ਹੁੰਦਾ ਉਦੋਂ ਜਿਗਿਆਸੂ ਨੂੰ ਪਰਮ-ਗਿਆਨ ਪ੍ਰਾਪਤ ਹੁੰਦਾ ਹੈ।

ਮੁੰਡਕ ਉਪਨਿਸ਼ਦ(2.2.5) ਵਿਚ ਆਤਮ ਗਿਆਨ ਤੇ ਬਲ ਦਿੱਤਾ ਹੈ ਕਿ ਜਿਸ ਪਰਮੇਸ਼ਵਰ ਵਿਚ ਆਕਾਸ਼ ਪ੍ਰਿਥਵੀ ਸਭ ਲੋਕ ਬੰਨ੍ਹੇ ਹੋਏ ਹਨ,ਮਨ ਇੰਦਰੀਆਂ ਦੁਆਰਾ ਵੱਸ ਕੀਤੇ ਹੋਏ ਹਨ। ਉਸ ਅੰਤਰ ਆਤਮੇ ਬ੍ਰਹਮ ਨੂੰ ਜਾਣੋ। ਉਹੀ ਮੁਕਤੀ ਦਾ ਪੁੱਲ ਹੈ। ਇਸ ਆਤਮ ਗਿਆਨ ਨਾਲ ਮਾਇਆ ਅਗਿਆਨ ਦੂਰ ਹੋ ਜਾਂਦਾ ਹੈ।

ਮੁੰਡਕ ਉਪਨਿਸ਼ਦ(2.2.8-9) ਅਨੁਸਾਰ ਆਤਮ-ਗਿਆਨ ਦੁਆਰਾ ਆਤਮ-ਗਿਆਨੀ ਜਾਣ ਲੈਂਦੇ ਹਨ ਕਿ ਬ੍ਰਹਮ ਹੀ ਸ਼ੁੱਧ ਹੈ। ਬਾਕੀ ਅਵਿਦਿਆ ਦੀਆਂ ਗੰਢਾਂ ਟੁੱਟ ਜਾਂਦੀਆਂ ਹਨ,ਸ਼ੰਕੇ ਮਿਟ ਜਾਂਦੇ ਹਨ।

ਮੁੰਡਕ ਉਪਨਿਸ਼ਦ(3.1.7) ਅਨੁਸਾਰ ਬ੍ਰਹਮ ਨੇੜੇ ਤੋਂ ਵੀ ਨੇੜੇ ਹੈ। ਵੇਖਣ ਵਾਲਿਆਂ ਲਈ ਉਹ ਅੰਤਹਕਰਣ ਵਿਚ ਹੀ ਬਿਰਾਜਮਾਨ ਹੈ। ਪਰਮੇਸ਼ਰ ਗਿਆਨੀਆਂ ਦੁਆਰਾ ਜਾਣਿਆ ਜਾਂਦਾ ਹੈ। ਇਸੇ ਉਪਨਿਸ਼ਦ(3.1.8) ਵਿਚ ਲਿਖਿਆ ਹੈ ਕਿ ਅੰਤਹਕਰਣ ਵਿਚ ਸਥਿਤ ਈਸ਼ਵਰ ਅੱਖ ਨਾਲ ਨਹੀਂ ਗ੍ਰਹਿਣ ਕੀਤਾ ਜਾ ਸਕਦਾ,ਨਾ ਹੀ ਬਾਣੀ ਦੁਆਰਾ। ਪ੍ਰੰਤੂ ਗਿਆਨ ਦੁਆਰਾ ਬੁੱਧੀ ਦੀ ਸ਼ੁੱਧਤਾ ਨਾਲ ਦੇਖਿਆ ਜਾ ਸਕਦਾ ਹੈ।

ਉਪਨਿਸ਼ਦਾਂ ਵਿਚ ਗਿਆਨ ਦੋ ਪ੍ਰਕਾਰ ਦਾ ਦੱਸਿਆ ਹੈ ਪਰਾ ਅਤੇ ਅਪਰਾ। ਪਰਾ ਗਿਆਨ ਬ੍ਰਹਮ ਬਾਰੇ ਹੈ ਜਿਸ ਨੂੰ ਸੱਚ ਗਿਆਨ,ਵਿਸ਼ੇਸ਼ ਗਿਆਨ ਵੀ ਕਿਹਾ ਹੈ। ਵੇਦਾਂ ਦਾ ਗਿਆਨ ਅਪਰਾ ਗਿਆਨ ਹੈ। ਵਿਵਹਾਰਿਕ ਗਿਆਨ ਅਪਰਾ ਵਿਦਿਆ ਹੈ ਅਤੇ ਪਾਰਮਾਰਥਿਕ ਗਿਆਨ ਪਰਾ ਵਿਦਿਆ ਹੈ।

ਮੁੰਡਕ ਉਪਨਿਸ਼ਦ(1.1.4-5) ਵਿਚ ਪਰਾ ਤੇ ਅਪਰਾ ਦੋ ਕਿਸਮ ਦੀ ਵਿਦਿਆ ਦੱਸੀ ਹੈ। ਰਿਗ ਵੇਦ,ਸਾਮ ਵੇਦ,ਯਜੁਰ ਵੇਦ,ਅਥਰਵੇਦ,ਵਿਆਕਰਣ,ਛੰਦ ਬੋਧ,ਜੋਤਸ਼ ਆਦਿ ਅਪਰਾ ਵਿਦਿਆ ਹੈ। ਸਰਬ ਸ੍ਰੇਸ਼ਠ ਵਿਦਿਆ ਪਰਮਾਤਮਾ ਬਾਰੇ ਹੈ।

ਮੁੰਡਕ ਉਪਨਿਸ਼ਦ(3.1.5) ਉਹ ਪਰਮਾਤਮਾ ਸਦਾ ਸੱਚ ਦੁਆਰਾ, ਸੱਚ ਗਿਆਨ ਨਾਲ ਪ੍ਰਾਪਤ ਕੀਤਾ ਜਾਂਦਾ ਹੈ। ਇਸੇ ਉਪਨਿਸ਼ਦ ਵਿਚ(3.2.3) ਵਿਚ ਦੱਸਿਆ ਹੈ ਕਿ ਭਗਵਾਨ ਕੇਵਲ ਗ੍ਰੰਥਾਂ ਦੇ ਪਾਠ ਦੁਆਰਾ ਨਹੀਂ ਮਿਲਦਾ। ਇਸ ਤਰ੍ਹਾਂ ਕਹਿ ਕੇ ਇਥੇ ਗਿਆਨ ਦੇ ਅਮਲ ਵੱਲ ਸੰਕੇਤ ਕੀਤਾ ਹੈ।

ਬ੍ਰਿਹਦਾਰਣਯਕ ਉਪਨਿਸ਼ਦ(2.4.4) ਵਿਚ ਵੀ ਜ਼ਿਕਰ ਹੈ ਕਿ ਬਿਨਾਂ ਸਮਝੇ ਵੇਦ ਉਚਾਰਨੇ ਨਿਰਮੂਲ ਹਨ।

ਕਠ ਉਪਨਿਸ਼ਦ(2.24) ਅਨੁਸਾਰ ਪਰਮਾਤਮਾ ਦਾਰਸ਼ਨਿਕ ਗਿਆਨ ਤੋਂ ਔਖੇ ਹੈ। ਉਸਦੀ ਪ੍ਰਾਪਤੀ ਲਈ ਸਦਾਚਾਰ, ਨਿਸ਼ਚਾ, ਹਰੀਨਾਮ ਅਤੇ ਮਨ ਵਿਚ ਹਰੀ ਵਿਸ਼ਵਾਸ ਦੀ ਸਥਿਰਤਾ ਜ਼ਰੂਰੀ ਹੈ।

ਬ੍ਰਿਹਦਾਰਣਯਕ(4.5.6) ਵਿਚ ਵੀ ਆਤਮ-ਗਿਆਨ ਤੇ ਜ਼ੋਰ ਹੈ ਕਿਉਂਕਿ ਆਤਮ ਨੂੰ, ਆਪੇ ਨੂੰ ਸੁਣਨ, ਵੇਖਣ ਅਤੇ ਧਿਆਨ ਲਾਣ ਨਾਲ ਸਭ ਕੁਝ ਜਾਣਿਆ ਜਾ ਸਕਦਾ ਹੈ। ਸੋ ਆਤਮ-ਗਿਆਨ ਉੱਤਮ ਗਿਆਨ ਹੈ।

ਛਾਂਦੋਗਯ ਉਪਨਿਸ਼ਦ(7.1.2-3) ਵਿਚ ਨਾਰਦ ਸਨਤ ਕੁਮਾਰ ਨੂੰ ਬੇਨਤੀ ਕਰਦਾ ਹੈ ਕਿ ਮੈਂ ਸਾਰੇ ਵੇਦ ਪੜ੍ਹੇ ਹਨ, ਹੋਰ ਵੀ ਸਾਰਾ ਗਿਆਨ ਪ੍ਰਾਪਤ ਕੀਤਾ ਹੈ, ਪਰ ਮੈਨੂੰ ਸ਼ਾਬਦਿਕ ਗਿਆਨ ਹੈ, ਆਤਮਾ ਬਾਰੇ ਨਹੀਂ। ਮੈਂ ਸੁਣਿਆ ਹੈ ਕਿ ਆਤਮ-ਗਿਆਨੀ ਚਿੰਤਾ ਦਾ ਸਮੁੰਦਰ ਪਾਰ ਕਰ ਸਕਦੇ ਹਨ। ਮੈਂ ਵੀ ਚਿੰਤਾ ਵਿਚ ਹਾਂ। ਸਨਤ ਕੁਮਾਰ ਕਹਿੰਦਾ ਹੈ ਕਿ ਅਜੇ ਤਕ ਤੂੰ ਜਿੰਨਾ ਵੀ ਗਿਆਨ ਪ੍ਰਾਪਤ ਕੀਤਾ ਹੈ, ਨਾਮ ਮਾਤਰ ਹੀ ਹੈ।

ਇਸੇ ਉਪਨਿਸ਼ਦ ਦੇ(6.1.3) ਵਿਚ ਬ੍ਰਹਮ ਗਿਆਨ ਨੂੰ ਉੱਤਮ ਦੱਸਿਆ ਹੈ, ਜਿਸ ਦੁਆਰਾ ਨਾ ਜਾਣੇ ਹੋਏ ਪਦਾਰਥ ਜਾਣੇ ਜਾਂਦੇ ਹਨ। ਬਾਕੀ ਗਿਆਨ ਫ਼ਜ਼ੂਲ ਹਨ।

### ਅ. <u>ਕਰਮ-ਮਾਰਗ</u>

ਗੁਰਬਾਣੀ ਵਿਚ ਪਰਮ-ਲਕਸ਼ ਦੀ ਪ੍ਰਾਪਤੀ ਲਈ ਪਰਵਾਨ ਕੀਤੀਆਂ ਸਾਧਨਾਂ ਵਿਚੋਂ ਕਰਮ-ਯੋਗ ਵੀ ਇਕ ਸਾਧਨ ਹੈ। ਕਰਮ ਦਾ ਅਰਥ ਕ੍ਰਿਆ, ਕੰਮ ਜਾਂ ਕ੍ਰਿਤ ਹੈ। ਗੁਰਬਾਣੀ ਵਿਚ ਕਰਮ ਲਈ ਕਿਰਤ, ਕਰਣੀ, ਕਰਮਾਤੁ, ਕਾਰ ਆਦਿ ਸ਼ਬਦ ਵੀ ਆਏ ਹਨ ਪਰ ਇਨ੍ਹਾਂ ਸਭ ਦਾ ਮੂਲ ਧਾਤੂ ਸੰਸਕ੍ਰਿਤ 'ਕ੍ਰਿ' ਹੈ ਜਿਸ ਦਾ ਅਰਥ 'ਕਰਨਾ' ਹੈ। ਕਰਮ ਦੇ ਅਰਥ ਵਿਚ ਵਰਤੇ ਕੁਝ ਕੁ ਸ਼ਬਦ ਗੁਰਬਾਣੀ ਵਿਚ ਇਹ ਹਨ:

ਕਰਮ : ਕੁਰਮੇ ਕਰਮ ਕਮਾਵਣੇ.....।[1]

---

1. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 439

ਕਿਰਤ: ਨਹ ਜਾਇ ਕਿਰਤੁ ਮਿਟਾਇਆ॥[1]

ਕਰਣੀ: ਕਰਣੀ ਕਾਗਦੁ ਮਨੁ ਮਸਵਾਣੀ॥[2]

ਜਿਹ ਕਰਣੀ ਹੋਵਹਿ ਸਰਮਿੰਦਾ, ਇਹਾ ਕਮਾਣੀ ਰੀਤਿ॥[3]

ਕਰਮਾਣੁ: ਜਿਸ ਗੁਰੁ ਸਾਚਾ ਭੇਟੀਐ ਭਾਈ, ਪੂਰਾ ਤਿਸੁ ਕਰਮਾਣੁ॥[4]

ਕਾਰ: ਫਲ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥[5]

ਜੋ ਤੁਧੁ ਭਾਵੈ ਸਾਈ ਭਲੀਕਾਰ॥[6]

ਕਰਮ-ਯੋਗ ਨੂੰ ਜਾਣਨ ਤੋਂ ਪਹਿਲਾਂ ਕਰਮ ਸਿਧਾਂਤ ਜਾਂ ਕਰਮ ਵਾਦ ਦਾ ਜ਼ਿਕਰ ਜ਼ਰੂਰੀ ਹੈ। ਵਿਅਕਤੀ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ ਉਸ ਤਰ੍ਹਾਂ ਦਾ ਉਸ ਨੂੰ ਫਲ ਮਿਲਦਾ ਹੈ, ਇਹੀ ਕਰਮਵਾਦ ਹੈ। ਉਮੇਸ਼ ਮਿਸ਼੍ਰ ਦੇ ਸ਼ਬਦਾਂ ਵਿਚ ਚੰਗੇ ਕੰਮ ਕਰਨ ਨਾਲ ਪੁੰਨ ਹੁੰਦਾ ਹੈ ਅਤੇ ਓਸੇ ਅਨੁਸਾਰ ਉਸ ਤੋਂ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਮੰਦੇ ਕਰਮ ਕਰਨ ਨਾਲ ਪਾਪ ਅਤੇ ਦੁਖ ਮਿਲਦਾ ਹੈ, ਇਸ ਜਨਮ ਤੋਂ ਪਹਿਲਾਂ ਵੀ ਅਤੇ ਪਿਛੋਂ ਵੀ ਜੀਵ ਦੀ ਹਸਤੀ ਕਾਇਮ ਰਹਿੰਦੀ ਹੈ ਅਤੇ ਇਸ ਜੀਵ ਨੂੰ ਪਹਿਲੇ ਜਨਮ ਵਿਚ ਕੀਤੇ ਕਰਮਾਂ ਦਾ ਫਲ ਭੁਗਤਣ ਲਈ ਸੰਸਾਰ ਵਿਚ ਆਉਣਾ ਪੈਂਦਾ ਹੈ, ਅਜੇਹੇ ਸਿਧਾਂਤਾਂ ਦਾ ਮੂਲ ਕਰਮਵਾਦ ਹੈ।[7] ਪ੍ਰੰਤੂ ਕਰਮ ਯੋਗ ਕਰਮਵਾਦ ਤੋਂ ਫਰਕ ਹੈ। ਕਰਮ ਯੋਗ ਚਿੱਤ ਦੀ ਸ਼ੁੱਧੀ ਲਈ ਫਲ ਦੀ ਇੱਛਾ ਤਿਆਗ ਕੇ ਪਰ ਉਪਕਾਰ ਵਾਸਤੇ ਕਰਮਾਂ ਦਾ ਕਰਨਾ, ਆਪਣੇ ਫਰਜ਼ ਨਿਭਾਉਣ ਦੇ ਲਈ ਕਰਮ ਕਰਨ ਵਿਚ ਤਤਪਰ ਹੋਣਾ ਹੈ।[8] ਸੋ ਨਿਸ਼ਕਾਮ ਕਰਮ ਕਰਨੇ ਕਰਮਯੋਗ ਹੈ। ਸਰਮਾ ਨੇ ਕਰਮ ਸਿਧਾਂਤ ਨੂੰ ਤੇਜ਼ ਹਨੇਰੀ ਨਾਲ, ਸਮੁੰਦਰ ਦੀਆਂ ਛੱਲਾਂ ਨਾਲ ਅਤੇ ਕਰਮ ਯੋਗ ਨੂੰ ਸ਼ਾਂਤ, ਅਡੋਲ ਡੂੰਘੇ ਸਮੁੰਦਰ ਨਾਲ ਤੁਲਨਾ ਦੇ ਕੇ ਦੋਵਾਂ ਦਾ ਅੰਤਰ ਕੀਤਾ ਹੈ।[9]

---

1. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 460
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1090
3. ਧਨਾਸਰੀ ਮਹਲਾ 5, ਗੁਰੂ ਗ੍ਰੰਥ, ਪੰਨਾ 673
4. ਸੋਰਠ ਮਹਲਾ 5, ਗੁਰੂ ਗ੍ਰੰਥ, ਪੰਨਾ 640
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 468
6. ਜਪੁ, ਗੁਰੂ ਗ੍ਰੰਥ, ਪੰਨਾ 4
7. ਉਮੇਸ਼ ਮਿਸ਼੍ਰ, 'ਭਾਰਤੀਯ ਦਰਸ਼ਨ', ਪੰਨਾ 39
8. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 304, ਚੌਥਾ ਸੰਸਕਰਣ
9. Law of Karma is the raging surf of wind and waves, while Karma-Yoga is the calm, deep sea.

   D. S. Sarma, A Primer of Hinduism, page 67

ਗੁਰਬਾਣੀ ਕਰਮ-ਸਿਧਾਂਤ ਨੂੰ ਮੰਨਦੀ ਹੈ। ਇਸ ਕਰਮਵਾਦ ਦਾ ਵਿਸਤ੍ਰਿਤ ਵਰਣਨ ਅੱਗੇ ਆਉਣ ਵਾਲੇ ਅਧਿਆਇ ਮ੍ਰਿਤੂ ਅਤੇ ਆਵਾਗਵਣ ਦੇ ਸੰਬੰਧ ਵਿਚ ਕੀਤਾ ਜਾਵੇਗਾ। ਇਥੇ ਸਾਡਾ ਮਨੋਰਥ ਕਰਮ ਸਾਧਨਾ ਦੇ ਰੂਪ ਵਿਚ ਧਿਆਨ ਹੈ। ਗੁਰਬਾਣੀ ਕਰਮ ਨੂੰ ਮੰਨਦੀ ਹੈ, ਇਸੇ ਲਈ ਗੁਰਬਾਣੀ ਵਿਚ 'ਕਰਮ ਭੂਮੀ' ਅਤੇ 'ਕਰਮ ਖੰਡ' ਦਾ ਵਰਣਨ ਹੈ। ਇਸ ਧਰਤੀ ਨੂੰ ਧਰਮ ਕਮਾਵਣ ਲਈ ਧਰਮਸਾਲ ਕਿਹਾ ਹੈ:

1. ਕੇਤੀਆ ਕਰਮ ਭੂਮੀ ਮੇਰ ਕੇਤੇ॥[1]
2. ਕਰਮ ਖੰਡ ਕੀ ਬਾਣੀ ਜੋਰੁ॥[2]
3. ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥[3]

ਸਾਰੇ ਕਰਮ ਕਰਮ ਯੋਗ ਨਹੀਂ। ਜਿਹੜੇ ਕਰਮ ਪ੍ਰਭੂ ਏਕਤਾ ਲਈ ਜ਼ਰੂਰੀ ਹਨ ਅਥਵਾ ਜੋ ਕਰਮ ਸੰਜਮ ਨੈਤਿਕ ਗੁਣ ਪੈਦਾ ਕਰਨ ਉਹੀ ਪ੍ਰਭੂ ਮੇਲ ਦਾ ਸਾਧਨ ਬਣ ਜਾਏ ਹਨ। ਸੋ ਗੁਰਬਾਣੀ ਵਿਚ ਸ਼ੁਭ ਕਰਮਾਂ ਤੇ ਜ਼ੋਰ ਦਿੱਤਾ ਗਿਆ ਹੈ। ਗੁਰਬਾਣੀ ਵਿਚ ਕਰਮਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਨੂੰ ਭਲੇ ਬੁਰੇ, ਸ਼ੁਭ-ਅਸ਼ੁਭ, ਪੁੰਨ-ਪਾਪ, ਸੁਕ੍ਰਿਤ-ਦੁਕ੍ਰਿਤ ਆਦਿ। ਵੰਨਗੀ ਲਈ ਗੁਰਬਾਣੀ ਵਿਚੋਂ ਕੁਝ ਤੁਕਾਂ ਇਹ ਹਨ:

1. ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥[4]
2. ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ॥[5]
3. ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥[6]
4. ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥[7]
5. ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ॥[8]
6. ਦੁਕ੍ਰਿਤ ਸੁਕ੍ਰਿਤ ਥਾਰੋ ਕਰਮੁ ਰੀ॥[9]

ਗੁਰਬਾਣੀ ਵਿਚ ਸ਼ੁਭ ਕਰਮਾਂ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਅਸ਼ੁਭ ਕਰਮਾਂ ਦੀ

---

1. ਜਪੁ, ਗੁਰੂ ਗ੍ਰੰਥ, ਪੰਨਾ 7
2. ਜਪੁ, ਗੁਰੂ ਗ੍ਰੰਥ, ਪੰਨਾ 8
3. ਜਪੁ, ਗੁਰੂ ਗ੍ਰੰਥ, ਪੰਨਾ 7
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 11 0
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 251
6. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 470-71
7. ਜਪੁ, ਗੁਰੂ ਗ੍ਰੰਥ, ਪੰਨਾ 8
8. ਸਿਰੀ ਮਹਲਾ 5, ਗੁਰੂ ਗ੍ਰੰਥ, ਪੰਨਾ 51
9. ਧਨਾਸਰੀ ਭਗਤ ਰਵਿਦਾਸ, ਗੁਰੂ ਗ੍ਰੰਥ, ਪੰਨਾ 695

ਨਿਖੇਧੀ ਕੀਤੀ ਗਈ ਹੈ। ਉਹ ਕਰਮ ਜੋ ਜੀਵ ਨੂੰ ਸੰਸਾਰਕ ਪ੍ਰਪੰਚ ਵਿਚ ਵਿਲੀਨ ਕਰਦੇ ਹਨ ਅਤੇ ਪ੍ਰਭੂ ਮੇਲ ਵਿਚ ਰੁਕਾਵਟ ਪਾਂਦੇ ਹਨ ਉਹ ਮਾੜੇ ਕਰਮ ਹਨ। ਕਰਮ ਕਾਂਡ ਅਤੇ ਹਉਮੈ ਵਿਚ ਕੀਤੇ ਪੁੰਨ ਕਰਮਾਂ ਨੂੰ ਫਜ਼ੂਲ ਦੱਸਿਆ ਹੈ। ਕਰਮ ਕਾਂਡ 'ਸ਼ਾਸਤਰ' ਦਾ ਉਹ ਕਾਂਡ (ਭਾਗ) ਜਿਸ ਵਿਚ ਕਰਮ ਦਾ ਵਰਣਨ ਹੈ, ਕਿਹੜੇ ਕਰਮ ਵਿਹਿਤ ਹਨ, ਕਿਹੜੇ ਨਿਸ਼ਿਧ, ਕਿਸ ਨੂੰ ਕਿਹੜੇ ਕਿਹੜੇ ਕਰਮ ਕਿਸ ਕਿਸ ਸਮੇਂ ਕਰਨੇ ਚਾਹੀਦੇ ਹਨ ਆਦਿ ਵਰਣਨ ਵਾਲਾ ਹਿੱਸਾ।[1] ਸੋ ਕਰਮ ਕਾਂਡ ਵਿਚ ਬਾਹਰੀ ਕ੍ਰਿਆ ਵਿਖਾਵੇ ਤੇ ਜ਼ੋਰ ਹੈ ਇਸ ਲਈ ਗੁਰਬਾਣੀ ਵਿਚ ਪ੍ਰੇਮ ਤੋਂ ਸੁੰਞੇ ਇਨ੍ਹਾਂ ਧਾਰਮਿਕ ਵੇਸਾਂ ਦਾ ਖੰਡਨ ਕੀਤਾ ਗਿਆ ਹੈ।

ਗੁਰੂ ਨਾਨਕ ਦੇਵ ਨੇ ਮੁਸਲਮਾਨਾਂ, ਜੈਨੀਆਂ, ਜੋਗੀਆਂ, ਹਿੰਦੂਆਂ ਦੇ ਬਾਹਰੀ ਧਾਰਮਿਕ ਅਡੰਬਰਾਂ ਨੂੰ ਨਿੰਦਿਆ ਹੈ:

1. ਕਾਜੀ ਹੋਇ ਕੈ ਬਹੈ ਨਿਆਇ॥
   ਫੇਰੇ ਤਸਬੀ ਕਰੇ ਖੁਦਾਇ॥
   ਵਢੀ ਲੈ ਕੈ ਹਕੁ ਗਵਾਏ॥
   ਜੇ ਕੋ ਪੁਛੈ ਤਾ ਪੜਿ ਸੁਣਾਏ॥
   ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ॥
   ਲੋਕ ਮੁਹਾਵਹਿ ਚਾੜੀ ਖਾਹਿ॥[2]

2. ਸਿਰੁ ਖੋਹਾਇ ਪੀਵਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥[3]

3. ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥[4]

4. ਪੂਜਿ ਸਿਲਾ ਤੀਰਥ ਬਨਵਾਸਾ॥
   ਭਰਮਤ ਡੋਲਤ ਭਏ ਉਦਾਸਾ॥
   ਮਨਿ ਮੈਲੇ ਸੂਚਾ ਕਿਉ ਹੋਇ॥
   ਸਾਚਿ ਮਿਲੈ ਪਾਵੈ ਪਤਿ ਸੋਇ॥[5]

5. ਪੜਿ ਪੁਸਤਕ ਸੰਧਿਆ ਬਾਦੰ॥
   ਸਿਲ ਪੂਜਸਿ ਬਗੁਲ ਸਮਾਧੰ॥

---

1. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 227
2. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 951
3. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 149
4. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 730
5. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 686

ਮੁਖਿ ਝੂਠਿ ਬਿਭੂਖਣ ਸਾਰੰ॥
ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕੁ ਲਿਲਾਟੰ॥
ਦੁਇ ਧੋਤੀ ਬਸਤ੍ਰ ਕਪਾਟੰ॥[1]

ਇਨ੍ਹਾਂ ਧਾਰਮਿਕ ਭਰੇਖਾਂ ਨਾਲ ਦੇਹ ਨੂੰ ਦੁਖੀ ਕੀਤੀ ਜਾਂਦਾ ਹੈ ਪਰ ਇਨ੍ਹਾਂ ਦਾ ਕੋਈ ਨਾਭ ਨਹੀਂ ਕਿਉਂਕਿ ਇਨ੍ਹਾਂ ਪਾਖੰਡਾਂ ਦੇ ਕਰਨ ਨਾਲ ਅਗਿਆਨ ਦੂਰ ਨਹੀਂ ਹੁੰਦਾ:

1. ਜਗ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥[2]
2. ਧੰਧਾ ਕਰਮ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰ॥[3]
3. ਬਿਨ ਬੂਝੇ ਕਰਮ ਕਮਾਵਣੇ ਜਨਮ ਪਦਾਰਥ ਖੋਇ॥[4]
4. ਵਰਤ ਨੇਮ ਸੁਚਿ ਸੰਜਮ ਪੂਜ ਪਾਖੰਡ ਭਰਮ ਨ ਜਾਇ॥[5]

ਇਨ੍ਹਾਂ ਕਰਮਕਾਂਡੀ ਕਰਮਾਂ ਦੇ ਅੰਤਰਗਤ ਗੁਰੂ ਸਾਹਿਬਾਨ ਹਉਮੈ ਜਾਂ ਅਹੰਕਾਰ ਨਾਲ ਕੀਤੇ ਕਰਮਾਂ ਦੀ ਵੀ ਨਿਖੇਧੀ ਕਰਦੇ ਹਨ:

1. ਕਰਮ ਕਾਂਡ ਬਹੁ ਕਰਹਿ ਅਚਾਰ
   ਬਿਨ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥[6]
2. ਬਹੁ ਪੰਡਿਤ ਬਹੁ ਚਤੁਰ ਸਿਆਣਾ॥
   ਕਰਣੈਹਾਰ ਨ ਬੂਝੈ ਬਿਗਾਨਾ॥[7]
3. ਕਿਰਿਆਚਾਰ ਕਰਹਿ ਖਟਕਰਮਾ ਇਤੁ ਰਾਤੇ ਸੰਸਾਰੀ॥
   ਅੰਤਰ ਮੈਲ ਨ ਉਤਰੈ ਹਉਮੈ ਬਿਨ ਗੁਰ ਬਾਜੀ ਹਾਰੀ॥[8]

ਗੁਰਬਾਣੀ ਵਿਚ ਸ਼ੁਭ ਕਰਮਾਂ ਤੇ ਜ਼ੋਰ ਦਿੱਤਾ ਹੈ। ਇਨ੍ਹਾਂ ਸ਼ੁਭ ਕਰਮਾਂ ਨੂੰ ਅਧਿਆਤਮਕ ਕਰਮ ਅਤੇ ਧਰਮ ਕਰਮ ਵੀ ਕਿਹਾ ਹੈ। ਇਹੀ ਕਰਮ ਯੋਗ ਕਰਮ ਹਨ। ਕਰਮਯੋਗ ਸਾਨੂੰ ਉਦਮੀ ਨੈਤਕ ਜੀਵਨ ਜਿਊਣਾ ਸਿਖਾਂਦਾ ਹੈ ਅਤੇ ਨਾਲ ਹੀ ਕਰਮ ਬੰਧਨ ਤੋਂ ਬਚਣ ਦਾ

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 470
2. ਭੈਰਉ ਮਹਲਾ 1, ਗੁਰੂ ਗ੍ਰੰਥ, ਪੰਨਾ 1127
3. ਭੈਰਉ ਮਹਲਾ 1, ਗੁਰੂ ਗ੍ਰੰਥ, ਪੰਨਾ 1127
4. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 33
5. ਸਲੋਕ ਮਹਲਾ 4, ਗੁਰੂ ਗ੍ਰੰਥ, ਪੰਨਾ 1423
6. ਗਉੜੀ ਮਹਲਾ 3, ਗੁਰੂ ਗ੍ਰੰਥ, ਪੰਨਾ 162
7. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 178
8. ਗੂਜਰੀ ਮਹਲਾ 5, ਗੁਰੂ ਗ੍ਰੰਥ, ਪੰਨਾ 495

ਰਾਹ ਦਸਦਾ ਹੈ।[1] ਅਧਿਆਤਮ ਕਰਮ ਕਰਨ ਨਾਲ ਹੀ ਜੀਵ ਸਚਿਆਰ ਹੋ ਸਕਦਾ ਹੈ। ਸ਼ੁਭ ਕਰਮ ਕਰਦਾ ਉਹ ਪ੍ਰਭੂ ਦਰਸ਼ਨ ਕਰ ਸਕਦਾ ਹੈ, ਇਸੇ ਲਈ ਗੁਰਬਾਣੀ ਬ੍ਰਹਮ ਕਰਮਾਂ ਤੇ ਜ਼ੋਰ ਦੇਂਦੀ ਹੈ। ਗੁਰਬਾਣੀ ਵਿਚ ਇਸ ਦੀਆਂ ਕਈ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ:

1. ਅਧਿਆਤਮ ਕਰਮ ਕਰੇ ਤਾ ਸਾਚਾ
   ਮੁਕਤਿ ਭੇਦੁ ਕਿਆ ਜਾਣੈ ਕਾਚਾ॥[2]

2. ਅਧਿਆਤਮ ਕਰਮ ਕਰੇ ਦਿਨ ਰਾਤੀ॥
   ਨਿਰਮਲ ਜੋਤਿ ਨਿਰੰਤਰਿ ਜਾਤੀ॥[3]

3. ਉਦਮ ਕਰੇਂਦਿਆਂ ਜੀਉ ਤੂ ਕਮਾਵਦਿਆਂ ਸੁਖ ਭੁੰਚੁ॥
   ਧਿਆਇਦਿਆਂ ਤੂ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥[4]

4. ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥[5]

ਇਨ੍ਹਾਂ ਸ਼ੁਭ ਕਰਮਾਂ ਦੇ ਅੰਤਰਗਤ ਉਹ ਸਾਰੇ ਕਰਮ ਆ ਜਾਂਦੇ ਹਨ ਜਿਨ੍ਹਾਂ ਦੇ ਕਰਨ ਨਾਲ ਨਾਮ ਦੀ ਪ੍ਰਾਪਤੀ ਹੋਵੇ ਅਤੇ ਜੋ ਹਉਮੈ ਤਿਆਗ ਕੇ ਕੀਤੇ ਜਾਣ। ਹੰਕਾਰ ਨੂੰ ਮਾਰਨਾ, ਸਤਿ ਸੰਗਤ, ਗੁਰੂ ਦੀ ਸ਼ਰਨ ਵਿਚ ਜਾਣਾ, ਹਰੀ ਗੁਣਾਂ ਦਾ ਗਾਇਨ ਕਰਨਾ, ਪ੍ਰਭੂ ਹੁਕਮ ਵਿਚ ਰਹਿਣਾ ਆਦਿ। ਗੁਰਬਾਣੀ ਵਿਚ ਗੁਣਾਂ ਤੇ ਜ਼ੋਰ ਦਿੱਤਾ ਗਿਆ ਹੈ। ਇਨ੍ਹਾਂ ਤੇ ਚੱਲ ਕੇ ਹੀ ਪਰਮਾਤਮਾ ਦੇ ਦਰ ਤੇ ਸ਼ੋਭਾ ਮਿਲਦੀ ਹੈ। ਧਰਮੀ ਹੀ ਵਿਗਸਦਾ ਹੈ:

1. ਸੋ ਡਰੈ ਜਿ ਪਾਪ ਕਮਾਵਦਾ, ਧਰਮੀ ਵਿਗਸੇਤੁ॥[6]

2. ਭੈ ਵਿਚ ਰਚਿ ਰਹੈ ਨ ਬਾਹਰਿ ਜਾਇ॥
   ਕੀਮਤਿ ਕਹਣੁ ਰਹੈ ਲਿਵ ਲਾਇ॥
   ਆਪੇ ਮੇਲੇ ਕਰਮੁ ਚੁਕਾਏ॥
   ਗੁਰਪਰਸਾਦਿ ਪਰਮ ਪਦੁ ਪਾਏ॥
   ਗੁਰ ਕੀ ਸੇਵਾ ਸਬਦੁ ਵੀਚਾਰੁ॥
   ਹਉਮੈ ਮਾਰੇ ਕਰਣੀ ਸਾਰੁ॥[7]

---

1. D.S. Sarma, A Primer of Hinduism, page 66
2. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 223
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1039
4. ਦੇਵ ਗੰਧਾਰੀ ਮਹਲਾ 5, ਗੁਰੂ ਗ੍ਰੰਥ, ਪੰਨਾ 522
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 470
6. ਸਿਰੀ ਮਹਲਾ 4, ਗੁਰੂ ਗ੍ਰੰਥ, ਪੰਨਾ 84
7. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 223

3. ਛੋਡਹੁ ਕਾਮੁ ਕ੍ਰੋਧੁ ਬੁਰਿਆਈ॥
ਹਉਮੈ ਧੰਧੁ ਛੋਡਹੁ ਲੰਪਟਾਈ॥
ਸਤਿਗੁਰ ਸਰਣਿ ਪਰਹੁ ਤਾਂ ਉਬਰਹੁ ਇਉ ਤਰਿਐਂ ਭਵਜਲੁ ਭਾਈ ਹੇ॥ [1]

4. ਉਤਮ ਸੰਗਤਿ ਉਤਮ ਹੋਵੈ॥
ਗੁਣ ਕਉ ਧਾਵੈ ਅਵਗਣ ਧੋਵੈ॥
ਬਿਨੁ ਗੁਰ ਸੇਵੇ ਸਹਜੁ ਨ ਹੋਵੈ॥ [2]

5. ਜੇ ਗੁਣ ਹੋਵਹਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥ [3]

6. ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿਧਾਰੇ॥ [4]

7. ਸੋਈ ਕੰਮ ਕਮਾਇ,ਜਿਤ ਮੁਖ ਉਜਲਾ॥ [5]

ਅਸਲ ਵਿਚ ਇਨ੍ਹਾਂ ਸ਼ੁਭ ਕਰਮਾਂ ਨੂੰ ਵੰਡਿਆ ਨਹੀਂ ਜਾ ਸਕਦਾ। ਜਿਹੜੇ ਕਰਮ ਸ਼ੁੱਧ ਚਿਤ ਨਾਲ ਕੀਤੇ ਜਾਣ ਉਹੀ ਸ਼ੁਭ ਕਰਮ ਹਨ ਸੋ ਇਸ ਦੇ ਅੰਤਰਗਤ ਕਰਮ ਕਾਂਡ ਵੀ ਆ ਜਾਂਦੇ ਹਨ। ਡਾ:ਜਯਰਾਮ ਮਿਸ਼੍ਰ ਦਾ ਵਿਚਾਰ ਇਥੇ ਵਰਨਣ ਯੋਗ ਹੈ ਕਿ ਸਿੱਖ ਗੁਰੂਆਂ ਨੇ ਕਰਮ ਤਿਆਗਣ ਲਈ ਨਹੀਂ ਸਗੋਂ ਕਰਮਾਂ ਨੂੰ ਵਿਧੀ ਪੂਰਵਕ ਕਰਨ ਉਤੇ ਜ਼ੋਰ ਦਿੱਤਾ ਹੈ।[6] ਗੁਰੂ ਸਾਹਿਬਾਨ ਨੇ ਬਾਹਰਲੇ ਕਰਮ ਕਾਂਡਾਂ ਨੂੰ ਵਿਧੀ ਪੂਰਵਕ ਕਰਕੇ ਉਨ੍ਹਾਂ ਦੇ ਅੰਦਰਲੇ ਅਰਥ ਦਸ ਕੇ ਅਖਨਾਵੀ ਗੁਣਾਂ ਤੇ ਜ਼ੋਰ ਦਿੱਤਾ ਹੈ। ਬ੍ਰਹਮ ਕਰਮਾਂ ਨੂੰ ਕਿਸੇ ਉਚੇਚ ਦੀ ਲੋੜ ਨਹੀਂ ਇਹ ਸਹਿਜ ਸੁਭਾਅ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਜੀਵ ਸਹਿਜ ਸੁਭਾਅ ਜੀਵਨ ਬਿਤਾਂਦੇ ਸ਼ੁਭ ਕਰਮ ਕਰਦਾ ਬ੍ਰਹਮ ਨੂੰ ਪਾ ਲੈਂਦਾ ਹੈ। ਜਿਵੇਂ ਗੁਰਬਾਣੀ ਵਿਚ ਦੱਸਿਆ ਹੈ:

1. ਪੰਜ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ॥ [7]
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥

---

1. ਮਾਰੂ ਮਹਲਾ 1,ਗੁਰੂ ਗ੍ਰੰਥ,ਪੰਨਾ 1026
2. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 414
3. ਸੂਹੀ ਮਹਲਾ 1,ਗੁਰੂ ਗ੍ਰੰਥ,ਪੰਨਾ 765-66
4. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 438
5. ਆਸਾ ਮਹਲਾ 5,ਗੁਰੂ ਗ੍ਰੰਥ,ਪੰਨਾ 397
6. ਡਾ:ਜਯ ਰਾਮ ਮਿਸ਼੍ਰ,ਸ੍ਰੀ ਗੁਰੂ ਗ੍ਰੰਥ ਦਰਸ਼ਨ,ਪੰਨਾ 227
7. ਮਾਝ ਮਹਲਾ 1,ਗੁਰੂ ਗ੍ਰੰਥ,ਪੰਨਾ 141

2. ਮੁੰਦਾ ਸੰਤੋਖ ਸਰਮ ਪਤਿ ਝੋਲੀ ਧਿਆਨ ਕੀ ਕਰਹਿ ਬਿਭੂਤਿ॥[1]

3. ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥[2]

4. ਬ੍ਰਹਮ ਬਿੰਦੇ ਸੇ ਬ੍ਰਾਹਮਣ ਕਹੀਅਹਿ ਜਿ ਅਨਦਿਨੁ ਹਰਿ ਲਿਵ ਲਾਏ॥[3]

5. ਸੋ ਬ੍ਰਾਹਮਣ ਜੋ ਬਿੰਦੈ ਬ੍ਰਹਮ॥
ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥
ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਾਹਮਣ ਪੂਜਣ ਜੁਗਤੁ॥[4]

6. ਸਹਜੇ ਜਾਗਣੁ ਸਹਜੇ ਸੋਇ॥
ਸਹਜੇ ਹੋਤਾ ਜਾਇ ਸੁ ਹੋਇ॥
ਸਹਜ ਬੈਰਾਗੁ ਸਹਜੇ ਹੀ ਹਸਨਾ॥
ਸਹਜੇ ਚੂਪ ਸਹਜੇ ਹੀ ਜਪਨਾ॥
ਸਹਜੇ ਭੋਜਨੁ ਸਹਜੇ ਭਾਉ॥
ਸਹਜੇ ਮਿਟਿਓ ਸਗਲ ਦੁਰਾਉ॥
ਸਹਜੇ ਹੋਆ ਸਾਧੂ ਸੰਗੁ॥
ਸਹਜਿ ਮਿਲਿਓ ਪਾਰਬ੍ਰਹਮ ਨਿਸੰਗੁ॥[5]

ਕੇਨ ਉਪਨਿਸ਼ਦ(4.8) ਵਿਚ ਕਰਮ ਨੂੰ ਬ੍ਰਹਮ ਉਪਾਸਨਾ ਦੇ ਸਾਧਨਾਂ ਵਿਚੋਂ ਇਕ ਮੰਨਿਆ ਹੈ। ਇਸ ਤੇ ਚੱਲ ਕੇ ਸਾਧਕ ਬ੍ਰਹਮ ਉਪਾਸਨਾ ਦਾ ਅਧਿਕਾਰੀ ਬਣ ਸਕਦਾ ਹੈ।

ਉੱਤਮ ਕਰਮਾਂ ਨੂੰ ਸਲਾਹਿਆ ਗਿਆ ਹੈ। ਬ੍ਰਿਹਦਾਰਣਕ ਉਪਨਿਸ਼ਦ(3.2.13) ਅਨੁਸਾਰ ਸ਼ੁਭ ਕਰਮਾਂ ਨਾਲ ਮਨੁੱਖ ਪਵਿੱਤਰ ਹੁੰਦਾ ਹੈ ਅਤੇ ਪਾਪ ਕਰਮ ਕਰਕੇ ਪਾਪੀ ਬਣ ਜਾਂਦਾ ਹੈ। ਇਸੇ ਉਪਨਿਸ਼ਦ ਵਿਚ(4.3.37) ਚੰਗੇ ਕਰਮਾਂ ਵਾਲੇ ਦਾ ਸਤਿਕਾਰ ਦੱਸ ਕੇ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਹੈ।

ਫਲ ਪ੍ਰਾਪਤ ਕਰਨ ਦੀ ਇੱਛਾ ਨਾਲ ਕੀਤੇ ਕਰਮਾਂ ਦੀ ਨਿਖੇਧੀ ਕੀਤੀ ਹੈ। ਨਿਸ਼ਕਾਮ ਕਰਮਾਂ ਦੀ ਪ੍ਰਸੰਸਾ ਕੀਤੀ ਹੈ। ਈਸ਼ ਉਪਨਿਸ਼ਦ(2) ਵਿਚ ਨਿਸ਼ਕਾਮ ਕਰਮ ਕਰਨ ਦੀ ਸ੍ਰੇਸ਼ਟਤਾ ਦਸਦੇ ਹੋਏ ਸ਼ਾਸਤਰ ਨਿਯਤ ਕਰਮਾਂ ਨੂੰ ਕਰਦੇ ਹੋਏ ਸੌ ਸਾਲ ਜੀਣ ਦੀ ਇੱਛਾ ਲਈ ਕਿਹਾ ਹੈ। ਇਹੀ ਕਰਮ ਬੰਧਨ ਮੁਕਤ ਹੋਣ ਦਾ ਰਾਹ ਹੈ।

---

1. ਜਪੁ, ਗੁਰੂ ਗ੍ਰੰਥ, ਪੰਨਾ 6
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 471
3. ਗੂਜਰੀ ਮਹਲਾ 3, ਗੁਰੂ ਗ੍ਰੰਥ, ਪੰਨਾ 512
4. ਸਲੋਕ ਮਹਲਾ 1, ਗੁਰੂ ਗ੍ਰੰਥ, ਪੰਨਾ 1411
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 236-37

### ੲ. ਯੋਗ-ਮਾਰਗ

'ਯੋਗ' ਦੀ ਵਿਉਤਪਤੀ ਸੰਸਕ੍ਰਿਤ ਮੂਲ 'ਯੁਜ' ਤੋਂ ਹੈ ਜਿਸ ਦਾ ਭਾਵ ਨਿਯੰਤ੍ਰਣ ਜਾਂ ਮੇਲ ਜਾਂ ਜੁੜਨਾ ਹੈ। ਅੰਗ੍ਰੇਜ਼ੀ ਵਿਚ Yoke, ਜਰਮਨ Joch, ਫਰਾਂਸੀਸੀ Jong ਅਤੇ ਲਾਤੀਨੀ Jungo[1] ਸ਼ਬਦ ਯੁਜ ਨਾਲ ਮਿਲਦੇ ਜੁਲਦੇ ਹਨ। ਪਤੰਜਲੀ ਅਨੁਸਾਰ ਚਿਤਵ੍ਰਿਤੀਆਂ ਦਾ ਨਿਰੋਧ ਹੀ ਯੋਗ ਹੈ।[2]

ਇਸ ਤਰ੍ਹਾਂ ਯੋਗ ਤੋਂ ਦੋ ਭਾਵ ਨਿਕਲਦੇ ਹਨ - ਇਕ ਹੈ ਮੇਲ ਜਾਂ ਜੁੜਨਾ। ਉਸ ਪਰਮਾਤਮਾ ਨਾਲ ਮੇਲ ਜਿਸ ਤੋਂ ਵਿਛੜ ਕੇ ਜੀਵ ਦੁਖੀ ਹੈ। ਦੂਜਾ ਭਾਵ ਮਾਰਗ ਜਾਂ ਸਾਧਨ ਤੋਂ ਲਿਆ ਜਾਂਦਾ ਹੈ। ਜਿਸ ਤੇ ਚਲ ਕੇ ਉਸ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ। ਯੋਗ ਮੁੱਖ ਰੂਪ ਵਿਚ ਸਾਧਨ ਹੀ ਹੈ ਜਿਵੇਂ ਹੋਰ ਸਾਧਨ ਹਨ - ਕਰਮ ਯੋਗ, ਭਗਤੀ ਯੋਗ, ਗਿਆਨ ਯੋਗ ਜਿਨ੍ਹਾਂ ਤੇ ਚੱਲ ਕੇ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ। ਆਰਥਰ ਏਵਲਨ ਅਨੁਸਾਰ ਯੋਗ ਉਨ੍ਹਾਂ ਸਰੀਰਕ ਅਤੇ ਮਾਨਸਿਕ ਪ੍ਰਣਾਲੀਆਂ ਦਾ ਲਖਾਇਕ ਸ਼ਬਦ ਹੈ[3] ਜਿਨ੍ਹਾਂ ਦਾ ਪ੍ਰਯੋਗ ਮਨੁੱਖ ਦੇ ਅੰਤਰ-ਤੱਤ ਨੂੰ ਸਾਖਿਆਤ ਕਰਨ ਲਈ ਕੀਤਾ ਜਾਂਦਾ ਹੈ। ਸੋ ਯੋਗ ਦਾ ਅਰਥ ਲਕਸ਼ ਨਹੀਂ ਸਗੋਂ ਸਾਧਨ ਹੈ ਜਿਸ ਦੁਆਰਾ ਬ੍ਰਹਮ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਪਤੰਜਲੀ ਦੇ ਯੋਗ ਸ਼ਾਸਤਰ ਵਿਚ ਯੋਗ ਦੇ ਭਿੰਨ ਭਿੰਨ ਰੂਪਾਂ ਦਾ ਵਿਸ਼ਲੇਸ਼ਣ ਮਿਲਦਾ ਹੈ। ਪਤੰਜਲੀ ਨੇ ਯੋਗ ਦੇ ਅੱਠ ਅੰਗ ਦੱਸੇ ਹਨ। ਇਸ ਨੂੰ ਅਸ਼ਟਾਂਗ ਯੋਗ ਵੀ ਕਿਹਾ ਗਿਆ ਹੈ। ਬਾਅਦ ਵਿਚ ਵਿਚਾਰਾਂ ਦੀ ਵਖਰਤਾ ਕਾਰਨ ਯੋਗ ਦੇ ਕਈ ਪ੍ਰਕਾਰ ਹੋ ਗਏ ਪਰ ਮੁੱਖ ਕਿਸਮਾਂ - ਹਠ ਯੋਗ, ਲਯ ਯੋਗ, ਮੰਤਰ ਯੋਗ ਅਤੇ ਰਾਜਯੋਗ ਹਨ।[4] ਇਨ੍ਹਾਂ ਉਪਰ ਅਸ਼ਟਾਂਗ ਯੋਗ ਦਾ ਪ੍ਰਭਾਵ ਹੈ। ਅਸ਼ਟਾਂਗ ਯੋਗ ਦੇ ਅੱਠ ਅੰਗ ਇਸ ਤਰ੍ਹਾਂ ਹਨ :

1. ਯਮ - ਯਮ ਦਾ ਅਰਥ ਸੰਜਮ ਹੈ। ਅਹਿੰਸਾ, ਸੱਤ, ਪਰ ਧਨ ਪਰ ਇਸਤ੍ਰੀ ਦਾ ਤਿਆਗ, ਨਿਮਰਤਾ, ਧੀਰਜ ਇਹ ਯਮ ਦੇ ਪੰਜ ਪ੍ਰਕਾਰ ਹਨ।

---

1. Haridas Chaudhuri, Integral Yoga, page 21.
2. D.S. Sarma, A Primer of Hinduism, page 91
3. Arthur Avalon, The Serpent Power, page 181
4. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤ ਪ੍ਰਭਾਕਰ, ਪੰਨਾ 267

2. <u>ਨਿਯਮ</u> - ਉਨ੍ਹਾਂ ਤਪਾਂ ਦਾ ਨਾਂ ਹੈ ਜਿਨ੍ਹਾਂ ਤੋਂ ਨੈਤਿਕਤਾ ਦਾ ਪਾਲਣ ਹੁੰਦਾ ਹੈ, ਮਨ ਦੀ ਸ਼ੁੱਧੀ ਹੁੰਦੀ ਹੈ। ਪਵਿੱਤਰਤਾ, ਸੰਤੋਖ, ਤਪ, ਵਿਦਿਆ ਅਭਿਆਸ। ਹੋਮ, ਦਾਨ ਸ਼ਰਧਾ।

3. <u>ਆਸਨ</u> - ਮਨ ਨੂੰ ਵਿਕਾਰਾਂ ਤੋਂ ਪਰੇ ਕਰਨ ਲਈ ਬੈਠਣ ਦਾ ਢੰਗ ਆਸਨ ਹੈ। ਆਸਨਾਂ ਦੀ ਗਿਣਤੀ 84 ਮੰਨੀ ਗਈ ਹੈ।

4. <u>ਪ੍ਰਾਣਾਯਾਮ</u> - ਸਵਾਸ ਦੀ ਗਤੀ ਨੂੰ ਠਹਿਰਾਉਣ ਦਾ ਨਾਂ ਪ੍ਰਾਣਾਯਾਮ ਹੈ। ਇਸ ਦੇ ਤਿੰਨ ਅੰਗ ਹਨ - ਪੂਰਕ(ਸਵਾਸ ਅੰਦਰ ਨੂੰ ਖਿੱਚਣਾ), ਕੁੰਭਕ(ਸਵਾਸਾਂ ਨੂੰ ਅੰਦਰ ਰੋਕਣਾ ), ਰੇਚਕ (ਸਵਾਸ ਬਾਹਰ ਛੱਡਣੇ)।

5. <u>ਪ੍ਰਤਯਾਹਾਰ</u> - ਸ਼ਬਦ ਸਪਰਸ਼ ਰੂਪ ਰਸ ਗੰਧ ਤੋਂ ਇੰਦਰੀਆਂ ਦੇ ਵੇਗ ਨੂੰ ਵਰਜ ਕੇ ਆਤਮ ਵਿਚਾਰ ਵਿਚ ਮਨ ਨੂੰ ਜੋੜਨ ਦਾ ਨਾਂ ਪ੍ਰਤਯਾਹਾਰ ਹੈ।

6. <u>ਧਾਰਣਾ</u> - ਚਿੱਤ ਨੂੰ ਇਕਾਗਰ ਕਰਕੇ ਕਿਸੇ ਖ਼ਾਸ ਸਥਾਨ ਜਾਂ ਵਸਤੂ ਵਿਚ ਜੋੜਨਾ।

7. <u>ਧਿਆਨ</u> - ਧੇਯ ਨੂੰ ਛੱਡ ਕੇ ਹੋਰ ਵਲ ਧਿਆਨ ਦਾ ਨਾ ਜਾਣਾ ਧਿਆਨ ਹੈ।

8. <u>ਸਮਾਧੀ</u> - ਯੋਗ ਦਾ ਅੰਤਮ ਅੰਗ ਹੈ। ਜਦੋਂ ਚਿੱਤ ਧੇਯ ਵਸਤੂ ਦਾ ਆਕਾਰ ਗ੍ਰਹਿਣ ਕਰ ਲਵੇ ਤੇ ਦੋਹਾਂ ਦਾ ਇਕ ਪ੍ਰਤੀਤ ਹੋਣਾ ਹੀ ਸਮਾਧੀ ਹੈ।

<u>ਹਠ ਯੋਗ</u> - ਹਠ ਯੋਗ ਲਈ ਕੁੰਡਲਨੀਯੋਗ ਸ਼ਬਦ ਵੀ ਵਰਤੇ ਜਾਏ ਹਨ। ਸਰੀਰਕ ਅੰਗਾਂ ਨੂੰ ਨਿਯੰਤਰਣ ਵਿਚ ਰਖ ਕੇ ਮਨ ਨੂੰ ਪਾਰਬ੍ਰਹਮ ਵਿਚ ਲਾਣਾ ਹਠ ਯੋਗ ਹੈ। ਆਰਥਰ ਏਵਲਨ ਅਨੁਸਾਰ ਹਠ ਯੋਗ ਉਨ੍ਹਾਂ ਸਾਧਨਾਵਾਂ ਦਾ ਸਮੂਹਿਕ ਰੂਪ ਹੈ ਜਿਨ੍ਹਾਂ ਦਾ ਸਿੱਧਾ ਸੰਬੰਧ ਸਥੂਲ ਸਰੀਰ ਨਾਲ ਹੈ। ਇਹ ਸਥੂਲ ਸਰੀਰ ਸੂਖਮ ਸਰੀਰ ਦਾ ਹੀ ਖੋਲ੍ਹ ਹੈ, ਇਸ ਲਈ ਸਥੂਲ ਸਰੀਰ ਦਾ ਨਿਯੰਤ੍ਰਣ ਹਰ ਹਾਲਤ ਵਿਚ ਸੂਖਮ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ। ਸੂਖਮ ਸਰੀਰ ਹੀ ਯੋਗ ਦਾ ਲਕਸ਼ ਹੈ।[1]

ਹਠ ਯੋਗ ਵਿਚ ਇਹ ਮੰਨਿਆ ਗਿਆ ਹੈ ਕਿ ਮਨੁੱਖੀ ਸਰੀਰ ਵਿਚ ਰੀੜ੍ਹ ਦੀ ਹੱਡੀ ਦੇ ਹੇਠਾਂ ਸੁਖਮਨਾ ਨਾੜੀ ਦੀ ਹੇਠਲੀ ਸਿਰੀ ਪਾਸ ਕੁੰਡਲਿਨੀ ਸ਼ਕਤੀ ਸੱਪ ਦੀ ਤਰ੍ਹਾਂ ਤਿੰਨ ਕੁੰਡਲ ਮਾਰ ਕੇ ਸੁੱਤੀ ਪਈ ਹੈ। ਇਸ ਕੁੰਡਲਨੀ ਸ਼ਕਤੀ ਨੂੰ ਛੇ ਚੱਕਰਾਂ ਦੁਆਰਾ

---

1. Arthur Avalon, The Serpent Power, page 197

ਜਗਾ ਕੇ ਇਹ ਅਖੀਰੀ ਮੰਜ਼ਲ ਤੇ ਪਹੁੰਚਦੀ ਹੈ। ਇਸ ਨੂੰ ਸਹਸ੍ਰਾਰ ਚੱਕਰ, ਸੁੰਨ ਮੰਡਲ ਅਤੇ ਦਸਮ ਦੁਆਰ ਵੀ ਕਿਹਾ ਜਾਂਦਾ ਹੈ। ਜਾਪਦਾ ਹੈ ਕਿ ਕੁੰਡਲਨੀ ਜਦੋਂ ਉਪਰ ਵੱਲ ਉਠਦੀ ਹੈ ਤਾਂ ਉਸ ਤੋਂ ਧਮਾਕਾ ਹੁੰਦਾ ਹੈ ਇਸ ਨੂੰ ਨਾਦ ਕਿਹਾ ਜਾਂਦਾ ਹੈ। ਕੁੰਡਲਨੀ ਨੂੰ ਜਗਾਣ ਤੋਂ ਪਹਿਲਾਂ ਸਰੀਰ ਦੀ ਛੇ ਖਟ ਕਰਮਾਂ (ਧੋਤਿ, ਬਸਤਿ, ਨੇਤਿ, ਤ੍ਰਾਟਕ, ਨੌਲ, ਕਪਾਲਭਾਤਿ) ਦੁਆਰਾ ਸ਼ੁੱਧੀ ਕੀਤੀ ਜਾਂਦੀ ਹੈ। ਜੋਗੀ ਪ੍ਰਾਣ ਸਾਧਨਾ ਨਾਲ ਅਜਪਾ ਜਾਪ ਕਰਦਾ ਸਮਾਧੀ ਨੂੰ ਪ੍ਰਾਪਤ ਹੁੰਦਾ ਹੈ। ਸਮਾਧੀ ਵਿਚ ਉਸ ਨੂੰ ਪਰਮ ਆਨੰਦ ਦੀ ਅਤੇ ਸਿੱਧੀਆਂ ਦੀ ਪ੍ਰਾਪਤੀ ਹੁੰਦੀ ਹੈ।

<u>ਲਯ-ਯੋਗ</u> - ਲੇਖਕ ਦਾ ਕਹਿਣਾ ਹੈ ਕਿ ਦੇਹ ਵਿਚ ਸ਼ਿਵ ਤੇ ਸ਼ਕਤੀ ਦਾ ਵਾਸਾ ਹੈ। ਇਕ ਪੁਰਸ਼ ਸ਼ਕਤੀ ਹੈ ਅਤੇ ਦੂਜੀ ਪ੍ਰਕ੍ਰਿਤੀ ਸ਼ਕਤੀ ਹੈ। ਚਿੱਤ-ਬਿਰਤੀਆਂ ਉਤੇ ਵਸੀਕਾਰ ਪ੍ਰਾਪਤ ਕਰਕੇ ਇਨ੍ਹਾਂ ਦੋਹਾਂ ਸ਼ਕਤੀਆਂ ਨੂੰ ਲੀਨ ਕਰਨਾ ਹੀ 'ਲਯ' ਹੈ, ਜਿਸ ਦੁਆਰਾ ਯੋਗੀ ਨੂੰ ਮੋਖ ਦੀ ਪ੍ਰਾਪਤੀ ਹੁੰਦੀ ਹੈ।[1] ਇਸ ਵਿਚ ਧਿਆਨ ਦਾ ਜ਼ੋਰ ਹੈ ਇਸੇ ਲਈ ਇਸ ਨੂੰ ਧਿਆਨ ਯੋਗ ਵੀ ਕਿਹਾ ਗਿਆ ਹੈ।

<u>ਮੰਤਰ ਯੋਗ</u> - ਮੰਤਰ ਯੋਗ ਵਿਚ ਜਪ ਸਾਧਨਾ ਤੇ ਜ਼ੋਰ ਹੈ। ਜਦੋਂ ਕਿਸੇ ਮੰਤਰ ਦੁਆਰਾ ਚਿੱਤ-ਬ੍ਰਿਤੀ ਦਾ ਨਿਰੋਧ ਕੀਤਾ ਜਾਵੇ, ਉਸ ਨੂੰ ਮੰਤ੍ਰ ਯੋਗ ਆਖਦੇ ਹਨ। ਪਤੰਜਲੀ ਦੇ ਯੋਗ ਦਰਸ਼ਨ ਵਿਚ ਓਅੰਕਾਰ ਸ਼ਬਦ ਦੇ ਜਾਪ ਤੇ ਜ਼ੋਰ ਦਿੱਤਾ ਗਿਆ ਹੈ।

<u>ਰਾਜ ਯੋਗ</u> - ਰਾਜ ਯੋਗ ਨੂੰ ਉੱਤਮ ਯੋਗ ਮੰਨਿਆ ਗਿਆ ਹੈ ਕਿਉਂਕਿ ਇਹ ਮਨ ਤੇ ਆਧਾਰਤ ਹੈ। ਜਿਸ ਤਰ੍ਹਾਂ ਹਠ ਯੋਗ ਵਿਚ ਪ੍ਰਾਣ ਸਾਧਨਾ ਨੂੰ ਅਤੇ ਲਯ ਤੇ ਮੰਤਰ ਯੋਗ ਵਿਚ ਨਾਦ ਸਾਧਨਾ ਨੂੰ ਮਹੱਤਵ ਮਿਲਿਆ ਹੈ, ਉਸ ਤਰ੍ਹਾਂ ਰਾਜ ਯੋਗ ਵਿਚ ਮਨ ਸਾਧਨਾ ਉਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ।[2] ਮਨ ਟਿਕਣ ਦੀ ਅਵਸਥਾ ਨੂੰ 'ਉਨਮਨੀ' ਕਿਹਾ ਗਿਆ ਹੈ।

<u>ਗੁਰਬਾਣੀ ਵਿਚ ਯੋਗ ਸਾਧਨਾ</u> - ਗੁਰਬਾਣੀ ਵਿਚ ਯੋਗ ਦੇ ਪਰਿਭਾਸ਼ਿਕ ਸ਼ਬਦਾਂ ਦੀ ਭਰਮਾਰ ਵਰਤੀ ਹੋਈ ਹੈ। ਗੁਰਬਾਣੀ ਵਿਚ ਪ੍ਰਚਲਤ ਯੋਗ ਦਾ ਖੰਡਨ ਕੀਤਾ ਗਿਆ ਅਤੇ ਇਸ ਦੀ ਸ਼ਬਦਾਵਲੀ ਵਰਤ ਕੇ ਇਸ ਦੇ ਸਿਧਾਂਤਾਂ ਨੂੰ ਨਵੇਂ ਸੰਕਲਪ ਵਿਚ ਵਰਤਿਆ। ਗੁਰਬਾਣੀ

---

1. Arthur Avalon, The Serpent Power, page 222
2. ਡਾ: ਗੋਬਿੰਦ ਤ੍ਰਿਗੁਣਾਇਤ, ਹਿੰਦੀ ਕੀ ਨਿਰਗੁਣ ਕਾਵਿ ਧਾਰਾ, ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ, ਪੰਨਾ 529

ਵਿਚ ਕਿਸੇ ਉਚੇਚ ਘਟਨਾ ਦੇ ਜੋਗ ਦੀ ਨਹੀਂ ਸਗੋਂ ਸਹਿਜ ਸੁਭਾਅ ਜੋਗ ਦੀ ਚਰਚਾ ਹੈ ਜਿਸ ਨੂੰ ਸਹਿਜਜੋਗ ਜਾਂ ਵਾਸਤਵਿਕ ਜੋਗ ਕਿਹਾ ਜਾਂਦਾ ਹੈ।

ਗੁਰਬਾਣੀ ਵਿਚ ਕਈ ਤੁਕਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਵਿਚ ਜੋਗੀਆਂ ਦੇ ਆਡੰਬਰ, ਭੇਖਾਂ, ਉਨ੍ਹਾਂ ਦੀਆਂ ਕ੍ਰਿਆਵਾਂ ਦਾ ਸਖ਼ਤ ਵਿਰੋਧ ਕੀਤਾ ਗਿਆ। ਪਾਖੰਡ ਪੂਰਨ ਕਰਮਾਂ ਨਾਲ ਪ੍ਰਭੂ ਨਾਲ ਪਿਆਰ ਨਹੀਂ ਪੈਦਾ ਹੁੰਦਾ ਅਤੇ ਕਈ ਵੇਸ ਕਰਨ ਨਾਲ ਮਨ ਦੀ ਹਉਮੈਂ ਮੈਲ ਨਹੀਂ ਉਤਰਦੀ। ਇਨ੍ਹਾਂ ਤਪਾਂ, ਵੇਸਾਂ ਆਸਨਾਂ ਦਾ ਕੋਈ ਲਾਭ ਨਹੀਂ ਸਗੋਂ ਇਹ ਦੇਹੀ ਨੂੰ ਦੁੱਖ ਦੇਣ ਵਾਲੀ ਗੱਲ ਹੈ। ਗੁਰਬਾਣੀ ਦੀ ਇਨ੍ਹਾਂ ਵਿਚ ਕੋਈ ਰੁਚੀ ਨਹੀਂ:

1. ਹਠ ਨਿਗ੍ਰਹੁ ਕਰਿ ਕਾਇਆ ਛੀਜੈ॥
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ॥[1]

2. ਜੋਗ ਨ ਖਿੰਥਾ ਜੋਗ ਨ ਡੰਡੈ, ਜੋਗ ਨ ਭਸਮ ਚੜਾਈਐ॥
ਜੋਗ ਨ ਮੁੰਦੀ ਮੂੰਡਿ ਮੁਡਾਇਐ, ਜੋਗ ਨ ਸਿੰਙੀ ਵਾਈਐ॥
ਜੋਗ ਨ ਬਾਹਰ ਮੜੀ ਮਸਾਣੀ ਜੋਗ ਨ ਤਾੜੀ ਲਾਈਐ॥
ਜੋਗ ਨ ਦੇਸ ਦਿਸੰਤਰ ਭਵਿਐ ਜੋਗ ਨ ਤੀਰਥ ਨਾਈਐ॥[2]

3. ਚਾੜ੍ਹਸਿ ਪਵਨੁ ਸਿੰਘਾਸਨੁ ਭੀਜੈ॥ ਨਿਉਲੀ ਕਰਮ ਖਟੁਕਰਮ ਕਰੀਜੈ॥
ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ॥[3]

4. ਹਠੁ ਕਰਿ ਮਾਰੈ ਨ ਲੇਖੈ ਪਾਵੈ॥
ਵੇਸ ਕਰੈ ਬਹੁ ਭਸਮ ਲਗਾਵੈ॥
ਨਾਮੁ ਬਿਸਾਰਿ ਬਹੁਰਿ ਪਛੁਤਾਵੈ॥[4]

5. ਸਿਧਾਂ ਕੇ ਆਸਣ ਜੇ ਸਿਖੈ, ਇੰਦ੍ਰੀ ਵਸਿ ਕਰ ਕਮਾਇ॥
ਮਨ ਕੀ ਮੈਲ ਨ ਉਤਰੈ ਹਉਮੈ ਮੈਲ ਨ ਜਾਇ॥[5]

6. ਆਸਣ ਸਿਧਿ ਸਿਖਹਿ ਬਹੁਤੇਰੇ।
ਮਨ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ॥
ਤ੍ਰਿਪਤਿ ਸੰਤੋਖ ਮਨਸਾਂਤਿ ਨ ਆਵੈ,
ਮਿਲ ਸਾਧੂ ਤ੍ਰਿਪਤਿ ਹਰਿਨਾਮ ਸਿਧਿ ਪਈਆ॥[6]

---

1. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 905
2. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 730
3. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 905
4. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 226
5. ਵਡਹੰਸ ਮਹਲਾ 3, ਗੁਰੂ ਗ੍ਰੰਥ, ਪੰਨਾ 558
6. ਬਿਲਾਵਲ ਮਹਲਾ 4, ਗੁਰੂ ਗ੍ਰੰਥ, ਪੰਨਾ 835

7. ਨਿਵਲੀ ਕਰਮ ਭੁਅੰਗਮ ਭਾਠੀ,ਰੇਚਕ ਪੂਰਕ ਕੁੰਭ ਕਰੈ॥
ਬਿਨ ਸਤਗੁਰੁ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡ ਮਰੈ॥
ਅੰਧਾ ਭਰਿਆ ਭਰ ਭਰ ਧੋਵੈ,ਅੰਤਰ ਕੀ ਮੈਲ ਕਦੇ ਨ ਲਹੈ॥
ਨਾਮ ਬਿਨਾ ਫੋਕਟ ਸਭ ਕਰਮਾ ਜਿਉ ਬਾਜੀਗਰ ਭਰਮ ਭੁਲੈ॥[1]

8. ਤਾਗਾ ਕਰਿ ਕੈ ਲਾਈ ਥਿਗਲੀ॥
ਲਉ ਨਾੜੀ ਸੂਆ ਹੈ ਅਸਤੀ॥
ਅੰਭੈ ਕਾ ਕਰਿ ਡੰਡਾ ਧਰਿਆ॥
ਕਿਆ ਤੂ ਜੋਗੀ ਗਰਬਹਿ ਪਰਿਆ॥
ਜਪਿ ਨਾਥੁ ਦਿਨੁ ਰੈਣਾਈ॥
ਤੇਰੀ ਖਿੰਥਾ ਦੋ ਦਿਹਾਈ॥
ਗਹਰੀ ਬਿਭੂਤ ਲਾਇ ਬੈਠਾ ਤਾੜੀ॥
ਮੇਰੀ ਤੇਰੀ ਮੁੰਦ੍ਰਾ ਧਾਰੀ॥
ਮਾਗਹਿ ਟੂਕਾ ਤ੍ਰਿਪਤਿ ਨ ਪਾਵੈ॥
ਨਾਥੁ ਛੋਡਿ ਜਾਚਹਿ ਲਾਜ ਨ ਆਵੈ॥
ਚਲਚਿਤ ਜੋਗੀ ਆਸਣੁ ਤੇਰਾ॥
ਸਿੰਙੀ ਵਾਜੈ ਨਿਤ ਉਦਾਸੇਰਾ॥
ਗੁਰ ਗੋਰਖ ਕੀ ਤੈ ਬੂਝ ਨ ਪਾਈ॥
ਫਿਰਿ ਫਿਰਿ ਜੋਗੀ ਆਵੈ ਜਾਈ॥[2]

ਗੁਰਬਾਣੀ ਵਿਚ ਰਿਧੀਆਂ ਸਿਧੀਆਂ ਵਿਚ ਵਿਸ਼ਵਾਸ ਨਹੀਂ ਹੈ। ਇਨ੍ਹਾਂ ਨਾਲ ਹਉਮੈਂ ਪੈਦਾ ਹੁੰਦੀ ਹੈ ਅਤੇ ਇਹ ਦੂਜੇ ਭਾਵ ਨਾਲ ਪਿਆਰ ਪਾਈਆਂ ਹਨ:[3]

ਰਿਧਿ ਸਿਧਿ ਅਵਰਾ ਸਾਦ॥

ਘਰ ਬਾਰ ਦੇ ਤਿਆਗ ਨੂੰ ਗੁਰਬਾਣੀ ਠੀਕ ਨਹੀਂ ਸਮਝਦੀ। ਅਜਿਹੀ ਸਾਧਨਾ ਦੁਆਰਾ ਜੋਗੀ ਕਈ ਸਾਲ ਤਪੱਸਿਆ ਕਰਕੇ ਵੀ ਮਾਨਸਿਕ ਤਸਲੀ ਪ੍ਰਾਪਤ ਨਹੀਂ ਕਰ ਸਕਦਾ:

1. ਇਉ ਜੋਗ ਨ ਹੋਵੈ ਜੋਗੀ,ਜਿ ਕੁਟੰਬ ਛੋਡ ਪਰਿਭਵਣ ਕਰਹਿ॥[4]

2. ਅਨਿਕ ਬਰਖ ਕੀਏ ਜਪ ਤਾਪਾ॥
ਗਵਨੁ ਕੀਆ ਧਰਤੀ ਭਰਮਾਤਾ॥
ਇਕੁ ਖਿਨੁ ਹਿਰਦੈ ਸਾਂਤਿ ਨ ਆਵੈ
ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ॥[5]

---

1. ਪਰਭਾਤੀ ਮਹਲਾ 1,ਗੁਰੂ ਗ੍ਰੰਥ,ਪੰਨਾ 1343
2. ਰਾਮਕਲੀ ਮਹਲਾ 5,ਗੁਰੂ ਗ੍ਰੰਥ,ਪੰਨਾ 886
3. ਜਪੁ,ਗੁਰੂ ਗ੍ਰੰਥ,ਪੰਨਾ 6
4. ਰਾਮਕਲੀ ਮਹਲਾ 3,ਗੁਰੂ ਗ੍ਰੰਥ,ਪੰਨਾ 909
5. ਮਾਝ ਮਹਲਾ 5,ਗੁਰੂ ਗ੍ਰੰਥ,ਪੰਨਾ 98

ਗੁਰ ਬਾਣੀ ਵਿਚ ਇਨ੍ਹਾਂ ਬਾਹਰੀ ਅਡੰਬਰਾਂ ਪ੍ਰਤੀ ਨਫ਼ਰਤ ਦਿਖਾਈ ਹੈ ਅਤੇ ਇਨ੍ਹਾਂ ਦੇ ਅੰਦਰਲੇ ਅਰਥ ਸਮਝਾ ਕੇ ਇਨ੍ਹਾਂ ਨੂੰ ਸਰਲ ਤੇ ਸਹਜ ਸੁਭਾਅ ਕਰਨ ਤੇ ਜ਼ੋਰ ਦਿੱਤਾ ਹੈ। ਗੁਰਬਾਣੀ ਇਸ ਨੂੰ ਵਾਸਤਵਿਕ ਯੋਗ ਕਹਿੰਦੀ ਹੈ। ਗੁਰੂ ਸਾਹਿਬਾਨ ਨੇ ਕਈ ਯੋਗ ਸ਼ਬਦਾਂ ਨੂੰ ਨਵੇਂ ਅਰਥ ਵੀ ਦਿੱਤੇ ਜੋ ਉਨ੍ਹਾਂ ਦੇ ਵਾਸਤਵਿਕ ਯੋਗ ਨਾਲ ਮੇਲ ਨਹੀਂ ਖਾਏ ਸਨ। ਅਨਹਦ ਨਾਦ, ਸੁੰਨ ਸਮਾਧਿ, ਦਸਮ ਦੁਆਰ, ਅਜਪਾ ਜਪ ਆਦਿ ਸ਼ਬਦਾਂ ਨੂੰ ਨਵੇਂ ਸੰਕਲਪ ਦਿੱਤੇ। ਗੁਰਬਾਣੀ ਵਿਚ ਵੀ ਅਨਾਹਤ ਜਾਂ ਅਨਹਦ ਸ਼ਬਦ ਦੀ ਵਰਤੋਂ ਹੋਈ ਹੈ ਪਰ ਇਸ ਦਾ ਸਰੂਪ ਯੋਗਿਕ ਅਨਹਦ ਨਾਦ ਤੋਂ ਵੱਖਰਾ ਹੈ। ਯੋਗਿਕ ਅਨਹਦ ਨਾਦ ਹਠ ਸਾਧਨਾਂ ਦੁਆਰਾ, ਕੁੰਡਲਨੀ ਦੇ ਜਾਗਣ ਤੇ ਦਸਮ ਦੁਆਰ ਤੋਂ ਪਹਿਲਾਂ ਹੀ ਸੁਣਨਾ ਸ਼ੁਰੂ ਹੋ ਜਾਂਦਾ ਹੈ। ਪਰ ਗੁਰਬਾਣੀ ਵਿਚ ਇਹ ਨਾਮ ਦੁਆਰਾ ਦਸਮ ਦੁਆਰ ਵਿਚ ਪਹੁੰਚ ਕੇ ਸੁਣਾਈ ਦਿੰਦਾ ਹੈ। ਆਤਮਕ ਅਨੰਦ ਨੂੰ ਹੀ ਅਨਹਦ ਸ਼ਬਦ ਜਾਂ ਧੁਨੀ ਕਿਹਾ ਹੈ।[1] ਯੋਗੀ ਪ੍ਰਾਣਾਯਾਮ ਤੇ ਛੇ ਚੱਕਰ ਵਿੰਨ੍ਹ ਕੇ ਦਸਮ ਦੁਆਰ ਪੁੱਜਦਾ ਹੈ ਪਰ ਗੁਰਬਾਣੀ ਵਿਚ ਨਾਮ ਜਪ ਕੇ ਦਸਮ ਦੁਆਰ ਤੇ ਇਸ ਦਾ ਅੰਮ੍ਰਿਤ ਰਸ ਮਾਣਿਆ ਜਾ ਸਕਦਾ ਹੈ। ਗੁਰਬਾਣੀ ਵਿਚ ਅਜਪਾ ਜਪ ਹੰਸ ਨਹੀਂ ਸਗੋਂ ਨਾਮ ਸਿਮਰਨ ਹੈ। ਗੁਰਬਾਣੀ ਵਿਚ ਯੋਗੀਆਂ ਦੀ ਅੰਤਿਮ ਅਵਸਥਾ ਸੁੰਨ-ਸਮਾਧਿ ਹਠ ਯੋਗ ਦੁਆਰਾ ਨਹੀਂ ਨਾਮ ਦੁਆਰਾ ਪ੍ਰਾਪਤ ਹੁੰਦੀ ਹੈ। ਇਹ ਵਿਚਾਰ ਗੁਰੂ ਸਾਹਿਬਾਨ ਦੇ ਸ਼ਬਦਾਂ ਵਿਚ ਦੇਖੇ ਜਾ ਸਕਦੇ ਹਨ:

1. ਨਉ ਦਰ ਠਾਕੇ ਧਾਵਤੁ ਰਹਾਏ॥
   ਦਸਵੈ ਨਿਜਘਰ ਵਾਸਾ ਪਾਏ॥
   ਓਥੈ ਅਨਹਦ ਸਬਦ ਵਜਹਿ ਦਿਨ ਰਾਤੀ,
   ਗੁਰਮਤੀ ਸਬਦ ਸੁਣਾਵਣਿਆ॥[2]

2. ਅੰਮ੍ਰਿਤ ਰਸ ਸਤਗੁਰੂ ਚੁਆਇਆ॥
   ਦਸਵੈ ਦੁਆਰ ਪ੍ਰਗਟ ਹੋਇ ਆਇਆ॥
   ਤਹਿ ਅਨਹਦ ਸਬਦ ਵਜਹਿ ਧੁਨਿ ਬਾਣੀ, ਸਹਜੇ ਸਹਜ ਸਮਾਈ॥[3]

3. ਸੁੰਨ ਸਮਾਧਿ ਸਹਜਿ ਮਨੁ ਰਾਤਾ॥[4]
4. ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
   ਦੇਹੀ ਮਹਿ ਇਸ ਕਾ ਬਿਸ੍ਰਾਮੁ॥
   ਸੁੰਨਿ ਸਮਾਧਿ ਅਨਹਤ ਤਹ ਨਾਦ॥
   ਕਹਨੁ ਨ ਜਾਈ ਅਚਰਜ ਵਿਸਮਾਦ॥[5]

---

1. ਸ਼ਬਦਾਰਥ, ਪੰਨਾ 124
2. ਮਾਝ ਮਹਲਾ 3, ਗੁਰੂ ਗ੍ਰੰਥ, ਪੰਨਾ 124
3. ਮਾਰੂ ਮਹਲਾ 4, ਗੁਰੂ ਗ੍ਰੰਥ, ਪੰਨਾ 1069
4. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 904
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 293

5. ਅਜਪਾ ਜਾਪੁ ਜਪੈ ਮੁਖਿ ਨਾਮ॥[1]

ਗੁਰਬਾਣੀ ਦਾ ਯੋਗ ਬਾਹਰੀ ਭੇਖਾਂ ਨਾਲੋਂ ਅੰਤਰ-ਸਾਧਨਾ ਤੇ ਬਲ ਦੇਂਦਾ ਹੈ ਜਿਸ ਵਿਚ ਕਿਸੇ ਤਿਆਗ ਦੀ ਲੋੜ ਨਹੀਂ ਸੰਸਾਰ ਵਿਚ ਹੀ ਨਿਰਲਿਪਤ ਰਹਿ ਕੇ ਗੁਰੂ ਸ਼ਬਦ ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਨੇ ਯੋਗ ਦਾ ਯਥਾਰਥ ਰੂਪ ਕਈ ਥਾਂ ਵਰਨਣ ਕੀਤਾ ਹੈ:

1. ਗੁਰ ਕਾ ਸਬਦ ਮਨੈ ਮਹਿ ਮੁੰਦ੍ਰਾ, ਖਿੰਥਾ ਖਿਮਾ ਹਢਾਵਉ॥
ਜੋ ਕਿਛੁ ਕਰੈ ਭਲਾ ਕਰ ਮਾਨਉ, ਸਹਜ ਜੋਗ ਨਿਧਿ ਪਾਵਉ॥
ਬਾਬਾ, ਜੁਗਤਾ ਜੀਉ ਜੁਗਹਿ ਜੁਗ ਜੋਗੀ, ਪਰਮਤੰਤ ਮਹਿ ਜੋਗੰ॥
ਅੰਮ੍ਰਿਤ ਨਾਮ ਨਿਰੰਜਨ ਪਾਇਆ, ਗਿਆਨ ਕਾਇਆ ਰਸ ਭੋਗੰ॥
ਸਿਵ ਨਗਰੀ ਮਹਿ ਆਸਣ ਬੈਸਉ, ਕਲਪ ਤਿਆਗੀ ਬਾਦੰ॥
ਸਿੰਙੀ ਸਬਦ ਸਦਾ ਧੁਨਿ ਸੋਹੈ, ਅਹਿਨਿਸ ਪੂਰੈ ਨਾਦੰ॥
ਪਤ ਵੀਚਾਰ, ਗਿਆਨ ਮਤਿ ਡੰਡਾ, ਵਰਤਮਾਨ ਬਿਭੂਤ॥
ਹਰਿ ਕੀਰਤਿ ਰਹਿਰਾਸ ਹਮਾਰੀ, ਗੁਰਮੁਖ ਪੰਥ ਅਤੀਤ॥
ਸਗਲੀ ਜੋਤਿ ਹਮਾਰੀ ਸੰਮਿਆ, ਨਾਨਾ ਵਰਨ ਅਨੇਕੰ॥ [2]
ਕਹੁ ਨਾਨਕ, ਸੁਣ ਭਰਥਰਿ ਜੋਗੀ, ਪਾਰਬ੍ਰਹਮ ਲਿਵ ਏਕੰ॥

2. ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤ ਵਰਜਰਹਾਈਐ॥
ਨਿਝਰ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥
ਨਾਨਕ ਜੀਵਤਿਆ ਮਰ ਰਹੀਐ ਐਸਾ ਜੋਗ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉਪਦ ਪਾਈਐ॥ [3]
ਅੰਜਨ ਮਾਹਿ ਨਿਰੰਜਨ ਰਹੀਐ, ਜੋਗ ਜੁਗਤਿ ਤਉ ਪਾਈਐ॥

3. ਜੋਗ ਨ ਭਗਵੀ ਕਪੜੀ, ਜੋਗ ਨ ਮੈਲੇ ਵੇਸ॥ [4]
ਨਾਨਕ ਘਰ ਬੈਠਿਆ ਜੋਗ ਪਾਈਐ ਸਤਿਗੁਰ ਕੇ ਉਪਦੇਸ॥

4. ਨਾਨਕ ਸਤਿਗੁਰੁ ਭੇਟੀਐ ਪੂਰੀ ਹੋਵੈ ਜੁਗਤਿ॥ [5]
ਹਸੰਦਿਆ ਖੇਲੰਦਿਆ ਪੈਨੰਦਿਆ, ਖਾਵੰਦਿਆ, ਵਿਚੇ ਹੋਵੈ ਮੁਕਤਿ॥

---

1. ਬਿਲਾਵਲ ਮਹਲਾ 1, ਗੁਰੂ ਗ੍ਰੰਥ, ਪੰਨਾ 840
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 359
3. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 730
4. ਸਲੋਕ ਮਹਲਾ 3, ਗੁਰੂ ਗ੍ਰੰਥ, ਪੰਨਾ 1421
5. ਗੂਜਰੀ ਮਹਲਾ 5, ਗੁਰੂ ਗ੍ਰੰਥ, ਪੰਨਾ 522

5. ਸਰਮੇਂ ਦੀਆਂ ਮੁੰਦ੍ਰਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂ ਦਇਆ॥
ਆਵਣੁ ਜਾਣੁ ਬਿਭੂਤਿ ਲਾਇ ਜੋਗੀ ਤਾ ਤੀਨਿ ਭਵਣ ਜਿਣਿ ਲਇਆ॥
ਐਸੀ ਕਿੰਗੁਰੀ ਵਜਾਇ ਜੋਗੀ॥
ਜਿਤੁ ਕਿੰਗੁਰੀ ਅਨਹਦੁ ਵਾਜੈ ਹਰਿ ਸਿਉ ਰਹੈ ਲਿਵ ਲਾਇ॥
ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ॥
ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ॥
ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ॥
ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ॥[1]

ਗੁਰੂ ਸਾਹਿਬਾਨ ਅੰਤਰਮੁਖੀ ਹੋ ਕੇ ਅੰਦਰਲੀ ਮੈਲ ਨੂੰ ਧੋ ਕੇ ਗੁਰੂ ਦੀ ਸਹਾਇਤਾ ਨਾਲ ਨਾਮ ਸਾਧਨਾ ਤੇ ਚਲ ਕੇ ਪ੍ਰਭੂ ਪ੍ਰਾਪਤੀ ਨੂੰ ਯੋਗ ਮੰਨਦੀ ਹੈ। ਗੁਰੂ ਅਮਰਦਾਸ ਦਾ ਕਥਨ ਹੈ:

1. ਏਹੁ ਸਰੀਰੁ ਸਰਵਰੁ ਹੈ ਸਤਹੁੰ ਇਸਨਾਨੁ ਕਰੇ ਲਿਵ ਲਾਈ॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ॥
ਤ੍ਰੈਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ॥

ਗੁਰਬਾਣੀ ਦੇ ਯੋਗ ਵਿਚ ਸੰਸਾਰਿਕ ਵਿਸ਼ਿਆਂ ਪ੍ਰਤੀ ਅਰੁਚੀ ਹੈ। ਨਾਮ ਜਪ, ਸਤ, ਸੰਤੋਖ, ਪ੍ਰਭੂ, ਭੈ, ਸਤਸੰਗਤ, ਗੁਰੂ ਦੀ ਸ਼ਰਨ ਇਨ੍ਹਾਂ ਸਦਵ੍ਰਿਤੀਆਂ ਤੇ ਜ਼ੋਰ ਹੈ।

ਗੁਰੂ ਨਾਨਕ ਨੇ ਰਾਗ ਗਉੜੀ ਵਿਚ ਅਸਲੀ ਮੁੰਦਰਾਂ ਕੰਨ ਦੀ ਥਾਂ ਹਿਰਦੇ ਵਿਚ ਪਾਣ ਲਈ ਕਿਹਾ ਹੈ ਭਾਵ ਹਿਰਦੇ ਵਿਚ ਮਾੜੀਆਂ ਵਾਸ਼ਨਾਵਾਂ ਨੂੰ ਰੋਕਣ ਤੇ ਜ਼ੋਰ ਦਿੱਤਾ ਹੈ। ਇਸ ਰਾਹ ਤੇ ਚਲ ਕੇ ਹੀ ਜੋਗ ਪਾਇਆ ਜਾ ਸਕਦਾ ਹੈ:

1. ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਇਆ ਕੀਜੈ ਖਿੰਥਾਤਾ॥
ਪੰਚ ਚੇਲੇ ਵਸ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ॥
ਜੋਗ ਜੁਗਤਿ ਇਵ ਪਾਵਸਿਤਾ॥[2]

---

1. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 908
2. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 155

2. ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥
ਵਸਗਤਿ ਪੰਚ ਕਰੇ ਨਹ ਡੋਲੈ॥
ਐਸੀ ਜੁਗਤਿ ਜੋਗ ਕਉ ਪਾਲੇ॥ [1]

ਸੱਚੇ ਜੋਗੀ ਲਈ ਜਤ, ਸਤ, ਸੰਜਮ, ਮਾਨਵੀ ਗੁਣਾਂ ਦੀ ਜ਼ਰੂਰਤ ਹੈ:

1. ਜਤੁ ਸਤੁ ਸੰਜਮੁ ਸਚੁ ਸੁਚੀਤੁ॥
ਨਾਨਕ ਜੋਗੀ ਤ੍ਰਿਭਵਣ ਮੀਤੁ॥ [2]

2. ਮੁੰਦਾ ਸੰਤੋਖੁ ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ [3]

ਗੁਰਬਾਣੀ ਦੇ ਯੋਗ ਦੀ ਨਾਮ ਸਾਧਨਾ ਹੈ। ਇਸੇ ਲਈ ਇਸ ਨੂੰ ਸੁਰਤ ਸ਼ਬਦ ਯੋਗ ਵੀ ਕਿਹਾ ਗਿਆ ਹੈ। ਭਾਈ ਕਾਨ੍ਹ ਸਿੰਘ ਨੇ ਗੁਰੂ ਦੇ ਸ਼ਬਦ ਵਿਚ ਜੁੜੀ ਬ੍ਰਿਤੀ ਨੂੰ ਸ਼ਬਦ ਸੁਰਤ ਕਿਹਾ ਹੈ।[4] ਬ੍ਰਹਮ ਦੀ ਪ੍ਰਾਪਤੀ ਲਈ ਗੁਰਬਾਣੀ ਇਸੇ ਨਾਮ ਸਾਧਨਾ ਨੂੰ ਸਵੀਕਾਰ ਕਰਦੀ ਹੈ। ਇਸ ਸ਼ਬਦ ਸੁਰਤ ਤੋਂ ਬਿਨਾਂ ਜੀਵ ਆਵਾਗਵਨ ਵਿਚ ਪਿਆ ਰਹਿੰਦਾ ਹੈ:

1. ਸਾਕਤ ਨਰਿ ਸਬਦਿ ਸੁਰਤਿ ਕਿਉ ਪਾਈਐ॥
ਸਬਦ ਸੁਰਤਿ ਬਿਨੁ ਆਈਐ ਜਾਈਐ॥ [5]

2. ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੈ॥ [6]

ਜੋਗ ਕਮਾਉਣ ਲਈ ਸ਼ਬਦ ਬਹੁਤ ਜ਼ਰੂਰੀ ਹੈ ਇਸ ਤੋਂ ਬਿਨਾਂ ਨਾ ਮਨ ਕਾਬੂ ਹੋ ਸਕਦਾ ਹੈ ਅਤੇ ਨਾ ਆਤਮਿਕ ਸੁਖ ਮਿਲ ਸਕਦਾ ਹੈ:

1. ਸਬਦਿ ਮਰੈ ਮਨੁ ਮਾਰੈ ਅਉਧੂ ਜੋਗ ਜੁਗਤਿ ਵੀਚਾਰੀ॥ [7]
ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ॥
2. ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖ ਹੋਈ॥ [8]

---

1. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 877
2. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 903
3. ਜਪੁ, ਗੁਰੂ ਗ੍ਰੰਥ, ਪੰਨਾ 6
4. ਭਾਈ ਕਾਨ੍ਹ ਸਿੰਘ, ਮਹਾਨਕੋਸ਼, ਪੰਨਾ 117
5. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1042
6. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1031
7. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 908
8. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 946

ਇਹ ਨਾਮ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ ਸੋ ਜਦ ਤਕ ਗੁਰੂ ਨਹੀਂ ਮਿਲਦਾ ਤਦ ਤਕ ਨਾ ਨਾਮ ਮਿਲ ਸਕਦਾ ਹੈ ਨਾ ਜੋਗ ਕਮਾ ਸਕੀਦਾ ਹੈ। ਗੁਰੂ ਦੁਆਰਾ ਹੀ ਮਨ ਮਾਰਿਆ ਜਾ ਸਕਦਾ ਹੈ ਅਤੇ ਗੁਰ ਉਪਦੇਸ਼ ਦੁਆਰਾ ਹੀ ਜੋਗ ਦੀ ਪ੍ਰਾਪਤੀ ਹੁੰਦੀ ਹੈ:

1. ਗੁਰ ਮਨ ਮਾਰਿਓ ਕਰ ਸੰਜੋਗੁ॥
ਅਹਿਨਿਸ ਰਾਵੇ ਭਗਤਿ ਜੋਗ॥
ਗੁਰ ਸੰਤ ਸਭਾ ਦੁਖ ਮਿਟੈ ਰੋਗ॥
ਜਨ ਨਾਨਕ ਹਰਿਵਰ ਸਹਿਜ ਜੋਗ॥[1]

2. ਗੁਰ ਕਾ ਸਬਦ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹੰਢਾਵਉ॥
ਜੋ ਕਿਛੁ ਕਰੈ ਭਲਾ ਕਰ ਮਾਨਉ ਸਹਿਜ ਜੋਗ ਨਿਧਿ ਪਾਵਉ॥[2]

3. ਗੁਰੂ ਕੇ ਬਚਨ ਕਮਾਨੇ ਰਾਜ ਜੋਗ, ਗੁਰੂ ਕੈ ਸੰਗ ਤਰਿਆ ਸਭ ਲੋਗ॥[3]

4. ਸਤਿਗੁਰੁ ਸੇਵੇ ਮਨਿ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ॥[4]

ਉਪਰੋਕਤ ਵਰਣਿਤ ਜੋਗ ਹੀ ਗੁਰਬਾਣੀ ਦਾ ਜੋਗ ਹੈ ਜਿਸ ਨੂੰ ਬ੍ਰਹਮ ਜੋਗ, ਸੁਰਤ ਸ਼ਬਦ ਜੋਗ ਅਤੇ ਸਹਿਜ ਜੋਗ ਕਿਹਾ ਗਿਆ ਹੈ। ਇਸ ਨਾਲ ਕੋਈ ਉਚੇਚਾ ਯਤਨ ਨਹੀਂ ਕਰਨਾ ਪੈਂਦਾ, ਨਾ ਹੀ ਯੋਗਿਕ ਕ੍ਰਿਆ ਵਰਗੇ ਕੋਈ ਨਿਯਮ ਹਨ। ਮਨ ਨੂੰ ਟਿਕਾਣ ਤੋਂ ਇਹ ਸ਼ੁਰੂ ਹੁੰਦਾ ਹੈ ਅਤੇ ਨਾਮ ਸਾਧਨਾ ਦੁਆਰਾ ਬ੍ਰਹਮ ਦੀ ਸੱਤਾ ਦਾ ਅਨੁਭਵ ਕਰਨਾ ਇਸ ਦਾ ਮਨੋਰਥ ਹੈ। ਇਹ ਕ੍ਰਿਤ ਕਰਨਾ ਜੋਗੀ ਲਈ ਸਹਿਜ ਸੁਭਾਵਕ ਬਣ ਜਾਂਦਾ ਹੈ।

ਉਪਨਿਸ਼ਦਾਂ ਵਿਚ ਅਸ਼ਟਾਂਗ ਦੇ ਅੱਠ ਅੰਗ ਕਿਧਰੇ ਵੀ ਇਕੱਠੇ ਨਹੀਂ ਆਏ। ਪਰ ਇਸ ਦੇ ਖਿਲਰੇ ਹੋਏ ਅੰਗਾਂ ਦਾ ਜ਼ਿਕਰ ਉਪਨਿਸ਼ਦਾਂ ਵਿਚ ਮਿਲ ਜਾਂਦਾ ਹੈ। ਉਪਨਿਸ਼ਦਾਂ ਵਿਚ ਜੋਗ ਦੇ ਅਮਲ ਦਾ ਲਕਸ਼ ਪਰਮਗਿਆਨ ਦੀ ਪ੍ਰਾਪਤੀ ਹੈ। ਇਹ ਸਾਰੇ ਜੋਗ ਅਮਲ ਘਰ ਵਿਚ ਹੀ ਰਹਿ ਕੇ ਕੀਤੇ ਜਾ ਸਕਦੇ ਹਨ, ਕਿਸੇ ਤਿਆਗ ਦੀ ਜ਼ਰੂਰਤ ਨਹੀਂ। ਛਾਂਦੋਗ ਉਪਨਿਸ਼ਦ(8.15.1) ਵਿਚ ਯਮ ਨਿਯਮ ਅਤੇ ਧਾਰਣਾ ਦੀ ਆਵਸ਼ਕਤਾ ਦੱਸੀ ਹੈ। ਪਰਿਵਾਰ ਵਿਚ ਰਹਿੰਦਿਆਂ ਹੋਇਆਂ ਪਵਿੱਤਰ ਸਥਾਨ ਤੇ ਬੈਠ ਕੇ ਸਵਾਧਿਆਏ ਕਰਦਾ ਹੋਇਆ..... ਸਾਰੀਆਂ ਇੰਦਰੀਆਂ ਨੂੰ ਇਕਾਗਰ ਕਰਕੇ ਸਾਰੇ ਪ੍ਰਾਣੀਆਂ ਨੂੰ ਨਾ ਸਤਾਉਂਦਾ ਹੋਇਆ, ਉਹ

---

1. ਬਸੰਤ ਮਹਲਾ 1, ਗੁਰੂ ਗ੍ਰੰਥ, ਪੰਨਾ 1170
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 359
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 239
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1062

ਆਯੂ ਭਰ ਇਸ ਤਰ੍ਹਾਂ ਵਰਤਦਾ ਹੋਇਆ ਅੰਤ ਵਿਚ ਬ੍ਰਹਮਧਾਮ ਨੂੰ ਪ੍ਰਾਪਤ ਹੋ ਜਾਂਦਾ ਹੈ।

ਕਠ ਉਪਨਿਸ਼ਦ(6.10) ਵਿਚ ਪ੍ਰਤਯਾਹਾਰ ਬਾਰੇ ਸੰਕੇਤ ਹੈ ਕਿ ਗਿਆਨ ਇੰਦਰੀਆਂ ਮਨ ਦੇ ਵਸ ਹੋ ਜਾਣ ਨਾਲ ਬੁੱਧੀ ਵੀ ਨਿਸ਼ਚਲ ਹੋ ਜਾਂਦੀ ਹੈ।

ਉਪਨਿਸ਼ਦਾਂ ਵਿਚ ਯੋਗ ਅਭਿਆਸ ਲਈ ਸਥਾਨ ਦਾ ਜ਼ਿਕਰ ਵੀ ਹੋਇਆ ਹੈ। ਸਥਾਨ ਪੱਧਰਾ, ਪਵਿੱਤਰ ਮਨ ਅਤੇ ਅੱਖਾਂ ਦੇ ਅਨੁਕੂਲ ਹੋਵੇ। ਇਕਾਂਤ ਅਤੇ ਨਿਰਵਿਘਨ ਸਥਾਨ ਤੇ ਸਾਧਨਾ ਕਰੇ। ਪ੍ਰਾਣਾਯਾਮ ਬਾਰੇ ਸ਼੍ਵੇਤਾਸ਼੍ਵਤਰ ਉਪਨਿਸ਼ਦ(2.9) ਵਿਚ ਆਉਂਦਾ ਹੈ ਕਿ ਵਿਦਵਾਨ ਉਪਾਸਕ ਪ੍ਰਾਣਾਂ ਨੂੰ ਭਲੀ ਭਾਂਤ ਰੋਕ ਕੇ ਅਤੇ ਫੇਰ ਨਿਰਬਲ ਹੋਣ ਤੇ ਉਸ ਨੂੰ ਨੱਕ ਰਾਹੀਂ ਬਾਹਰ ਕੱਢੇ। ਫੇਰ ਨਾਸ ਰਾਹੀਂ ਸਾਹ ਲੈ ਕੇ ਰੋਕੇ ਅਤੇ ਦੂਜੀ ਨਾਸ ਰਾਹੀਂ ਕੱਢੇ। ਇਸ ਤਰ੍ਹਾਂ ਸਾਧਕ ਪ੍ਰਾਣਾਯਾਮ ਕਰੇ। ਬ੍ਰਿਹਦਾਰਣਯਕ ਉਪਨਿਸ਼ਦ(1.5.23) ਵਿਚ ਵੀ ਪ੍ਰਾਣਾਯਾਮ ਦੀ ਵਿਧੀ ਦੱਸੀ ਹੈ।

ਆਸਨ ਬਾਰੇ ਸ਼੍ਵੇਤਾਸ਼੍ਵਤਰ ਉਪਨਿਸ਼ਦ(2.8) ਵਿਚ ਲਿਖਿਆ ਹੈ ਕਿ ਸਰੀਰ ਦੇ ਤਿੰਨਾਂ ਭਾਗਾਂ ਛਾਤੀ, ਗਰਦਨ ਅਤੇ ਸਿਰ ਨੂੰ ਬਿਲਕੁਲ ਸਿੱਧਾ ਰਖ ਕੇ ਮਨ ਅਤੇ ਇੰਦਰੀਆਂ ਨੂੰ ਹਿਰਦੇ ਵਿਚ ਲਿਆ ਕੇ ਵਿਦਵਾਨ ਸੰਸਾਰ ਭਵ ਸਾਗਰ ਨੂੰ ਬ੍ਰਹਮ ਦੁਆਰਾ ਤਰ ਜਾਂਦਾ ਹੈ।

ਧਿਆਨ ਜਮਾਣ ਬਾਰੇ ਸ਼੍ਵੇਤਾਸ਼੍ਵਤਰ ਉਪਨਿਸ਼ਦ(2.12) ਵਿਚ ਜੋ ਕੁਝ ਦੱਸਿਆ ਹੈ ਉਹ ਪਤੰਜਲ ਯੋਗ ਧਿਆਨ ਟਿਕਾਣ ਦੇ ਸਾਧਨ ਨਾਲ ਮੇਲ ਖਾਂਦਾ ਹੈ। ਇਸ ਵਿਚ ਜੀਭ ਦੀ ਨੋਕ, ਨੱਕ ਦੀ ਚੁੰਜ ਅਤੇ ਤਾਲੂ ਆਦਿ ਉਤੇ ਧਿਆਨ ਟਿਕਾਣ ਲਈ ਕਿਹਾ ਹੈ। ਮੈਤਰੀਯ ਉਪਨਿਸ਼ਦ(6.20) ਵਿਚ ਵੀ ਅਜੇਹੇ ਧਿਆਨ ਟਿਕਾਣ ਦਾ ਸੰਕੇਤ ਹੈ ਅਤੇ ਇਸ ਨੂੰ ਉਚੇਰੀ ਕਿਸਮ ਦਾ ਧਿਆਨ ਕਿਹਾ ਹੈ।

ਕਠ ਉਪਨਿਸ਼ਦ(2.3.10-11) ਵਿਚ ਸਮਾਧੀ ਬਾਰੇ ਕਿਹਾ ਹੈ ਕਿ ਜਦੋਂ ਪੰਜ ਗਿਆਨ ਇੰਦਰੀਆਂ ਅਤੇ ਮਨ ਸਥਿਰ ਹੋ ਜਾਵੇ ਉਹ ਸਮਾਧੀ ਦੀ ਅਵਸਥਾ ਹੈ। ਇਸ ਸਮਾਧੀ ਨੂੰ ਪਾ ਕੇ ਜੀਵ ਪਾਪ ਅਵਸਥਾ ਤੋਂ ਮੁਕਤ ਹੋ ਜਾਂਦਾ ਹੈ। ਤੈਤਰੀਯ ਉਪਨਿਸ਼ਦ (6.1) ਵਿਚ ਵੀ ਯੋਗਿਕ ਸੰਕੇਤ ਮਿਲਦਾ ਹੈ। ਇਸ ਵਿਚ ਦੱਸਿਆ ਹੈ ਕਿ ਹਿਰਦੇ ਤੋਂ ਸੁਖਮਨਾ ਨਾੜੀ ਵਿਚ ਪ੍ਰਵੇਸ਼ ਹੋ ਕੇ ਆਤਮਾ ਤਾਲੂ ਅਤੇ ਸਿਰ ਦੇ ਦੋਵਾਂ ਕਪਾਲ ਭਾਗਾਂ ਦੇ ਦੋ ਹਿੱਸੇ ਕਰਕੇ ਮੁਕਤ ਹੋ ਜਾਂਦਾ ਹੈ ਅਤੇ ਤੇਜੋਮਯ ਲੋਕ ਨੂੰ ਪ੍ਰਾਪਤ ਕਰ ਲੈਂਦਾ ਹੈ।

ਉਪਨਿਸ਼ਦਾਂ ਵਿਚ ਇਸ ਸਾਰੇ ਅਮਲ ਦਾ ਨਿਸ਼ਾਨਾ ਬ੍ਰਹਮ ਹੈ। ਮੁੰਡਕ ਉਪਨਿਸ਼ਦ (2.2.4) ਅਨੁਸਾਰ ਭਗਵਾਨ ਦਾ ਨਾਂ ਧਨੁਸ਼ ਹੈ, ਆਤਮਾ ਤੀਰ ਹੈ ਅਤੇ ਬ੍ਰਹਮ ਨਿਸ਼ਾਨਾ ਹੈ। ਸੋ ਅਭਿਆਸੀ ਆਪਣਾ ਧਿਆਨ ਨਿਸ਼ਾਨੇ ਤੇ ਇਕਾਗਰ ਕਰੇ, ਬਿਰਤੀ ਬ੍ਰਹਮ ਵਿਚ ਜੋੜੇ।

## ਸ. ਭਗਤੀ ਅਤੇ ਨਾਮ ਮਾਰਗ

ਗੁਰਬਾਣੀ ਵਿਚ ਗਿਆਨ, ਕਰਮ ਅਤੇ ਯੋਗ ਮਾਰਗ ਦੀ ਥਾਂ ਭਗਤੀ ਪ੍ਰਮੁੱਖ ਹੈ। ਇਨ੍ਹਾਂ ਸਾਧਨਾਂ ਵਿਚੋਂ ਉਹੀ ਤੱਤ ਲਏ ਜੋ ਉਨ੍ਹਾਂ ਦੀ ਭਾਉ ਭਗਤੀ ਨਾਲ ਮੇਲ ਖਾਂਦੇ ਸਨ। ਪ੍ਰਚਲਿਤ ਭਗਤੀ ਸਾਧਨਾਂ ਵਿਚੋਂ ਵੀ ਉਹ ਤੱਤ ਜੋ ਉਨ੍ਹਾਂ ਦੀ ਸਾਧਨਾ ਨਾਲ ਮੇਲ ਨਹੀਂ ਖਾਂਦੇ ਸੀ, ਦਾ ਖੰਡਨ ਕੀਤਾ। ਇਸ ਲਈ ਉਨ੍ਹਾਂ ਦੀ ਭਗਤੀ ਨੂੰ ਸਹਿਜ ਭਗਤੀ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਗੁਰਬਾਣੀ ਵਿਚ ਪ੍ਰਮੁੱਖ ਸੁਰ ਭਗਤੀ ਦੀ ਹੈ। ਇਸ ਲਈ ਗੁਰੂ ਸਾਹਿਬਾਨ ਨੇ ਗਿਆਨ ਕਰਮ ਅਤੇ ਯੋਗ ਨੂੰ ਪ੍ਰਭੂ ਪ੍ਰਾਪਤੀ ਦਾ ਅੰਤਮ ਸਾਧਨ ਨਹੀਂ ਮੰਨਿਆ। ਉਹ ਇਨ੍ਹਾਂ ਨਾਲੋਂ ਭਗਤੀ ਨੂੰ ਪ੍ਰਮੁੱਖਤਾ ਦਿੰਦੇ ਹਨ। ਪ੍ਰਭੂ ਗਿਆਨ ਦੁਆਰਾ ਨਹੀਂ ਸਗੋਂ ਭਾਉ ਭਗਤੀ ਨਾਲ ਮਿਲਦਾ ਹੈ। ਬਿਨਾਂ ਭਗਤੀ ਦੇ ਕਈ ਸੁਜਾਨ ਨਸ਼ਟ ਹੋ ਗਏ ਹਨ। ਗੁਰਬਾਣੀ ਵਿਚ ਇਹ ਵਿਚਾਰ ਇਸ ਤਰ੍ਹਾਂ ਹਨ:

1. ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ
   ਭਾਇ ਮਿਲੈ ਮਨ ਭਾਣੇ॥[1]

2. ਗੁਰ ਕੀ ਮਤਿ ਤੂੰ ਲੇਹਿ ਇਆਨੇ॥
   ਭਗਤਿ ਬਿਨਾ ਬਹੁ ਡੂਬੇ ਸਿਆਨੇ॥[2]

ਭਗਤੀ ਤੋਂ ਬਿਨਾਂ ਯੋਗ ਸਾਧਨਾਂ ਨੂੰ ਫਜ਼ੂਲ ਦੱਸਿਆ ਹੈ। ਗੁਰੂ ਸ਼ਬਦ ਅਤੇ ਨਾਮ ਜੋ ਭਗਤੀ ਦਾ ਅੰਗ ਹਨ, ਇਨ੍ਹਾਂ ਬਿਨਾਂ ਅੰਤਰ ਆਤਮੇ ਚਾਨਣਾ ਨਹੀਂ ਹੋ ਸਕਦਾ। ਗੁਰਬਾਣੀ ਵਿਚ ਸਪਸ਼ਟ ਕਿਹਾ ਹੈ ਕਿ ਨਾਮ ਤੋਂ ਬਿਨਾਂ ਯੋਗ ਦੀ ਸੰਭਾਵਨਾ ਹੀ ਨਹੀਂ:

1. ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ
   ਦੇਖਹੁ ਰਿਦੈ ਬੀਚਾਰੇ॥[3]

2. ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥
   ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥[4]

ਇਸੇ ਤਰ੍ਹਾਂ ਕਰਮ ਸਾਧਨਾਂ ਵਿਚੋਂ ਅਧਿਆਤਮਕ ਕਰਮਾਂ ਨੂੰ ਸਵੀਕਾਰ ਕੀਤਾ ਜੋ ਉਨ੍ਹਾਂ

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 436
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 288
3. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 946
4. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 954

ਦੀ ਭਗਤੀ ਸਾਧਨਾ ਨਾਲ ਮੇਲ ਖਾਂਦੇ ਸਨ। ਉਨ੍ਹਾਂ ਨੇ ਹਰੀ ਸਿਮਰਨ ਭਾਵ ਭਗਤੀ ਨੂੰ ਕਰਮਨ ਸਿਰ ਕਰਮਾਂ ਘੋਸ਼ਿਤ ਕੀਤਾ। ਬਾਕੀ ਸਾਰੇ ਕਰਮ-ਕਾਂਡਾਂ,ਭੇਖਾਂ ਨੂੰ ਨਿੰਦਿਆ,

1. ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ॥[1]

2. ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥
ਨਾ ਤੂ ਆਵਹਿ ਵਸਿ ਬੇਦ ਪੜਾਵਣੇ॥
ਸਭਿ ਕੋ ਤੇਰੈ ਵਸਿ ਅਗਮ ਅਗੋਚਰਾ॥
ਤੂੰ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥[2]

'ਭਗਤੀ' ਸ਼ਬਦ ਦੀ ਵਿਉਤਪੱਤੀ ਸੰਸਕ੍ਰਿਤ ਦੀ ਭਜ੍ ਧਾਤੂ ਤੋਂ ਹੋਈ ਹੈ,ਜਿਸ ਦਾ ਅਰਥ ਹੈ ਭਜਣਾ। ਵਿਸ਼ਵ-ਕੋਸ਼ ਵਿਚ ਭਗਤੀ ਦਾ ਅਰਥ ਪੂਜਾ ਜਾਂ ਅਥਾਹ ਪ੍ਰੇਮ ਕਰਨਾ ਦੱਸਿਆ ਹੈ।[3] ਰਾਮਾਨੁਜਾਚਾਰਯ ਨੇ ਸਨੇਹ ਪੂਰਵਕ ਕੀਤੇ ਗਏ ਭਗਵਤ ਧਿਆਨ ਨੂੰ ਭਗਤੀ ਕਿਹਾ ਹੈ।[4] ਭਾਗਵਤ ਵਿਚ(3.29.22) ਅਕਾਰਨ ਅਤੇ ਨਿਸ਼ਕਾਮ ਭਾਵ ਨਾਲ ਭਗਵਾਨ ਵਿਚ ਪੂਰੀ ਤਰ੍ਹਾਂ ਅਨੁਰਾਗਮਈ ਹੋ ਜਾਣਾ ਭਗਤੀ ਹੈ। ਹਜ਼ਾਰੀ ਪ੍ਰਸਾਦ ਦਿਵੇਦੀ ਅਨੁਸਾਰ ਭਗਵਾਨ ਪ੍ਰਤੀ ਏਕਾਂਤ ਪਿਆਰ ਨੂੰ ਹੀ ਭਗਤੀ ਕਿਹਾ ਹੈ।[5] ਭਗਤੀ ਪ੍ਰੇਮ ਈਸ਼ਵਰ ਦੀ ਸੱਚੀ ਭਾਲ ਹੈ,ਜੁ ਆਰੰਭ ਹੁੰਦੀ ਹੈ ਪਿਆਰ ਨਾਲ,ਰਹਿੰਦੀ ਵੀ ਪਿਆਰ ਵਿਚ ਹੈ ਅਤੇ ਮੁਕਤੀ ਵੀ ਪਿਆਰ ਵਿਚ ਹੈ।[6] ਇਨ੍ਹਾਂ ਸਾਰੀਆਂ ਪਰਿਭਾਸ਼ਾਵਾਂ ਵਿਚ ਭਗਤੀ ਦੇ ਪ੍ਰੇਮ ਤੱਤਵ ਤੇ ਅਧਿਕ ਜ਼ੋਰ ਦਿੱਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਪ੍ਰਭੂ ਨਾਲ ਪਿਆਰ ਅਤੇ ਨਿਸ਼ਕਾਮ ਭਾਵ ਨਾਲ ਉਸ ਦੇ ਸਿਮਰਨ ਨੂੰ ਭਗਤੀ ਕਿਹਾ ਹੈ। ਪ੍ਰੇਮ ਗੁਰੂ ਸਾਹਿਬਾਨ ਦੀ ਭਗਤੀ ਦੀ ਜਾਨ ਹੈ ਇਸੇ ਲਈ ਉਨ੍ਹਾਂ ਦੀ ਭਗਤੀ ਨੂੰ ਭਾਉ ਭਗਤੀ ਕਿਹਾ ਜਾਂਦਾ ਹੈ। ਈਸ਼ਵਰ ਪ੍ਰੇਮ ਦੀਆਂ ਗੁਰਬਾਣੀ ਵਿਚ ਕੁਝ ਤੁਕਾਂ ਇਸ ਪ੍ਰਕਾਰ ਹਨ:

1. ਹਰਿ ਭਗਤ ਹਰਿ ਕਾ ਪਿਆਰੁ ਹੈ.....॥[7]

---

1. ਸੋਰਠ ਮਹਲਾ 5,ਗੁਰੂ ਗ੍ਰੰਥ,ਪੰਨਾ 641
2. ਗਉੜੀ ਮਹਲਾ 5,ਗੁਰੂ ਗ੍ਰੰਥ,ਪੰਨਾ 296
3. Encyclopedia of Religion & Ethics,Vol.II,page 5??
4. ਡਾ:ਗੋਬਿੰਦ ਤ੍ਰਿਗੁਣਾਇਤ 'ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ-ਭੂਮੀ,ਪੰਨਾ 545-47
5. ਡਾ:ਹਜ਼ਾਰੀ ਪ੍ਰਸਾਦ ਦਿਵੇਦੀ,ਮੱਧ ਕਾਲੀਨ ਧਰਮ ਸਾਧਨਾ,ਪੰਨਾ 142
6. Swami Vivekanand, Bhakti Yoga,page 50
7. ਸਿਰੀ ਮਹਲਾ 3,ਗੁਰੂ ਗ੍ਰੰਥ,ਪੰਨਾ 28

2. ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ॥
ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥[1]

3. ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ॥
ਗੁਰ ਕਾ ਸਬਦੁ ਸਹਜਿ ਵੀਚਾਰੁ॥[2]

4. ਗੁਰਮੁਖਿ ਹਿਰਦੈ ਜਾਕੈ ਹਰਿ ਹਰਿ ਸੋਈ ਭਗਤੁ ਇਕਾਤੀ ਜੀਉ॥[3]

ਗੁਰੂ ਸਾਹਿਬਾਨ ਨੇ ਪਰਮਾਤਮਾ ਨਾਲ ਪਿਆਰ ਨੂੰ ਕਈ ਭਾਵਾਂ ਦੁਆਰਾ ਪ੍ਰਗਟਾਇਆ ਹੈ। ਜਿਵੇਂ ਕਾਂਤਾ ਭਾਵ, ਸੁਆਮੀ-ਸੇਵਕ ਭਾਵ, ਵਾਤਸਲਯ ਭਾਵ ਅਤੇ ਸਖਾ-ਭਾਵ। ਇਨ੍ਹਾਂ ਵਿਚੋਂ ਪ੍ਰਮੁੱਖਤਾ ਕਾਂਤਾ ਭਾਵ ਨੂੰ ਮਿਲੀ ਹੈ।

<u>ਕਾਂਤਾ-ਭਾਵ</u>: ਗੁਰੂ ਸਾਹਿਬਾਨ ਨੇ ਪਤੀ-ਪਤਨੀ ਦੇ ਪ੍ਰੇਮ ਨੂੰ ਆਪਣੀ ਪ੍ਰੇਮ ਭਾਵਨਾ ਪ੍ਰਗਟਾਉਣ ਦਾ ਸਾਧਨ ਬਣਾਇਆ ਹੈ। ਪਰਮਾਤਮਾ ਨਾਲ ਪ੍ਰੇਮ ਕਰਦੀ ਜੀਵਾਤਮਾ ਰੂਪੀ ਇਸਤਰੀ ਨੂੰ ਸੁਹਾਗਣ ਅਤੇ ਪਰਮਾਤਮਾ ਪਤੀ ਦੇ ਪਿਆਰ ਤੋਂ ਸੱਖਣੀ ਔਰਤ ਨੂੰ ਦੁਹਾਗਣ ਕਿਹਾ ਹੈ। ਪ੍ਰੇਮ ਵਿਚ ਸਯੋਗ ਅਤੇ ਵਿਯੋਗ ਦੋਵਾਂ ਪੱਖਾਂ ਨੂੰ ਚੰਗੀ ਤਰ੍ਹਾਂ ਚਿਤਰਿਆ ਹੈ। ਪਤੀ ਪਰਮਾਤਮਾ ਨੂੰ ਨੇੜੇ ਲਿਆਉਣ ਲਈ ਜੀਵਾਤਮਾ ਇਸਤਰੀ ਅਧਿਆਤਮਕ ਸ਼ਿੰਗਾਰ ਕਰਦੀ ਹੈ। ਪ੍ਰੇਮ ਦੀ ਮਸਤੀ ਦੇ ਕਪੜੇ ਪਾਉਂਦੀ ਹੈ, ਰਾਮ-ਨਾਮ ਦੀ ਮਾਲਾ ਪਹਿਨਦੀ ਹੈ। ਸਿਰੀ ਰਾਗ ਵਿਚ ਗੁਰੂ ਨਾਨਕ ਦੇਵ ਨੇ ਸ਼ਿੰਗਾਰ ਕਰਨ ਦੀ ਇੱਛੁਕ ਇਸਤਰੀ ਦਾ ਵਰਣਨ ਕੀਤਾ ਹੈ:

ਸਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ॥
ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰਹਾਰੁ॥[4]

ਜਦੋਂ ਪਤੀ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਤਾਂ ਜੀਵਾਤਮਾ ਆਨੰਦ, ਮਹਾਂ ਖੁਸ਼ੀ ਦੀ ਹਾਲਤ ਮਹਿਸੂਸ ਕਰਦੀ ਹੈ ਤਾਂ ਉਸ ਨੂੰ ਬਸੰਤ ਖੇੜੇ ਦੀ ਰੁੱਤ ਪ੍ਰਤੀਤ ਹੁੰਦੀ ਹੈ। ਮਿਲਾਪ ਹੋ ਜਾਣ ਤੇ ਉਹ ਆਪਣੀ ਇੱਛਾ ਪੂਰੀ ਹੋ ਗਈ ਮੰਨਦੀ ਹੈ। ਗੁਰਬਾਣੀ ਵਿਚ ਇਹ ਸੰਯੋਗ ਅਵਸਥਾ ਦਾ ਵਰਣਨ ਮਿਲਦਾ ਹੈ:

---

1. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 35
2. ਆਸਾ ਮਹਲਾ 3, ਗੁਰੂ ਗ੍ਰੰਥ, ਪੰਨਾ 364
3. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 98
4. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 54

1. ਨਿਕਟਿ ਆਨਿ ਪ੍ਰਿਅ ਸੇਜ ਧਰੀ॥
ਕਾਣਿ ਕਢਨ ਤੇ ਛੂਟਿ ਪਰੀ॥
ਮੰਦਰਿ ਮੇਰੈ ਸਬਦਿ ਉਜਾਰਾ॥
ਅਨਦ ਬਿਨੋਦੀ ਖਸਮੁ ਹਮਾਰਾ॥
ਮਸਤਕਿ ਭਾਗੁ ਮੈ ਪਿਰੁ ਘਰਿ ਆਇਆ॥
ਥਿਰੁ ਸੋਹਾਗੁ ਨਾਨਕ ਜਨ ਪਾਇਆ॥ [1]

2. ਨਾਨਕ ਤਿਨਾ ਬਸੰਤ ਹੈ॥
ਜਿਨ ਘਰਿ ਵਸਿਆ ਕੰਤ॥ [2]

3. ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ॥
ਮਿਲਿ ਵਰੁ ਨਾਰੀ ਮੰਗਲੁ ਗਾਇਆ॥
ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ॥
ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ॥
ਕਰ ਜੋੜਿ ਸਾਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ॥
ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁਨੀਆ॥ [3]

ਗੁਰਬਾਣੀ ਵਿਚ ਬ੍ਰਿਹਾ ਰੂਪ ਨੂੰ ਵੀ ਚਿਤਰਿਆ ਹੈ। ਵਿਛੜੀ ਆਤਮਾ ਨੂੰ ਪ੍ਰੀਤਮ ਤੋਂ ਦੂਰ ਹੋ ਕੇ ਕੁਝ ਵੀ ਚੰਗਾ ਨਹੀਂ ਲਗਦਾ। ਸਾਵਣ ਰੁੱਤ ਵੀ ਉਸ ਨੂੰ ਸੁਖਦਾਇਕ ਲੱਗਣ ਦੀ ਥਾਂ ਡਰਾਉਣੀ ਲਗਦੀ ਹੈ। ਪ੍ਰੀਤਮ ਦੇ ਸੰਯੋਗ ਤੋਂ ਬਿਨਾਂ ਇਸਤਰੀ ਦਾ ਜੀਵਨ ਵਿਅਰਥ ਹੈ। ਵਿਯੋਗ ਪੱਖ ਦੀਆਂ ਕੁਝ ਉਦਾਹਰਣਾਂ ਇਸ ਤਰ੍ਹਾਂ ਹਨ:

1. ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥ [4]

---

1. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 384
2. ਸੂਹੀ ਮਹਲਾ 2, ਗੁਰੂ ਗ੍ਰੰਥ, ਪੰਨਾ 791
3. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 242
4. ਤੁਖਾਰੀ ਮਹਲਾ 1, ਗੁਰੂ ਗ੍ਰੰਥ, ਪੰਨਾ 1108

2. ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ॥
ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ॥[1]

3. ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ॥
ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ॥ [2]
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ॥

<u>ਦਾਸ-ਭਾਵ</u>: ਪਰਮਾਤਮਾ ਨੂੰ ਸੁਆਮੀ ਅਤੇ ਜੀਵਾਤਮਾ ਨੂੰ ਦਾਸ ਮੰਨ ਕੇ ਕੀਤੀ ਜਾਣ ਵਾਲੀ ਭਗਤੀ ਨੂੰ ਦਾਸ ਭਾਵ ਦੀ ਭਗਤੀ ਦਾ ਨਾਂ ਦਿੱਤਾ ਗਿਆ ਹੈ। ਗੁਰਬਾਣੀ ਵਿਚ ਜੀਵ ਨੇ ਆਪਣੇ ਆਪ ਨੂੰ ਪ੍ਰਭੂ ਦਾ ਸੇਵਕ,[3] ਨੌਕਰ, ਦਾਸ[4] ਅਤੇ ਗੁਲਾਮ ਤੌਰ ਕਿਹਾ ਹੈ। ਪਰਮਾਤਮਾ ਦਾ ਦਾਸ ਹੋਣਾ ਵੀ ਚੰਗੇ ਕਰਮਾਂ ਦੀ ਪ੍ਰਾਪਤੀ ਦਾ ਫਲ ਦੱਸਿਆ ਗਿਆ ਹੈ। ਗੁਰੂ ਸਾਹਿਬ ਦਾ ਕਥਨ ਹੈ:

ਦਾਸ ਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ॥[5]

<u>ਵਾਤਸਲ-ਭਾਵ</u>: ਗੁਰਬਾਣੀ ਵਿਚ ਵਾਤਸਲ ਭਗਤੀ ਦਾ ਜ਼ਿਕਰ ਵੀ ਮਿਲਦਾ ਹੈ। ਇਸ ਅਨੁਸਾਰ ਜੀਵ ਨੂੰ ਸੰਤਾਨ ਅਤੇ ਪ੍ਰਭੂ ਨੂੰ ਮਾਤਾ ਪਿਤਾ ਅਤੇ ਪ੍ਰਤਿਪਾਲਕ ਰੂਪ ਦਿੱਤਾ ਗਿਆ ਹੈ। ਜੀਵ ਸੰਤਾਨ ਦੇ ਰੂਪ ਵਿਚ ਪਿਤਾ ਪਰਮਾਤਮਾ ਤੋਂ ਕ੍ਰਿਪਾ ਦ੍ਰਿਸ਼ਟੀ ਦੀ ਮੰਗ ਕਰਦਾ ਹੈ ਤਾਂ ਜੋ ਉਹ ਸੁਖੀ ਰਹਿ ਸਕੇ। ਗੁਰਬਾਣੀ ਵਿਚ ਵਾਤਸਲ ਭਾਵ ਦੀਆਂ ਕੁਝ ਤੁਕਾਂ ਵੇਖੀਆਂ ਜਾ ਸਕਦੀਆਂ ਹਨ:

1. ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ
ਹਮ ਬਾਰਿਕ ਹਰਿ ਪ੍ਰਤਿਪਾਰੇ॥[6]

2. ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥[7]

---

1. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 54
2. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 56
3. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 376
4. ਸੂਹੀ ਮਹਲਾ 5, ਗੁਰੂ ਗ੍ਰੰਥ, ਪੰਨਾ 739
5. ਬਿਲਾਵਲ ਮਹਲਾ 5, ਗੁਰੂ ਗ੍ਰੰਥ, ਪੰਨਾ 809
6. ਰਾਮਕਲੀ ਮਹਲਾ 4, ਗੁਰੂ ਗ੍ਰੰਥ, ਪੰਨਾ 882
7. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 268

<u>ਸਖਾ-ਭਾਵ</u>: ਇਸ ਭਗਤੀ ਅਨੁਸਾਰ ਪ੍ਰਭੂ ਨਾਲ ਮਿੱਤਰਤਾ ਦੀ ਭਾਵਨਾ ਕਾਇਮ ਕੀਤੀ ਜਾਂਦੀ ਹੈ। ਪਰਮਾਤਮਾ ਨਾਲ ਮਿੱਤਰਤਾ ਭਾਵ ਗੁਰਬਾਣੀ ਵਿਚ ਮਿਲ ਜਾਂਦਾ ਹੈ ਪਰ ਬਹੁਤ ਘੱਟ। ਗੁਰੂ ਰਾਮ ਦਾਸ ਦਾ ਕਥਨ ਹੈ:

ਸਤਿਗੁਰ ਮਿਤਰ ਮੇਰਾ ਬਾਲ ਸਖਾਈ॥
ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥[1]

ਜਿਥੇ ਕਿਧਰੇ ਸਖਾ ਭਾਵ ਨੂੰ ਲੱਭਿਆ ਹੈ ਉਸ ਭਾਵ ਦੀ ਵਿਲੀਨਤਾ ਵੀ ਅੰਤ ਵਿਚ ਪਤੀ ਰੂਪ ਪਰਮਾਤਮਾ ਵਿਚ ਹੁੰਦੀ ਹੈ, ਜਿਵੇਂ:

ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ॥
ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ॥[2]

ਗੁਰਬਾਣੀ ਵਿਚ ਨਵਧਾ ਭਗਤੀ ਦੇ ਨੌ ਤੱਤ ਸਵੀਕਾਰ ਕੀਤੇ ਗਏ ਹਨ। ਗੁਰੂ ਅਰਜਨ ਦੇਵ ਨੇ ਸਿਰੀ ਰਾਗ ਵਿਚ ਨਵਧਾ ਭਗਤੀ ਵੱਲ ਇਸ਼ਾਰਾ ਕੀਤਾ ਹੈ:

ਭਗਤਿ ਨਵੈ ਪਰਕਾਰਾ॥[3]

ਇਹ ਠੀਕ ਹੈ ਕਿ ਨਵਧਾ ਭਗਤੀ ਦੀ ਝਲਕ ਗੁਰਬਾਣੀ ਵਿਚ ਮਿਲ ਜਾਂਦੀ ਹੈ ਪਰ ਨਵਧਾ ਭਗਤੀ ਦੇ ਬ੍ਰਹਮ ਦਾ ਸਰੂਪ ਸਗੁਣ ਹੈ, ਗੁਰਬਾਣੀ ਦਾ ਬ੍ਰਹਮ ਨਿਰਗੁਣ ਪ੍ਰਭੂ ਹੈ। ਗੁਰਬਾਣੀ ਵਿਚ ਦਿੱਤੇ ਗਏ ਨਵਧਾ-ਭਗਤੀ ਦੇ ਅੰਗਾਂ ਵਿਚ ਬਾਹਰੀ ਆਡੰਬਰ ਨਹੀਂ ਸਗੋਂ ਪਿਆਰ, ਸ਼ਰਧਾ ਅਤੇ ਵਿਸ਼ਵਾਸ ਤੇ ਜ਼ੋਰ ਹੈ। ਨਵਧਾ ਭਗਤੀ ਦੇ ਪਾਦ-ਸੇਵਨ, ਅਰਚਨ, ਸ੍ਰਵਣ, ਕੀਰਤਨ, ਸਿਮਰਨ, ਵੰਦਨਾ, ਆਤਮ-ਨਿਵੇਦਨ ਆਦਿ ਸਾਧਨਾਂ ਦੀਆਂ ਗੁਰਬਾਣੀ ਵਿਚ ਮਿਸਾਲਾਂ ਮਿਲ ਜਾਂਦੀਆਂ ਹਨ:

ਪਾਦ-ਸੇਵਨ: 1. ਹਰਿ ਕੇ ਚਰਨ ਹਿਰਦੈ ਉਰਧਾਰਿ॥
ਭਵ ਸਾਗਰੁ ਚੜਿ ਉਤਰਹਿ ਪਾਰਿ॥[4]
2. ਗੁਰ ਕੇ ਚਰਨ ਹਿਰਦੈ ਧਿਆਇ ਅੰਤਰ ਆਤਮੈ ਸਮਾਲਿ॥[5]

---

1. ਮਾਝ ਮਹਲਾ 4, ਗੁਰੂ ਗ੍ਰੰਥ, ਪੰਨਾ 94
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 989
3. ਸਿਰੀ ਮਹਲਾ 5, ਗੁਰੂ ਗ੍ਰੰਥ, ਪੰਨਾ 71
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 196
5. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 919

<u>ਅਰਚਨ</u>: ਚੰਦਨ ਫੁੱਲਾਂ ਆਦਿ ਸਾਮਗਰੀ ਨਾਲ ਪ੍ਰਭੂ ਉਪਾਸਨਾ ਨੂੰ ਅਰਚਨ ਕਹਿੰਦੇ ਹਨ। ਆਦਿ ਗ੍ਰੰਥ ਦੀ ਅਰਚਨਾ ਵਿਚ ਬਾਹਰੀ ਉਪਕਰਣਾਂ ਦਾ ਕੋਈ ਮਹੱਤਵ ਨਹੀਂ, ਸਗੋਂ ਸਾਰੀ ਪ੍ਰਕਿਰਤੀ ਪ੍ਰਭੂ ਪ੍ਰਤੀ ਪ੍ਰੇਮ-ਭਾਵ ਦੀ ਆਰਤੀ ਕਰਦੀ ਦੱਸੀ ਹੈ:

ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ, ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ॥ [1]

<u>ਸ੍ਰਵਣ</u>: ਹਰਿ ਨਾਮ ਸ਼ਬਦ ਬ੍ਰਹਮ ਦੀ ਸਿਫਤ ਸੁਣਨਾ ਸ੍ਰਵਣ ਹੈ। 'ਜਪੁ' ਬਾਣੀ ਦੀਆਂ ਚਾਰ ਪਉੜੀਆਂ (8-11) ਵਿਚ ਸ੍ਰਵਣ ਦੀ ਮਹਿਮਾ ਦੱਸੀ ਹੈ। ਸ੍ਰਵਣ ਨਾਲ ਦੁੱਖਾਂ ਪਾਪਾਂ ਦਾ ਨਾਸ ਹੁੰਦਾ ਹੈ ਅਤੇ ਭਗਤਾਂ ਨੂੰ ਪ੍ਰਸੰਨਤਾ ਮਿਲਦੀ ਹੈ। ਗੁਰੂ ਨਾਨਕ ਦੇਵ ਦਾ ਕਥਨ ਹੈ:

ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥ [2]

<u>ਕੀਰਤਨ</u>: ਪ੍ਰਭੂ ਦੇ ਗੁਣਾਂ ਦਾ ਗਾਇਨ ਹੀ ਕੀਰਤਨ ਹੈ। ਗੁਰਬਾਣੀ ਵਿਚ ਕੀਰਤਨ ਦੀ ਮਹਾਨਤਾ ਹੈ

1. ਕੀਰਤਨ ਨਿਰਮੋਲਕ ਹੀਰਾ, ਆਨੰਦ ਗੁਣੀ ਗਹੀਰਾ॥ [3]

2. ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ॥
   ਕਥਾ ਕੀਰਤਨ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ॥ [4]

<u>ਸਿਮਰਨ</u>: ਸਿਮਰਨ ਦਾ ਅਰਥ ਧਿਆਉਣਾ, ਜਪਣਾ, ਯਾਦ ਕਰਨਾ ਹੈ। ਗੁਰੂ ਸਾਹਿਬਾਨ ਦੀ ਭਗਤੀ ਵਿਚ ਨਾਮ ਸਿਮਰਨ ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ:

1. ਸਿਮਰਿ ਸਿਮਰਿ ਸੁਖ ਪਾਵਉ॥
   ਕਲਿ ਕਲੇਸ ਤਨ ਮਾਹਿ ਮਿਟਾਵਉ॥ [5]
2. ਹਰ ਦਿਨੁ ਹਰਿ ਸਿਮਰਨੁ ਮੇਰੇ ਭਾਈ॥
   ਕੋਟਿ ਜਨਮ ਕੀ ਮਲੁ ਲਹਿ ਜਾਈ॥ [6]

---

1. ਸੋਹਿਲਾ ਮਹਲਾ 1, ਗੁਰੂ ਗ੍ਰੰਥ, ਪੰਨਾ 13
2. ਜਪੁ, ਗੁਰੂ ਗ੍ਰੰਥ, ਪੰਨਾ 2
3. ਰਾਮਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 893
4. ਬਿਲਾਵਲ ਮਹਲਾ 5, ਗੁਰੂ ਗ੍ਰੰਥ, ਪੰਨਾ 818
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 262
6. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 195

**ਬੰਦਨਾ:** ਮਹਾਨ ਕੋਸ਼ ਅਨੁਸਾਰ ਬੰਦਨਾ ਦੇ ਅਰਥ ਹਨ ਪ੍ਰਣਾਮ, ਨਮਸਕਾਰ, ਸਤੁਤਿ, ਤਾਰੀਫ਼।[1]

ਗੁਰੂ ਅਰਜਨ ਦੇਵ ਦਾ ਕਥਨ ਹੈ:

1. ਪ੍ਰਭ ਜੀਉ ਮੇਰੇ ਪ੍ਰਾਨ ਅਧਾਰੈ॥
   ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥[2]

2. ਡੰਡਉਤਿ ਬੰਦਨਅਨਿਕ ਬਾਰ ਸਰਬ ਕਲਾ ਸਮਰਥ॥
   ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥[3]

**ਆਤਮ-ਨਿਵੇਦਨ:** ਆਤਮ-ਨਿਵੇਦਨ ਗੁਰੂ ਸਾਹਿਬਾਨ ਦੀ ਭਾਉ ਭਗਤੀ ਦੇ ਪ੍ਰਮੁੱਖ ਅੰਗਾਂ ਵਿਚੋਂ ਇਕ ਹੈ। ਜੀਵ ਪੂਰਣ ਤੌਰ ਤੇ ਆਪਣੇ ਆਪ ਨੂੰ ਪਰਮਾਤਮਾ ਨੂੰ ਸਮਰਪਣ ਕਰ ਦੇਂਦਾ ਹੈ। ਉਹ ਆਪਣੇ ਆਪ ਨੂੰ ਤੁੱਛ ਸਮਝਦਾ ਹੈ। ਇਹ ਨਿਮਰਤਾ ਤਾਂ ਆਉਂਦੀ ਹੈ ਜਦੋਂ ਅੰਦਰ ਸਵੱਛ ਹੋ ਜਾਵੇ। ਫੇਰ ਜੀਵ ਦਾ ਹਿਰਦਾ ਪ੍ਰਭੂ-ਚਰਨਾਂ ਨਾਲ ਜਾ ਜੁੜਦਾ ਹੈ। ਗੁਰਬਾਣੀ ਵਿਚ ਆਤਮ-ਸਮਰਪਣ ਆਪਣੀ ਚਰਮ ਸੀਮਾ ਤੇ ਹੈ:

1. ਬਾਬਾ ਮੈ ਕੁਚੀਲੁ ਕਾਚਉ ਮਤਿਹੀਨ॥.....
   ਅਵਗਣਿ ਸੁਭਰ ਗੁਣ ਨਾਹੀ ਬਿਨੁ ਗੁਣ ਕਿਉ ਘਰਿ ਜਾਉ॥[4]
2. ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥[5]
3. ਕਰਿ ਦਇਆ ਪਤਿਤ ਉਧਾਰਿ॥ ਮੇਰੇ ਦੋਖ ਗਨੇ ਨ ਜਾਹਿ॥
   ਹਰਿ ਬਿਨਾ ਕਤਹਿ ਸਮਾਹਿ॥[6]

ਗੁਰੂ ਸਾਹਿਬਾਨ ਨੇ ਕਈ ਹੋਰ ਭਗਤੀ ਸਾਧਨਾਂ ਤੇ ਜ਼ੋਰ ਦਿੱਤਾ ਜੋ ਉਨ੍ਹਾਂ ਦੀ ਭਾਉ-ਭਗਤੀ ਵਿਚ ਪ੍ਰਮੁੱਖ ਸਥਾਨ ਰਖਦੇ ਹਨ ਜਿਵੇਂ ਗੁਰੂ, ਗੁਰੂ ਦੀ ਕ੍ਰਿਪਾ, ਸਤਿ ਸੰਗਤ, ਨਾਮ ਸਾਧਨਾ ਆਦਿ।

**ਗੁਰੂ:** ਗੁਰੂ ਸਾਹਿਬਾਨ ਦੀ ਭਗਤੀ ਸਾਧਨਾ ਵਿਚ ਗੁਰੂ ਦਾ ਮਹੱਤਵ-ਪੂਰਣ ਸਥਾਨ ਹੈ। ਅਸਲ ਵਿਚ ਭਗਤੀ ਨੂੰ ਗੁਰੂ ਦੀ ਦਾਤ ਹੀ ਕਿਹਾ ਹੈ। ਗੁਰੂ ਦੇ ਉਪਦੇਸ਼ ਤੋਂ ਬਿਨਾ ਭਗਤੀ ਮੁਸ਼ਕਲ

---

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 168
2. ਬਿਲਾਵਲ ਮਹਲਾ 5, ਗੁਰੂ ਗ੍ਰੰਥ, ਪੰਨਾ 820
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 256
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1010
5. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 156
6. ਬਿਲਾਵਲ ਮਹਲਾ 5, ਗੁਰੂ ਗ੍ਰੰਥ, ਪੰਨਾ 838

ਹੈ। ਗੁਰੂ ਸਾਹਿਬਾਨ ਦਾ ਕਥਨ ਹੈ:

1. ਭਾਉ ਭਗਤਿ ਗੁਰਮਤੀ ਪਾਏ॥[1]
2. ਹੋਰ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥[2]

<u>ਪ੍ਰਭੂ ਕ੍ਰਿਪਾ</u>: ਜੇਕਰ ਪ੍ਰਭੂ ਦੀ ਕ੍ਰਿਪਾ ਹੋਵੇ ਤਾਂ ਹੀ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਉਹ ਪ੍ਰਭੂ ਮੇਲ ਦਾ ਰਾਹ ਦਸਦਾ ਹੈ। ਜੇਕਰ ਪ੍ਰਭੂ ਨਦਰਿ ਕਰੇਗਾ ਤਾਂ ਹੀ ਸਾਧਨਾ ਕਬੂਲ ਪਵੇਗੀ ਅਤੇ ਹਰੀ ਦੀ ਸ਼ਰਨ ਮਿਲੇਗੀ:

1. ਨਦਰਿ ਕਰੇ ਤਾ ਸਤਿਗੁਰੁ ਮਿਲੈ॥
   ਪ੍ਰਣਵਤਿ ਨਾਨਕੁ ਭਵਜਲੁ ਤਰੈ॥[3]

2. ਗੁਰ ਪਰਸਾਦਿ ਰਤਨ ਹਰਿ ਲਾਭੈ,
   ਮਿਟੈ ਅਗਿਆਨੁ ਹੋਇ ਉਜਿਆਰਾ॥[4]

ਗੁਰੂ ਅਤੇ ਪ੍ਰਭੂ ਕ੍ਰਿਪਾ ਦਾ ਵਿਸਤ੍ਰਿਤ ਵਰਣਨ ਇਸੇ ਅਧਿਆਇ ਵਿਚ ਅੱਗੇ ਕੀਤਾ ਜਾਵੇਗਾ। ਇਥੇ ਸਾਡਾ ਭਾਵ ਇਹ ਦਸਣ ਦਾ ਹੈ ਕਿ ਭਾਉ ਭਗਤੀ ਲਈ ਗੁਰੂ ਅਤੇ ਪ੍ਰਭੂ ਦੀ ਬਖਸ਼ਿਸ਼ ਜ਼ਰੂਰੀ ਹੈ ਇਨ੍ਹਾਂ ਤੋਂ ਬਿਨਾਂ ਗੁਰੂ ਸਾਹਿਬਾਂ ਦੀ ਭਾਉ ਭਗਤੀ ਪੂਰਨ ਨਹੀਂ।

<u>ਸਤਿ ਸੰਗਤ</u>: ਸਤਿ ਸੰਗਤ ਵਿਚ ਹਰੀ ਨਾਮ ਦਾ ਜਾਪ ਆਦਿ ਗ੍ਰੰਥ ਦੀ ਭਗਤੀ ਦਾ ਇਕ ਵਿਸ਼ੇਸ਼ ਅੰਗ ਹੈ। ਸਤਿ ਸੰਗਤ ਨੂੰ ਉਚੱ ਸਥਾਨ ਪ੍ਰਾਪਤ ਹੈ। ਉੱਤਮ ਸੰਗਤ ਵਿਚ ਮਨੁੱਖ ਚੰਗੇ ਗੁਣ ਸਿਖਦਾ ਹੈ ਜੋ ਪ੍ਰਭੂਮੇਲ ਲਈ ਜ਼ਰੂਰੀ ਹਨ। ਸਾਧ ਸੰਗਤ ਵਿਚ ਪਾਪੀ ਵੀ ਤਰ ਜਾਂਦੇ ਹਨ, ਉਨ੍ਹਾਂ ਦੇ ਅਵਗੁਣ ਦੂਰ ਹੋ ਜਾਂਦੇ ਹਨ ਅਤੇ ਉਹ ਪਵਿੱਤਰ ਹੋ ਜਾਂਦੇ ਹਨ। ਜਿਵੇਂ ਚੰਦਨ ਦੇ ਨੇੜੇ ਅਰਿੰਡ ਦਾ ਰੁੱਖ ਵੀ ਚੰਦਨ ਵਾਂਗ ਖੁਸ਼ਬੂ ਦੀ ਪਰਤੀਤੀ ਦੇਂਦਾ ਹੈ ਇਸੇ ਤਰ੍ਹਾਂ ਪਾਪੀ ਵੀ ਚੰਗੇ ਸਾਥ ਵਿਚ ਗੁਣ ਗ੍ਰਹਿਣ ਕਰ ਲੈਂਦੇ ਹਨ। ਸਾਧ ਸੰਗਤ ਵਿਚ ਹਰੀ ਦਾ ਜਾਪ ਹੁੰਦਾ ਹੈ ਇਸ ਲਈ ਸੰਗਤ ਵਿਚ ਪਰਮਾਤਮਾ ਦਾ ਵਾਸਾ ਹੈ। ਇਹ ਸਾਰੇ ਵਿਚਾਰ ਗੁਰਬਾਣੀ ਇਸ ਤਰ੍ਹਾਂ ਦਸਦੀ ਹੈ:

1. ਸਤ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥[5]

---

1. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1342
2. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 22
3. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 354
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 352
5. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 72

2. ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਟਿਆ।[1]

3. ਮਹਾ ਪਵਿਤ੍ਰ ਸਾਧੁ ਕਾ ਸੰਗ॥
ਜਿਸ ਭੇਟਤ ਲਾਗੈ ਪ੍ਰਭ ਰੰਗ॥[2]

4. ਸਚੀ ਸੰਗਤ ਸਚਿ ਮਿਲੈ ਸਚੈ ਨਾਇ ਪਿਆਰ॥[3]

5. ਊਤਮ ਸੰਗਤ ਊਤਮ ਹੋਵੈ॥
ਗੁਣ ਕਉ ਧਾਵੈ ਅਵਗੁਣ ਧੋਵੈ॥[4]

6. ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ,
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ॥[5]

<u>ਨਾਮ ਸਾਧਨਾ</u>: ਨਾਮ ਦਾ ਸਾਧਨਾ ਪੱਖ ਤੋਂ ਬੜਾ ਮਹੱਤਵ ਹੈ ਅਤੇ ਇਹ ਗੁਰੂ ਸਾਹਿਬਾਨ ਦੀ ਭਗਤੀ ਦਾ ਇਕ ਪ੍ਰਮੁੱਖ ਅੰਗ ਹੈ। ਨਾਮ-ਜਪ ਦੀ ਇਕ ਲੰਮੀ ਪਰੰਪਰਾ ਚਲੀ ਆ ਰਹੀ ਹੈ। ਨਿਰਗੁਣ ਅਤੇ ਸਗੁਣ ਦੋਵਾਂ ਤਰ੍ਹਾਂ ਦੇ ਸਾਧਕਾਂ ਨੇ ਨਾਮ ਦੀ ਮਹਾਨਤਾ ਨੂੰ ਸਵੀਕਾਰਿਆ ਹੈ। ਡਾ: ਹਜ਼ਾਰੀ ਪ੍ਰਸਾਦ ਦ੍ਵਿਵੇਦੀ ਨੇ ਇਸ ਅਪਾਰ ਭਵ-ਸਾਗਰ ਨੂੰ ਪਾਰ ਕਰਨ ਲਈ ਨਾਮ ਨੂੰ ਇਕ ਮਾਤਰ ਤੁਲਹਾ ਕਿਹਾ ਹੈ[6].... ਇਹ ਨਾਮ ਰੂਪ ਦੀ ਉਪਾਸਨਾ ਮੱਧ ਕਾਲੀ ਭਗਤਾਂ ਦੀ ਆਪਣੀ ਵਿਸ਼ੇਸ਼ਤਾ ਹੈ।

ਗੁਰਬਾਣੀ ਅਤੇ ਪਰੰਪਰਾ ਦੇ ਨਾਮ ਵਿਚ ਫਰਕ ਹੈ। ਪਰੰਪਰਾ ਅਨੁਸਾਰ ਨਾਮ ਕੇਵਲ ਸਾਧਨ ਹੈ ਪਰ ਗੁਰੂ ਸਾਹਿਬਾਨ ਨੇ ਨਾਮ ਸਰਬ ਵਿਆਪੀ ਸ਼ਕਤੀ ਲਈ ਵਰਤਿਆ ਹੈ ਜੋ ਸਾਰੇ ਦੁੱਖਾਂ, ਕਲੇਸ਼ਾਂ ਦਾ ਦਾਰੂ ਹੈ। ਸਾਰੀ ਸ੍ਰਿਸ਼ਟੀ ਵਿਚ ਉਹ ਭਰਪੂਰ ਹੈ। ਸਾਰੀ ਸ੍ਰਿਸ਼ਟੀ ਨਾਮ ਹੀ ਹੈ, ਨਾਮ ਤੋਂ ਬਿਨਾਂ ਕੋਈ ਵੀ ਥਾਂ ਖਾਲੀ ਨਹੀਂ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਨਾਮ ਸਾਧਨ ਹੀ ਨਹੀਂ, ਟੀਚਾ ਵੀ ਬਣ ਜਾਂਦਾ ਹੈ, ਜਦੋਂ ਗੁਰੂ ਸਾਹਿਬ ਕਹਿੰਦੇ ਹਨ:

1. ਨਾਮ ਕੇ ਧਾਰੇ ਸਗਲੇ ਜੰਤ॥[7]

2. ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥[8]

---

1. ਸਿਰੀ ਮਹਲਾ 5, ਗੁਰੂ ਗ੍ਰੰਥ, ਪੰਨਾ 48
2. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 392
3. ਵਡਹੰਸ ਮਹਲਾ 3, ਗੁਰੂ ਗ੍ਰੰਥ, ਪੰਨਾ 586
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 414
5. ਗੋਂਡ ਮਹਲਾ 4, ਗੁਰੂ ਗ੍ਰੰਥ, ਪੰਨਾ 861
6. ਡਾ: ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਮੱਧਕਾਲੀਨ ਧਰਮ-ਸਾਧਨਾ, ਪੰਨਾ 13-14
7. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 284
8. ਜਪੁ, ਗੁਰੂ ਗ੍ਰੰਥ, ਪੰਨਾ 4

ਨਾਮ ਦੇ ਮੁਕਾਬਲੇ ਤੇ ਕੋਈ ਵਸਤੂ ਨਹੀਂ। ਅਧਿਆਤਮਕ ਜਿਗਿਆਸੂ ਲਈ ਨਾਮ ਦੀ ਜ਼ਰੂਰਤ ਹੈ। ਨਾਮ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ। ਸੰਸਾਰਕ ਵਸਤਾਂ ਨਾਸ਼ਮਾਨ ਹਨ, ਕੇਵਲ ਨਾਮ ਹੀ ਨਾਲ ਨਿਭਦਾ ਹੈ। ਨਾਮ ਤੋਂ ਬਿਨਾਂ ਗਿਆਨ ਅਤੇ ਧਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰਬਾਣੀ ਦਸਦੀ ਹੈ:

1. ਕਰਿ ਬੀਚਾਰੁ ਮਨਿ ਦੇਖਹੁ
   ਨਾਨਕ ਬਿਨੁ ਨਾਵੈ ਮੁਕਤਿ ਨ ਹੋਈ॥ [1]
2. ਸੁਇਨਾ ਰੁਪਾ ਸਭ ਧਾਤੁ ਹੈ ਮਾਟੀ ਰਲਿ ਜਾਈ॥
   ਬਿਨੁ ਨਾਵੈ ਨਾਲਿ ਨ ਚਲਈ ਸਤਿਗੁਰਿ ਬੂਝ ਬੁਝਾਈ॥
   ਨਾਨਕ ਨਾਮਿ ਰਤੇ ਸੇ ਨਿਰਮਲੇ ਸਾਚੈ ਰਹੇ ਸਮਾਈ॥ [2]
3. ਨਾਮ ਬਿਨਾ ਕਿਆ ਗਿਆਨ ਧਿਆਨੁ॥
   ਗੁਰਮੁਖਿ ਪਾਵਹਿ ਦਰਗਹਿ ਮਾਨੁ॥ [3]

ਗੁਰਬਾਣੀ ਅਨੁਸਾਰ ਜੀਵ ਲਈ ਨਾਮ ਦੀ ਬਹੁਤ ਆਵੱਸ਼ਕਤਾ ਹੈ। ਸੰਸਾਰਕ ਅਗਿਆਨ ਵਿਚ ਅੰਨ੍ਹੇ ਜੀਵ ਲਈ ਇਹ ਟੋਹਣੀ ਦਾ ਕੰਮ ਦੇਂਦਾ ਹੈ। ਬੰਧਨਾਂ ਤੋਂ ਛੁਟਕਾਰਾ ਨਾਮ ਹੀ ਕਰਵਾਉਂਦਾ ਹੈ। ਜਦੋਂ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਅਤੇ ਉਸ ਮੈਲੀ ਬੁੱਧੀ ਨੂੰ ਨਾਮ ਦੁਆਰਾ ਧੋਤਾ ਜਾਂਦਾ ਹੈ। ਨਾਮ ਹੀ ਅੰਤ ਨੂੰ ਸਾਥ ਦੇਂਦਾ ਹੈ। ਇਹ ਅਮਰ ਹੈ, ਬਾਕੀ ਸਭ ਕੁਝ ਬਿਨਸਨਹਾਰ ਹੈ। ਗੁਰਬਾਣੀ ਇਹ ਵਿਚਾਰ ਦ੍ਰਿੜ੍ਹ ਕਰਵਾਈ ਹੈ:

1. ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ॥ [4]
2. ਬਾਧਾ ਛੂਟੈ ਨਾਮੁ ਸਮਾਲਿ॥ [5]
3. ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ॥ [6]
4. ਭਰੀਐ ਮਤਿ ਪਾਪਾ ਕੈ ਸੰਗਿ॥
   ਓਹੁ ਧੋਪੈ ਨਾਵੈ ਕੈ ਰੰਗਿ॥ [7]

---

1. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 946
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1012
3. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 905
4. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 752
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 412
6. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1012
7. ਜਪੁ, ਗੁਰੂ ਗ੍ਰੰਥ, ਪੰਨਾ 4

ਮਾਇਆ ਦੇ ਮੰਦੇ ਪ੍ਰਭਾਵ ਤੋਂ, ਆਵਾਗਵਨ ਤੋਂ ਛੁਟਕਾਰਾ ਨਾਮ ਦੁਆਰਾ ਹੀ ਸੰਭਵ ਹੈ। ਨਾਮ ਨਾਲ ਲੱਗਾ ਪ੍ਰਾਣੀ ਨਰਕ ਦਾ ਵਾਸੀ ਨਹੀਂ ਬਣਦਾ:

ਨੰਨਾ ਨਰਕ ਪਰਹਿ ਤੇ ਨਾਹੀ॥
ਜਾ ਕੈ ਮਨਿ ਤਨਿ ਨਾਮੁ ਬਸਾਹੀ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ॥
ਬਿਖੁ ਮਾਇਆ ਮਹਿ ਨਾ ਓਇ ਖਪਤੇ॥[1]

ਸੰਸਾਰ ਵਿਚ ਰਹਿੰਦੇ ਹੋਏ ਸਹਿਜ ਸੁਭਾਅ ਨਾਮ ਦੁਆਰਾ ਜੀਵ ਸਹਿਜ ਅਵਸਥਾ ਪ੍ਰਾਪਤ ਕਰ ਸਕਦਾ ਹੈ। ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ। ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ, ਦੋਵਾਂ ਵਿਚ ਭੇਦ ਨਹੀਂ ਰਹਿੰਦਾ। ਇਹ ਸਾਰਾ ਕੁਝ ਜੇ ਨਾਮ ਨੂੰ ਮਨ ਵਿਚ ਵਸਾਇਆ ਜਾਵੇ ਤਾਂ ਹੀ ਸੰਭਵ ਹੈ। ਗੁਰੂ ਸਾਹਿਬਾਨ ਦਾ ਕਥਨ ਹੈ:

1. ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ॥
ਭਗਤੀ ਰੰਗੁ ਨ ਉਤਰੈ ਸਹਜੇ ਰਹੈ ਸਮਾਇ॥[2]

2. ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ॥
ਸਬਦੈ ਹੀ ਤੇ ਪਾਈਐ ਹਰਿਨਾਮੇ ਲਗੈ ਪਿਆਰੁ॥
ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ॥[3]

3. ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ?
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥[4]

ਇਸ ਤਰ੍ਹਾਂ ਗੁਰਬਾਣੀ ਵਿਚ ਨਾਮ ਦੀ ਮਹੱਤਤਾ ਨੂੰ ਪਰਵਾਨਿਆ ਹੈ। ਨਾਮ ਦੀ ਚਾਰੇ ਜੁਗਾਂ ਅੰਦਰ ਵਡਿਆਈ ਦੱਸੀ ਹੈ ਅਤੇ ਸਭ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਹਰੀ ਨਾਮ ਨੂੰ ਮੰਨਿਆ ਹੈ ਅਸਲ ਵਿਚ ਹਰੀ ਨਾਮ ਦੇ ਮੁਕਾਬਲੇ ਤੇ ਹੋਰ ਕੁਝ ਨਹੀਂ। ਗੁਰਬਾਣੀ ਵਿਚ ਆਉਂਦਾ ਹੈ:

1. ਸਰਬ ਧਰਮ ਮਹਿ ਸ੍ਰੇਸ਼ਟ ਧਰਮ॥
ਹਰਿ ਕੋ ਨਾਮ ਜਪੁ ਨਿਰਮਲ ਕਰਮ॥[5]

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 257
2. ਸਿਰੀ ਮਹਲਾ 4, ਗੁਰੂ ਗ੍ਰੰਥ, ਪੰਨਾ 85
3. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 58
4. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 397
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 266

2. ਹਰਿ ਕੇ ਨਾਮ ਸਮਸਰ ਕਿਛੁ ਨਾਹਿ॥[1]

3. ਜੁਗ ਚਾਰੇ ਨਾਮਿ ਵਡਿਆਈ ਹੋਇ॥[2]

ਗੁਰੂ ਸਾਹਿਬਾਨ ਨੇ ਨਾਮ ਉਤੇ ਬੜਾ ਜ਼ੋਰ ਦਿੱਤਾ ਹੈ। ਡਾ:ਸ਼ੇਰ ਸਿੰਘ ਨੇ ਇਸ ਦੀ ਮਹੱਤਤਾ ਵੇਖਦੇ ਹੋਏ ਨਾਮ-ਸਾਧਨਾ ਨੂੰ ਨਾਮ-ਮਾਰਗ ਵੀ ਦੱਸਿਆ ਹੈ। ਉਨ੍ਹਾਂ ਅਨੁਸਾਰ ਗੁਰੂਆਂ ਨੇ ਮੁਕਤੀ ਦੇ ਇਕ ਨਵੇਂ ਮਾਰਗ ਦੀ ਕਾਢ ਕੱਢੀ। ਜੋ ਕਰਮ, ਗਿਆਨ[3] ਅਤੇ ਪਰੰਪਰਾਗਤ ਹਿੰਦੂ ਭਗਤੀ ਮਾਰਗ ਵਿਚੋਂ ਕੋਈ ਵੀ ਨਹੀਂ। ਇਹ ਨਾਮ-ਮਾਰਗ ਹੈ।

ਸਮੁੱਚੇ ਅਧਿਐਨ ਤੋਂ ਬਾਅਦ ਇਹ ਕਹਿ ਸਕਦੇ ਹਾਂ ਕਿ ਗੁਰੂ ਬਾਣੀ ਵਿਚ ਪਰਮ-ਪਦ ਦੀ ਪ੍ਰਾਪਤੀ ਲਈ ਪ੍ਰਚਲਿਤ ਮਾਰਗਾਂ ਦੇ ਪਰੰਪਰਾਗਤ ਰੂਪ ਨੂੰ ਤਿਆਗ ਕੇ, ਇਨ੍ਹਾਂ ਵਿਚੋਂ ਜੋ ਸਾਰਥਕ ਲੱਗਾ, ਅਪਨਾ ਲਿਆ। ਉਨ੍ਹਾਂ ਨੇ ਕਰਮ ਕਾਂਡਾਂ ਦਾ ਖੰਡਨ ਕੀਤਾ, ਇਨ੍ਹਾਂ ਨੂੰ ਫਜ਼ੂਲ ਦੱਸਿਆ, ਕਿਉਂਕਿ ਪਾਰਬ੍ਰਹਮ ਨੂੰ ਸਹਿਜ ਸੁਭਾਇ ਪਾਇਆ ਜਾ ਸਕਦਾ ਹੈ, ਉਸ ਲਈ ਕਿਸੇ ਉਚੇਚ ਵਿਧੀ ਦੀ ਜ਼ਰੂਰਤ ਨਹੀਂ। ਇਸੇ ਲਈ ਉਨ੍ਹਾਂ ਦੇ ਮਾਰਗ ਨੂੰ ਸਹਿਜ-ਮਾਰਗ ਵੀ ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਬ੍ਰਹਮ ਦੀ ਪ੍ਰਾਪਤੀ ਸਹਿਜ ਦੁਆਰਾ ਦੱਸੀ ਹੈ:

ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥[4]

ਕਰਮ, ਯੋਗ ਅਤੇ ਭਗਤੀ ਦੇ ਬਾਹਰਲੇ ਸੰਪਰਦਾਇਕ ਚਿੰਨ੍ਹਾਂ ਦੇ ਅੰਦਰੂਨੀ ਅਰਥ ਦੱਸੇ। ਬ੍ਰਹਮ ਦੀ ਪ੍ਰਾਪਤੀ ਨਿਸ਼ਕਾਮ ਪ੍ਰੇਮ ਦੁਆਰਾ ਹੋ ਸਕਦੀ ਹੈ। ਆਦਿ ਗ੍ਰੰਥ ਵਿਚ ਪ੍ਰਚਲਿਤ ਸਾਰੇ ਮਾਰਗਾਂ ਦਾ ਸੁਮੇਲ ਹੈ ਪਰ ਪ੍ਰਮੁੱਖ ਰੰਗ ਭਗਤੀ ਦਾ ਹੈ। ਡਾ:ਜਯ ਰਾਮ ਮਿਸ਼ਰ ਲਿਖਦੇ ਹਨ, "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਪ੍ਰਧਾਨ ਹੈ। ਇਹ ਗੱਲ ਬਿਨਾਂ ਵਾਦ-ਵਿਵਾਦ ਤੋਂ ਸਾਬਤ ਹੁੰਦੀ ਹੈ.....ਗੁਰੂਆਂ ਦੁਆਰਾ ਨਿਰੂਪਿਤ ਸਾਰੇ ਪੰਥ ਭਗਤੀ ਦੀ ਧਾਰਾ ਨਾਲ ਸਿੰਜੇ ਹੋਏ ਹਨ। ਬਿਨਾਂ ਪਰਮਾਤਮਾ ਦੀ ਭਗਤੀ ਤੋਂ ਕਰਮ ਪਾਖੰਡ-ਭਰਪੂਰ, ਅਤੇ ਆਡੰਬਰ ਵਾਲਾ ਹੈ। ਗਿਆਨ ਸ਼ੁਸ਼ਕ-ਗਿਆਨ ਮਾਤਰ ਹੈ ਅਤੇ ਯੋਗ ਸਿਰਫ਼ ਜਿਸਮਾਨੀ ਕਸਰਤ ਹੈ। ਪਰਮਾਤਮਾ ਦੀ ਪ੍ਰੇਮ ਭਗਤੀ ਹੀ ਕਰਮ ਯੋਗ ਨੂੰ ਨਿਸ਼ਕਾਮ ਕਰਮ-ਯੋਗ ਬਣਾਉਂਦੀ ਹੈ, ਗਿਆਨ ਨੂੰ ਬ੍ਰਹਮ ਗਿਆਨ ਦਾ ਰੂਪ ਦਿੰਦੀ ਹੈ ਅਤੇ ਯੋਗ ਨੂੰ ਸਹਿਜ ਯੋਗ ਵਿਚ ਬਦਲ ਦਿੰਦੀ ਹੈ। ਇਸ ਲਈ ਗੁਰੂ ਸਾਹਿਬਾਨ ਦੇ ਅਨੁਸਾਰ ਕਿਸੇ ਵੀ ਮਾਰਗ ਦੀ ਸਾਧਨਾ ਬਿਨਾਂ ਭਗਤੀ ਤੋਂ ਨਿਰਜਿੰਦ ਅਤੇ ਥੋਥੀ ਹੈ।[5]

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 265
2. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 880
3. Dr. Sher Singh, Philosophy of Sikhism, page 51.
4. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 157
5. ਡਾ:ਜਯ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 283

ਇਸ ਸਹਿਜ ਭਗਤੀ ਵਿਚ ਨਾਮ ਸਾਧਨ ਹੈ। ਗੁਰੂ ਅਤੇ ਪ੍ਰਭੂ ਦੀ ਬਖਸ਼ਿਸ਼ ਬਿਨਾਂ ਇਹ ਪ੍ਰਾਪਤ ਨਹੀਂ ਹੁੰਦੀ।

ਉਪਨਿਸ਼ਦਾਂ ਵਿਚ ਭਗਤੀ ਯੋਗ ਨੂੰ ਗੁਰਬਾਣੀ ਦੀ ਤਰ੍ਹਾਂ ਇਕ ਮਾਰਗ ਦੇ ਰੂਪ ਵਿਚ ਨਹੀਂ ਅਪਣਾਇਆ ਗਿਆ। ਪਰ ਭਗਤੀ ਦਾ ਜ਼ਿਕਰ ਉਪਨਿਸ਼ਦਾਂ ਵਿਚ ਵੀ ਆਇਆ ਹੈ। ਉਪਨਿਸ਼ਦਾਂ ਵਿਚ ਸੇਵਾ, ਸ਼ਰਧਾ, ਬੰਦਨਾ, ਆਦਿ ਭਗਤੀ ਦੇ ਅੰਗ ਸੁਭਾਵਿਕ ਹੀ ਪ੍ਰਾਪਤ ਹੁੰਦੇ ਹਨ। ਸ਼ਵੇਤਾਸ਼ਵਤਰ ਉਪਨਿਸ਼ਦ(6.23) ਅਨੁਸਾਰ ਉਸ ਨੂੰ ਹੀ ਗਿਆਨ ਪ੍ਰਾਪਤ ਹੁੰਦਾ ਹੈ ਜੋ ਪਰਮ ਦੇਵ ਦੀ ਭਗਤੀ ਵਿਚ ਪੂਰਨ ਹੈ। ਕਠ ਉਪਨਿਸ਼ਦ(1.2.7-8-9) ਵਿਚ ਗੁਰੂ ਅਤੇ ਸਤਿਗੁਰ ਕ੍ਰਿਪਾ ਨੂੰ ਆਤਮ-ਅਨੁਭਵ ਲਈ ਜ਼ਰੂਰੀ ਦੱਸਿਆ ਹੈ। ਮੁੰਡਕ ਉਪਨਿਸ਼ਦ(1.2.11) ਵਿਚ ਤਪ, ਸੇਵਾ ਅਤੇ ਸ਼ਰਧਾ ਦਾ ਵਰਨਣ ਮਿਲਦਾ ਹੈ।

ਉਪਨਿਸ਼ਦਾਂ ਵਿਚ ਨਾਮ ਦਾ ਵਰਣਨ ਵੀ ਮਿਲ ਜਾਂਦਾ ਹੈ ਪਰ ਉਪਨਿਸ਼ਦਾਂ ਵਿਚ ਨਾਮ ਨੂੰ ਇਤਨਾ ਨਹੀਂ ਵਡਿਆਇਆ ਗਿਆ ਜਿਤਨਾ ਗੁਰਬਾਣੀ ਵਿਚ ਇਸ ਦਾ ਵਿਵੇਚਨ ਕੀਤਾ ਗਿਆ ਹੈ। ਉਪਨਿਸ਼ਦਾਂ ਵਿਚ 'ਉਦਗੀਥ' ਸ਼ਬਦ ਨਾਮ ਸਿਮਰਨ ਦਾ ਸੂਚਕ ਹੈ। ਛਾਂਦੋਗਯ ਉਪਨਿਸ਼ਦ(1.5.5) ਵਿਚ ਉਦਗੀਥ ਸ਼ਬਦ ਨਾਮ ਉਪਾਸਨਾ ਦਾ ਵਰਣਨ ਕਰਦਾ ਹੈ। ਨਾਮ ਉਪਾਸਨਾ ਨੂੰ ਪ੍ਰਮੁੱਖ ਉਪਾਸਨਾ ਦੱਸਿਆ ਹੈ। ਇਸੇ ਉਪਨਿਸ਼ਦ ਦੇ(1.5.2) ਵਿਚ ਨਾਮ ਸਿਮਰਨ ਤੋਂ ਸਭ ਦਾਤਾਂ ਦੀ ਪ੍ਰਾਪਤੀ ਦਾ ਵਰਣਨ ਹੈ।

### ਹ. ਗੁਰੂ ਦਾ ਸੰਕਲਪ

ਗੁਰਬਾਣੀ ਵਿਚ ਗੁਰੂ ਦਾ ਮਹੱਤਵਪੂਰਨ ਸਥਾਨ ਹੈ। ਜਿਗਿਆਸੂ ਕਿਸੇ ਵੀ ਆਤਮ-ਮਾਰਗ ਨੂੰ ਅਪਨਾਵੇ, ਉਸ ਦੀ ਸਫਲਤਾ ਲਈ ਗੁਰੂ ਦੀ ਆਵਸ਼ਕਤਾ ਹੈ।

ਗੁਰੂ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦੇ ਵਿਉਤਪਤੀ ਮੂਲਕ ਅਰਥ ਹਨ - ਜੋ ਧਰਮ ਦਾ ਉਪਦੇਸ਼ ਕਰੇ, ਅਥਵਾ ਅਗਿਆਨ ਨੂੰ ਦੂਰ ਕਰੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਸ਼ਬਦ ਗ੍ਰਿ(ਗ੍ਰ) ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ - ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੈ।[1] ਗੁਰਬਾਣੀ ਅਨੁਸਾਰ ਜਿਹੜਾ ਵੀ 'ਸਤਿ ਪੁਰਖ' ਹੈ, ਉਹ 'ਸਤਿਗੁਰੂ' ਹੈ:

---

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 311

ਸਤਿ ਪੁਰਖ ਜਿਨਿ ਜਾਣਿਆ ਸਤਿਗੁਰੁ ਤਿਸਕਾ ਨਾਉ॥
ਤਿਸ ਕੈ ਸੰਗਿ ਸਿਖ ਉਧਰੈ ਨਾਨਕ ਹਰਿ ਗੁਣ ਗਾਉ॥ [1]

ਗੁਰੂ ਜੀਵ ਨੂੰ ਪਰਮਾਤਮਾ ਨਾਲ ਮਿਲਾਣ ਵਾਲਾ ਉਹ ਮਹਾਨ-ਆਤਮਾ ਹੈ ਜਿਸ ਦੀ ਪਰਮਾਤਮਾ ਨਾਲ ਇਕਸੁਰਤਾ ਹੈ ਅਤੇ ਜੋ ਭੁੱਲੇ ਭਟਕੇ ਪ੍ਰਾਣੀਆਂ ਨੂੰ ਪ੍ਰਭੂ ਮੇਲ ਦਾ ਰਾਹ ਵਿਖਾਂਦਾ ਹੈ। ਜੋ ਸਭ ਵਿਛੜਿਆਂ ਹੋਇਆਂ ਨੂੰ ਇਕ ਲੜੀ ਵਿਚ ਪ੍ਰੋ ਦਿੰਦਾ ਹੈ। ਕਾਮਲ ਗੁਰੂ ਦੀਆਂ ਨਿਸ਼ਾਨੀਆਂ ਗੁਰਬਾਣੀ ਦਸਦੀ ਹੈ:

1. ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥ [2]
2. ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥
   ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮਪਦੁ ਲਹੀਐ॥ [3]
3. ਰਤਾ ਸਚਿ ਨਾਮਿ ਤਲ ਹੀਅਲੁ ਸੋ ਗੁਰੁ ਪਰਮਲੁ ਕਹੀਐ॥
   ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ॥ [4]
4. ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥ [5]

ਅਧਿਆਤਮਕ ਜਿਗਿਆਸੂ ਲਈ ਗੁਰੂ ਦੀ ਬਹੁਤ ਅਵੱਸ਼ਕਤਾ ਹੈ। ਇਸ ਰਸਤੇ ਦੀਆਂ ਕਠਨਾਈਆਂ ਨੂੰ ਸਰਲ ਬਣਾਉਂਦਾ ਹੈ। ਗੁਰੂ ਤੋਂ ਬਿਨਾਂ ਸਾਰਾ ਸੰਸਾਰ ਡੁੱਬਾ ਹੋਇਆ ਹੈ। ਗੁਰੂ ਪ੍ਰਕਾਸ਼ ਦਾ ਪ੍ਰਤੀਕ ਹੈ, ਗੁਰੂ ਬਿਨਾਂ ਸੂਰਜ ਚੰਦ ਹੁੰਦੇ ਹੋਏ ਵੀ ਘੋਰ ਅੰਧਕਾਰ ਹੈ। ਗੁਰੂ ਸਾਹਿਬ ਦਾ ਕਥਨ ਹੈ:

1. ਬਾਝੁ ਗੁਰੂ ਡੁਬਾ ਸੰਸਾਰੁ॥ [6]
2. ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
   ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ [7]

ਗੁਰੂ ਦੀ ਸ਼ਰਨ ਪੈ ਕੇ ਹੀ ਹਉਮੈਂ ਦਾ ਨਾਸ਼ ਹੁੰਦਾ ਹੈ ਅਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੁਆਰਾ ਮੁਕਤੀ ਦਾ ਦੁਆਰ ਖੁਲ੍ਹਦਾ ਹੈ ਅਤੇ ਨਰਕ ਦਾ, ਕਾਲ ਦਾ ਭੈ

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 286
2. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1290
3. ਬੈਰਾਗਣਿ ਮਹਲਾ 4, ਗੁਰੂ ਗ੍ਰੰਥ, ਪੰਨਾ 168
4. ਪ੍ਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1329
5. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 72
6. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 138
7. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 463

ਦੂਰ ਹੁੰਦਾ ਹੈ। ਗੁਰੂ ਦੁਆਰਾ ਹੀ ਗਿਆਨ ਦੀ ਪ੍ਰਪਤੀ ਹੁੰਦੀ ਹੈ। ਮਨ ਦਾ ਦਰਵਾਜ਼ਾ ਖੋਲ੍ਹਣ ਲਈ ਚਾਬੀ ਗੁਰੂ ਕੋਲ ਹੈ। ਗੁਰਬਾਣੀ ਵਿਚ ਇਹ ਵਿਚਾਰ ਉਪਲੱਬਧ ਹਨ:

1. ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ॥[1]
2. ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ॥[2]
3. ਗੁਰ ਕਾ ਸੇਵਕੁ ਨਰਕਿ ਨ ਜਾਇ॥[3]
4. ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ॥[4]
5. ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥[5]
6. ਕਾਢਨ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜੀਉ॥[6]
7. ਬਿਨੁ ਗੁਰ ਰਾਮੁ ਨਾਮੁ ਕਤ ਲਹੀਐ॥[7]

ਗੁਰਬਾਣੀ ਵਿਚ ਗੁਰੂ ਨੂੰ ਪਾਰਬ੍ਰਹਮ ਦਾ ਰੂਪ ਕਿਹਾ ਹੈ। ਇਨ੍ਹਾਂ ਦੋਵਾਂ ਵਿਚ ਕੋਈ ਭੇਦ ਨਹੀਂ। ਗੁਰਬਾਣੀ ਵਿਚ ਆਉਂਦਾ ਹੈ:

1. ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਈ॥[8]
2. ਨਾਨਕ ਸੋਧੇ ਸਿਮ੍ਰਿਤ ਬੇਦ॥
   ਪਾਰਬ੍ਰਹਮ ਗੁਰ ਨਾਹੀ ਭੇਦ॥[9]
3. ਪਾਰਬ੍ਰਹਮ ਪਰਮੇਸਰੁ ਅਨੂਪੁ॥
   ਸਫਲ ਮੂਰਤਿ ਗੁਰ ਤਿਸਕਾ ਰੂਪੁ॥[10]
4. ਸਤਿਗੁਰੁ ਵਿਚਿ ਆਪੁ ਰਖਿਓਨੁ, ਕਰਿ ਪ੍ਰਗਟੁ ਆਖਿ ਸੁਣਾਇਆ॥[11]
5. ਸਤਿਗੁਰੁ ਜੇਵਡੁ ਅਵਰੁ ਨ ਕੋਇ॥
   ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥[12]

ਆਦਿ ਗ੍ਰੰਥ ਵਿਚ ਗੁਰੂ ਨਿਰੰਕਾਰ ਹੈ, ਸੋ ਉਹ 'ਸ਼ਬਦ' ਰੂਪ ਹੈ। ਗੁਰਬਾਣੀ ਵਿਚ ਸ਼ਬਦ ਨੂੰ ਗੁਰੂ ਕਿਹਾ ਹੈ:

---

1. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 60
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 353
3. ਮਾਰੂ ਮਹਲਾ 5, ਗੁਰੂ ਗ੍ਰੰਥ, ਪੰਨਾ 1075
4. ਬਸੰਤ ਮਹਲਾ 1, ਗੁਰੂ ਗ੍ਰੰਥ, ਪੰਨਾ 1171
5. ਆਸਾ ਮਹਲਾ , ਗੁਰੂ ਗ੍ਰੰਥ, ਪੰਨਾ 469
6. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 751
7. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 416
8. ਸਿਰੀ ਮਹਲਾ 5, ਗੁਰੂ ਗ੍ਰੰਥ, ਪੰਨਾ 53
9. ਭੈਰਉ ਮਹਲਾ 5, ਗੁਰੂ ਗ੍ਰੰਥ, ਪੰਨਾ 1142
10. ਭੈਰਉ ਮਹਲਾ 5, ਗੁਰੂ ਗ੍ਰੰਥ, ਪੰਨਾ 1152
11. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 466
12. ਮਲਾਰ ਮਹਲਾ 5, ਗੁਰੂ ਗ੍ਰੰਥ, ਪੰਨਾ 1271

1. ਸਬਦੁ ਗੁਰੂ ਪੀਰਾ ਗਹਿਰ ਗੰਭੀਰਾ
   ਬਿਨੁ ਸਬਦੈ ਜਗੁ ਬਉਰਾਨੰ॥[1]
2. ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[2]

ਉਪਨਿਸ਼ਦ ਜਿਸ ਦਾ ਭਾਵ ਹੈ ਨੇੜੇ ਬੈਠਣਾ, ਗੁਰੂ ਦੀ ਆਤਮਿਕ ਨੇੜ ਦਾ ਵਾਚਕ ਹੀ। ਸ਼ਿਸ਼ ਗੁਰੂ ਦੇ ਨੇੜੇ ਬੈਠ ਕੇ ਗਿਆਨ ਪ੍ਰਾਪਤ ਕਰਿਆ ਕਰਦੇ ਸਨ। ਬ੍ਰਿਹਦਾਰਣਕ ਉਪਨਿਸ਼ਦ(4.4.23) ਵਿਚ ਗੁਰੂ ਪਦ ਦਾ ਅਧਿਕਾਰ ਵੇਦਾਂ ਦਾ ਗਿਆਤਾ ਜਾਂ ਪੂਰਨ ਮਹਾਤਮਾ ਨੂੰ ਦੱਸਿਆ ਹੈ। ਕਠ ਉਪਨਿਸ਼ਦ(1.2.8) ਵਿਚ ਕਿਹਾ ਗਿਆ ਹੈ ਕਿ ਕਿਸੇ ਅਪਰਾ(ਘਟੀਆ) ਤੋਂ ਗਿਆਨ ਹਾਸਲ ਕੀਤਿਆਂ ਆਤਮਾ ਦੀ ਸੋਝੀ ਨਹੀਂ ਆ ਸਕਦੀ, ਕੇਵਲ ਉਸ ਤੋਂ ਹੋ ਸਕਦੀ ਹੈ ਜਿਸ ਨੇ ਆਪ ਬ੍ਰਹਮ ਨੂੰ ਜਾਣਿਆ ਹੋਵੇ।

ਉਪਨਿਸ਼ਦਾਂ ਵਿਚ ਗੁਰੂ ਦੀ ਪੱਥ ਪ੍ਰਦਰਸ਼ਨਾ ਨੂੰ ਅਵੱਸ਼ਕ ਦੱਸਿਆ ਹੈ। ਸ਼ਵੇਤਾਸ਼ਵਤਰ ਉਪਨਿਸ਼ਦ(6.23) ਵਿਚ ਬ੍ਰਹਮ ਵਿਦਿਆ ਦੀ ਪ੍ਰਾਪਤੀ ਦੀ ਕਠਨਾਈ ਅਤੇ ਉਸ ਲਈ ਕਿਸੇ ਆਚਾਰਯ ਗੁਰੂ ਦੇ ਪੱਥ-ਪ੍ਰਦਰਸ਼ਨ ਦੀ ਅਤਿਅੰਤ ਅਵੱਸ਼ਕਤਾ ਦੱਸੀ ਹੈ। ਛਾਂਦੋਗਯ ਉਪਨਿਸ਼ਦ(4.9.3) ਅਨੁਸਾਰ ਗੁਰੂ ਦੁਆਰਾ ਦਿੱਤਾ ਗਿਆਨ ਮੁਕਤੀ ਹਾਸਲ ਕਰਨ ਲਈ ਸਹਾਇਕ ਹੁੰਦਾ ਹੈ।

### ਕ. ਪ੍ਰਸਾਦਿ ਦਾ ਸੰਕਲਪ

ਪੱਛਮ ਵਾਲਿਆਂ ਨੇ ਪ੍ਰਸਾਦ ਤੋਂ ਭਾਵ ਰਿਆਇਤ( favour ) ਲਿਆ ਹੈ। ਅੰਗ੍ਰੇਜ਼ੀ ਸ਼ਬਦ grace ਦਾ ਨਿਕਾਸ ਫਰਾਂਸੀਸੀ[3] ਅਤੇ ਲਾਤੀਨੀ grace & gratia ਤੋਂ ਅਤੇ ਯੂਨਾਨੀ 'charis' ਤੋਂ ਹੋਇਆ ਹੈ। ਅਰਬੀ ਵਿਚ 'ਕਰਮ' ਸ਼ਬਦ ਵਰਤਿਆ ਹੈ ਜਿਸ ਦਾ ਵਿਵਹਾਰਿਕ ਅਰਥ ਹੈ ਮਿਹਰ, ਬਖਸ਼ਿਸ਼, ਕ੍ਰਿਪਾ, ਦਇਆ ਆਦਿ। ਗੁਰਬਾਣੀ ਵਿਚ 'ਪ੍ਰਸਾਦਿ' ਦੀ ਭਾਵਨਾ ਨੂੰ ਪ੍ਰਗਟਾਉਣ ਵਾਲੇ ਕਈ ਹੋਰ ਸ਼ਬਦ ਜਿਵੇਂ ਨਦਰ, ਕ੍ਰਿਪਾ, ਕਰਮ ਆਦਿ ਵੀ ਵਰਤੇ ਗਏ ਹਨ।

ਪ੍ਰਭੂ ਮੇਲ ਨਿਰੋਲ ਪ੍ਰਭੂ ਦੀ ਕ੍ਰਿਪਾ ਦਾ ਮਹੱਤਵ ਹੈ। ਹਰ ਪ੍ਰਕਾਰ ਦੀ ਸਾਧਨਾ ਪ੍ਰਭੂ

---

1. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 635
2. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 943
3. Encyclopedia of Britanica, Vol.IV, page 595

ਜਾਂ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਅਸਫਲ ਹੈ। ਸਵਾਮੀ ਰਾਮ ਦਾਸ ਨੇ ਪ੍ਰਭੂ ਕ੍ਰਿਪਾ ਨੂੰ ਜ਼ਰੂਰੀ ਦੱਸਿਆ ਹੈ। ਉਨ੍ਹਾਂ ਦੇ ਸ਼ਬਦਾਂ ਵਿਚ "ਸਾਨੂੰ ਇਹ ਸੋਚਣ ਦੀ ਗਲਤੀ ਨਹੀਂ ਕਰਨੀ ਚਾਹੀਦੀ ਕਿ ਅਸੀਂ ਆਪਣੇ ਯਤਨਾਂ ਨਾਲ ਉਸ ਨੂੰ ਪ੍ਰਾਪਤ ਕਰ ਸਕਦੇ ਹਾਂ। ਸੱਚਮੁੱਚ ਅਸੀਂ ਉਸ ਨੂੰ ਉਸਦੇ ਭਾਣੇ ਨਾਲ, ਉਸਦੀ ਮਿਹਰ ਨਾਲ ਹੀ ਪ੍ਰਾਪਤ ਕਰ ਸਕਦੇ ਹਾਂ।"[1] ਗੁਰਪ੍ਰਸਾਦਿ ਨੂੰ ਵਿਅਕਤੀ ਦੇ ਧਾਰਮਿਕ ਜੀਵਨ ਲਈ ਉਤਨਾ ਹੀ ਜ਼ਰੂਰੀ ਦੱਸਿਆ ਹੈ ਜਿਤਨਾ ਜਾਨਦਾਰਾਂ ਲਈ ਸਾਹ ਲੈਣਾ ਜ਼ਰੂਰੀ ਹੈ।[2]

ਰੱਬੀ ਹੋਂਦ ਵਿਚ ਵਿਸ਼ਵਾਸ ਰੱਖਣ ਵਾਲਾ ਹਰ ਮਨੁੱਖ ਵਿਅਕਤੀਗਤ ਕਿਰਿਆ ਦੇ ਨੇਪਰੇ ਚੜ੍ਹਨ ਲਈ ਪ੍ਰਭੂ ਦੀ ਕ੍ਰਿਪਾ ਲਈ ਅਰਦਾਸ ਕਰਦਾ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਵੀ ਪ੍ਰਭੂ ਮਿਹਰ ਸਦਕਾ ਹੈ। ਸਾਧਕ ਵਲੋਂ ਸਾਰੇ ਯਤਨ ਹੋਣ ਤੇ ਵੀ ਪ੍ਰਭੂ ਦੀ ਬਖਸ਼ਿਸ਼ ਤੋਂ ਬਿਨਾਂ ਪ੍ਰਭੂ ਮੇਲ ਅਸੰਭਵ ਹੈ:

1. ਗੁਰਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ॥[3]
2. ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ॥[4]

ਜਪੁ ਜੀ ਦੇ ਮੂਲ ਮੰਤਰ ਵਿਚ ਵੀ ਕਿਹਾ ਹੈ ਕਿ 'ਗੁਰਪ੍ਰਸਾਦਿ' ਦੁਆਰਾ ਪ੍ਰਭੂ ਮਿਲਦਾ ਹੈ।

ਗੁਰੂ ਗ੍ਰੰਥ ਵਿਚ ਮਨੁੱਖ ਵਲੋਂ ਬ੍ਰਹਮ ਵਲ ਨੂੰ ਜਾਣ ਦੇ ਯਤਨਾਂ ਦਾ ਵਰਣਨ ਹੈ। ਜੀਵ ਅਗਿਆਨ ਤੋਂ ਗਿਆਨ ਵਲ ਆਉਣ ਦਾ ਯਤਨ ਕਰਦਾ ਹੈ। ਭਗਤੀ ਅਤੇ ਨਾਮ ਦੁਆਰਾ ਪ੍ਰਭੂ ਦਰ ਦੀ ਪਰਵਾਨਗੀ ਚਾਹੁੰਦਾ ਹੈ। ਇਹ ਸਾਰਾ ਕੁਝ ਵੀ ਉਸ ਨੂੰ ਤਾਂ ਪ੍ਰਾਪਤ ਹੁੰਦਾ ਹੈ ਜੇ ਪਾਰਬ੍ਰਹਮ ਦੀ ਕ੍ਰਿਪਾ ਹੋਵੇ। ਗੁਰਬਾਣੀ ਅਨੁਸਾਰ:

1. ਗੁਰਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ॥[5]
2. ਨਦਰਿ ਕਰੇ ਤਾ ਸਿਮਰਿਆ ਜਾਇ॥[6]

---

1. Swami Ram Dass, God Experience, page 72.
2. Gopal Singh, The Religion of the Sikhs, page 88.
3. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 936
4. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1273
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 353
6. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 661

3. ਬਿਨੁ ਕਰਮੈ ਨਾਉ ਨ ਪਾਈਐ ਪੂਰੈ ਕਰਮਿ ਪਾਇਆ ਜਾਇ॥[1]
4. ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥[2]

ਮੁਕਤੀ ਲਈ ਵੀ ਪ੍ਰਭੂ ਦੀ ਨਦਰਿ ਜ਼ਰੂਰੀ ਹੈ:

1. ਗੁਰਪਰਸਾਦੀ ਮੁਕਤੁ ਹੋਇ ਸਾਚੇ ਨਿਜ ਥਾਈ॥[3]
2. ਨਦਰੀ ਮੋਖੁ ਦੁਆਰੁ॥[4]

ਗੁਰੂ ਤੋਂ ਬਿਨਾਂ ਪ੍ਰਭੂ ਪ੍ਰਾਪਤੀ, ਮੁਕਤੀ, ਗਿਆਨ, ਨਾਮ ਆਦਿ ਕਿਸੇ ਦੀ ਵੀ ਪ੍ਰਾਪਤੀ ਨਹੀਂ ਹੋ ਸਕਦੀ, ਪਰ ਗੁਰਬਾਣੀ ਅਨੁਸਾਰ ਗੁਰੂ ਦੀ ਪ੍ਰਾਪਤੀ ਵੀ ਪ੍ਰਭੂ ਕ੍ਰਿਪਾ ਹੋਵੇ ਤਾਂ ਹੁੰਦੀ ਹੈ। ਜਿਵੇਂ ਗੁਰਬਾਣੀ ਦਸਦੀ ਹੈ:

1. ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥[5]
2. ਨਦਰਿ ਕਰੇ ਤਾ ਸਤਿਗੁਰੁ ਮਿਲੈ॥[6]
3. ਕਰਮੁ ਹੋਵੈ ਸਤਿਗੁਰੂ ਮਿਲਾਏ॥[7]

ਗੁਰਬਾਣੀ ਵਿਚ ਵੈਸੇ ਤਾਂ ਸਾਰਿਆਂ ਉਪਰ ਬ੍ਰਹਮ ਦੀ ਕ੍ਰਿਪਾ ਹੈ, ਜੋ ਹਰ ਵਕਤ ਹਰ ਇਕ ਉਪਰ ਕਾਇਮ ਰਹਿੰਦੀ ਹੈ:

1. ਜੈਸੀ ਨਦਰਿ ਕਰੇ ਤੈਸਾ ਹੋਇ॥
   ਵਿਣੁ ਨਦਰੀ ਨਾਨਕ ਨਹੀ ਕੋਇ॥[8]
2. ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ॥
   ਜੈਸੀ ਨਦਰਿ ਕਰਿ ਵੇਖੈ ਸਚਾ ਤੈਸਾ ਹੀ ਕੋ ਹੋਇ॥[9]

ਗੁਰਬਾਣੀ ਵਿਚ 'ਕਰਮ ਖੰਡ' ਦੁਆਰਾ ਵਿਸ਼ੇਸ਼ ਕ੍ਰਿਪਾ ਦਾ ਜ਼ਿਕਰ ਕੀਤਾ ਹੈ। ਵਿਸ਼ੇਸ਼ ਕ੍ਰਿਪਾ ਲਈ ਸਾਧਕ ਨੂੰ ਆਪਣੇ ਆਪ ਨੂੰ ਇਸ ਕ੍ਰਿਪਾ ਦਾ ਪਾਤਰ ਬਣਨ ਲਈ ਤਿਆਰ

---

1. ਸੋਰਠ ਮਹਲਾ 3, ਗੁਰੂ ਗ੍ਰੰਥ, ਪੰਨਾ 648
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 292
3. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1011
4. ਜਪੁ, ਗੁਰੂ ਗ੍ਰੰਥ, ਪੰਨਾ 2
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 465
6. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 465
7. ਮਾਝ ਮਹਲਾ 3, ਗੁਰੂ ਗ੍ਰੰਥ, ਪੰਨਾ 110
8. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 661
9. ਸਿਰੀ ਮਹਲਾ 3, ਗੁਰੂਗ੍ਰੰਥ, ਪੰਨਾ 66

ਹੋਣਾ ਪੈਂਦਾ ਹੈ। ਕਰਮ ਖੰਡ ਬਖਸ਼ਿਸ਼ ਦਾ ਖੰਡ ਹੈ। ਸਾਧਕ ਪਹਿਲੇ ਤਿੰਨ ਖੰਡਾਂ ਵਿਚ ਆਪਣੇ ਆਪ ਨੂੰ ਤਿਆਰ ਕਰ ਲੈਂਦਾ ਹੈ ਅਤੇ ਜੇ ਪ੍ਰਭੂ ਦੀ ਕ੍ਰਿਪਾ ਪ੍ਰਾਪਤ ਹੋ ਜਾਵੇ ਤਾਂ ਹੀ ਸਚਖੰਡ ਵਿਚ ਸਾਧਕ ਪ੍ਰਵੇਸ਼ ਹੋ ਸਕਦਾ ਹੈ।

ਉਪਨਿਸ਼ਦਾਂ ਵਿਚ ਵੀ ਮੰਨਿਆ ਗਿਆ ਹੈ ਕਿ ਸਾਰੇ ਯਤਨਾਂ ਤੋਂ ਪਿਛੋਂ ਪ੍ਰਭੂ ਕ੍ਰਿਪਾ ਹੋਵੇ ਤਾਂ ਸਫਲਤਾ ਮਿਲਦੀ ਹੈ। ਮੁੰਡਕ ਉਪਨਿਸ਼ਦ(2.2.3) ਅਨੁਸਾਰ ਇਹ ਆਤਮਾ(ਪ੍ਰਭੂ) ਪ੍ਰਵਚਨ ਨਾਲ ਪ੍ਰਾਪਤ ਹੋਣ ਯੋਗ ਨਹੀਂ, ਨਾ ਬੁੱਧੀ ਨਾਲ, ਨਾ ਬਹੁਤ ਸੁਣਨ ਨਾਲ ਪ੍ਰਾਪਤ ਹੋਣ ਯੋਗ ਹੈ। ਜਿਸ ਨੂੰ ਨਿਸ਼ਚੇ ਹੀ ਇਹ ਆਤਮਾ ਅਪਣਾ ਲੈਂਦਾ ਹੈ ਉਸੇ ਨੂੰ ਪ੍ਰਾਪਤ ਹੁੰਦਾ ਹੈ। ਉਸ ਲਈ ਇਹ ਆਤਮਾ ਆਪਣੇ ਸਰੂਪ ਨੂੰ ਖੋਹਲ ਦੇਂਦਾ ਹੈ। ਕਠ ਉਪਨਿਸ਼ਦ(2.23) ਵਿਚ ਕਿਹਾ ਹੈ ਕਿ ਆਤਮਾ ਨਾ ਸਿੱਖਿਆ ਨਾਲ, ਨਾ ਬੁੱਧੀ ਨਾਲ ਅਤੇ ਨਾ ਸ਼ਾਸਤਰ ਪਾਠ ਸੁਣਨ ਨਾਲ ਪ੍ਰਾਪਤ ਹੁੰਦਾ ਹੈ, ਉਹ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਸ ਨੂੰ ਕਿ ਉਹ ਸਵੀਕਾਰ ਕਰਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ(6.21) ਅਨੁਸਾਰ ਉਸਦੀ ਕ੍ਰਿਪਾ ਨਾਲ ਹੀ ਉਸ ਬਾਰੇ ਕਿਹਾ ਜਾ ਸਕਦਾ ਹੈ। ਮੁਕਤੀ ਦੀ ਪ੍ਰਾਪਤੀ ਅਤੇ ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਪ੍ਰਭੂ ਬਖਸ਼ਿਸ਼ ਦੁਆਰਾ ਹੁੰਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ (1.6) ਵਿਚ ਮੁਕਤੀ ਦੀ ਪ੍ਰਾਪਤੀ ਲਈ ਪ੍ਰਭੂ ਕ੍ਰਿਪਾ ਨੂੰ ਜ਼ਰੂਰੀ ਦੱਸਿਆ ਹੈ। ਇਸੇ ਉਪਨਿਸ਼ਦ(3.10) ਵਿਚ ਕਰਤੇ ਦੀ ਕ੍ਰਿਪਾ ਨਾਲ ਦੁੱਖਾਂ ਅਤੇ ਕਾਮਨਾਵਾਂ ਤੋਂ ਛੁਟਕਾਰਾ ਦੱਸਿਆ ਹੈ।

...

<u>ਅਧਿਆਇ ਸੱਤਵਾਂ</u>

ਸਦਾਚਾਰ ਵਿਧਾਨ

ੳ. ਸਦਗੁਣ ਅਤੇ ਸਦਾਚਾਰ ਦੀ ਲੋੜ

ਅ. ਨਕਾਰਾਤਮਕ ਅਤੇ ਸਕਾਰਾਤਮਕ ਵਿਧਾਨ

## ਸਦਾਚਾਰ ਵਿਧਾਨ

### (ੳ) ਸਦਾਚਾਰ ਅਤੇ ਸਦਾਚਾਰ ਦੀ ਲੋੜ

ਸਦਾਚਾਰ ਨੂੰ ਅੰਗਰੇਜ਼ੀ ਵਿਚ Ethics ਕਿਹਾ ਜਾਂਦਾ ਹੈ ਜੋ ਯੂਨਾਨੀ ਸ਼ਬਦ Ethos ਤੋਂ ਪੈਦਾ ਹੋਇਆ ਹੈ, ਜਿਸ ਦਾ ਅਰਥ ਹੈ ਆਚਰਨ। ਇਸ ਨੂੰ ਵਿਸ਼ਵ ਕੋਸ਼ ਵਿਚ ਸਦਾਚਾਰ ਦਰਸ਼ਨ ਵੀ ਕਿਹਾ ਗਿਆ ਹੈ।[1] ਸਦਾਚਾਰ ਮਨੁੱਖ ਦੇ ਵਿਵਹਾਰ ਦਾ ਵਿਗਿਆਨ ਹੈ, ਉਸ ਦੇ ਨਿੱਤ ਦੇ ਕੰਮਾਂ ਬਾਰੇ ਨਿਯਮ-ਬੱਧ ਅਸੂਲਾਂ ਦਾ ਸੰਗ੍ਰਹਿ ਹੈ। ਨੈਤਿਕ ਵਿਗਿਆਨ ਮਨੁੱਖ ਦੀ ਉੱਤਮ ਚੰਗਿਆਈ ਜਾਂ ਉਸਦੇ ਆਦਰਸ਼ ਅਤੇ ਨਿਤਪ੍ਰਤੀ ਜੀਵਨ ਦੇ ਅੰਤਮ ਨਿਸ਼ਾਨੇ ਦੀ ਖੋਜ ਨਾਲ ਸੰਬੰਧ ਰਖਦੇ ਹਨ। ਇਸ ਤਰ੍ਹਾਂ ਨੈਤਿਕ-ਵਿਗਿਆਨ ਇਕ ਨਿਰਪੇਖ ਵਿਦਿਆ ਹੈ ਜਿਸਦਾ ਮਨੁੱਖ ਦੇ ਜੀਵਨ ਅਤੇ ਉਸ ਦੇ ਆਲੇ ਦੁਆਲੇ ਨਾਲ ਡੂੰਘਾ ਰਿਸ਼ਤਾ ਹੈ।[2] ਸੋ ਸਦਾਚਾਰ ਨੀਤੀ ਵਿਚ ਹਰ ਤਰ੍ਹਾਂ ਦੇ ਕਰਮਾਂ ਦੀ ਵਿਚਾਰ ਕੀਤੀ ਜਾਂਦੀ ਹੈ, ਨਿਰੇ ਸ਼ੁੱਭ ਕਰਮਾਂ ਦੀ ਹੀ ਨਹੀਂ।

ਗੁਰਬਾਣੀ ਦਾ ਆਚਾਰ ਖੇਤਰ ਬੜਾ ਵਿਸ਼ਾਲ ਹੈ। ਗੁਰਬਾਣੀ ਵਿਚ ਨੈਤਿਕਤਾ ਸਿਧਾਂਤਕ ਨਹੀਂ ਅਮਲੀ ਹੈ। ਗੁਰਬਾਣੀ ਵਿਚ ਸੱਚ ਨੂੰ ਬਹੁਤ ਜ਼ਰੂਰੀ ਮੰਨਿਆ ਹੈ ਪਰ ਸੱਚ ਤੋਂ ਵੀ ਸੱਚੇ ਆਚਾਰ ਉਤੇ ਵਧੇਰੇ ਬਲ ਦੇਣਾ ਇਸ ਗੱਲ ਦੀ ਗਵਾਹੀ ਹੈ ਕਿ ਗੁਰੂਆਂ ਦੇ ਆਚਾਰ ਵਿਧਾਨ ਵਿਚ ਸੱਚ ਜੀਉਣਾ ਅਤੇ ਸੱਚ ਨੂੰ ਪਾਲਣਾ ਵੱਡੀ ਵਿਸ਼ੇਸ਼ਤਾ ਹੈ। ਸੱਚ ਨੂੰ ਕਮਾਉਣ ਨੂੰ ਥਾਂ ਥਾਂ ਸਲਾਹਿਆ ਹੈ:

1. ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[3]
2. ਕਰਿ ਆਚਾਰੁ ਸਚੁ ਸੁਖੁ ਹੋਈ॥[4]
3. ਉਸਤਤਿ ਮਨ ਮਹਿ ਕਰਿ ਨਿਰੰਕਾਰ॥
   ਕਰਿ ਮਨ ਮੇਰੇ ਸਤਿ ਬਿਉਹਾਰ॥[5]

---

1. Encyclopedia of Britanica, Volume VIII, page 752.
2. Encyclopedia of Americana, Volume X, page 555
3. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 62
4. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 931
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 281

ਸੋ ਗੁਰਬਾਣੀ ਜਗਤ ਛੱਡਣ ਲਈ ਨਹੀਂ ਕਹਿੰਦੀ ਸਗੋਂ ਗ੍ਰਿਹਸਥ ਜੀਵਨ ਨੂੰ ਮਹੱਤਵ ਦਿੱਤਾ ਗਿਆ ਹੈ। ਗੁਰਬਾਣੀ ਇਸ ਜਗਤ ਨੂੰ ਉਸ ਪ੍ਰਭੂ ਦਾ ਖੇਲ ਮੰਨਦੀ ਹੈ, ਇਸ ਵਿਚ ਉਹ ਆਪ ਬਿਰਾਜਮਾਨ ਹੈ। ਸੋ ਸਾਰੇ ਜੀਵਾਂ ਨੂੰ ਉਸ ਦੀ ਜੋਤਿ ਸਮਝ ਕੇ ਮਾਨਵੀ ਗੁਣਾਂ ਤੇ ਜ਼ੋਰ ਦਿੱਤਾ ਹੈ ਜਿਨ੍ਹਾਂ ਦੁਆਰਾ ਜੀਵ ਇਕ ਚੰਗਾ ਮਾਨਵ ਬਣ ਸਕਦਾ ਹੈ ਅਤੇ ਬ੍ਰਹਮ ਨਾਲ ਇਕਸੁਰਤਾ ਵੀ ਕਾਇਮ ਕਰ ਸਕਦਾ ਹੈ। ਗੁਰਬਾਣੀ ਵਿਚ ਜਗਤ ਤਿਆਗ ਦੀ ਰੁਚੀ ਨਹੀਂ, ਵੈਰਾਗ ਹੈ। ਕੰਵਲ ਵਾਂਗ ਨਿਰਲੇਪ ਰਹਿਣ ਤੇ ਬਲ ਦਿੱਤਾ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥[1]

ਸਦਾਚਾਰਕ ਸਾਧਨਾਂ ਆਤਮਕ ਉੱਨਤੀ ਲਈ ਬਹੁਤ ਜ਼ਰੂਰੀ ਹੈ। ਗੁਰਬਾਣੀ ਵਿਚ ਸਦਾਚਾਰਕ ਗੁਣਾਂ ਤੇ ਜ਼ੋਰ ਦਿੱਤਾ ਹੈ ਅਤੇ ਇਨ੍ਹਾਂ ਨੂੰ ਪ੍ਰਭੂ ਮੇਲ ਲਈ ਲੋੜੀਂਦਾ ਦੱਸਿਆ ਹੈ। ਬਿਨਾਂ ਗੁਣਾਂ ਦੇ ਭਗਤੀ ਪ੍ਰੇਮ ਨਹੀਂ ਹੋ ਸਕਦਾ ਅਤੇ ਪ੍ਰਭੂ ਨਾਲ ਸਾਂਝ ਨਹੀਂ ਪੈਂਦੀ। ਗੁਰਬਾਣੀ ਦਸਦੀ ਹੈ:

1. ਵਿਣੁ ਗੁਣ ਕੀਤੇ ਭਗਤਿ ਨ ਹੋਇ॥[2]
2. ਜੇ ਗੁਣ ਹੋਵਹਿ ਸਾਜਨਾ ਮਿਲਿ ਸਾਝ ਕਰੀਜੈ॥[3]
   ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥

ਗੁਰਬਾਣੀ ਵਿਚ ਮਨ ਦੀ ਸ਼ੁੱਧੀ ਲਈ ਵੀ ਸਦਾਚਾਰਕ ਗੁਣ ਜ਼ਰੂਰੀ ਹਨ। ਸ਼ੁੱਧ ਮਨ ਵਿਚ ਹੀ ਸ਼ੁੱਧ ਵਿਚਾਰ ਆ ਸਕਦੇ ਹਨ। ਸੋ ਮਨ ਨੂੰ ਸ਼ੁੱਧ ਕਰਨ ਲਈ ਸਦਾਚਾਰ ਗੁਣਾਂ ਦੀ ਜ਼ਰੂਰਤ ਹੈ ਅਤੇ ਗੁਰੂ ਸਾਹਿਬਾਨ ਮਨ ਦੇ ਭਾਂਡੇ ਨੂੰ ਸਾਫ ਕਰਨ ਦੀ ਤਾਕੀਦ ਕਰਦੇ ਹਨ:

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥[4]

ਪੰਜਾਂ ਇੰਦਰੀਆਂ ਨੂੰ ਸ਼ੁਭ ਕੰਮ ਕਰਨ ਲਈ ਕਿਹਾ ਹੈ। ਇਨ੍ਹਾਂ ਦੀ ਸ਼ੁੱਧੀ ਤੇ ਜ਼ੋਰ ਦਿੱਤਾ ਹੈ। ਇਖਲਾਕੀ ਗੁਣਾਂ ਤੋਂ ਬਿਨਾਂ ਸਭ ਸੁਆਦਾਂ ਨੂੰ ਝੂਠਾ ਦਸ ਕੇ ਸ਼ੁਭ ਅਮਲਾਂ ਦੀ ਪ੍ਰੇਰਨਾ

---

1. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 938
2. ਜਪੁ, ਗੁਰੂ ਗ੍ਰੰਥ, ਪੰਨਾ 4
3. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 765
4. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 728

ਦਿੱਤੀ ਹੈ:

1. ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥[1]

2. ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ
ਸਾਚੈ ਸੁਨਣੈ ਨੋ ਪਠਾਏ॥[2]

3. ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥[3]

4. ਕੂੜਾਂ ਕਾਂ ਹੋਵੈ ਵਾਸਨਾ ਕਰ ਵਾਸ ਨ ਲੀਜੈ॥[4]

5. ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥[5]

ਉਪਨਿਸ਼ਦਾਂ ਵਿਚ ਸਦਾਚਾਰ ਦਾ ਵਿਸ਼ੇਸ਼ ਤੌਰ ਤੇ ਵਰਣਨ ਨਹੀਂ ਹੋਇਆ ਪਰ ਕਿਉਂਕਿ ਸਦਾਚਾਰ ਪ੍ਰਾਪਤੀ ਦਾ ਸਾਧਨ ਹੈ ਇਸ ਲਈ ਉਪਨਿਸ਼ਦਾਂ ਦੇ ਰਿਸ਼ੀਆਂ ਦੀਆਂ ਮੁਢਲੀਆਂ ਸਿਖਿਆਵਾਂ ਸਦਾਚਾਰ ਜੀਵਨ ਨੂੰ ਪ੍ਰੇਰਾਂ ਕਰਨ ਲਈ ਹਨ। ਤੈਤਰੀਯ ਉਪਨਿਸ਼ਦ (1.11) ਵਿਚ ਰਿਸ਼ੀ ਸ਼ਿਸ਼ ਨੂੰ ਸੰਸਾਰਕ ਨੈਤਿਕਤਾ ਦੀ ਸਿਖਿਆ ਦੇਂਦਾ ਹੈ, 'ਮਾਂ ਨੂੰ ਦੇਵ ਸਮਾਨ ਮੰਨ। ਪਿਤਾ ਨੂੰ ਦੇਵ ਸਮਝ। ਆਚਾਰਯ ਨੂੰ ਦੇਵ ਜਾਣ। ਪ੍ਰਾਹੁਣੇ ਨੂੰ ਦੇਵ ਸਮਾਨ ਸਮਝ। ਜਿੰਨੇ ਨਿਰਦੋਸ਼ ਉੱਤਮ ਕਰਮ ਹਨ ਉਨ੍ਹਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ। ਦੂਜੇ ਪਾਪ ਕਰਮ ਨਹੀਂ ਕਰਨੇ ਚਾਹੀਦੇ।' ਛਾਂਦੋਗਯ ਉਪਨਿਸ਼ਦ(5.10.7) ਅਨੁਸਾਰ ਭਵਿੱਖ ਦਾ ਚੰਗਾ ਮੰਦਾ ਜਨਮ ਵਰਤਮਾਨ ਦੇ ਚੰਗੇ ਮੰਦੇ ਆਚਾਰ ਤੇ ਨਿਰਭਰ ਹੈ। ਛਾਂਦੋਗਯ ਉਪਨਿਸ਼ਦ(3.17.4) ਵਿਚ ਤਪ, ਦਾਨ, ਅਹਿੰਸਾ ਅਤੇ ਸਤਵਚਨ ਦੀ ਸਿਖਿਆ ਦਿੱਤੀ ਹੈ।

### (ਅ) ਨਾਕਾਰਾਤਮਕ ਅਤੇ ਸਕਾਰਾਤਮਕ ਵਿਧਾਨ

ਸਾਸ਼ਤਰੀ ਦ੍ਰਿਸ਼ਟੀ ਤੋਂ 'ਆਚਾਰ-ਦਰਸ਼ਨ ਵਿਚ ਤਰਕ ਅਤੇ ਨਿਆਂਇ ਦੇ ਆਧਾਰ ਉਤੇ ਉਚਿਤ ਅਨੁਚਿਤ ਕਰਮਾਂ ਨੂੰ ਪ੍ਰਵਾਣ ਜਾਂ ਅਪ੍ਰਵਾਣ ਕੀਤਾ ਜਾਂਦਾ ਹੈ ਅਤੇ ਪਾਪ ਪੁੰਨ

---

1. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 922
2. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 922
3. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1287
4. ਸੂਹੀ ਮਹਲਾ 1, ਗੁਰੂ ਗ੍ਰੰਥ, ਪੰਨਾ 765
5. ਨਟ ਮਹਲਾ 4, ਗੁਰੂ ਗ੍ਰੰਥ, ਪੰਨਾ 983

ਦਾ ਨਿਖੇੜਾ ਕਰਕੇ ਮਨੁੱਖ ਜੀਵਨ ਦੇ ਮਨੋਰਥਾਂ, ਨਿਸ਼ਾਨਿਆਂ ਅਤੇ ਹੋਰ ਪ੍ਰਸਥਿਤੀਆਂ ਦੀ ਛਾਣ ਬੀਣ ਕੀਤੀ ਜਾਂਦੀ ਹੈ।[1]

ਗੁਰੂ ਸਾਹਿਬਾਨ ਨੇ ਨੈਤਿਕ ਪੱਖ ਤੋਂ ਦੋ ਤਰ੍ਹਾਂ ਦੇ ਆਚਾਰ ਵਿਧਾਨ ਦਾ ਜ਼ਿਕਰ ਕੀਤਾ ਹੈ, ਸਾਕਾਰਾਤਮਕ ਅਤੇ ਨਾਕਾਰਾਤਮਕ ਵਿਧਾਨ। ਜੋ ਕੰਮ ਸਚਿਆਰ ਹੋਣ ਲਈ ਸਹਾਇਕ ਹਨ ਉਹ ਸਾਕਾਰਾਤਮਕ ਵਿਧਾਨ ਦੇ ਅੰਤਰਗਤ ਆਉਂਦੇ ਹਨ ਅਤੇ ਜਿਨ੍ਹਾਂ ਦੇ ਕਰਨ ਨਾਲ ਆਤਮ ਪ੍ਰਗਤੀ ਵਿਚ ਰੁਕਾਵਟ ਆਵੇ ਉਹ ਕੰਮ ਨਾ ਕਰਨ ਦਾ ਆਦੇਸ਼ ਦਿੱਤਾ ਹੈ। ਇਨ੍ਹਾਂ ਮਨੋਵਿਕਾਰਾਂ ਵਿਚੋਂ ਮੁੱਖ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਹਨ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਪੰਜ ਦੋਖ ਅਤੇ ਪੰਜ ਚੋਰ ਕਿਹਾ ਹੈ:

1. ਏਕ ਨਗਰੀ ਪੰਚ ਚੋਰ ਬਸੀਅਲੇ॥[2]
2. ਪੰਚ ਦੋਖ ਅਸਾਧ ਜਾਮਹਿ ਤਾਕੀ ਕੇਤਕ ਆਸ॥[3]

ਜੋ ਇਨ੍ਹਾਂ ਵਿਕਾਰਾਂ ਵਿਚ ਮਗਨ ਹਨ, ਉਨ੍ਹਾਂ ਦਾ ਨਾਸ਼ ਹੀ ਹੋਇਆ ਹੈ। ਸੋ ਇਨ੍ਹਾਂ ਨੂੰ ਤਿਆਗ ਦੇਣ ਦਾ ਆਦੇਸ਼ ਦਿੱਤਾ ਹੈ। ਗੁਰੂ ਜੀ ਫਰਮਾਉਂਦੇ ਹਨ:

1. ਕੇਤੇ ਖਪਿ ਤੁਟਹਿ ਵੇਕਾਰ॥[4]
2. ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥[5]

ਕਾਮ: ਗੁਰਬਾਣੀ ਵਿਚ ਕਾਮ ਦੇ ਬੁਰੇ ਅਸਰ ਨੂੰ ਦੱਸਿਆ ਹੈ। ਕਾਮ ਕ੍ਰੋਧ ਇਸ ਸਰੀਰ ਨੂੰ ਇਸ ਤਰ੍ਹਾਂ ਗਾਲ ਦਿੰਦੇ ਹਨ ਜਿਵੇਂ ਸੋਹਾਗਾ ਸੋਨੇ ਨੂੰ ਢਾਲ ਦਿੰਦਾ ਹੈ। ਕਾਮ ਪ੍ਰੇਮੀ ਨਰਕ ਵਿਚ ਜਾਂਦਾ ਹੈ:

1. ਕਾਮ ਕ੍ਰੋਧ ਕਾਇਆ ਕਉ ਗਾਲੈ॥
   ਜਿਉ ਕੰਚਨ ਸੋਹਾਗਾ ਢਾਲੈ॥[6]
2. ਹੇ ਕਾਮੰ ਨਰਕ ਬਿਸ੍ਰਾਮੰ॥[7]

---

1. D.D. Runes, The Dictionary of Philosophy, page 98.
2. ਗੂਜਰੀ ਮਹਲਾ 1, ਗੁਰੂ ਗ੍ਰੰਥ, ਪੰਨਾ 503
3. ਰਵਿਦਾਸ, ਗੁਰੂ ਗ੍ਰੰਥ, ਪੰਨਾ 486
4. ਜਪੁ, ਗੁਰੂ ਗ੍ਰੰਥ, ਪੰਨਾ 5
5. ਮਾਰੂ ਮਹਲਾ 5, ਗੁਰੂ ਗ੍ਰੰਥ, ਪੰਨਾ 1018
6. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 932
7. ਸਹਸਕ੍ਰਿਤੀ ਮਹਲਾ 5, ਗੁਰੂ ਗ੍ਰੰਥ, ਪੰਨਾ 1358

ਸੋ ਸਰੀਰ ਨੂੰ ਪਵਿੱਤਰ ਰਖਣ ਦਾ ਆਦੇਸ਼ ਦਿੱਤਾ ਹੈ। ਜਪੁ ਜੀ ਵਿਚ 'ਕਾਇਆ' ਨੂੰ ਪਵਿੱਤਰ ਰਖਣ ਨੂੰ ਹੀ ਜੋਗ ਦੀ ਅਸਲੀ ਜੁਗਤੀ ਦੱਸਿਆ ਹੈ:

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥[1]

ਗੁਰੂ ਸਾਹਿਬਾਨ ਨੇ ਵਿਵਾਹਿਤ ਜੀਵਨ ਲਈ ਕਾਮ ਬਿਰਤੀ ਨੂੰ ਲੋੜਨ ਮੰਨਿਆ ਹੈ। ਪਰ-ਇਸਤਰੀ ਗਮਨ ਨੂੰ ਘੋਰ ਵਿਭਚਾਰ ਕਿਹਾ ਹੈ:

ਪਰਤ੍ਰਿਅ ਰੂਪੁ ਨ ਪੇਖੈ ਨੇਤ੍ਰ॥[2]

<u>ਕ੍ਰੋਧ</u>: ਕ੍ਰੋਧ ਨੂੰ ਅਨੇਕ ਬੁਰਾਈਆਂ ਦੀ ਜੜ੍ਹ ਕਿਹਾ ਹੈ। ਕਾਮ ਕ੍ਰੋਧ ਦੀ ਅੱਗ ਵਿਚ ਸਾਰਾ ਜਗਤ ਸੜ ਰਿਹਾ ਹੈ। ਗੁਰੂ ਸਾਹਿਬ ਜਿਗਿਆਸੂ ਨੂੰ ਇਸ ਚੰਡਾਲ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੰਦੇ ਹਨ:

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲੁ॥[3]

<u>ਲੋਭ</u>: ਲੋਭ ਕਰਨ ਵਾਲੇ ਦਾ ਅੰਤ ਬੁਰਾ ਹੁੰਦਾ ਹੈ। ਉਹ ਜਨਮ ਵਿਅਰਥ ਗਵਾ ਲੈਂਦੇ ਹਨ। ਲੋਭ ਲਾਲਚ ਦੀ ਤ੍ਰਿਸ਼ਨਾ ਮਿਟਦੀ ਨਹੀਂ ਸਗੋਂ ਇਹ ਭੁੱਖ ਵਧਦੀ ਹੀ ਜਾਂਦੀ ਹੈ। ਲੋਭੀ ਵਿਅਕਤੀ ਨੂੰ ਕੁੱਤੇ ਦੀ ਤਰ੍ਹਾਂ ਹਲਕਿਆ ਹੋਇਆ ਦੱਸਿਆ ਹੈ। ਇਹ ਵਿਕਾਰ ਹਰੀ ਤੋਂ ਦੂਰ ਲੈ ਜਾਂਦੇ ਹਨ, ਸੋ ਬੁਰੇ ਹਨ ਤਿਆਗਣ ਯੋਗ ਹਨ। ਇਸ ਪ੍ਰਕਾਰ ਗੁਰੂਦੇਵਾਂ ਨੇ ਸਾਧਕ ਨੂੰ ਇਸ ਦੁਰਾਚਾਰ ਤੋਂ ਖ਼ਬਰਦਾਰ ਕੀਤਾ ਹੈ:

1. ਲੋਭ ਲਹਰਿ ਸਭੁ ਸੁਆਨੁ ਹਲਕੁ ਹੈ॥[4]
2. ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥[5]
3. ਮੁਹ ਕਾਲੇ ਤਿਨ ਲੋਭੀਆ ਜਾਸਨਿ ਜਨਮੁ ਗਵਾਇ॥[6]

<u>ਮੋਹ</u>: ਸਤਿ ਤੋਂ ਇਲਾਵਾ ਸਾਰਾ ਝੂਠਾ ਮੋਹ ਹੈ। ਇਸ ਮੋਹ ਨੂੰ ਗੁਰੂਦੇਵਾਂ ਨਾਸ਼ਕ ਅਤੇ ਦਾਗ ਕਹਿ ਕੇ ਇਸ ਨੂੰ ਤਿਆਗਣ ਤੇ ਜ਼ੋਰ ਦਿੱਤਾ ਹੈ। ਮੋਹ ਮਮਤਾ ਨਿਰਾ ਵਿਕਾਰ ਹੈ। ਗੁਰਬਾਣੀ ਦਸਦੀ ਹੈ:

---

1. ਜਪੁ, ਗੁਰੂ ਗ੍ਰੰਥ, ਪੰਨਾ 4
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 275
3. ਸਿਰੀ ਮਹਲਾ 4, ਗੁਰੂ ਗ੍ਰੰਥ, ਪੰਨਾ 44
4. ਨਟ ਮਹਲਾ 4, ਗੁਰੂ ਗ੍ਰੰਥ, ਪੰਨਾ 983
5. ਜਪੁ, ਗੁਰੂ ਗ੍ਰੰਥ, ਪੰਨਾ 1
6. ਸਲੋਕ ਮਹਲਾ 3, ਗੁਰੂ ਗ੍ਰੰਥ, ਪੰਨਾ 1417

1. ਜੇਤਾ ਮੋਹੁ ਪਰੀਤਿ ਸੁਆਦ॥
ਸਭਾ ਕਾਲਖ ਦਾਗਾ ਦਾਗ॥[1]

2. ਮੋਹ ਕੁਟੰਬੁ ਮੋਹ ਸਭ ਕਾਰ॥
ਮੋਹੁ ਤੁਮ ਤਜਹੁ ਸਗਲ ਵੇਕਾਰ॥[2]

<u>ਹੰਕਾਰ</u>: ਹੰਕਾਰ ਵੀ ਮੁਖ ਵਿਕਾਰਾਂ ਵਿਚੋਂ ਇਕ ਵਿਕਾਰ ਹੈ। ਗੁਰੂ ਅਰਜਨ ਦੇਵ ਨੇ ਇਸ ਨੂੰ ਦੀਰਘ ਰੋਗ ਕਿਹਾ ਹੈ। ਹੰਕਾਰ ਨੂੰ ਗੁਮਾਨ, ਗਰਬ, ਅੰਹਮੇਉ, ਹਉਮੈਂ ਆਦਿ ਵੀ ਕਿਹਾ ਹੈ। ਗਰਬ ਗੁਮਾਨ ਪ੍ਰਭੂ ਦੇ ਹੁਕਮ ਵਿਚ ਰਹਿਣ ਨਾਲ ਖ਼ਤਮ ਹੋ ਜਾਂਦਾ ਹੈ:

ਨਾਨਕੁ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥[3]

ਸੋ ਗਰਬ ਨਾ ਕਰਨ ਦਾ ਉਪਦੇਸ਼ ਦਿੱਤਾ ਹੈ:

ਗਰਬ ਨਾ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰ॥[4]

<u>ਨਿੰਦਾ</u>: ਗੁਰੂ ਸਾਹਿਬਾਨ ਨੇ ਨਿੰਦਾ ਨੂੰ ਵੀ ਨਿਸ਼ੇਧ-ਕਰਮ ਮੰਨਿਆ ਹੈ। ਪਰ-ਨਿੰਦਾ ਵਿਚ ਮਨੁੱਖ ਇਕ ਸੁਆਦ ਜਿਹਾ ਮਾਣਦਾ ਹੈ ਪਰ ਗੁਰੂ ਸਾਹਿਬਾਨ ਅਨੁਸਾਰ ਉਹ ਨਿੰਦਾ ਕਰਕੇ ਪਰਾਈ ਮੈਲ ਆਪਣੇ ਮੂੰਹ ਵਿਚ ਭਰ ਲੈਂਦਾ ਹੈ। ਨਿੰਦਕ ਨਿਰਲੱਜ ਅਤੇ ਮਨਮੁੱਖ ਕਰਦੇ ਹਨ। ਕਿਸੇ ਦੀ ਵੀ ਨਿੰਦਾ ਨਾ ਕਰਨ ਦੀ ਸਿਖਿਆ ਦਿੱਤੀ ਹੈ ਕਿਉਂਕਿ ਇਹ ਅਉਗਣ ਦੋਵਾਂ ਲੋਕਾਂ ਵਿਚ ਮੂੰਹ ਕਾਲਾ ਕਰਵਾਉਂਦਾ ਹੈ। ਗੁਰੂ ਸਾਹਿਬਾਨ ਦਾ ਕਥਨ ਹੈ:

1. ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥[5]

2. ਪਰ ਨਿੰਦਾ ਪਰ ਮਲੁ ਮੁਖਿ ਸੁਧੀ॥[6]

<u>ਕੂੜ</u>: ਗੁਰੂ ਸਾਹਿਬਾਨ ਨੇ ਕੂੜ ਅਰਥਾਤ ਅਸਤਿ ਦੀ ਨਿਖੇਧੀ ਕੀਤੀ ਹੈ। ਇਕ ਝੂਠ ਪਿਛੇ ਕਿੰਨੇ ਝੂਠ ਪੈਦਾ ਹੋ ਜਾਂਦੇ ਹਨ। ਝੂਠ ਹੀ ਉਸ ਪ੍ਰਭੂ ਸਤਿ ਦੇ ਮਿਲਾਪ ਵਿਚ ਦੀਵਾਰ ਬਣਦਾ ਹੈ, ਜੇ ਇਹ ਦੀਵਾਰ ਖ਼ਤਮ ਹੋ ਜਾਵੇ ਤਾਂ ਸਦੀਵੀ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ।

---

1. ਧਨਾਸਰੀ ਮਹਲਾ 1, ਗੁਰੂ ਗ੍ਰੰਥ, ਪੰਨਾ 662.
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 356
3. ਜਪੁ, ਗੁਰੂ ਗ੍ਰੰਥ, ਪੰਨਾ 1
4. ਸਲੋਕ ਮਹਲਾ 1, ਗੁਰੂ ਗ੍ਰੰਥ, ਪੰਨਾ 956
5. ਸੂਹੀ ਮਹਲਾ 3, ਗੁਰੂ ਗ੍ਰੰਥ, ਪੰਨਾ 755
6. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 15

ਝੂਠ ਬੋਲਣ ਨੂੰ ਮੁਰਦਾਰ ਖਾਣ ਦੇ ਸਮਾਨ ਦੱਸਿਆ ਹੈ। ਇਹ ਵਿਚਾਰ ਗੁਰਬਾਣੀ ਵਿਚ ਇਸ ਤਰ੍ਹਾਂ ਹਨ:

1. ਕਲਜੁ ਖੇਤੁ ਨੇ ਕੂੜ ਜਮਾਇਆ ਸਭ ਕੂੜੇ ਕੇ ਖਲਵਾਰੇ॥[1]
2. ਕੂੜੇ ਕੀ ਪਾਲਿ ਵਿਚਹੁ ਨਿਕਲੈ ਤਾਂ ਸਦਾ ਸੁਖੁ ਹੋਇ॥[2]
3. ਕੂੜੁ ਬੋਲਿ ਮੁਰਦਾਰੁ ਖਾਇ॥[3]

ਮਨੁੱਖ ਸੱਚ ਨਾਲ ਹੀ ਮੁਕਤ ਹੁੰਦਾ ਹੈ। ਜਿੱਤ ਸੱਚ ਦੀ ਹੀ ਹੁੰਦੀ ਹੈ। ਦਰਗਾਹ ਵਿਚ ਵੀ ਸੱਚ ਅਨੁਸਾਰ ਨਿਬੇੜਾ ਹੋਵੇਗਾ:

1. ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥[4]
2. ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥[5]

<u>ਅਹਿੰਸਾ</u>: ਹਿੰਸਾ ਦਾ ਅਰਥ ਮਾਰਨਾ, ਦੁਖ ਦੇਣਾ ਕੀਤਾ ਗਿਆ ਹੈ। ਆਪਣੇ ਸੁਖ ਵਿਭੂਤੀ ਦੀ ਪ੍ਰਾਪਤੀ ਵਾਸਤੇ ਜੀਵਾਂ ਦੀ ਕੁਰਬਾਨੀ ਯੱਗ ਆਦਿ ਵਿਚ ਕਰਨੀ ਅਤੇ ਜ਼ੁਲਮ ਕਰਕੇ ਪ੍ਰਾਣੀਆਂ ਨੂੰ ਸਤਾਉਣ ਦਾ ਨਾਉਂ ਹਿੰਸਾ ਹੈ।[6] ਗੁਰੂ ਸਾਹਿਬਾਨ ਨੇ ਬੜੀ ਯੁਕਤੀ ਨਾਲ ਸਮਝਾਇਆ ਹੈ ਕਿ ਜੇ ਲਹੂ ਦਾ ਕਤਰਾ ਕਪੜਿਆਂ ਨੂੰ ਲੱਗੇ ਤਾਂ ਅਪਵਿੱਤਰ ਮੰਨਿਆ ਜਾਂਦਾ ਹੈ ਪਰ ਬੇਬਸ ਲੋਕਾਂ ਦੇ ਹੱਕਾਂ ਦਾ ਜੋ ਲਹੂ ਪੀ ਕੇ ਆਪਣੇ ਆਪ ਨੂੰ ਕਿਵੇਂ ਪਵਿੱਤਰ ਮੰਨ ਸਕਦੇ ਹਨ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥[7]

ਅਜਿਹੇ ਵਿਅਕਤੀ ਪਾਪੀ ਹਨ। ਇਥੇ ਵੀ ਉਹ ਦੋਸ਼ੀ ਹਨ ਅਤੇ ਦਰਗਾਹ ਵਿਚ ਵੀ ਉਨ੍ਹਾਂ ਨੂੰ ਦੰਡ ਮਿਲਦਾ ਹੈ। ਇਨ੍ਹਾਂ ਦੰਡਾਂ ਦਾ ਭਾਵ ਇਨ੍ਹਾਂ ਮਾੜੇ ਕਰਮਾਂ ਦੇ ਬੁਰੇ ਫਲ ਤੋਂ ਹੈ। ਗੁਰੂ ਸਾਹਿਬਾਨ ਇਨ੍ਹਾਂ ਪਾਪੀਆਂ ਬਾਰੇ ਦਸਦੇ ਹਨ:

ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ॥[8]
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧਰਮਰਾਇ॥

---

1. ਨਟ ਮਹਲਾ 4, ਗੁਰੂ ਗ੍ਰੰਥ, ਪੰਨਾ 981
2. ਗੂਜਰੀ ਮਹਲਾ 3, ਗੁਰੂ ਗ੍ਰੰਥ, ਪੰਨਾ 490
3. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 140
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 463
5. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 953
6. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਪ੍ਰਭਾਕਰ, ਪੰਨਾ 216
7. ਮਾਝ ਮਹਲਾ 1, ਗੁਰੂ ਗ੍ਰੰਥ, ਪੰਨਾ 140
8. ਸਲੋਕ ਮਹਲਾ 5, ਗੁਰੂ ਗ੍ਰੰਥ, ਪੰਨਾ 1425

ਉਪਨਿਸ਼ਦਾਂ ਵਿਚ ਮਾੜੇ ਕੰਮ ਕਰਨ ਦੀ ਮਨਾਹੀ ਕੀਤੀ ਹੈ। ਛਾਂਦੋਗਯ ਉਪਨਿਸ਼ਦ(5.10.9) ਵਿਚ ਮਾੜੇ ਕੰਮਾਂ ਦਾ ਮਾੜਾ ਸਿੱਟਾ ਦੱਸ ਕੇ ਬੁਰੇ ਕੰਮਾਂ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਸੋਨੇ ਦਾ ਚੋਰ, ਸ਼ਰਾਬ ਪੀਣ ਵਾਲਾ, ਗੁਰੂ ਪਤਨੀ ਨਾਲ ਭੋਗ ਕਰਨ ਵਾਲਾ, ਬ੍ਰਾਹਮਣ ਨੂੰ ਮਾਰਨ ਵਾਲਾ ਅਤੇ ਪੰਜਵਾਂ ਇਨ੍ਹਾਂ ਚਾਰਾਂ ਦਾ ਸਾਥ ਦੇਣ ਵਾਲਾ ਅੰਤ ਨੂੰ ਭੈੜੀਆਂ ਜੂਨਾਂ ਵਿਚ ਪੈਂਦਾ ਹੈ। ਪ੍ਰਸ਼ਨ ਉਪਨਿਸ਼ਦ (1.13) ਵਿਚ ਲਿਖਿਆ ਹੈ ਕਿ ਦਿਨ ਨੂੰ ਭੋਗ ਕਰਨ ਵਾਲਾ ਜੀਵਨ ਨਸ਼ਟ ਕਰ ਲੈਂਦਾ ਹੈ, ਰਾਤ ਨੂੰ ਭੋਗਣ ਵਾਲਾ ਬ੍ਰਹਮਚਰਯ ਹੈ। ਸੋ ਉਪਨਿਸ਼ਦ ਕਾਮ ਤਿਆਗਣ ਤੇ ਨਹੀਂ ਕਾਮ ਸੰਜਮ ਲਈ ਕਹਿੰਦੇ ਹਨ। ਈਸ਼ ਉਪਨਿਸ਼ਦ(1) ਵਿਚ ਕਿਹਾ ਹੈ ਕਿ ਤਿਆਗ ਵਿਚ ਖੁਸ਼ੀ ਹਾਸਲ ਕਰੋ ਅਤੇ ਉਸਦਾ ਲਾਲਚ ਨਾ ਕਰੋ ਜੋ ਦੂਜਿਆਂ ਦਾ ਹੱਕ ਹੈ। ਛਾਂਦੋਗਯ ਉਪਨਿਸ਼ਦ(2.18.2) ਅਨੁਸਾਰ ਕਿਸੇ ਵੀ ਇਸਤਰੀ ਦੀ ਨਿੰਦਿਆ ਨਾ ਕਰਨ ਦੀ ਸਿਖਿਆ ਦਿੱਤੀ ਹੈ। ਇਸੇ ਉਪਨਿਸ਼ਦ(2.20.2) ਵਿਚ ਬ੍ਰਾਹਮਣ ਦੀ ਨਿੰਦਿਆ ਨਾ ਕਰਨ ਲਈ ਕਿਹਾ ਹੈ। ਪ੍ਰਸ਼ਨ ਉਪਨਿਸ਼ਦ(6.1) ਵਿਚ ਝੂਠ ਬੋਲਣ ਵਾਲੇ ਦਾ ਨਾਸ਼ ਦੱਸ ਕੇ ਸੱਚ ਬੋਲਣ ਦੀ ਪ੍ਰੇਰਨਾ ਦਿੱਤੀ ਹੈ।

ਰਾਧਾਕ੍ਰਿਸ਼ਨਨ ਅਨੁਸਾਰ ਉਪਨਿਸ਼ਦ ਚੋਰੀ ਨਾ ਕਰਨ, ਹੱਤਿਆ ਨਾ ਕਰਨ, ਲੋਭ ਨਾ ਕਰਨ, ਘਿਰਣਾ ਨਾ ਕਰਨ ਅਤੇ ਗੁੱਸੇ ਬੁਰਾਈ ਤੋਂ ਬਚਣ ਲਈ ਕਹਿੰਦੇ ਹਨ।[1]

ਗੁਰਬਾਣੀ ਦਾ ਮੰਤਵ ਸਚਿਆਰਾ ਹੋਣ ਦਾ ਹੈ ਅਤੇ ਕਿਸ ਤਰ੍ਹਾਂ ਆਤਮਾ ਤੇ ਪਰਮਾਤਮਾ ਵਿਚਕਾਰ ਕੂੜ ਦੀ ਦੀਵਾਰ ਨੂੰ ਤੋੜਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਵਿਵਹਾਰਿਕ ਸਨ ਇਸੇ ਲਈ ਉਨ੍ਹਾਂ ਨੇ 'ਸਚਿਆਰ' ਹੋਣ ਦੀ ਜਾਚ ਵੀ ਦੱਸੀ। ਔਗੁਣ ਤਿਆਗ ਕੇ ਸਦਗੁਣ ਗ੍ਰਹਿਣ ਕਰਕੇ ਹੀ 'ਸਤਿ' ਮਿਲਦਾ ਹੈ ਅਤੇ ਅਜੇਹਾ ਵਿਅਕਤੀ ਹੀ 'ਸਚਿਆਰ' ਹੈ। ਚੰਗਿਆਈਆਂ ਹੀ ਹਨ ਜੋ ਵਿਅਕਤੀ ਅਤੇ ਸੰਸਾਰ ਨੂੰ ਰੱਬੀ ਸੰਪੂਰਨਤਾ ਵਲ ਲੈ ਜਾਂਦੀਆਂ ਹਨ। ਇਹ ਸਦਗੁਣ ਇਹ ਹਨ ਜਿਨ੍ਹਾਂ ਤੇ ਗੁਰਬਾਣੀ ਜ਼ੋਰ ਦਿੰਦੀ ਹੈ;

ਸੱਚ: ਸਤਿ ਅਤੇ ਬ੍ਰਹਮ ਵਿਚ ਗੁਰਬਾਣੀ ਅਨੁਸਾਰ ਅਭੇਦਤਾ ਸਥਾਪਿਤ ਕੀਤੀ ਗਈ ਹੈ। ਸੋ ਸੱਚ ਸਰਬ ਸ਼੍ਰੋਮਣੀ ਦੱਸਿਆ ਹੈ। ਸੱਚ ਨੂੰ ਗ੍ਰਹਿਣ ਕਰਕੇ ਹੀ ਸਤਿ-ਸਰੂਪ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਸੱਚ ਦੀ ਪ੍ਰਾਪਤੀ ਹੋ ਜਾਵੇ ਤਾਂ ਫੇਰ ਸੰਤੋਖ ਦਾ ਗੁਣ

---

1. Dr.Radhakrishnan, Indian Philosophy, page 214

ਆਪੇ ਪ੍ਰਵੇਸ਼ ਕਰ ਜਾਂਦਾ ਹੈ। ਸੱਚ ਨੂੰ ਸਾਰੇ ਪਾਪਾਂ ਦੁੱਖਾਂ ਦਾ ਦਾਰੂ ਦੱਸਿਆ ਹੈ। ਗੁਰੂ ਅਮਰਦਾਸ ਜੀ ਨੇ ਸੱਚ ਨੂੰ ਸਭਨਾਂ ਦਾ ਖਸਮ ਕਿਹਾ ਹੈ। ਸਚਿਆਰਾ ਬਣਨ ਲਈ ਸੱਚ ਦੀ ਪੂੰਜੀ ਇਕੱਠੀ ਕਰਨੀ ਜ਼ਰੂਰੀ ਹੈ। ਆਪਣੀ ਕਥਨੀ ਅਤੇ ਕਰਨੀ ਵਿਚ ਸੱਚ ਨੂੰ ਰਚਾ ਲੈਣਾ ਜ਼ਰੂਰੀ ਹੈ। ਗੁਰੂ ਸਾਹਿਬਾਨ ਨੇ ਸੱਚ ਦੀ ਵਡਿਆਈ ਕਰਕੇ ਇਸ ਨੂੰ ਆਪਣੇ ਆਚਾਰ ਦਾ ਅੰਗ ਬਣਾਉਣ ਤੇ ਜ਼ੋਰ ਦਿੱਤਾ ਹੈ:

1. ਸਚੁ ਮਿਲੈ ਸਚੁ ਊਪਜੈ॥[1]
2. ਇਹੁ ਸਚੁ ਸਭਨਾ ਕਾ ਖਸਮੁ ਹੈ॥[2]
3. ਸਚੁ ਮਿਲੈ ਸੰਤੋਖੀਆ॥[3]
4. ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥[4]
5. ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ॥[5]

ਸੱਚ ਦੀ ਪ੍ਰਾਪਤੀ ਪ੍ਰਭੂ ਮਿਹਰ ਹੋਵੇ ਤਾਂ ਹੀ ਹੁੰਦੀ ਹੈ। ਜੇ ਜੀਵ ਸੱਚ ਨਾਲ ਪਿਆਰ ਕਰੇ, ਸੱਚੀ ਸੰਗਤ ਗ੍ਰਹਿਣ ਕਰੇ ਤਾਂ ਸੱਚ ਦੇ ਸਰੂਪ ਨੂੰ ਜਾਣਿਆ ਜਾ ਸਕਦਾ ਹੈ।

<u>ਸੰਤੋਖ</u>: ਸੰਤੋਖ ਮਨ ਨੂੰ ਸੰਜਮ ਵਿਚ ਨਿਭਾਉਂਦਾ ਹੈ। ਗੁਰਬਾਣੀ ਵਿਚ ਉਸੇ ਕਾਰਜ ਨੂੰ ਕਰਮ ਯੋਗ ਮੰਨਿਆ ਹੈ ਜੋ ਸਤ, ਸੰਤੋਖ ਅਤੇ ਦਇਆ ਤੇ ਨਿਰਭਰ ਹੋਵੇ। ਸੰਤੋਖ ਸਬਰ ਹੋਵੇ ਤਾਂ ਹੀ ਤ੍ਰਿਸ਼ਨਾ ਮਿਟਦੀ ਹੈ।[6] ਪ੍ਰਭੂ ਭਗਤ ਨੂੰ ਰੀਝਾਣ ਦੇ ਗੁਣਾਂ ਵਿਚੋਂ ਇਕ ਜ਼ਰੂਰੀ ਗੁਣ ਸੰਤੋਖ ਹੈ:

ਸਹਜ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥[7]

<u>ਸੇਵਾ</u>: ਨਿਸ਼ਕਾਮ ਸੇਵਾ ਨੂੰ ਦਰਗਾਹ ਵਿਚ ਕਬੂਲ ਹੋਣ ਲਈ ਸ਼ਰਤ ਦੱਸਿਆ ਹੈ। ਜੋ ਸੇਵਾ ਕਰਦੇ ਹਨ ਉਨ੍ਹਾਂ ਨੂੰ ਹੀ ਸੁਆਮੀ ਦੀ ਪ੍ਰਾਪਤੀ ਹੁੰਦੀ ਹੈ। ਜੋ ਸੇਵਾ ਕਰਦੇ ਹਨ ਉਨ੍ਹਾਂ ਨੂੰ ਗੁਰਬਾਣੀ ਵੱਡੇ ਭਾਗਾਂ ਵਾਲੀ ਕਹਿੰਦੀ ਹੈ। ਇਹ ਤੁਕਾਂ ਗੁਰਬਾਣੀ ਵਿਚ ਇੰਜ ਤਰ੍ਹਾਂ ਹਨ:

---

1. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 18
2. ਰਾਮਕਲੀ ਮਹਲਾ 3, ਗੁਰੂ ਗ੍ਰੰਥ, ਪੰਨਾ 922
3. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 18
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 468
5. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 937
6. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 279
7. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 17

1. ਸੇਵਾ ਕਰੇ ਸੋ ਵਡਭਾਗੀ॥[1]

2. ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥[2]

ਗੁਰੂ ਸਾਹਿਬਾਨ ਨੇ ਖੁਦ ਸੇਵਾ ਦੀ ਇੱਛਾ ਪ੍ਰਗਟ ਕੀਤੀ ਹੈ:

1. ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ॥
ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ॥[3]

2. ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥[4]

<u>ਪਰਉਪਕਾਰ</u>: ਪਰਉਪਕਾਰ ਦੀ ਭਾਵਨਾ ਵਾਲਾ ਮਨੁੱਖ ਬਿਨਾ ਕਿਸੇ ਫਲ ਦੀ ਇੱਛਾ ਦੇ ਲੋਕ ਭਲਾਈ ਦੇ ਕੰਮ ਕਰਦਾ ਹੈ। ਜੋ ਸਰੀਰ ਪਰਉਪਕਾਰ ਨਹੀਂ ਕਰਦਾ ਗੁਰਬਾਣੀ ਅਨੁਸਾਰ ਉਹ ਮਿਥਿਆ ਹੈ:

ਮਿਥਿਆ ਤਨ ਨਹੀ ਪਰਉਪਕਾਰਾ॥[5]

ਪਰਉਪਕਾਰ ਦੁਆਰਾ ਜੀਵ ਔਗੁਣਾਂ ਤੋਂ ਛੁਟਕਾਰਾ ਲੈਂਦਾ ਹੈ। ਸੋ ਪਰਉਪਕਾਰ ਦੀ ਪ੍ਰੇਰਨਾ ਦਿੱਤੀ ਹੈ:

ਅਉਗਣ ਸਭ ਮਿਟਾਇਕੈ ਪਰਉਪਕਾਰ ਕਰੇਇ॥[6]

<u>ਨਿਮਰਤਾ</u>: ਸਦਗੁਣਾਂ ਵਿਚ ਨਿਮਰਤਾ ਤੇ ਹਲੀਮੀ ਦੀ ਮਹਾਨਤਾ ਨੂੰ ਮੰਨਿਆ ਹੈ। ਸਾਰੀਆਂ ਚੰਗਿਆਈਆਂ ਦਾ ਨਿਚੋੜ ਨਿਮਰਤਾ ਹੈ। ਜਿਵੇਂ ਤੱਕੜੀ ਉਤੇ ਤੋਲਿਆ ਜਾਵੇ ਤਾਂ ਭਾਰਾ ਪਾਸਾ ਹੀ ਨੀਵਾਂ ਹੋਵੇਗਾ। ਸੋ ਇਸੇ ਤਰ੍ਹਾਂ ਗੁਣਵਾਨ ਵਿਅਕਤੀ ਸਦਾ ਹਲੀਮੀ ਵਾਲਾ ਹੀ ਹੋਵੇਗਾ। ਗੁਰੂ ਸਾਹਿਬ ਸਮਝਾਉਂਦੇ ਹਨ:

ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥[7]

---

1. ਵਡਹੰਸ ਮਹਲਾ 3, ਗੁਰੂ ਗ੍ਰੰਥ, ਪੰਨਾ 571
2. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 26
3. ਬਿਲਾਵਲ ਮਹਲਾ 5, ਗੁਰੂ ਗ੍ਰੰਥ, ਪੰਨਾ 810
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 991
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 273
6. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 218
7. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 470

ਗੁਰਬਾਣੀ ਅਨੁਸਾਰ ਜੋ ਮਨ ਕਰਕੇ ਜਿਤਨਾ ਨੀਵਾਂ ਹੁੰਦਾ ਹੈ ਉਹ ਅਮਲ ਤੌਰ ਤੇ ਉਚੇਰਾ ਹੁੰਦਾ ਹੈ;

ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥[1]

<u>ਦਇਆ ਤੇ ਖ਼ਿਮਾ</u>: ਬ੍ਰਹਮ ਕ੍ਰਿਪਾਲੂ ਅਤੇ ਦਿਆਲੂ ਹੈ। ਮਨੁੱਖ ਜੋ ਅਜੇਹੇ ਗੁਣਾਂ ਤੇ ਚਲਦਾ ਹੈ ਤਾਂ ਉਸ ਵਿਚ ਵੀ ਦੈਵੀ ਗੁਣਾਂ ਦਾ ਪ੍ਰਵੇਸ਼ ਹੋ ਜਾਂਦਾ ਹੈ ਅਤੇ ਬ੍ਰਹਮ ਦੀ ਨੇੜਤਾ ਪ੍ਰਾਪਤ ਕਰ ਸਕਦਾ ਹੈ। ਦਇਆ ਤੇ ਹਮਦਰਦੀ ਦਾ ਜਜ਼ਬਾ ਮਨੁੱਖ ਲਈ ਜ਼ਰੂਰੀ ਹੈ ਤਾਂ ਹੀ ਉਹ ਦੂਸਰੇ ਦੇ ਦਰਦ ਸਮਝ ਸਕੇਗਾ। ਦਇਆ ਨੂੰ ਅਠਾਹਠ ਤੀਰਥਾਂ ਦੇ ਪੁੰਨ ਸਮਾਨ ਕਿਹਾ ਹੈ;

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥[2]

ਕਿਸੇ ਦੀਆਂ ਕਮੀਆਂ ਅਤੇ ਅਪਰਾਧਾਂ ਨੂੰ ਮਾਫ਼ ਕਰਨਾ ਜਾਂ ਅਣਡਿੱਠ ਕਰਨਾ ਖ਼ਿਮਾ ਹੈ। ਜਿਥੇ ਖ਼ਿਮਾ ਦਾ ਗੁਣ ਹੈ ਉਥੇ ਬ੍ਰਹਮ ਆਪ ਵਸਦਾ ਹੈ।[3] ਖ਼ਿਮਾ ਦਾ ਸ਼ਿੰਗਾਰ ਕਰਕੇ ਬ੍ਰਹਮ ਨੂੰ ਰਿਝਾਇਆ ਜਾ ਸਕਦਾ ਹੈ;

ਖਿਮਾ ਸੀਗਾਰੁ ਕਾਮਣਿ ਤਨ ਪਹਿਰੈ ਰਾਵੈ ਲਾਲੁ ਪਿਆਰੀ॥[4]

ਤੈਤਰੀਯ ਉਪਨਿਸ਼ਦ(1.9) ਵਿਚ ਸੱਚ ਨੂੰ ਪਰਮ ਧਰਮ ਕਿਹਾ ਹੈ। ਮੁੰਡਕ ਉਪਨਿਸ਼ਦ(3.1.6) ਵਿਚ ਸੱਚ ਦੀ ਜਿੱਤ ਦੱਸੀ ਹੈ। ਜਿਸ ਰਸਤੇ ਉਤੇ ਰਿਸ਼ੀ ਚਲਦੇ ਹਨ ਉਹ ਵੀ ਸੱਚ ਹੈ। ਕਠ ਉਪਨਿਸ਼ਦ ਵਿਚ ਨਚਿਕੇਤਾ ਯਮ ਵਲੋਂ ਧਨ, ਹਕੂਮਤ, ਅਤੇ ਸੁੰਦਰ ਇਸਤਰੀ ਦੀ ਪੇਸ਼ਕਸ਼ ਨੂੰ ਠੁਕਰਾ ਦੇਂਦਾ ਹੈ। ਉਹ ਸੰਤੋਖ ਦਾ ਪ੍ਰਗਟਾ ਕਰਦਾ ਹੈ। ਬ੍ਰਿਹਦਾਰਣਯਕ ਉਪਨਿਸ਼ਦ(5.2) ਵਿਚ ਪਰਜਾਪਤੀ ਤਿੰਨ 'ਦ' ਦੀ ਸਿਖਿਆ ਦਿੰਦਾ ਹੈ, ਦਮ, ਦਾਨ ਅਤੇ ਦਯਾ। ਇਸੇ ਉਪਨਿਸ਼ਦ ਵਿਚ(5.3) ਅਸੁਰਾਂ ਨੂੰ ਦਇਆ ਦੀ ਸਿਖਿਆ ਦਿੱਤੀ ਗਈ ਹੈ। ਤੈਤਰੀਯ ਉਪਨਿਸ਼ਦ(1.11.3) ਅਨੁਸਾਰ ਦਾਨ ਸ਼ਰਧਾ ਅਤੇ ਭਾਵਨਾ ਨਾਲ ਦੇਣਾ ਚਾਹੀਦਾ ਹੈ।

...

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 266
2. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 136
3. ਕਬੀਰ, ਗੁਰੂ ਗ੍ਰੰਥ, ਪੰਨਾ 1372
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 359

# ਅਧਿਆਇ ਪੰਜਵਾਂ

## ਮ੍ਰਿਤੂ, ਆਵਾਗਵਨ ਅਤੇ ਮੁਕਤੀ ਦਾ ਸੰਕਲਪ

ੳ. ਮ੍ਰਿਤੂ ਅਤੇ ਮ੍ਰਿਤੂ ਤੋਂ ਬਾਅਦ

ਅ. ਕਰਮ ਅਤੇ ਆਵਾਗਵਨ

ੲ. ਨਰਕ ਸਵਰਗ

ਸ. ਮੁਕਤੀ ਅਤੇ ਮੁਕਤੀ ਦੇ ਸਾਧਨ

## ੪. ਮ੍ਰਿਤੂ ਅਤੇ ਮ੍ਰਿਤੂ ਤੋਂ ਬਾਅਦ

ਜੋ ਜੰਮਦਾ ਹੈ ਉਹ ਬਿਨਸਦਾ ਵੀ ਹੈ। ਕੇਵਲ ਬ੍ਰਹਮ ਨਹੀਂ ਮਰਦਾ ਕਿਉਂਕਿ ਉਹ ਜਨਮ ਮਰਨ ਤੋਂ ਉਪਰ ਹੈ। ਸਾਨੂੰ ਜ਼ਿੰਦਗੀ ਮਿਲੀ ਹੀ ਮੌਤ ਦੀ ਸ਼ਰਤ ਨਾਲ ਸੀ।[1] ਗੁਰਬਾਣੀ ਮ੍ਰਿਤੂ ਦੀ, ਕਾਲ ਦੀ ਅਸਲੀਅਤ ਨੂੰ ਮੰਨਦੀ ਹੈ:

1. ਜੋ ਜਨਮੇ ਸੇ ਜਾਨਹੁ ਮੂਆ॥[2]
2. ਜੋ ਉਪਜੈ ਸੋ ਕਾਲ ਸੰਘਾਰਿਆ॥[3]
3. ਜੈਸੇ ਕਿਰਸਾਣ ਬੋਵੈ ਕਿਰਸਾਣੀ॥
   ਕਾਚੀ ਪਾਕੀ ਬਾਢ ਪਰਾਣੀ॥[4]
4. ਮਰਣ ਲਿਖਾਇ ਆਏ ਨਹੀ ਰਹਿਣਾ॥[5]

ਮ੍ਰਿਤੂ ਦਾ ਅਰਥ ਤਬਾਹੀ ਨਹੀਂ ਸਗੋਂ ਭੌਤਿਕ ਤਬਦੀਲੀ ਹੈ, ਕਿਉਂਕਿ ਸਾਰੀ ਦੇਹ ਸਮੇਂ ਅਤੇ ਸਥਾਨ ਦੇ ਬੰਧਨ ਵਿਚ ਹੈ। ਜੀਵਾਤਮਾ ਦਾ ਦੇਹ ਨਾਲ ਸੰਬੰਧ ਜਨਮ ਹੈ ਅਤੇ ਸਰੀਰ ਤੋਂ ਜੀਵਾਤਮਾ ਦਾ ਵਿਯੋਗ ਮਰਨ ਹੈ। ਇਹ ਵਿਯੋਗ ਕਦੋਂ ਹੋਵੇਗਾ? ਇਹ ਸਮਾਂ ਨਹੀਂ ਜਾਣਿਆ ਜਾ ਸਕਿਆ:

1. ਭਾਈ ਰੇ ਇਉ ਸਿਰਿ ਜਾਣਹੁ ਕਾਲੁ॥
   ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥[6]
2. ਓਹ ਬੇਰਾ ਨਹਿ ਬੂਝੀਐ ਜਬੁ ਆਇ ਪਰੈ ਜਮਫੰਧੁ॥[7]

ਆਤਮਾ ਅਮਰ ਹੈ ਬ੍ਰਹਮ ਦੀ ਅੰਸ਼ ਹੈ ਸੋ ਸਰੀਰ ਮਰਦਾ ਹੈ, ਆਤਮਾ ਨਹੀਂ। ਮੌਤ ਤੋਂ ਪਿਛੋਂ ਸਥੂਲ ਸਰੀਰ ਵਿਚੋਂ ਸੂਖਮ ਸਰੀਰ ਨਿਕਲ ਜਾਂਦਾ ਹੈ। ਸਥੂਲ ਸਰੀਰ ਤੱਤਾਂ ਦਾ ਬਣਿਆ ਹੋਇਆ ਹੈ ਤੇ ਇਹ ਤੱਤ ਤੱਤਾਂ ਵਿਚ ਮਿਲ ਜਾਂਦੇ ਹਨ:

---

1. Jacques Choron, Death and Western Thought, p.68-69.
2. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 375
3. ਗਉੜੀ ਮਹਲਾ 1, ਗੁਰੂ ਗ੍ਰੰਥ ਪੰਨਾ 227
4. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 375
5. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 153
6. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 55
7. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 254

ਪਵਨੈ ਮਹਿ ਪਵਨੁ ਸਮਾਇਆ॥
ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥
ਰੋਵਨਹਾਰੇ ਕੀ ਕਵਨ ਟੇਕ॥[1]

ਗੁਰਬਾਣੀ ਅਨੁਸਾਰ ਸਥੂਲ ਸਰੀਰ ਵਿਚੋਂ ਸੂਖਮ ਸਰੀਰ ਨਿਕਲ ਕੇ ਉਥੇ ਜਾਂਦਾ ਹੈ ਜਿਥੇ ਹੋਰ ਵੀ ਸੂਖਮ ਸਰੀਰ ਹੁੰਦੇ ਹਨ ਜੋ ਸਥੂਲ ਸਰੀਰ ਤਿਆਗ ਚੁੱਕੇ ਹਨ:

ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥[2]

ਗੁਰਬਾਣੀ ਨੇ ਮੌਤ ਨੂੰ ਸਿਰਫ਼ ਸਰੀਰਕ ਮੌਤ ਦਸ ਕੇ ਮੌਤ ਦੇ ਖੌਫ਼ ਨੂੰ ਘਟਾਇਆ ਹੈ। ਗੁਰੂ ਸਾਹਿਬਾਨ ਨੇ ਮੌਤ ਦੇ ਦੁੱਖ ਡਰ ਨੂੰ ਸੁਖ ਤੇ ਖੁਸ਼ੀ ਦੀ ਰੰਗਣ ਦਿੱਤੀ ਹੈ। ਪ੍ਰਭੂ ਨਾਮ ਸਿਮਰਨ ਤੇ ਜ਼ੋਰ ਦੇ ਕੇ ਮੌਤ ਦੇ ਖੌਫ਼ ਨੂੰ ਘੱਟ ਕੀਤਾ ਹੈ। ਜਿਸ ਨੇ ਜੀਵਨ ਵਿਚ ਸ਼ਬਦ ਕਮਾਇਆ ਉਸ ਲਈ ਮ੍ਰਿਤੂ ਵੀ ਸੌਖੀ ਹੈ। ਇਹ ਸਾਰੇ ਵਿਚਾਰ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਤੋਂ ਸਪਸ਼ਟ ਹੋ ਜਾਂਦੇ ਹਨ:

1. ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥
   ਮੂਈ ਸੁਰਤਿ ਬਾਦੁ ਅਹੰਕਾਰ॥ ਓਹੁ ਨ ਮੂਆ ਜੋ ਦੇਖਣਹਾਰੁ॥
   ਓਹੁ ਨ ਮੂਆ ਮੇਰੀ ਮੁਈ ਬਲਾਇ॥ ਓਹੁ ਨ ਮੂਆ ਜੋ ਰਹਿਆ ਸਮਾਇ॥[3]

2. ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
   ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲ॥[4]

3. ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ॥[5]
   ਜੇਕਰ ਸਾਹਿਬ ਮਨਹੁ ਨ ਵੀਸਰੈ ਤਾ ਸਹਲਾ ਮਰਣਾ ਹੋਇ॥

4. ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥
   ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥
   ਮਰਣੁ ਮੁਣਸਾ ਸੂਰਿਆ ਹਕ ਹੈ ਜੋ ਹੋਇ ਮਰਣੁ ਪਰਵਾਣੋ॥[6]

---

1. ਰਾਮਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 885
2. ਸੂਹੀ ਮਹਲਾ 2, ਗੁਰੂ ਗ੍ਰੰਥ, ਪੰਨਾ 788
3. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 152
4. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 157
5. ਬਿਹਾਗੜਾ ਮਹਲਾ 4, ਗੁਰੂ ਗ੍ਰੰਥ, ਪੰਨਾ 555
6. ਵਡਹੰਸ ਮਹਲਾ 1, ਗੁਰੂ ਗ੍ਰੰਥ, ਪੰਨਾ 579

ਮੌਤ ਤੋਂ ਪਿਛੋਂ ਕੀਤੇ ਕਰਮਾਂ ਅਨੁਸਾਰ ਜੀਵਾਤਮਾ ਆਵਾਗਵਨ ਦੇ ਗੇੜ ਕੱਟਦੀ ਹੈ ਜਾਂ ਪ੍ਰਭੂ ਮੇਲ ਹੋ ਜਾਂਦਾ ਹੈ।

ਬ੍ਰਿਹਦਾਰਣਕ ਉਪਨਿਸ਼ਦ(4.3.36) ਅਨੁਸਾਰ ਜਿਵੇਂ ਅੰਬ ਗੂਲਰ ਟਾਹਣੀ ਤੋਂ ਟੁੱਟ ਕੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ, ਇਸੇ ਤਰ੍ਹਾਂ ਹੀ ਇਹ ਪੁਰਸ਼ ਇਨ੍ਹਾਂ ਅੰਗਾਂ ਤੋਂ ਛੁੱਟ ਕੇ ਫੇਰ ਜਿਸ ਮਾਰਗ ਤੋਂ ਆਇਆ ਸੀ ਉਸ ਤੋਂ ਹੀ ਵਾਪਸ ਜਾ ਕੇ ਨਵੀਂ ਜੂਨ ਨੂੰ ਪ੍ਰਾਪਤ ਹੋ ਕੇ ਨਵਾਂ ਜੀਵਨ ਆਰੰਭ ਦੇਂਦਾ ਹੈ। ਬ੍ਰਿਹਦਾਰਣਕ ਉਪਨਿਸ਼ਦ (4.3.35) ਅਨੁਸਾਰ ਜਿਵੇਂ ਭਾਰ ਨਾਲ ਲੱਦਿਆ ਗੱਡਾ ਚੀਂ ਚੀਂ ਕਰਦਾ ਤੁਰਦਾ ਹੈ। ਇਸ ਤਰ੍ਹਾਂ ਅੰਤ ਸਮੇਂ ਸਵਾਸਾਂ ਦੀ ਕਿਰਿਆ ਹੁੰਦੀ ਹੈ। ਅਖੀਰਲੇ ਸਵਾਸ ਪਿਛੋਂ ਆਤਮਾ ਸਰੀਰ ਨੂੰ ਤਿਆਗ ਕੇ ਅਗਲੇ ਦੇਸ਼ ਚਲੀ ਜਾਂਦੀ ਹੈ। ਇਸੇ ਉਪਨਿਸ਼ਦ(4.3.37) ਵਿਚ ਆਤਮ-ਵਿਦਾਇਗੀ ਸਮੇਂ ਸਾਰੀਆਂ ਇੰਦਰੀਆਂ ਸਰੀਰ ਅੰਦਰ ਇਕੱਠੀਆਂ ਹੁੰਦੀਆਂ ਦੱਸੀਆਂ ਹਨ ਜਿਵੇਂ ਰਾਜੇ ਨੂੰ ਵਿਦਿਆ ਕਰਨ ਲਈ ਸਾਰੇ ਅਧਿਕਾਰ ਇਕੱਠੇ ਹੁੰਦੇ ਹਨ।

ਕਠ ਉਪਨਿਸ਼ਦ(5.7) ਅਨੁਸਾਰ ਮਰਨ ਤੋਂ ਪਿਛੋਂ ਕੁਝ ਆਤਮਾਵਾਂ ਗਰਭ ਵਿਚ ਪੈ ਕੇ ਸਰੀਰ ਧਾਰਨ ਕਰਦੀਆਂ ਹਨ। ਕੁਝ ਰੁੱਖਾਂ ਪੌਦਿਆਂ ਦਾ ਰੂਪ ਲੈ ਲੈਂਦੀਆਂ ਹਨ। ਬ੍ਰਿਹਦਾਰਣਕ ਉਪਨਿਸ਼ਦ(5.10.1) ਵਿਚ ਮਿਲਦਾ ਹੈ ਕਿ ਮਰਨ ਪਿਛੋਂ ਆਤਮਾ ਪਹੀਏ ਦੀ ਮੋਰੀ ਦੁਆਰਾ ਲੰਘਦੀ ਹੈ, ਉਥੋਂ ਉਚੀ ਚੜ੍ਹਦੀ ਹੈ ਅਤੇ ਸੂਰਜ ਨੂੰ ਪੁੱਜਦੀ ਹੈ, ਸੂਰਜ ਵਿਚ ਇਕ ਮੋਰੀ ਹੈ ਜੋ ਤੰਬੂਰੇ ਵਾਂਗ ਹੈ, ਜਿਥੋਂ ਇਹ ਹੋਰ ਉਚੇਰੀ ਹੁੰਦੀ ਜਾਂਦੀ ਹੈ ਅਤੇ ਚੰਨ ਨੂੰ ਅਪੜਦੀ ਹੈ, ਫੇਰ ਚੰਨ ਵਿਚ ਢੋਲ ਜਿੱਡਾ ਮੋਰਾ ਹੈ, ਜਿਥੋਂ ਇਹ ਹੋਰ ਉਚੇਰਾ ਜਾ ਕੇ ਬ੍ਰਹਮ ਨੂੰ ਪ੍ਰਾਪਤ ਹੁੰਦੀ ਹੈ। ਗੁਰਬਾਣੀ ਵਿਚ ਇਹੋ ਜਿਹੇ ਵਿਚਾਰ ਨਹੀਂ ਮਿਲਦੇ। ਬ੍ਰਿਹਦਾਰਣਕ ਉਪਨਿਸ਼ਦ(3.2.13) ਵਿਚ ਮੌਤ ਪਿਛੋਂ ਜੀਵ ਦੀਆਂ ਅੱਖਾਂ ਸੂਰਜ ਨੂੰ, ਸਾਹ ਹਵਾ ਵਿਚ, ਬਾਣੀ ਅਗਨੀ ਵਿਚ, ਮਨ ਚੰਦਰ ਲੋਕ ਨੂੰ, ਸਰੀਰ ਪ੍ਰਿਥਵੀ ਨੂੰ, ਆਤਮਾ ਅਕਾਸ਼ ਵਿਚ ਸਥਿਤ ਹੋ ਜਾਂਦਾ ਹੈ। ਵਾਲ ਬਨਸਪਤੀ ਵਿਚ ਮਿਲ ਜਾਂਦੇ ਹਨ। ਖੂਨ ਤੇ ਵੀਰਜ ਪਾਣੀ ਵਿਚ ਚਲੇ ਜਾਂਦੇ ਹਨ।

ਉਪਨਿਸ਼ਦਾਂ ਵਿਚ ਮਰਨ ਪਿਛੋਂ ਆਤਮਾ ਲਈ ਦੋ ਮਾਰਗ ਦੱਸੇ ਹਨ, ਇਕ ਹੈ ਦੇਵਯਾਨ ਅਤੇ ਦੂਜਾ ਪਿਤ੍ਰਯਾਨ। ਪਹਿਲਾ ਰਸਤਾ ਬ੍ਰਹਮਪੁਰੀ ਵੱਲ ਲੈ ਜਾਂਦਾ ਹੈ, ਉਥੋਂ ਵਾਪਸੀ ਨਹੀਂ ਹੁੰਦੀ। ਪਿਤ੍ਰਯਾਨ ਚੰਦਰ ਲੋਕ ਨੂੰ ਲੈ ਜਾਂਦਾ ਹੈ। ਇਸ ਲੋਕ ਵਿਚ ਜਾਣ ਵਾਲੇ ਕਰਮ-ਫਲ ਭੋਗ ਕੇ ਫੇਰ ਵਾਪਸ ਆ ਜਾਂਦੇ ਹਨ। ਛਾਂਦੋਗਯ ਉਪਨਿਸ਼ਦ(5.10.1-5) ਵਿਚ ਦੇਵਯਾਨ ਤੇ ਪਿਤ੍ਰਯਾਨ ਦਾ ਵਿਸਤਾਰ ਦਿੱਤਾ ਹੈ। ਭਗਵਾਨ ਦੇ ਨਿਯਮਾਂ ਵਿਚ ਰਹਿੰਦੇ ਹੋਏ ਲੋਕ ਜੰਗਲਾਂ

ਵਿਚ ਸ਼ਰਧਾ ਨਾਲ ਤਪ ਕਰਦੇ ਰਹਿੰਦੇ ਹਨ, ਉਹ ਰੋਸ਼ਨੀ ਵੱਲ ਜਾਂਦੇ ਹਨ। ਰੋਸ਼ਨੀ ਤੋਂ ਦਿਨ ਵਲ, ਦਿਨ ਤੋਂ ਛੇ ਮਹੀਨੇ ਜਦੋਂ ਸੂਰਜ ਉੱਤਰ ਨੂੰ ਜਾਂਦਾ ਹੈ ਮਹੀਨਿਆਂ ਤੋਂ ਸਾਲ ਨੂੰ, ਸਾਲਾਂ ਤੋਂ ਚੰਦਰ ਲੋਕ ਨੂੰ ਤੇ ਫੇਰ ਬ੍ਰਹਮ ਲੋਕ ਨੂੰ ਜਾਂਦੇ ਹਨ। ਇਹ ਦੇਵਯਾਨ ਲੋਕ ਹੈ। ਸੁਕਰਮ ਕਰਨ ਵਾਲੇ ਚੰਦਰ ਲੋਕ ਨੂੰ ਜਾਂਦੇ ਹਨ ਉਥੇ ਉਹ ਆਪਣੇ ਕਰਮਾਂ ਦਾ ਫਲ ਭੋਗ ਕੇ ਫੇਰ ਵਾਪਸ ਜਨਮ ਮਰਨ ਦੇ ਚੱਕਰ ਵਿਚ ਪੈਂਦੇ ਹਨ, ਇਹ ਪਿਤ੍ਰਯਾਨ ਲੋਕ ਹੈ।

### ਅ. <u>ਕਰਮ ਅਤੇ ਆਵਾਗਵਨ</u>

ਜੀਵ ਦੁਆਰਾ ਕੀਤਾ ਹਰ ਸਰੀਰਕ ਅਤੇ ਮਾਨਸਿਕ ਕਾਰਜ ਕਰਮ ਅਖਵਾਉਂਦਾ ਹੈ ਅਤੇ ਜੋ ਵੀ ਕਰਮ ਕੀਤਾ ਜਾਂਦਾ ਹੈ ਉਸ ਦਾ ਪ੍ਰਭਾਵ ਸਾਡੇ ਤੇ ਜ਼ਰੂਰ ਪੈਂਦਾ ਹੈ ਅਤੇ ਉਸ ਦਾ ਫਲ ਭੋਗਣਾ ਹੀ ਪੈਂਦਾ ਹੈ। ਇਸ ਨੂੰ ਕਰਮ ਸਿਧਾਂਤ ਵੀ ਕਿਹਾ ਜਾਂਦਾ ਹੈ। ਜੀਵ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ। ਕਰਮ ਕਰਨਾ ਕੁਦਰਤੀ ਹੈ। ਸਵਾਮੀ ਵਿਵੇਕਾਨੰਦ ਦੇ ਸ਼ਬਦਾਂ ਵਿਚ "ਮੈਂ ਤੁਹਾਡੇ ਨਾਲ ਬੋਲਦਾ ਹਾਂ, ਇਹ ਕਰਮ ਹੈ, ਅਸੀਂ ਚਲਦੇ ਹਾਂ, ਇਹ ਕਰਮ ਹੈ, ਅਸੀਂ ਸਾਹ ਲੈਂਦੇ ਹਾਂ, ਇਹ ਕਰਮ ਹੈ, ਜੋ ਵੀ ਅਸੀਂ ਸਰੀਰਕ ਅਤੇ ਮਾਨਸਿਕ ਤੌਰ ਤੇ ਕਰਦੇ ਹਾਂ, ਉਹ ਕਰਮ ਹੈ ਅਤੇ ਇਹ ਸਾਡੇ ਤੇ ਪ੍ਰਭਾਵ ਛੱਡਦਾ ਹੈ।"[1] ਸੋ ਕਰਮ ਦਾ ਕਰਨਾ ਸੁਭਾਵਕ ਅਤੇ ਜ਼ਰੂਰੀ ਹੈ।

ਗੁਰਬਾਣੀ ਕਰਮ ਨੂੰ ਜ਼ਰੂਰੀ ਮੰਨਦੀ ਹੈ। ਬਿਨਾਂ ਕਰਮ ਕੀਤੇ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਹਰ ਕਰਮ ਦਾ ਫਲ ਜ਼ਰੂਰ ਮਿਲਦਾ ਹੈ। ਗੁਰਬਾਣੀ ਵਿਚ ਸਰੀਰ ਨੂੰ ਧਰਤੀ ਦੱਸਿਆ ਹੈ, ਜਿਸ ਵਿਚ ਕਿਸਾਨ ਰੂਪੀ ਜੀਵਾਤਮਾ, ਕਰਮ ਰੂਪੀ ਬੀਜ ਬੀਜਦਾ ਹੈ ਅਤੇ ਜੋ ਫਲ ਪੈਦਾ ਹੁੰਦਾ ਹੈ ਉਹ ਉਸ ਨੂੰ ਭੋਗਣਾ ਪੈਂਦਾ ਹੈ, ਕਰਮ ਸੰਬੰਧਤ ਇਹ ਸਾਰੇ ਵਿਚਾਰ ਗੁਰਬਾਣੀ ਵਿਚ ਉਪਲਬਧ ਹਨ:

1. ਵਿਣੁ ਕਰਮਾ ਕਿਛੁ ਪਾਈਐ ਨਾਹੀ॥[2]
2. ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥[3]

---

1. Swami Vivekanand, Karma Yoga, page 4.
2. ਤਿਲੰਗ ਮਹਲਾ 1, ਗੁਰੂ ਗ੍ਰੰਥ, ਪੰਨਾ 722
3. ਜਪੁ, ਗੁਰੂ ਗ੍ਰੰਥ, ਪੰਨਾ 2

3. ਕਰਮ ਧਰਤੀ ਸਰੀਰੁ ਜੁਗ ਅੰਤਰ ਜੋ ਬੋਵੈ ਸੋ ਖਾਤ॥[1]
4. ਆਪੇ ਬੀਜ ਆਪ ਹੀ ਖਾਹੁ॥[2]
5. ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥[3]
6. ਬੀਜ ਬੋਵਸਿ ਭੋਗ ਭੋਗਹਿ,ਕੀਆ ਆਪਣਾ ਪਾਵਏ॥[4]

ਇਹ ਫਲ ਕਿਸ ਤਰ੍ਹਾਂ ਦਾ ਹੋਵੇਗਾ? ਗੁਰਬਾਣੀ ਅਨੁਸਾਰ ਇਸ ਦਾ ਫਲ ਕਰਮਾਂ ਦੇ ਸਰੂਪ ਤੇ ਨਿਰਭਰ ਹੈ। ਇਹ ਫਲ ਕੀਤੇ ਕਰਮਾਂ ਅਨੁਸਾਰ ਚੰਗਾ ਵੀ ਹੋ ਸਕਦਾ ਹੈ ਅਤੇ ਮਾੜਾ ਵੀ ਪਰ ਫਲ ਭੁਗਤਣਾ ਜ਼ਰੂਰ ਪਵੇਗਾ,ਕਿਉਂਕਿ ਕਰਮ ਮਿਟਦੇ ਨਹੀਂ,ਮਰਨ ਤੋਂ ਬਾਅਦ ਸਾਡੇ ਨਾਲ ਜਾਂਦੇ ਹਨ:

1. ਜੈਸਾ ਬੀਜੈ ਸੋ ਲੁਣੈ,ਜੇਹਾ ਪੁਰਬ ਕਿਨੈ ਬੋਇਆ॥[5]
2. ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥[6]
3. ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ॥[7]
4. ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥[8]
5. ਨਾਨਕ ਕਮਾਣਾ ਸੰਗਿ ਜੁਲਿਆ ਨਹਿ ਜਾਈ ਕਿਰਤੁ ਮਿਟਾਇਆ॥[9]
6. ਨਾਨਕ ਬੇਪਰਵਾਹੁ ਸੋ ਕਿਰਤੁ ਨ ਮਿਟਈ ਰਾਮ॥[10]

ਹੁਣ ਸੁਆਲ ਉਠਦਾ ਹੈ ਕਿ ਜੀਵਾਤਮਾ ਨੂੰ ਕੀਤੇ ਕਰਮਾਂ ਦਾ ਫਲ ਕੌਣ ਦੇਂਦਾ ਹੈ? ਕੀ ਜੀਵਾਤਮਾ ਕਰਮ ਕਰਨ ਵਿਚ ਸੁਤੰਤਰ ਹੈ ਜਾਂ ਨਹੀਂ? ਗੁਰਬਾਣੀ ਅਨੁਸਾਰ ਕਰਮ ਪਰਮਾਤਮਾ ਵਲੋਂ ਬਣੇ ਹਨ ਅਤੇ ਉਹੀ ਇਨ੍ਹਾਂ ਦਾ ਕੰਟਰੋਲ ਕਰਨ ਵਾਲਾ ਹੈ। ਪ੍ਰਾਣੀ ਉਹੀ ਕਰਮ ਕਰਦਾ ਹੈ ਜੋ ਪਰਮਾਤਮਾ ਨੇ ਧੁਰ ਦਰਗਾਹ ਤੋਂ ਲਿਖ ਦਿੱਤੇ ਹਨ। ਇਨ੍ਹਾਂ ਕਰਮਾਂ ਦਾ ਫਲ ਪਰਮਾਤਮਾ ਦੇਂਦਾ ਹੈ,ਉੱਤਮ ਨੀਚ ਕਰਮਾਂ ਦਾ ਫੈਸਲਾ ਕਰਕੇ ਉਨ੍ਹਾਂ ਅਨੁਸਾਰ ਸੁਖ ਦੁਖ ਦੀ ਪ੍ਰਾਪਤੀ ਹੁੰਦੀ ਹੈ:

---

1. ਸਿਰੀ ਮਹਲਾ 5,ਗੁਰੂ ਗ੍ਰੰਥ,ਪੰਨਾ 78
2. ਜਪੁ,ਗੁਰੂ ਗ੍ਰੰਥ,ਪੰਨਾ 4
3. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 476
4. ਜੈਤਸਰੀ ਮਹਲਾ 5,ਗੁਰੂ ਗ੍ਰੰਥ,ਪੰਨਾ 705
5. ਗਉੜੀ ਮਹਲਾ 4,ਗੁਰੂ ਗ੍ਰੰਥ,ਪੰਨਾ 309
6. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 468
7. ਸਿਰੀ ਮਹਲਾ 3,ਗੁਰੂ ਗ੍ਰੰਥ,ਪੰਨਾ 33
8. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 470
9. ਆਸਾ ਮਹਲਾ 5,ਗੁਰੂ ਗ੍ਰੰਥ,ਪੰਨ 460
10. ਸਲੋਕ ਮਹਲਾ 1,ਗੁਰੂ ਗ੍ਰੰਥ,ਪੰਨਾ 1412

1. ਸਭੁ ਕੋ ਤੇਰਾ ਤੂ ਸਭਨਾ ਕਾ ਮੇਰੇ ਕਰਤੇ
   ਤੁਧੁ ਸਭਨਾ ਸਿਰਿ ਲਿਖਿਆ ਲੇਖੁ॥[1]
2. ਸਾਚੀ ਕਾਰ ਕਮਾਵਣੀ ਧੁਰ ਕੀ ਫੁਰਮਾਣੀ॥[2]
3. ਕਰਮ ਸੁਕਰਮ ਕਰਾਏ ਆਪੇ ਇਸ ਜੰਤੈ ਵਸਿ ਕਿਛੁ ਨਾਹਿ॥[3]
4. ਕਰਮੁ ਧਰਮੁ ਸਚੁ ਹਾਥਿ ਤੁਮਾਰੈ॥[4]

ਉਪਰੋਕਤ ਪੰਗਤੀਆਂ ਤੋਂ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਜੇਕਰ ਲਿਖਤ ਅਨੁਸਾਰ ਜੀਵ ਨੂੰ ਕਰਮ ਕਰਨੇ ਪੈਂਦੇ ਹਨ, ਸਭ ਕੁਝ ਪਰਮਾਤਮਾ ਦੇ ਹੁਕਮ ਅੰਦਰ ਹੈ ਤਾਂ ਫੇਰ ਜੀਵ ਨੂੰ ਕਰਮਾਂ ਦਾ ਫਲ ਕਿਉਂ ਭੁਗਤਣਾ ਪੈਂਦਾ ਹੈ? ਗੁਰਬਾਣੀ ਵਿਚ ਇਸ ਦਾ ਉੱਤਰ ਵੀ ਉਪਲਬਧ ਹੈ। ਪਰਮਾਤਮਾ ਦੇ ਹੁਕਮ ਅਨੁਸਾਰ ਜੀਵ ਕਰਮਾਂ ਵਿਚ ਬੰਨ੍ਹਿਆ ਹੈ ਅਤੇ ਉਸ ਸੱਚੇ ਦੇ ਹੁਕਮ ਨਾਲ ਹੀ ਫਲ ਮਿਲਦਾ ਹੈ ਪਰੰਤੂ ਕਰਮ ਦੀ ਚੋਣ ਜੀਵਾਤਮਾ ਤੇ ਨਿਰਭਰ ਹੈ, ਸੋ ਆਪਣੇ ਕਰਮਾਂ ਦੇ ਫਲ ਦੀ ਜ਼ਿੰਮੇਵਾਰ ਉਹ ਆਪ ਹੈ। ਕਰਮਾਂ ਦੇ ਅਨੁਸਾਰ ਪਰਮਾਤਮਾ ਦਾ ਹੁਕਮ ਹੋਵੇਗਾ ਸੋ ਹੁਕਮ ਦਾ ਸਰੂਪ ਮਨੁੱਖ ਕੀਤੇ ਕਰਮਾਂ ਤੇ ਨਿਰਧਾਰਿਤ ਹੈ। ਸੋ ਜਿਸ ਤਰ੍ਹਾਂ ਦੇ ਮਨੁੱਖ ਕਰਮ ਕਰਦਾ ਹੈ ਪਰਮਾਤਮਾ ਉਸ ਤਰ੍ਹਾਂ ਦੇ ਲੇਖ ਲਿਖ ਛੱਡਦਾ ਹੈ ਜਿਸ ਦੇ ਅਨੁਸਾਰ ਜੀਵ ਨੂੰ ਚਲਣਾ ਪੈਂਦਾ ਹੈ, ਸੋ ਦੁਖ ਸੁਖ ਲਈ ਉਹ ਆਪ ਜ਼ਿੰਮੇਵਾਰ ਹੈ ਕਿਸੇ ਦੂਜੇ ਨੂੰ ਦੋਸ਼ ਨਹੀਂ ਦੇ ਸਕਦਾ:

1. ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
   ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥[5]
2. ਦੋਸ ਨ ਦੀਜੈ ਕਾਹੂ ਲੋਗ, ਜੋ ਕਮਾਵਨੁ ਸੋਈ ਭੋਗ॥[6]
3. ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥[7]
4. ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥[8]

ਗੁਰਬਾਣੀ ਅਨੁਸਾਰ ਜੇਕਰ ਕਰਮਾਂ ਦਾ ਨਿਸ਼ਚਾ ਪ੍ਰਭੂ ਹੁਕਮ ਅਨੁਸਾਰ ਨਾ ਹੁੰਦਾ ਤਾਂ ਹਰ ਕੋਈ ਫਲ ਚੰਗਾ ਹੀ ਚਾਹੁੰਦਾ। ਗੁਰੂ ਨਾਨਕ ਦੇਵ ਦੇ ਕਥਨ ਅਨੁਸਾਰ:

---

1. ਸੂਹੀ ਮਹਲਾ 4, ਗੁਰੂ ਗ੍ਰੰਥ, ਪੰਨਾ 735
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 410
3. ਸੋਰਠ ਮਹਲਾ 1, ਗੁਰੂ ਗ੍ਰੰਥ, ਪੰਨਾ 635
4. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1034
5. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 433
6. ਰਾਮਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 888
7. ਸਾਰੰਗ ਮਹਲਾ 1, ਗੁਰੂ ਗ੍ਰੰਥ, ਪੰਨਾ 1241
8. ਜਪੁ, ਗੁਰੂ ਗ੍ਰੰਥ, ਪੰਨਾ 1

ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ॥
ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ॥[1]

ਸ਼ਰਮਾ ਦਾ ਕਥਨ ਇਥੇ ਢੁਕਦਾ ਹੈ ਕਿ ਜੀਵ ਕਰਮ ਕਰਨ ਵਿਚ ਸੁਤੰਤਰ ਵੀ ਹੈ ਪੂਰਨ ਤੌਰ ਤੇ ਸੁਤੰਤਰ ਨਹੀਂ ਕਿਉਂਕਿ ਉਸ ਉਪਰ ਪਰਮਾਤਮਾ ਦਾ ਹੁਕਮ ਹੈ। ਮਨੁੱਖ ਨੂੰ ਕਰਮ ਕਰਨ ਦਾ ਅਧਿਕਾਰ ਓਨਾ ਹੀ ਹੈ ਜਿਨਾ ਕਿ ਇਕ ਕਿਸਾਨ ਨੂੰ, ਜਿਸ ਨੂੰ ਕਿ ਕੁਝ ਭੂਮੀ ਮਿਲੀ ਹੈ। ਜ਼ਮੀਨ ਦਾ ਘੇਰਾ, ਜ਼ਮੀਨ ਦੀ ਕਿਸਮ ਅਤੇ ਮੌਸਮ ਦੀ ਤਬਦੀਲੀ ਕਿਸੇ ਹੋਰ ਦੇ ਹੱਥ ਵਿਚ ਹੈ। ਪਰ ਜ਼ਮੀਨ ਨੂੰ ਵਾਹੁਣਾ, ਖਾਦ ਪਾਉਣਾ ਅਤੇ ਚੰਗੀ ਫਸਲ ਉਗਾਣਾ ਜਾਂ ਲਾਪਰਵਾਹ ਹੋ ਕੇ ਤਬਾਹ ਕਰ ਦੇਣਾ ਮਨੁੱਖ ਤੇ ਨਿਰਭਰ ਹੈ।[2]

ਕਰਮ ਤਿੰਨ ਪ੍ਰਕਾਰ ਦੇ ਹਨ ਸੰਚਿਤ, ਪ੍ਰਾਰਬਧ ਅਤੇ ਆਗਾਮੀ। ਸੰਚਿਤ ਕਰਮ ਪਿਛਲੇ ਜਨਮਾਂ ਦੇ ਸਮੁੱਚੇ ਕਰਮਾਂ ਨੂੰ ਕਹਿੰਦੇ ਹਨ। ਪ੍ਰਾਰਬਧ ਜਾਂ ਪੂਰਬਲੇ ਕਰਮ ਉਹ ਹਨ ਜਿਹੜੇ ਭੋਗਣ ਲਈ ਪੱਕ ਚੁੱਕੇ ਹਨ ਅਤੇ ਜਿਨ੍ਹਾਂ ਤੋਂ ਬਚਿਆ ਨਹੀਂ ਜਾ ਸਕਦਾ। ਆਗਾਮੀ ਕਰਮ ਉਹ ਹਨ ਜਿਨ੍ਹਾਂ ਨੂੰ ਅਸੀਂ ਵਰਤਮਾਨ ਵਿਚ ਕਰ ਰਹੇ ਹਾਂ ਅਤੇ ਜਿਹੜੇ ਸਾਡੇ ਭਵਿਖਤ ਨੂੰ ਬਣਾਉਣ ਵਿਚ ਸਹਾਈ ਹੁੰਦੇ ਹਨ। ਇਨ੍ਹਾਂ ਦਾ ਉਲੇਖ ਗੁਰਬਾਣੀ ਵਿਚ ਮਿਲਦਾ ਹੈ ਕਿ ਕਰਮ ਖਤਮ ਨਹੀਂ ਹੁੰਦੇ ਉਨ੍ਹਾਂ ਦਾ ਸਿੱਟਾ ਜ਼ਰੂਰ ਪ੍ਰਾਪਤ ਹੁੰਦਾ ਹੈ ਅਤੇ ਵਰਤਮਾਨ ਦੇ ਕਰਮ ਸਾਡੇ ਨਾਲ ਜਾਂਦੇ ਹਨ:

1. ਪੁਰਬਿ ਲਿਖਿਆ ਕਿਉ ਮੇਟੀਐ॥[3]
2. ਸੋਹਾਗਣੀ ਕਿਰਪਾ ਕਰਮੁ ਕਮਾਇਆ॥
   ਪੁਰਬਿ ਲਿਖਿਆ ਫਲੁ ਪਾਇਆ॥[4]
3. ਪੂਰਬ ਲਿਖਿਆ ਪਾਇਆ॥[5]
4. ਕਰਿ ਕਰਿ ਕਰਣਾ ਲਿਖਿ ਲੈ ਜਾਹੁ॥[6]
5. ਨਾਨਕ ਕਮਾਣਾ ਸੰਗਿ ਜੁਲਿਆ॥[7]

ਇਸ ਤਰ੍ਹਾਂ ਕਰਮਾਂ ਦਾ ਸੰਬੰਧ ਜੀਵਨ ਨਾਲ ਵੀ ਹੈ ਅਤੇ ਜੀਵਨ ਤੋਂ ਬਾਅਦ ਵੀ ਇਹ ਚੱਕਰ ਚਲਦਾ ਰਹਿੰਦਾ ਹੈ। ਜੇਕਰ ਚੰਗੇ ਕਰਮ ਕੀਤੇ ਹੋਣ ਤਾਂ ਪ੍ਰਭੂ ਮੇਲ ਕਾਰਨਿਕ

---

1. ਵਡਹੰਸ ਮਹਲਾ 1, ਗੁਰੂ ਗ੍ਰੰਥ, ਪੰਨਾ 566
2. D.S. Sarma, What is Hinduism, page 92.
3. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 59
4. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 72
5. ਸੋਰਠ ਮਹਲਾ 5, ਗੁਰੂ ਗ੍ਰੰਥ, ਪੰਨਾ 629
6. ਜਪੁ, ਗੁਰੂ ਗ੍ਰੰਥ, ਪੰਨਾ 4
7. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 460

ਚੱਕਰ ਖਤਮ ਹੋ ਜਾਂਦਾ ਹੈ ਅਤੇ ਮਾੜੇ ਕਰਮਾਂ ਕਾਰਨ ਇਹ ਚੱਕਰ ਇਕ ਹੋਰ ਚੱਕਰ ਪੈਦਾ ਕਰ ਲੈਂਦਾ ਹੈ ਉਹ ਹੈ ਆਵਾਗਵਨ ਦਾ ਗੇੜ।

ਕੀਤੇ ਹਰ ਕਰਮ ਦਾ ਫਲ ਪਾਉਣ ਲਈ ਜੀਵ ਨੂੰ ਆਪਣੇ ਸ਼ੁਭ ਅਸ਼ੁਭ ਕਰਮਾਂ ਅਨੁਸਾਰ ਜਨਮ ਮਰਨ ਦੇ ਚੱਕਰ ਵਿਚ ਜਾਣਾ ਪੈਂਦਾ ਹੈ,ਇਸੇ ਨੂੰ ਆਵਾਗਵਨ ਕਿਹਾ ਜਾਂਦਾ ਹੈ। ਗੁਰਬਾਣੀ ਆਵਾਗਵਨ ਵਿਚ ਵਿਸ਼ਵਾਸ ਰਖਦੀ ਹੈ। ਜੀਵ ਕਈ ਵਾਰ ਜੰਮਦਾ ਹੈ ਅਤੇ ਕਈ ਵਾਰ ਮਰਦਾ ਹੈ। ਜੋ ਵਿਸ਼ਮਾਨ ਹੈ ਉਹ ਸਭ ਆਵਾਗਵਨ ਦੇ ਗੇੜ ਅੰਦਰ ਹੈ। ਜੋ ਪੈਦਾ ਹੋਇਆ ਹੈ ਉਸ ਨੇ ਅਵੱਸ਼ ਬਿਨਸ ਜਾਣਾ ਹੈ। ਗੁਰੂ ਨਾਨਕ ਦੇਵ ਦੇ ਵਿਚਾਰ ਅਨੁਸਾਰ:

1. ਜੋ ਦੀਸੈ ਸੋ ਉਪਜੈ ਬਿਨਸੈ॥[1]
2. ਜੋ ਉਪਜੈ ਸੋ ਆਵੈ ਜਾਇ॥[2]
3. ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥
   ਜੀਵਿ ਜੀਵਿ ਮੁਏ ਮੁਏ ਜੀਵੇ॥[3]

ਆਵਾਗਵਨ ਪਰਮਾਤਮਾ ਦੇ ਹੁਕਮ ਅੰਦਰ ਹੈ। ਉਸ ਨੇ ਹੀ ਆਉਣ ਜਾਣ ਦਾ ਚੱਕਰ ਸਿਰਜਿਆ ਹੈ:

1. ਆਵਾਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ॥[4]
2. ਨਾਨਕ ਹੁਕਮੀ ਆਵਹੁ ਜਾਹੁ॥[5]

ਪ੍ਰਭੂ ਦਾ ਹੁਕਮ ਜੀਵ ਦੇ ਕਰਮਾਂ ਦੇ ਸੁਭਾਅ ਅਨੁਸਾਰ ਹੁੰਦਾ ਹੈ। ਜੀਵ ਦੇ ਆਪਣੇ ਕਰਮ ਹੀ ਜਨਮ ਮਰਨ ਦੇ ਬੰਧਨ ਦਾ ਕਾਰਨ ਹਨ। ਸੋ ਆਵਾਗਵਨ ਦਾ ਮੂਲ ਆਧਾਰ ਕਰਮ ਹਨ। ਚੰਗੇ ਮਾੜੇ ਕਰਮਾਂ ਅਨੁਸਾਰ ਚੰਗੀਆਂ ਮਾੜੀਆਂ ਜੂਨਾਂ ਨਿਰਧਾਰਿਤ ਹੁੰਦੀਆਂ ਹਨ, ਸਭ ਕਰਮਾਂ ਤੇ ਵਿਚਾਰ ਕਰਕੇ ਨਿਬੇੜਾ ਹੁੰਦਾ ਹੈ:

1. ਆਪਨ ਕਰਮ ਆਪੇ ਹੀ ਬੰਧੁ॥
   ਆਵਨ ਜਾਵਨ ਮਾਇਆ ਧੰਧੁ॥[6]

---

1. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 352
2. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 352
3. ਸਾਰੰਗ ਮਹਲਾ 1,ਗੁਰੂ ਗ੍ਰੰਥ,ਪੰਨਾ 1238
4. ਵਡਹੰਸ ਮਹਲਾ 1,ਗੁਰੂ ਗ੍ਰੰਥਾਂ,ਪੰਨਾ 580
5. ਜਪੁ,ਗੁਰੂ ਗ੍ਰੰਥ,ਪੰਨਾ 4
6. ਰਾਮਕਲੀ ਮਹਲਾ 5,ਗੁਰੂ ਗ੍ਰੰਥ,ਪੰਨਾ 888

2. ਅਗੈ ਕਰਣੀ ਕੀਰਤਿ ਵਾਚੀਐ॥[1]

3. ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ॥[2]

4. ਕਰਮੀ ਆਵੈ ਕਪੜਾ..... ॥[3]

5. ਕਰਮੀ ਕਰਮੀ ਹੋਇ ਵੀਚਾਰੁ॥[4]

ਚੰਗੀਆਂ ਮਾੜੀਆਂ 84 ਲੱਖ ਜੂਨਾਂ ਵਿਚੋ ਮਨੁੱਖਾ ਜੂਨ ਨੂੰ ਉੱਤਮ ਗਿਣਿਆ ਗਿਆ ਹੈ। ਚੰਗੇ ਕਰਮਾਂ ਕਰਕੇ ਹੀ ਮਨੁੱਖਾ ਦੇਹ ਮਿਲਦੀ ਹੈ ਅਤੇ ਜੀਵ ਇਸੇ ਜਨਮ ਵਿਚ ਸੁਕਰਮ ਕਰਕੇ ਆਵਾਗਵਨ ਦੀ ਫਾਹੀ ਕੱਟ ਸਕਦਾ ਹੈ। ਜੇਕਰ ਮਨੁੱਖਾ ਜੀਵਨ ਵਿਚ ਵੀ ਕੂੜ ਦੀ ਪਾਲ ਨਹੀਂ ਤੋੜ ਸਕੇ ਤਾਂ ਫੇਰ ਕਈ ਜੂਨਾਂ ਵਿਚ ਭਟਕਣਾ ਪਏਗਾ। ਇਹ ਵਿਚਾਰ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਵਿਚ ਆਉਂਦਾ ਹੈ:

1. ਲਖ ਚਉਰਾਸੀਹ ਜੋਨਿ ਸਬਾਈ॥
   ਮਾਣਸ ਕਉ ਪ੍ਰਭਿ ਦੀਈ ਵਡਿਆਈ॥
   ਇਸੁ ਪਉੜੀ ਤੇ ਜੋ ਨਰੁ ਚੂਕੈ,[5]
   ਸੋ ਆਇ ਜਾਇ ਦੁਖੁ ਪਾਇਦਾ॥

2. ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ॥[6]

3. ਭਈ ਪਰਾਪਤਿ ਮਾਨੁਖ ਦੇਹੁਰੀਆ॥
   ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
   ਅਵਰਿ ਕਾਜ ਤੇਰੈ ਕਿਤੈ ਨ ਕਾਮ॥[7]
   ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥

4. ਕਈ ਜਨਮ ਭਏ ਕੀਟ ਪਤੰਗਾ॥
   ਕਈ ਜਨਮ ਗਜ ਮੀਨ ਕੁਰੰਗਾ॥
   ਕਈ ਜਨਮ ਪੰਖੀ ਸਰਪ ਹੋਇਓ॥
   ਕਈ ਜਨਮ ਹੈਵਰ ਬ੍ਰਿਖ ਜੋਇਓ॥
   ਮਿਲ ਜਗਦੀਸ ਮਿਲਨ ਕੀ ਬਰੀਆ॥
   ਚਿਰੰਕਾਲ ਇਹ ਦੇਹ ਸੰਜਰੀਆ॥

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 464
2. ਸਾਰੰਗ ਮਹਲਾ 1, ਗੁਰੂ ਗ੍ਰੰਥ, ਪੰਨਾ 1238
3. ਜਪੁ, ਗੁਰੂ ਗ੍ਰੰਥ, ਪੰਨਾ 2
4. ਜਪੁ, ਗੁਰੂ ਗ੍ਰੰਥ, ਪੰਨਾ 7
5. ਮਾਰੂ ਸੋਲਹੇ ਮਹਲਾ 5, ਗੁਰੂ ਗ੍ਰੰਥ, ਪੰਨਾ 1075
6. ਮਾਰੂ ਮਹਲਾ 5, ਗੁਰੂ ਗ੍ਰੰਥ, ਪੰਨਾ 1017
7. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 378

ਕਈ ਜਨਮ ਸਖ ਕਰ ਉਪਾਇਆ॥
ਲਖ ਚਉਰਾਸੀਹ ਜੋਨਿ ਭ੍ਰਮਾਇਆ॥
ਸਾਧੁਸੰਗ ਭਇਓ ਜਨਮ ਪਰਾਪਤ॥
ਕਰ ਸੇਵਾ ਭਜ ਹਰਿ ਹਰਿ ਗੁਰਮਤ॥[1]

5. ਦੁਲਭ ਦੇਹ ਪਾਈ ਵਡਭਾਗੀ॥
ਨਾਮੁ ਨ ਜਪਹਿ ਤੇ ਆਤਮਘਾਤੀ॥
ਜੋ ਨ ਸੁਨਹਿ ਜਸੁ ਪਰਮਾਨੰਦਾ॥
ਪਸੁ ਪੰਖੀ ਤ੍ਰਿਗਦ ਜੋਨ ਤੇ ਮੰਦਾ॥[2]

ਮਾਇਆ,ਤ੍ਰਿਸਨਾ,ਹੰਕਾਰ,ਪ੍ਰਭਾਵ ਵਸ ਕੀਤੇ ਕਰਮ ਆਵਾਗਵਨ ਦਾ ਕਾਰਨ ਬਣਦੇ ਹਨ। ਗੁਰਬਾਣੀ ਅਨੁਸਾਰ ਵਿਕਾਰਾਂ ਵਿਚ ਫਸਿਆ ਮਨ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ ਅਤੇ ਸਿੱਟੇ ਵਜੋਂ ਉਸ ਨੂੰ ਕਈ ਜੂਨਾਂ ਵਿਚ ਭਟਕਣਾ ਪੈਂਦਾ ਹੈ:

1. ਤ੍ਰਿਸਨਾ ਅਗਨਿ ਜਲੈ ਸੰਸਾਰਾ॥
ਲੋਭੁ ਅਭਿਮਾਨੁ ਬਹੁਤੁ ਅਹੰਕਾਰਾ॥
ਮਰਿ ਮਰਿ ਜਨਮੈ ਪਤਿ ਗਵਾਏ,
ਅਪਣੀ ਬਿਰਥਾ ਜਨਮ ਗਵਾਵਣਿਆ॥[3]

2. ਹਉਮੈ ਏਈ ਬੰਧਨਾ,ਫਿਰ ਫਿਰ ਜੋਨੀ ਪਾਹਿ॥[4]

3. ਏਹੁ ਮੋਹ ਫਿਰ ਜੂਨੀ ਪਾਹਿ
ਮੋਹੇ ਲਾਗਾ ਜਮਪੁਰਿ ਜਾਹਿ॥[5]

4. ਏਹ ਜੀਉ ਬਹੁਤੇ ਜਨਮ ਭਰਮਿਆ॥[6]

5. ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ॥[7]

6. ਹਉ ਹਉ ਕਰਮ ਕਮਾਣੇ॥
ਤੇਤੇ ਬੰਧ ਗਲਾਣੇ॥[8]

7. ਮੇਰੀ ਮੇਰੀ ਧਾਰੀ॥ ਓਹਾ ਪੈਰਿ ਲੋਹਾਰੀ॥[9]

---

1. ਗਉੜੀ ਮਹਲਾ 5,ਗੁਰੂ ਗ੍ਰੰਥ,ਪੰਨਾ 176
2. ਗਉੜੀ ਮਹਲਾ 5,ਗੁਰੂ ਗ੍ਰੰਥ,ਪੰਨਾ 188
3. ਮਾਝ ਮਹਲਾ 3,ਗੁਰੂ ਗ੍ਰੰਥ;ਪੰਨਾ 120
4. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 466
5. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 356
6. ਆਸਾ ਮਹਲਾ 1,ਗੁਰੂ ਗ੍ਰੰਥ,ਪੰਨਾ 465
7. ਵਡਹੰਸ ਮਹਲਾ 1,ਗੁਰੂ ਗ੍ਰੰਥ,ਪੰਨਾ 580
8. ਮਾਰੂ ਮਹਲਾ 5,ਗੁਰੂ ਗ੍ਰੰਥ,ਪੰਨਾ 1004
9. ਮਾਰੂ ਮਹਲਾ 5,ਗੁਰੂ ਗ੍ਰੰਥ,ਪੰਨਾ 1004

ਸੋ ਇਸ ਤਰ੍ਹਾਂ ਜੀਵ ਕਰਮਾਂ ਦਾ ਫਲ ਭੁਗਤਣ ਲਈ ਜੰਮਦਾ ਮਰਦਾ ਰਹਿੰਦਾ ਹੈ ਅਤੇ ਹਰ ਜਨਮ ਵਿਚ ਕਰਮ ਕਰਕੇ ਅਗਲੇ ਜਨਮ ਲਈ ਕਾਰਨ ਪੈਦਾ ਕਰ ਦੇਂਦਾ ਹੈ ਅਤੇ ਜਨਮ ਮੌਤ ਤੇ ਫੇਰ ਜਨਮ ਇਸ ਤਰ੍ਹਾਂ ਗੇੜ ਵਿਚ ਪਿਆ ਰਹਿੰਦਾ ਹੈ। ਗੁਰੂ ਨਾਨਕ ਦੇਵ ਦੇ ਕਥਨ ਅਨੁਸਾਰ ਜਿਵੇਂ ਹਰਟ ਦੀਆਂ ਟਿੰਡਾਂ ਵਿਚੋਂ ਇਕ ਸਖਣੀ ਹੋ ਕੇ ਫੇਰ ਭਰੀਦੀ ਰਹਿੰਦੀ ਹੈ, ਉਸੇ ਤਰ੍ਹਾਂ ਪਰਮਾਤਮਾ ਦੁਆਰਾ ਬਣਾਈ ਪ੍ਰਾਣੀ ਦੇ ਜਨਮ-ਮਰਨ ਦੀ ਖੇਡ ਚਲਦੀ ਰਹਿੰਦੀ ਹੈ:

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ॥
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸਦੀ ਵਡਿਆਈ॥[1]

ਇਸ ਜਨਮ-ਮਰਨ ਤੋਂ ਜੀਵਾਤਮਾ ਤਾਂ ਹੀ ਛੁਟਕਾਰਾ ਪਾ ਸਕਦੀ ਹੈ ਜੇਕਰ ਮਾਇਆ ਤ੍ਰਿਸ਼ਨਾ ਤੇ ਕਾਬੂ ਪਾਵੇ। ਮਨ ਨੂੰ ਸੰਸਾਰਕ ਕੰਮਾਂ ਦੀ ਬਜਾਏ ਗੁਰ ਸ਼ਬਦ ਵਿਚ ਲਗਾਵੇ। ਇਹ ਸਭ ਕੁਝ ਲਈ ਗੁਰੂ ਦੀ ਜ਼ਰੂਰਤ ਹੈ, ਗੁਰੂ ਹੀ ਆਵਾਗਵਨ ਦਾ ਰੋਗ ਕੱਟ ਕੇ ਗੁਰ ਸ਼ਬਦ ਦੀ ਦਾਤ ਦੇ ਸਕਦਾ ਹੈ। ਗੁਰੂ, ਹਰੀ ਸਿਮਰਨ, ਪਾਰਬ੍ਰਹਮ ਦਾ ਆਸਰਾ ਲੈਣਾ ਇਨ੍ਹਾਂ ਤੇ ਜ਼ੋਰ ਦਿੱਤਾ ਗਿਆ ਹੈ:

1. ਗੁਰ ਤੇ ਬੂਝੇ ਆਵਣੁ ਜਾਵਣੁ॥
ਜਨਮਿ ਮਰਣੁ ਫੁਨਿ ਪਾਪ ਕਮਾਵਣੁ॥[2]
2. ਫਾਹੇ ਕਾਟੇ ਮਿਟੇ ਗਵਨ, ਫਤਹਿ ਭਈ ਮਨ ਜੀਤ॥
ਨਾਨਕ ਗੁਰ ਤੇ ਥਿਤਿ ਪਾਈ, ਫਿਰਨ ਮਿਟੇ ਨਿਤ ਨੀਤ॥[3]
3. ਜਨਮ ਮਰਨ ਕੇ ਮਿਟੇ ਅੰਦੇਸੇ, ਸਾਧੂ ਕੇ ਪੂਰਨ ਉਪਦੇਸੇ॥
ਥਿਤਿ ਪਾਈ ਚੂਕੇ ਭ੍ਰਮ ਗਵਨ, ਸੁਨ ਨਾਨਕ ਹਰਿ ਹਰਿ ਜਸ ਸ੍ਰਵਨ॥[4]
4. ਸਰਨ ਗਹੀ ਪਾਰਬ੍ਰਹਮ ਕੀ ਮਿਟਿਆ ਆਵਾਗਵਨ॥[5]
5. ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ॥
ਬਿਨੁ ਹਰਿਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ॥[6]
6. ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ॥[7]

---

1. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1329
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1030
3. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 258
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 287
5. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 300
6. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 59
7. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1031

ਉਪਨਿਸ਼ਦਾਂ ਵਿਚ ਕਰਮ ਅਤੇ ਆਵਾਗਵਨ ਨੂੰ ਮੰਨਿਆ ਹੈ। ਸ਼ਵੇਤਾਸ਼ਵਤਰ ਉਪਨਿਸ਼ਦ (5.7) ਵਿਚ ਕਰਮਾਂ ਨੂੰ ਆਵਾਗਵਨ ਦਾ ਕਾਰਨ ਮੰਨਿਆ ਹੈ। ਜੂਨਾਂ ਵਿਚ ਬੱਝਿਆ ਪ੍ਰਾਣੀ ਫਲ ਦੀ ਕਾਮਨਾ ਨਾਲ ਕਰਮ ਕਰਦਾ ਅਤੇ ਉਸ ਫਲ ਦਾ ਉਪਭੋਗ ਕਰਦਾ ਹੈ। ਉਹ ਭਿੰਨ ਭਿੰਨ ਜੂਨਾਂ ਵਿਚ ਉਤਪੰਨ ਹੋਣ ਵਾਲਾ ਆਤਮਾ, ਆਪਣੇ ਕਰਮਾਂ ਕਾਰਨ ਵੱਖ ਵੱਖ ਸਰੀਰਾਂ ਵਿਚ ਭ੍ਰਮਦਾ ਹੈ। ਇਸੇ ਉਪਨਿਸ਼ਦ(5.11-12) ਅਤੇ ਬ੍ਰਿਹਦਾਰਣਯਕ ਉਪਨਿਸ਼ਦ(3.2.13) ਦਾ ਭਾਵ ਵੀ ਇਹੋ ਦਸਣਾ ਹੈ ਕਿ ਜੀਵ ਕਰਮਾਂ ਅਨੁਸਾਰ ਪਵਿੱਤਰ ਜਾਂ ਪਾਪੀ ਬਣਦਾ ਹੈ ਅਤੇ ਪੁਨਰ ਜਨਮ ਨਿਰਧਾਰਿਤ ਹੁੰਦਾ ਹੈ। ਬ੍ਰਿਹਦਾਰਣਯਕ ਉਪਨਿਸ਼ਦ(4.4.3) ਅਨੁਸਾਰ ਜਿਵੇਂ ਇਕ ਸੁੰਡੀ ਇਕ ਤੀਲੇ ਦੇ ਅੰਤ ਤੇ ਪੁੱਜ ਕੇ ਦੂਜੇ ਤੀਲੇ ਦੇ ਸਹਾਰੇ ਨੂੰ ਫੜ ਕੇ ਆਪਣੇ ਆਪ ਨੂੰ ਸੁੰਗੇੜ ਲੈਂਦੀ ਹੈ, ਇਸੇ ਤਰ੍ਹਾਂ ਇਹ ਆਤਮਾ ਇਸ ਸਰੀਰ ਦੇ ਮਰਨ ਪਿਛੋਂ ਦੂਜੇ ਸਰੀਰ ਦਾ ਸਹਾਰਾ ਲੈ ਕੇ ਆਪਣਾ ਉਪਸੰਹਾਰ ਕਰਦੀ ਹੈ। ਇਸੇ ਉਪਨਿਸ਼ਦ(4.4.4) ਵਿਚ ਸੁਨਾਰ ਦੁਆਰਾ ਸੋਨੇ ਦੇ ਟੁਕੜੇ ਨੂੰ ਨਵੇਂ ਨਵੇਂ ਰੂਪ ਦੇਣ ਦੁਆਰਾ ਇਹ ਦੱਸਿਆ ਹੈ ਕਿ ਆਤਮਾ ਉਹੀ ਹੈ ਪਰ ਉਹ ਨਵੇਂ ਨਵੇਂ ਸਰੀਰ ਪ੍ਰਾਪਤ ਕਰਦੀ ਰਹਿੰਦੀ ਹੈ। ਕਠ ਉਪਨਿਸ਼ਦ(1.6) ਅਨੁਸਾਰ ਜਿਵੇਂ ਅਨਾਜ ਪੱਕ ਕੇ ਝਿੜਦਾ ਹੈ ਅਤੇ ਫੇਰ ਉਗਦਾ ਹੈ, ਇਸੇ ਤਰ੍ਹਾਂ ਆਤਮਾ ਮੁੜ ਜਨਮ ਲੈਂਦੀ ਰਹਿੰਦੀ ਹੈ।

### ੲ. ਨਰਕ ਸਵਰਗ

ਗੁਰਬਾਣੀ ਮੰਨਦੀ ਹੈ ਕਿ ਹਰ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਆਪ ਹੀ ਭੋਗਣਾ ਪੈਂਦਾ ਹੈ। ਚੰਗੇ ਕਰਮਾਂ ਵਾਲਾ ਸਵਰਗ ਦਾ ਸੁਖ ਭੋਗਦਾ ਹੈ ਅਤੇ ਮਾੜੇ ਕਰਮਾਂ ਵਾਲੇ ਨਰਕ ਦੇ ਦੁਖ ਪਾਂਦੇ ਹਨ। ਗੁਰੂ ਨਾਨਕ ਦੇਵ ਨੇ ਆਸਾ ਦੀ ਵਾਰ ਵਿਚ ਸਪਸ਼ਟ ਕੀਤਾ ਹੈ ਕਿ ਗਿਆਨੀ ਵਿਅਕਤੀ ਨੂੰ ਦਰਗਾਹ ਮਿਲਦੀ ਹੈ ਅਤੇ ਅਗਿਆਨੀ ਨੂੰ ਦੋਜ਼ਕ ਦੇ ਦੁੱਖ ਭੋਗਣੇ ਪੈਂਦੇ ਹਨ:

1. ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥
ਤਾ ਦਰਗਹ ਪੈਧਾ ਜਾਇਸੀ॥
ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥
ਹੁਕਮ ਕੀਏ ਮਨਿ ਭਾਵਦੇ ਮਹਿ ਭੀੜੈ ਅਗੈ ਜਾਵਣਾ॥

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ॥ [1]

2. ਢੋਈ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥ [2]

ਨਰਕ ਤੋਂ ਭਾਵ ਦੁਖ ਕਲੇਸ਼ ਹੈ ਅਤੇ ਸਵਰਗ ਵਿਚ ਸੁਖ ਅਨੰਦ ਹੈ। ਜੋ ਹਰੀ ਸਿਮਰਨ ਕਰਦੇ ਹਨ ਉਹ ਬੈਕੁੰਠ ਨੂੰ ਜਾਂਦੇ ਹਨ। ਅਸਲ ਵਿਚ ਜਿਥੇ ਨਾਮ ਸਿਮਰਨ ਹੈ ਉਹੀ ਬੈਕੁੰਠ ਹੈ। ਸਵਰਗ ਨਰਕ ਦਾ ਨਕਸ਼ਾ ਗੁਰੂ ਵਚਨਾਂ ਤੋਂ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ:

1. ਬੈਕੁੰਠ ਨਗਰੁ ਜਹਾ ਸੰਤ ਵਾਸਾ॥ [3]
2. ਤਹ ਬੈਕੁੰਠ ਜਹ ਨਾਮੁ ਉਚਰਹਿ॥ [4]
3. ਜੋ ਸਿਮਰੰਦੇ ਸਾਂਈਐ ਨਰਕਿ ਨ ਸੇਈ ਪਾਈਐ॥ [5]
4. ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥ [6]

ਗੁਰਬਾਣੀ ਵਿਚ ਨਰਕ ਸਵਰਗ ਦਾ ਜ਼ਿਕਰ ਜ਼ਰੂਰ ਹੈ ਪਰ ਇਹ ਕੋਈ ਵਖਰੀ ਦੁਨੀਆਂ ਨਹੀਂ ਸਗੋਂ ਇਸੇ ਦੁਨੀਆਂ ਵਿਚ ਹੀ ਜੀਵ ਚੰਗੇ ਮਾੜੇ ਕਰਮਾਂ ਦਾ ਫਲ ਭੋਗਦਾ ਹੈ। ਗੁਰੂ ਸਾਹਿਬਾਨ ਨੇ ਜਨਮ ਮਰਨ ਦੇ ਗੇੜ ਵਿਚ ਫਸੇ ਜੀਵ ਦੀ ਹਰ ਜੂਨ ਨੂੰ ਨਰਕ ਕਿਹਾ ਹੈ ਅਤੇ ਨਰਕ ਸਵਰਗ ਇਸੇ ਦੁਨੀਆਂ ਵਿਚ ਜਨਮ ਲੈ ਕੇ ਭੋਗਦਾ ਹੈ:

1. ਚਉਰਾਸੀਹ ਨਰਕ ਸਾਕਤੁ ਭੋਗਾਈਐ॥
ਜੈਸਾ ਕੀਚੈ ਤੈਸਾ ਪਾਈਐ॥ [7]

2. ਨਰਕ ਸੁਰਗ ਫਿਰਿ ਫਿਰਿ ਅਵਤਾਰ॥ [8]

ਨਰਕ ਦੇ ਦੁੱਖਾਂ ਤੇ ਸਵਰਗ ਦੇ ਸੁਖ ਦੁਆਰਾ ਗੁਰੂ ਸਾਹਿਬਾਨ ਨੇ ਮਾਨਵ ਨੂੰ ਦੁਰਕਰਮਾਂ ਤੋਂ ਬਚਣ ਦੀ ਪ੍ਰੇਰਨਾ ਅਤੇ ਚੰਗੇ ਕਰਮ ਕਰਨ ਲਈ ਉਤਸ਼ਾਹਿਤ ਕੀਤਾ ਹੈ। ਵੈਸੇ ਪ੍ਰਭੂ ਪ੍ਰੇਮੀ ਲਈ ਨਰਕ ਸਵਰਗ ਲਈ ਕੋਈ ਡਰ ਜਾਂ ਇੱਛਾ ਨਹੀਂ, ਉਸ ਲਈ ਤਾਂ ਪ੍ਰਭੂ ਪ੍ਰੀਤ

---

1. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 471
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 463
3. ਸੂਹੀ ਮਹਲਾ 5, ਗੁਰੂ ਗ੍ਰੰਥ, ਪੰਨਾ 742
4. ਰਾਮਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 890
5. ਮਾਝ ਮਹਲਾ 5, ਗੁਰੂ ਗ੍ਰੰਥ, ਪੰਨਾ 132
6. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 315
7. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1028
8. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 278

ਹੀ ਖੁਸ਼ੀ ਦੇਂਦੀ ਹੈ:

1. ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਾ ਦੋਊ ਰਾਦੇ॥[1]

2. ਧਨੁ ਨਹੀਂ ਬਾਛਹਿ ਸੁਰਗ ਨ ਆਛਹਿ॥
ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ॥[2]

ਗੁਰਬਾਣੀ ਦੀ ਤਰ੍ਹਾਂ ਉਪਨਿਸ਼ਦਾਂ ਵਿਚ ਵੀ ਨਰਕ ਸਵਰਗ ਸ਼ਬਦ ਦੀ ਵਰਤੋਂ ਦੁਖ ਅਤੇ ਅਨੰਦ ਰੂਪ ਵਿਚ ਹੋਈ ਹੈ। ਬ੍ਰਿਹਦਾਰਣਯਕ ਉਪਨਿਸ਼ਦ(4.4.10-11) ਜਿਸ ਵਿਚ ਕੁਝ ਵੀ ਨਾ ਸੁਝੇ, ਭਾਵ ਅੰਧਕਾਰ ਦਾ ਲੋਕ ਜੋ ਅਨੰਦ ਰਹਿਤ ਅਤੇ ਦੁਖ ਭਰਪੂਰ ਹੈ। ਇਨ੍ਹਾਂ ਲੋਕਾਂ ਵਿਚ ਉਹ ਜਨ ਮਰ ਕੇ ਜਾਂਦੇ ਹਨ ਜੋ ਗਿਆਨ ਤੋਂ ਬੇਮੁੱਖ ਹਨ ਜਿਨ੍ਹਾਂ ਨੂੰ ਪਰਮਾਤਮਾ ਤੱਤਵ ਦਾ ਬੋਧ ਨਹੀਂ।

ਈਸ਼ ਉਪਨਿਸ਼ਦ ਵਿਚ ਅਗਿਆਨੀ ਜੀਵਾਂ ਨੂੰ ਅਸੁਰ ਕਿਹਾ ਹੈ ਅਤੇ ਉਨ੍ਹਾਂ ਲਈ ਕੇਵਲ ਅੰਧਕਾਰ ਹੀ ਨਹੀਂ ਘੋਰ ਅੰਧਕਾਰ ਵਿਚ ਪੈਣ ਦਾ ਜ਼ਿਕਰ ਕੀਤਾ ਹੈ। ਈਸ਼ ਉਪਨਿਸ਼ਦ (3,9) ਅਨੁਸਾਰ ਆਚਾਰਹੀਨ, ਅਸ਼ਿਸ਼ਟ ਕਰਮ ਕਾਂਡਾਂ ਨੂੰ ਮੰਨਣ ਵਾਲੇ ਲੋਕ ਕੇਵਲ ਅੰਧਕਾਰ ਹੀ ਨਹੀਂ ਸਗੋਂ ਘੋਰ ਅੰਧਕਾਰ ਅਤੇ ਅਗਿਆਨ ਵਿਚ ਪ੍ਰਵੇਸ਼ ਕਰਦੇ ਹਨ। ਜਿਥੇ ਅੰਧਕਾਰ ਅਤੇ ਅਗਿਆਨ ਦੁਆਰਾ ਨਰਕ ਦੇ ਦੁੱਖਾਂ ਤਕਲੀਫਾਂ ਦਾ ਸੰਕੇਤ ਕੀਤਾ ਹੈ, ਉਥੇ ਸਵਰਗ ਨੂੰ ਸੁਖ ਅਨੰਦ ਦਾ ਲੋਕ ਦੱਸਿਆ ਹੈ। ਕਠ ਉਪਨਿਸ਼ਦ(1.17-18) ਜੋ ਦੇਵ ਪੂਜਾ, ਦਾਨ ਪੁੰਨ ਕਰਮ ਕਰਨ ਵਾਲਾ ਹੈ ਉਹ ਜਨਮ ਮਰਨ ਨੂੰ ਤਰ ਜਾਂਦਾ ਹੈ ਅਤੇ ਸਵਰਗ ਲੋਕ ਦੀ ਪ੍ਰਸੰਨਤਾ ਪਾਂਦਾ ਹੈ। ਬ੍ਰਿਹਦਾਰਣਯਕ ਉਪਨਿਸ਼ਦ(4.4.8) ਵਿਚ ਸਵਰਗ ਨੂੰ ਅਨੰਦ ਦਾ ਰਾਹ ਦੱਸਿਆ ਹੈ। ਬ੍ਰਹਮ ਗਿਆਨੀ ਇਸ ਦੇਹ ਤੋਂ ਮੁਕਤ ਹੋ ਕੇ ਸਵਰਗ ਲੋਕ ਨੂੰ ਜਾਂਦੇ ਹਨ, ਉਹੀ ਅਨੰਦ ਦਾ ਮਾਰਗ ਹੈ। ਕਠ ਉਪਨਿਸ਼ਦ(1.12) ਵਿਚ ਨਚਿਕੇਤਾ ਕਹਿੰਦਾ ਹੈ ਕਿ ਸਵਰਗ ਵਿਚ ਕਿਸੇ ਪ੍ਰਕਾਰ ਦਾ ਦੁਖ ਨਹੀਂ, ਯਮ ਵੀ ਨਹੀਂ ਹੁੰਦਾ, ਨਾ ਉਥੇ ਬੁਢਾਪਾ ਹੁੰਦਾ ਹੈ ਅਤੇ ਨਾ ਹੀ ਭੁਖ ਪਿਆਸ ਦਾ ਦੁੱਖ।

ਸੋ ਉਪਨਿਸ਼ਦਾਂ ਵਿਚ ਵੀ ਨਰਕ ਸਵਰਗ ਦਾ ਦੁਖਮਈ ਅਤੇ ਆਨੰਦਮਈ ਚਿਤਰ ਖਿੱਚ ਕੇ ਜੀਵ ਨੂੰ ਮਾੜੇ ਕਰਮਾਂ ਤੋਂ ਬਚਣ ਅਤੇ ਸ਼ੁਭ ਕਰਮਾਂ ਨੂੰ ਕਰਨ ਦੀ ਪ੍ਰੇਰਨਾ ਦਿੱਤੀ ਹੈ।

---

1. ਰਾਮਕਲੀ ਕਬੀਰ, ਗੁਰੂ ਗ੍ਰੰਥ, ਪੰਨਾ 969
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 251

## ਸ. ਮੁਕਤੀ ਅਤੇ ਮੁਕਤੀ ਦੇ ਸਾਧਨ

ਮੁਕਤੀ ਮੁਚ ਧਾਤੂ ਤੋਂ ਬਣਿਆ ਹੈ।[1] ਮੁਚ ਦਾ ਅਰਥ ਹੈ, ਛੱਡ ਦੇਣਾ, ਮੁਕਤ ਕਰਨਾ, ਰਿਹਾ ਕਰਨਾ। ਵਿਸ਼ਵ ਕੋਸ਼ ਵਿਚ ਵੀ ਮੁਕਤੀ ਨੂੰ ਸੰਸਕ੍ਰਿਤ ਧਾਤੂ ਮੁੱਚ ਤੋਂ ਲਿਆ ਗਿਆ ਮੰਨਿਆ ਹੈ ਜਿਸ ਦਾ ਭਾਵ ਦੁੱਖਾਂ ਤੋਂ ਛੁਟਕਾਰਾ ਜਾਂ ਮੁਕਤੀ ਹੈ।[2] ਇਸੇ ਹੀ ਵਿਸ਼ਵ ਕੋਸ਼ ਵਿਚ ਮੁਕਤੀ[3] ਨੂੰ ਮੋਖ ਜਾਂ ਆਵਾਗਵਨ ਦਾ ਅੰਤ ਜਾਂ ਬ੍ਰਹਮ ਵਿਚ ਅਭੇਦਤਾ ਦਾ ਨਿਰਵਾਣ ਕਿਹਾ ਹੈ। ਭਾਈ ਕਾਨ੍ਹ[4] ਸਿੰਘ ਨਾਭਾ ਅਨੁਸਾਰ ਮੁਕਤੀ ਅਵਿਦਿਆ ਦੇ ਬੰਧਨਾਂ ਤੋਂ ਛੁਟਕਾਰਾ,[5] ਕਲੇਸ਼ਾਂ ਤੋਂ ਰਿਹਾਈ ਹੈ। ਮੁਕਤੀ ਨੂੰ ਸਮੂਹ ਕਲੇਸ਼ਾਂ ਦੀ ਨਿਵਿਰਤੀ ਵੀ ਕਿਹਾ ਗਿਆ ਹੈ। ਸਰਮਾ ਨੇ ਆਤਮਾ ਦੀ ਦੈਵੀ ਜੀਵਨ ਪ੍ਰਤੀ ਜਾਗ੍ਰਤੀ ਅਤੇ ਆਪਣੇ ਅਸਲੇ ਨੂੰ ਪ੍ਰਾਪਤ ਕਰ ਲੈਣ ਨੂੰ ਮੋਕਸ਼ ਕਿਹਾ ਹੈ।[6]

ਉਪਰੋਕਤ ਵਰਣਨ ਤੋਂ ਸਿਧ ਹੋ ਜਾਂਦਾ ਹੈ ਕਿ ਮੁਕਤੀ ਹਉਮੈਂ ਬੰਧਨਾਂ ਕਲੇਸ਼ਾਂ ਨੂੰ ਤਿਆਗ ਕੇ ਪ੍ਰਭੂ ਨਾਲ ਅਭੇਦ ਹੋਣਾ ਹੈ। ਸੋ ਮੁਕਤੀ ਨੂੰ ਅਸੀਂ ਦੋ ਤਰ੍ਹਾਂ ਚਿੱਤਰ ਸਕਦੇ ਹਾਂ। ਅਭਾਵਾਤਮਕ ਤੌਰ ਤੇ ਅਤੇ ਭਾਵਾਤਮਕ ਤੌਰ ਤੇ। ਜਦੋਂ ਮੁਕਤ ਅਵਸਥਾ ਵਿਚ ਕਿਸੇ ਚੀਜ਼ ਦਾ ਤਿਆਗ, ਵਿਰੋਧ ਜਾਂ ਅਭਾਵ ਵਰਣਨ ਹੋਵੇ ਤਾਂ ਉਹ 'ਅਭਾਵਾਤਮਕ ਮੁਕਤੀ' ਹੈ। ਸੰਸਾਰਕ ਕਲੇਸ਼ਾਂ ਅਤੇ ਜਨਮ ਮਰਨ ਤੋਂ ਖਲਾਸੀ ਅਭਾਵਾਤਮਕ ਮੁਕਤੀ ਹੈ। ਜਦੋਂ ਮੁਕਤ ਅਵਸਥਾ ਵਿਚ ਤਿਆਗ ਨਹੀਂ ਸਗੋਂ ਖੁਸ਼ੀ ਦੀ ਹੋਂਦ ਹੋਵੇ, ਉਹ ਭਾਵਾਤਮਕ ਮੁਕਤੀ ਹੈ। ਪਰਮਾਤਮਾ ਨਾਲ ਅਭੇਦਤਾ ਭਾਵਾਤਮਕ ਮੁਕਤੀ ਹੈ। ਵਿਸ਼ਵ ਕੋਸ਼ ਵਿਚ ਵੀ ਅਭਾਵਾਤਮਕ ਮੁਕਤੀ ਨੂੰ ਸੰਸਾਰਕ ਦੁੱਖ ਤਕਲੀਫਾਂ ਤੋਂ ਬਚਾਉ ਅਤੇ ਪਰਮਾਤਮਾ ਨਾਲ ਮਿਲਾਪ ਨੂੰ ਭਾਵਾਤਮਕ ਮੁਕਤੀ ਕਿਹਾ ਹੈ।[7] ਗੁਰਬਾਣੀ ਵਿਚ ਸੰਸਾਰਕ ਬੰਧਨਾਂ ਤੋਂ ਰਿਹਾਈ ਨੂੰ ਮੁਕਤੀ ਕਿਹਾ ਹੈ। ਗੁਰੂ ਸਾਹਿਬਾਨ ਜਿਥੇ

---

1. ਡਾ: ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣਧਾਰਾ, ਪੰਨਾ 153 ਉਤੇ ਉਧ੍ਰਿਤ।
2. Mukti derived from the root, 'muc', it signified in the first instance 'deliverance', or release in general from pains and penalties of any kind.
   Encyclopedia of Religion & Ethics, Vol. XII, page 182.
3. Encyclopedia of Religion & Ethics, Vol. VII, page 563.
4. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 981
5. Total vegation of misery is 'Moksha', S. Brahmachary, Self-Realization, page 287.
6. D.S. Sarma, A Primer of Hinduism, page 156.
7. Encyclopedia of Religion & Ethics, Vol. XII, page 133-34.

ਸੰਸਾਰਿਕ ਬੰਧਨਾਂ ਨੂੰ ਤਿਆਗਣ ਤੇ ਜ਼ੋਰ ਦੇਂਦੇ ਹਨ ਉਥੇ ਉਹ ਪਰਮਾਤਮਾ ਵਿਚ ਇਕਸੁਰ ਹੋਣ ਦੀ ਅਵਸਥਾ ਨੂੰ ਮੁਕਤ ਅਵਸਥਾ ਕਹਿੰਦੇ ਹਨ। ਇਸ ਤਰ੍ਹਾਂ ਗੁਰਬਾਣੀ ਵਿਚ ਮੁਕਤੀ ਦਾ ਅਭਾਵਾਤਮਕ ਤੇ ਭਾਵਾਤਮਕ ਦੋਵੇਂ ਰੂਪ ਮਿਲ ਜਾਂਦੇ ਹਨ। ਗੁਰੂ ਸਾਹਿਬਾਨ ਨੇ ਕਈ ਗੱਲਾਂ ਨੂੰ ਤਿਆਗਣ ਦਾ ਉਪਦੇਸ਼ ਦਿੱਤਾ ਹੈ ਜੋ ਦੁੱਖਾਂ ਤੇ ਬੰਧਨਾਂ ਦੀ ਜੜ੍ਹ ਹਨ ਅਤੇ ਜਿਨ੍ਹਾਂ ਤੋਂ ਛੁਟਕਾਰਾ ਪਾ ਕੇ ਜੀਵ ਮੁਕਤ ਅਵਸਥਾ ਤੱਕ ਪਹੁੰਚ ਸਕਦਾ ਹੈ। ਨਮੂਨੇ ਵਜੋਂ ਕੁਝ ਉਦਾਹਰਣਾਂ ਵਰਣਨ ਯੋਗ ਹਨ:

1. ਮਿਟਿ ਗਏ ਗਵਨ ਪਾਏ ਬਿਸ੍ਰਾਮ॥[1]
2. ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨਾ ਭ੍ਰਮ ਕੀ ਕਾਈ॥[2]
3. ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥[3]
4. ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥[4]
5. ਗਾਵੀਐ ਸੁਣੀਐ ਮਨਿ ਰਖੀਐ ਭਾਉ॥
   ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥[5]

ਗੁਰਬਾਣੀ ਵਿਚ ਮੁਕਤੀ ਦਾ ਭਾਵਾਤਮਕ ਪੱਖ ਵੀ ਚਿਤਰਿਆ ਮਿਲਦਾ ਹੈ। ਇਸ ਵਿਚ ਬ੍ਰਹਮ ਅਤੇ ਜੀਵਾਤਮਾ ਦਾ ਅਭੇਦ ਸਰੂਪ ਦਿਖਾਇਆ ਹੈ। ਕੁਝ ਤੁਕਾਂ ਇਹ ਹਨ ਜੋ ਭਾਵਾਤਮਕ ਮੁਕਤੀ ਦੇ ਸਰੂਪ ਨੂੰ ਉਜਾਗਰ ਕਰਦੀਆਂ ਹਨ:

1. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ।....॥[6]
2. ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ॥[7]
3. ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
   ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥[8]

ਗੁਰਬਾਣੀ ਵਿਚ ਜਿਗਿਆਸੂ ਦਾ ਅੰਤਿਮ ਮਨੋਰਥ ਮੁਕਤੀ ਨਹੀਂ ਸਗੋਂ ਹਰੀ ਦਰਸ਼ਨ ਨਾਲ ਹੀ ਉਸ ਦੀ ਤ੍ਰਿਪਤੀ ਹੁੰਦੀ ਹੈ। ਜੇਕਰ ਹਰੀ ਦਰਸ਼ਨ ਹੋ ਜਾਣ ਤਾਂ ਮੁਕਤੀ ਦੀ

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 278
2. ਧਨਾਸਰੀ ਮਹਲਾ 9, ਗੁਰੂ ਗ੍ਰੰਥ, ਪੰਨਾ 684
3. ਮਲਾਰ ਮਹਲਾ 4, ਗੁਰੂ ਗ੍ਰੰਥ, ਪੰਨਾ 1263
4. ਆਸਾ ਮਹਲਾ 5, ਗੁਰੂ ਗ੍ਰੰਥ, ਪੰਨਾ 400
5. ਜਪੁ, ਗੁਰੂ ਗ੍ਰੰਥ, ਪੰਨਾ 2
6. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 878
7. ਸਿਰੀ ਮਹਲਾ 1, ਗੁਰੂ ਗ੍ਰੰਥ, ਪੰਨਾ 21
8. ਬਿਲਾਵਲ ਮਹਲਾ 5, ਗੁਰੂ ਗ੍ਰੰਥ, ਪੰਨਾ 846

ਇਤਨੀ ਜ਼ਰੂਰਤ ਹੀ ਨਹੀਂ ਰਹਿੰਦੀ, ਫੇਰ ਤਾਂ ਸਭ ਕੁਝ ਹੀ ਮਿਲ ਜਾਂਦਾ ਹੈ। ਗੁਰੂ ਸਾਹਿਬਾਨ ਦਾ ਇਹ ਵਿਚਾਰ ਇਨ੍ਹਾਂ ਤੁਕਾਂ ਤੋਂ ਜ਼ਾਹਰ ਹੋ ਜਾਂਦਾ ਹੈ:

1. ਸੁਰਗੁ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ॥
   ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨ ਧੀਜੈ॥[1]

2. ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥
   ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥[2]

3. ਰਾਜ ਨ ਚਾਹਉਂ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥
   ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥[3]

ਮੁਕਤੀ ਨੂੰ ਪ੍ਰਾਪਤ ਕਰਨ ਵਾਲੇ ਸਾਧਕ ਨੂੰ ਮੁਕਤ ਕਿਹਾ ਜਾਂਦਾ ਹੈ। ਮੁਕਤ ਜੀਵ ਸੰਸਾਰਿਕ ਦੁੱਖਾਂ ਅਤੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਪਰਮਆਨੰਦ ਦੀ ਅਵਸਥਾ ਵਿਚ ਦਾਖਲ ਹੁੰਦਾ ਹੈ। ਇਹ ਦੋ ਤਰ੍ਹਾਂ ਦਾ ਹੈ - ਜੀਵਨ-ਮੁਕਤ ਅਤੇ ਵਿਦੇਹ-ਮੁਕਤ। ਮਰਨ ਤੋਂ ਬਾਅਦ ਜਾਂ ਦੇਹ ਦੇ ਨਾਸ਼ ਹੋਣ ਪਿਛੋਂ ਪ੍ਰਾਪਤ ਹੋਣ ਵਾਲੀ ਮੁਕਤੀ ਵਿਦੇਹ ਮੁਕਤੀ ਹੈ। ਜੋ ਵਿਦੇਹ-ਮੁਕਤ ਹੈ ਉਹ ਫੇਰ ਜਨਮ ਮਰਨ, ਸੰਸਾਰਿਕ ਦੁੱਖਾਂ ਤੋਂ ਖਲਾਸੀ ਪਾ ਲੈਂਦਾ ਹੈ:

1. ਜਨਮ ਮਰਣ ਕੋ ਚੂਕੇ ਸਹਸਾ॥[4]
2. ਬਹੁੜਿ ਦੂਖ ਨ ਪਾਇਦਾ॥[5]
3. ਪੁਨਰਪਿ ਜਨਮ ਨਾਹੀ.....॥[6]

ਜਦੋਂ ਜੀਂਵਦਿਆਂ ਹੀ ਜੀਵ ਅਗਿਆਨਤਾ, ਦੁੱਖਾਂ ਕਲੇਸ਼ਾਂ ਦਾ ਨਾਸ਼ ਕਰ ਲੈਂਦਾ ਹੈ ਉਸ ਨੂੰ ਜੀਵਨ-ਮੁਕਤ ਕਿਹਾ ਜਾਂਦਾ ਹੈ। ਜੀਵਨ-ਮੁਕਤ ਵਿਅਕਤੀ ਸਰੀਰ ਧਾਰਦਾ ਹੋਇਆਂ ਵੀ ਨਾਮਰੂਪਾਤਮਕ ਵਿਸ਼ਿਆਂ ਵਿਚ ਨਹੀਂ ਫਸਦਾ, ਸਰੀਰਕ ਵਾਸ਼ਨਾਵਾਂ ਨੂੰ ਮਾਰ ਕੇ, ਮੁਰਗਾਈ ਦੀ ਤਰ੍ਹਾਂ ਨਿਰਲੇਪ ਰਹਿ ਕੇ ਪ੍ਰਭੂ ਨਾਮ ਦੇ ਸਹਾਰੇ ਰਹਿੰਦਾ ਹੈ। ਗੁਰੂ ਸਾਹਿਬਾਨ ਨੇ ਜੀਵਨ ਮੁਕਤ ਵਿਅਕਤੀ ਬਾਰੇ ਕਿਹਾ ਵੀ ਹੈ:

---

1. ਕਲਿਆਨ ਮਹਲਾ 4, ਗੁਰੂ ਗ੍ਰੰਥ, ਪੰਨਾ 1324
2. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 360
3. ਦੇਵ ਗੰਧਾਰੀ ਮਹਲਾ 5, ਗੁਰੂ ਗ੍ਰੰਥ, ਪੰਨਾ 534
4. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 207
5. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1034
6. ਗੂਜਰੀ ਮਹਲਾ 1, ਗੁਰੂ ਗ੍ਰੰਥ, ਪੰਨਾ 505

1. ਜੀਵਨੁ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥[1]
2. ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ
   ਜਿਉ ਮੁਰਗਾਈ ਪੰਕਿ ਨ ਭੀਜੈ॥[2]
3. ਜੀਵਨ ਮੁਕਤੁ ਜਾ ਸਬਦੁ ਸੁਣਾਏ॥
   ਸਚੀ ਰਹਤ ਸਚਾ ਸੁਖ ਪਾਏ॥[3]
4. ਜੀਵਨ ਮੁਕਤੁ ਮਨਿ ਨਾਮੁ ਵਸਾਏ॥[4]
5. ਜੀਵਨ ਮੁਕਤਿ ਗੁਰਸਬਦੁ ਕਮਾਏ॥
   ਹਰਿ ਸਿਉ ਸਦ ਹੀ ਰਹੈ ਸਮਾਏ॥[5]
6. ਆਠ ਪਹਰ ਪ੍ਰਭੁ ਅਪਨਾ ਧਿਆਈਐ,
   ਗੁਰ ਪ੍ਰਸਾਦਿ ਭਉ ਤਰੀਐ॥
   ਆਪੁ ਤਿਆਗਿ ਹੋਈਐ ਸਭ ਰੇਣਾ,
   ਜੀਵਤਿਆ ਮਰੀਐ॥[6]

ਜੀਵਨ-ਮੁਕਤ ਸਾਧਕ ਆਪਣਾ ਹਿਰਦਾ ਸਵੱਛ ਕਰ ਲੈਂਦਾ ਹੈ, ਉਹ ਨਿਰਵੈਰ, ਨਿਰਭੈ ਹੋ ਜਾਂਦਾ ਹੈ। ਉਹ ਆਪ ਸਦਾ ਪਰਮ ਅਨੰਦ ਵਿਚ ਮਸਤ ਰਹਿੰਦਾ ਹੈ ਅਤੇ ਦੂਜਿਆਂ ਨੂੰ ਵੀ ਤਾਰ ਦੇਂਦਾ ਹੈ। ਗੁਰਬਾਣੀ ਵਿਚ ਕਿਹਾ ਵੀ ਹੈ:

1. ਉਸਤਤਿ ਨਿੰਦਿਆ ਨਾਹਿ ਜਿਹ, ਕੰਚਨ ਲੋਹ ਸਮਾਨਿ॥
   ਕਹੁ ਨਾਨਕ ਸੁਨ ਰੇ ਮਨਾ ਮੁਕਤ ਤਾਹਿ ਤੈ ਜਾਨਿ॥
   ਹਰਖ ਸੋਗ ਜਾ ਕੈ ਨਹੀ, ਬੈਰੀ ਮੀਤ ਸਮਾਨਿ॥
   ਕਹੁ ਨਾਨਕ ਸੁਨ ਰੇ ਮਨਾ, ਮੁਕਤ ਤਾਹਿ ਤੈ ਜਾਨ॥[7]
2. ਪ੍ਰਭ ਕੀ ਆਗਿਆ ਆਤਮ ਹਿਤਾਵੈ॥
   ਜੀਵਨ ਮੁਕਤਿ ਸੋਊ ਕਹਾਵੈ॥
   ਤੈਸਾ ਹਰਖੁ ਤੈਸਾ ਉਸੁ ਸੋਗੁ॥
   ਸਦਾ ਅਨੰਦੁ ਤਹ ਨਹੀ ਬਿਓਗੁ॥

---

1. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1010
2. ਕਲਿਆਨ ਮਹਲਾ 4, ਗੁਰੂ ਗ੍ਰੰਥ, ਪੰਨਾ 1324
3. ਪਰਭਾਤੀ ਮਹਲਾ 1, ਗੁਰੂ ਗ੍ਰੰਥ, ਪੰਨਾ 1343
4. ਆਸਾ ਮਹਲਾ 1, ਗੁਰੂ ਗ੍ਰੰਥ, ਪੰਨਾ 412
5. ਮਾਰੂ ਮਹਲਾ 3, ਗੁਰੂ ਗ੍ਰੰਥ, ਪੰਨਾ 1058
6. ਸੂਹੀ ਮਹਲਾ 5, ਗੁਰੂ ਗ੍ਰੰਥ, ਪੰਨਾ 750
7. ਸਲੋਕ ਮਹਲਾ 9, ਗੁਰੂ ਗ੍ਰੰਥ, ਪੰਨਾ 1427

ਤੈਸਾ ਸੁਵਰਨੁ ਤੈਸੀ ਉਸੁ ਮਾਟੀ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥.......[1]
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥

3. ਆਪ ਮੁਕਤ, ਮੁਕਤ ਕਰੈ ਸੰਸਾਰ॥[2]

4. ਓਇ ਆਪਿ ਛੂਟੇ ਪਰਵਾਰ ਸਿਉ, ਸਭੁ ਜਗਤੁ ਛਡਾਇਆ॥[3]

ਜਿਵੇਂ ਕਿ ਪਿਛੇ ਵਰਣਨ ਕੀਤਾ ਹੈ ਗੁਰਬਾਣੀ ਵਿਚ ਪਰਮਾਤਮਾ ਵਿਚ ਲੀਨਤਾ ਨੂੰ ਮੁਕਤੀ ਕਿਹਾ ਗਿਆ ਹੈ। ਸੋ ਪਰਮਾਤਮਾ ਦੀ ਤਰ੍ਹਾਂ ਮੁਕਤੀ ਸਾਡੇ ਪਾਸ ਹੀ ਹੈ। ਅਗਿਆਨ ਦੇ ਕਾਰਨ ਜੀਵ ਤੇ ਬ੍ਰਹਮ ਵਿਚ ਭੇਦ ਬਣਿਆ ਰਹਿੰਦਾ ਹੈ। ਇਸ ਲਈ ਮੋਕਸ਼ ਕੇਵਲ ਇਸ ਗਿਆਨ ਦਾ ਜਾਗਰਣ ਹੈ ਕਿ ਸਾਡੀ ਆਤਮਾ ਹੀ ਬ੍ਰਹਮ ਤੋਂ ਅਭਿੰਨ ਹੈ। ਇਸ ਗਿਆਨ ਦੇ ਲਈ ਕਿਸੇ ਵਿਦਿਆ ਦੀ ਜ਼ਰੂਰਤ ਨਹੀਂ ਦੱਸੀ ਗਈ। ਗੁਰੂ ਨਾਨਕ ਦੇਵ ਦਾ ਕਥਨ ਹੈ:

ਮੁਕਤਿ ਨਹੀ ਬਿਦਿਆ ਬਿਗਿਆਨਿ॥[4]

ਮੁਕਤੀ ਪ੍ਰਾਪਤ ਕਰਨ ਲਈ ਸਾਧਕ ਨੂੰ ਰੱਬੀ ਭਾਣੇ, ਗੁਰੂ ਅਤੇ ਗੁਰੂਸ਼ਬਦ ਦੀ ਸਿਖਿਆ ਦਿੱਤੀ ਹੈ। ਹਉਮੈ ਦਾ ਤਿਆਗ ਅਤੇ ਸ਼ੁਭ ਕਰਮਾਂ ਉਤੇ ਜ਼ੋਰ ਦਿੱਤਾ ਹੈ। ਇਹ ਸਭ ਯਤਨ ਨਿਸਫਲ ਹਨ ਜਿਤਨਾ ਚਿਰ ਪ੍ਰਭੂ ਦੀ ਮਿਹਰ ਨਹੀਂ ਹੁੰਦੀ। ਇਨ੍ਹਾਂ ਯਤਨਾਂ ਬਾਰੇ ਗੁਰਬਾਣੀ ਵਿਚ ਸਪਸ਼ਟ ਕੀਤਾ ਗਿਆ ਹੈ ਜਿਨ੍ਹਾਂ ਨੂੰ ਕਰਕੇ ਸਾਧਕ ਮੋਖ ਦੁਆਰ ਪ੍ਰਾਪਤ ਕਰ ਸਕਦਾ ਹੈ। ਜਿਗਿਆਸੂ ਰੱਬੀ ਭਾਣੇ ਅੰਦਰ ਰਹਿ ਕੇ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ:

1. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[5]

2. ਬੰਦਿ ਖਲਾਸੀ ਭਾਣੈ ਹੋਇ॥ ਹੋਰੁ ਆਖਿ ਨ ਸਕੈ ਕੋਇ॥[6]

ਇਹ ਕੂੜ ਦੀ ਪਾਲ ਤੋੜਨ ਦੀ ਜਾਚ ਗੁਰੂ ਦਸਦਾ ਹੈ, ਸੋ ਮੁਕਤੀ ਲਈ ਗੁਰੂ ਅਵੱਸ਼ਕ ਹੈ। ਗੁਰੂ ਅਤੇ ਗੁਰੂ ਸੇਵਾ ਮੁਕਤੀ ਨੂੰ ਸੌਖਾ ਕਰ ਦਿੰਦੇ ਹਨ:

---

1. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 275
2. ਗਉੜੀ ਮਹਲਾ 5, ਗੁਰੂ ਗ੍ਰੰਥ, ਪੰਨਾ 295
3. ਤਿਲੰਗ ਮਹਲਾ 19, ਗੁਰੂ ਗ੍ਰੰਥ, ਪੰਨਾ 725
4. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 903
5. ਜਪੁ, ਗੁਰੂ ਗ੍ਰੰਥ, ਪੰਨਾ 1
6. ਜਪੁ, ਗੁਰੂ ਗ੍ਰੰਥ, ਪੰਨਾ 5

1. ਮੁਕਤਿ ਭਏ ਗੁਰਿ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਈ॥[1]
2. ਸਤਿਗੁਰ ਬਾਝਹੁ ਮੁਕਤਿ ਕਿਨੇਹੀ॥[2]
3. ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ॥[3]
4. ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ॥[4]

ਮੁਕਤੀ ਪ੍ਰਾਪਤੀ ਲਈ ਨਾਮ ਸਿਮਰਨ ਵੀ ਅਵੱਸ਼ਕ ਹੈ। ਨਾਮ ਜਾਪ ਦੁਆਰਾ ਜੀਵ ਆਪਣੇ ਹੰਕਾਰ ਨੂੰ ਮਾਰ ਸਕਦਾ ਹੈ। ਹਰੀ ਨਾਮ ਵਿਚ ਲੀਨ ਹੋ ਕੇ ਹੀ ਅਮਰਪਦ ਪਾਇਆ ਜਾ ਸਕਦਾ ਹੈ:

1. ਸੇ ਮੁਕਤੁ ਸੇ ਮੁਕਤੁ ਭਏ ਜਿਨ੍ ਹਰਿ ਧਿਆਇਆ ਜੀ॥
   ਤਿਨ ਤੂਟੀ ਜਮ ਕੀ ਫਾਸੀ॥[5]
2. ਨਾਮਿ ਰਤੇ ਪਾਵਹਿ ਮੋਖ ਦੁਆਰੁ॥[6]
3. ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ॥[7]
4. ਬਿਨੁ ਗੁਰ ਸਬਦੈ ਮੁਕਤਿ ਨ ਹੋਈ॥[8]

ਮੁਕਤੀ ਪ੍ਰਾਪਤੀ ਲਈ ਵਧੇਰੇ ਬਲ ਪਰਮਾਤਮਾ ਦੀ ਬਖਸ਼ਿਸ਼ ਤੇ ਦਿੱਤੀ ਗਈ ਹੈ:

1. ਨਦਰੀ ਮੋਖੁ ਦੁਆਰੁ॥[9]
2. ਨਾਨਕ ਤਰੀਐ ਤੇਰੀ ਮਿਹਰ॥[10]
3. ਕਰਕਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗਣ ਕੀਨਾ ਹੇ॥[11]

ਉਪਨਿਸ਼ਦਾਂ ਵਿਚ ਵੀ ਮੁਕਤੀ ਤੋਂ ਭਾਵ ਅਮਰਤਾ ਲਿਆ ਹੈ। ਭਾਵਾਤਮਕ ਅਤੇ

---

1. ਮਲਾਰ ਮਹਲਾ 1, ਗੁਰੂ ਗ੍ਰੰਥ, ਪੰਨਾ 1255
2. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1027
3. ਸਿਰੀ ਮਹਲਾ 3, ਗੁਰੂ ਗ੍ਰੰਥ, ਪੰਨਾ 33
4. ਗਉੜੀ ਮਹਲਾ 1, ਗੁਰੂ ਗ੍ਰੰਥ, ਪੰਨਾ 228
5. ਆਸਾ ਮਹਲਾ 4, ਗੁਰੂ ਗ੍ਰੰਥ, ਪੰਨਾ 11
6. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 941
7. ਰਾਮਕਲੀ ਮਹਲਾ 1, ਗੁਰੂ ਗ੍ਰੰਥ, ਪੰਨਾ 941
8. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1024
9. ਜਪੁ, ਗੁਰੂ ਗ੍ਰੰਥ, ਪੰਨਾ 2
10. ਰਾਮਕਲੀ ਮਹਲਾ 5, ਗੁਰੂ ਗ੍ਰੰਥ, ਪੰਨਾ 893
11. ਮਾਰੂ ਮਹਲਾ 1, ਗੁਰੂ ਗ੍ਰੰਥ, ਪੰਨਾ 1028

ਆਤਵਤਮਕ ਮੁਕਤੀ ਦੇ ਉਦਾਹਰਣ ਮਿਲ ਜਾਂਦੇ ਹਨ। ਕਠ ਉਪਨਿਸ਼ਦ(6.14.15) ਅਨੁਸਾਰ ਜਦੋਂ ਹਿਰਦੇ ਦੀਆਂ ਸਾਰੀਆਂ ਇੱਛਾਵਾਂ ਮਰ ਜਾਂਦੀਆਂ ਹਨ, ਜਦ ਅਵਿਦਿਆ, ਹੰਕਾਰ ਆਦਿ ਦੀਆਂ ਸਾਰੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ ਤਾਂ ਅਮਰਪਦ ਪ੍ਰਾਪਤ ਹੁੰਦਾ ਹੈ। ਸ੍ਵੇਤਾਸ੍ਵਤਰ ਉਪਨਿਸ਼ਦ(5.13) ਵਿਚ ਇਸ ਸੰਸਾਰ ਵਿਚ ਉਸ ਅਨਾਦਿ ਵਿਸ਼ਵ ਦੇ ਰਚੇਤਾ ਨੂੰ ਜਾਣ ਕੇ ਜੀਵ ਸਮਸਤ ਅਵਿਦਿਆ ਤੋਂ ਮੁਕਤ ਹੋ ਜਾਂਦਾ ਹੈ। ਮੁੰਡਕ ਉਪਨਿਸ਼ਦ(3.2.8) ਆਤਮਾ ਪਰਮਾਤਮਾ ਦੀ ਅਭੇਦਤਾ ਨੂੰ ਮੁਕਤੀ ਦੱਸਿਆ ਹੈ। ਜਿਵੇਂ ਨਦੀਆਂ ਸਮੁੰਦਰ ਵਿਚ ਪੈ ਕੇ ਆਪਣਾ ਨਾਮ ਅਤੇ ਰੂਪ ਤਿਆਗ ਦੇਂਦੀਆਂ ਹਨ, ਇਸੇ ਤਰ੍ਹਾਂ ਜੀਵ ਆਤਮਾ ਨਾਮ ਰੂਪ ਤੋਂ ਮੁਕਤ ਹੋ ਕੇ ਪਰਮ ਪੁਰਖ ਵਿਚ ਅਭੇਦ ਹੋ ਜਾਂਦੀ ਹੈ। ਇਸੇ ਉਪਨਿਸ਼ਦ ਦੇ(3.2.9) ਵਿਚ ਕਿਹਾ ਹੈ ਕਿ ਜੋ ਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਬ੍ਰਹਮ ਰੂਪ ਹੀ ਹੋ ਜਾਂਦਾ ਹੈ।

ਮੁਕਤੀ ਪਿਛੋਂ ਕਰਮਾਂ ਦੇ ਪ੍ਰਭਾਵ ਤੋਂ ਜੀਵ ਮੁਕਤ ਹੋ ਜਾਂਦਾ ਹੈ। ਛਾਂਦੋਗਯ ਉਪਨਿਸ਼ਦ(5.24.3) ਵਿਚ ਦੱਸਿਆ ਹੈ ਕਿ ਜਿਵੇਂ ਤੀਲਾ ਅੱਗ ਵਿਚ ਸੜ ਕੇ ਖਤਮ ਹੋ ਜਾਂਦਾ ਹੈ ਤਿਵੇਂ ਮੁਕਤੀ ਪ੍ਰਾਪਤ ਹੋ ਜਾਣ ਤੇ ਕਰਮ ਖਤਮ ਹੋ ਜਾਂਦੇ ਹਨ। ਇਸੇ ਉਪਨਿਸ਼ਦ (4.14.3) ਅਨੁਸਾਰ ਜਿਵੇਂ ਕੰਵਲ ਦੇ ਪੱਤੇ ਤੇ ਪਾਣੀ ਨਹੀਂ ਠਹਿਰਦਾ, ਇਸੇ ਤਰ੍ਹਾਂ ਮੁਕਤ ਪੁਰਖ ਨੂੰ ਕਰਮਾਂ ਦਾ ਲੇਪ ਨਹੀਂ ਲਗਦਾ। ਬ੍ਰਿਹਦਾਰਣਯਕ ਉਪਨਿਸ਼ਦ(4.4.6) ਵਿਚ ਜੀਵਨ-ਮੁਕਤ ਉਸ ਨੂੰ ਕਿਹਾ ਹੈ ਜਿਸ ਦੀਆਂ ਇੱਛਾਵਾਂ ਪੂਰੀਆਂ ਹੋ ਗਈਆਂ ਹਨ, ਜਿਸ ਦੀ ਇੱਛਾ ਕੇਵਲ ਪਰਮ ਆਤਮਾ ਹੈ ਉਹ ਏਥੇ ਹੀ ਮੁਕਤ ਹੈ, ਬ੍ਰਹਮ ਪਾਸ ਹੀ ਜਾਂਦਾ ਹੈ।

...

## ਸਾਰ

ਗੁਰੂ ਸਾਹਿਬਾਨ ਦੀ ਵਿਚਾਰਧਾਰਾ ਪੁਰਾਤਨਤਾ ਅਤੇ ਨਵੀਨਤਾ ਦਾ ਸੁਮੇਲ ਹੈ। ਪੁਰਾਣੇ ਵਿਚਾਰ ਤੋੜ ਕੇ ਜਦੋਂ ਕੋਈ ਨਵਾਂ ਵਿਚਾਰ ਆਉਂਦਾ ਹੈ ਤਾਂ ਉਹ ਬਹੁਤਾ ਚਿਰ ਸਥਾਈ ਨਹੀਂ ਹੁੰਦਾ। ਜਦੋਂ ਨਵੇਂ ਵਿਚਾਰ ਦੀਆਂ ਜੜ੍ਹਾਂ ਪੁਰਾਣੇ ਵਿਚਾਰਾਂ ਵਿਚ ਹੋਣ ਤਾਂ ਉਸ ਵਿਚਾਰਧਾਰਾ ਵਿਚ ਪੁਰਾਤਨਤਾ ਦਾ ਜ਼ੋਰ ਅਤੇ ਨਵੀਨਤਾ ਦਾ ਸੁਆਦ ਹੁੰਦਾ ਹੈ ਅਤੇ ਉਹ ਸਾਰਥਕ ਸਿੱਧ ਹੁੰਦਾ ਹੈ। ਵਿੰ:ਲੇਂਬੋ ਦਾ ਕਥਨ ਇਥੇ ਵਰਣਨ ਯੋਗ ਹੈ ਕਿ ਅਸੀਂ ਸੰਸਾਰ ਵਿਚ ਕੋਈ ਵੀ ਅਜੇਹੀ ਲਹਿਰ ਜਾਂ ਮਤਿ ਨਹੀਂ ਪੇਸ਼ ਕਰ ਸਕਦੇ ਜੋ ਸੌ ਫੀ ਸਦੀ ਨਵਾਂ ਹੋਵੇ, ਯਾਨੀ ਕਿ ਜਿਸ ਦਾ ਆਲੇ ਦੁਆਲੇ ਨਾਲ ਜਾਂ ਉਸ ਵੇਲੇ ਜਾਂ ਉਸ ਤੋਂ ਪਹਿਲਾਂ ਦੇ ਮੱਤਾਂ ਨਾਲ ਕੋਈ ਸੰਬੰਧ ਨਾ ਹੋਵੇ। ਭੂਤ ਵਰਤਮਾਨ ਵਿਚ ਪਲਟਾ ਖਾ ਜਾਂਦਾ ਹੈ ਅਤੇ ਵਰਤਮਾਨ ਬੇ-ਮਲੂਮਾ ਹੀ ਭਵਿੱਖਤ ਦਾ ਰੂਪ ਧਾਰਨ ਕਰ ਲੈਂਦਾ ਹੈ।[1]

ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦੀਆਂ ਜੜ੍ਹਾਂ ਉਪਨਿਸ਼ਦਾਂ ਵਿਚ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚ ਕਾਫ਼ੀ ਸਾਂਝ ਹੈ ਪਰ ਉਪਨਿਸ਼ਦ ਵਧੇਰੇ ਸਿਧਾਂਤਕ ਗਿਆਨ ਦਸਦੇ ਹਨ ਅਤੇ ਗੁਰਬਾਣੀ ਸੁਖੈਨ ਸਰਲ ਜੀਵਨ ਜਾਚ ਦਸਦੀ ਹੈ ਜੋ ਆਮ ਮਨੁੱਖੀ ਸਮਝ ਦੇ ਨੇੜੇ ਹੈ।

ਗੁਰੂ ਸਾਹਿਬਾਨ ਦੀ ਰਚਨਾ ਤੋਂ ਪਤਾ ਲਗਦਾ ਹੈ ਕਿ ਉਹ ਭਾਰਤੀ ਚਿੰਤਨ ਤੋਂ ਭਲੀ ਭਾਂਤ ਜਾਣੂ ਸਨ। ਉਨ੍ਹਾਂ ਨੇ ਲੋਕ ਕਲਿਆਣ ਲਈ ਜੋ ਜ਼ਰੂਰੀ ਲੱਗਾ ਗ੍ਰਹਿਣ ਕਰ ਲਿਆ ਅਤੇ ਬਾਹਰਲੇ ਭੇਖਾਂ ਦਾ ਖੰਡਨ ਕੀਤਾ। ਉਨ੍ਹਾਂ ਨੇ ਗੁਰਬਾਣੀ ਵਿਚ ਅਧਿਆਤਮਕ ਅਰਥ ਦਿੱਤੇ।

ਸਤਿ ਦੀ ਭਾਲ ਨੇ ਮਨੁੱਖੀ ਚਿੰਤਨ ਨੂੰ ਸਦਾ ਰੁੱਝੀ ਰੱਖਿਆ ਹੈ। ਗੁਰਬਾਣੀ ਵਿਚ ਬ੍ਰਹਮ ਨੂੰ ਸਗੁਣ ਅਤੇ ਨਿਰਗੁਣ ਦੋਵਾਂ ਰੂਪਾਂ ਵਿਚ ਕਿਆਸਿਆ ਹੈ। ਉਸ ਦਾ ਸਗੁਣ ਸਰੂਪ ਵੀ ਨਿਰਗੁਣ ਹੋ ਨਿਬੜਿਆ ਹੈ। ਉਪਨਿਸ਼ਦਾਂ ਵਿਚ ਵੀ ਉਸਦਾ ਸਗੁਣ ਨਿਰਗੁਣ ਸਰੂਪ ਮਿਲਦਾ ਹੈ। ਬ੍ਰਹਮ ਦੇ ਮਨੁੱਖੀ ਜਾਮੇ ਵਿਚ ਅਵਤਾਰ ਧਾਰਨ ਦਾ ਇਸ਼ਾਰਾ ਮਿਲਦਾ ਹੈ, ਭਾਵੇਂ ਅਵਤਾਰਵਾਦ ਦਾ ਸਪਸ਼ਟ ਰੂਪ ਗੀਤਾ ਤੋਂ ਸ਼ੁਰੂ ਹੁੰਦਾ ਹੈ। ਗੁਰਬਾਣੀ ਅਵਤਾਰਵਾਦ ਦਾ ਖੰਡਨ

1. ਡਾ: ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 70 ਉਤੇ ਉਧ੍ਰਿਤ.

ਕਰਦੀ ਹੈ। ਬ੍ਰਹਮ ਦੀ ਏਕਤਾ ਉਤੇ ਦੋਵੇਂ ਵਿਚਾਰਧਾਰਾਵਾਂ ਜ਼ੋਰ ਦਿੰਦੀਆਂ ਹਨ ਪਰ ਓਅੰਕਾਰ ਨਾਲ ੧ ਹਿੰਦਸਾ ਲਾ ਕੇ ਗੁਰੂ ਸਾਹਿਬਾਨ ਨੇ ਬ੍ਰਹਮ ਏਕਤਾ ਨੂੰ ਪਰਪੱਕ ਬਣਾਇਆ ਹੈ।

ਗੁਰਬਾਣੀ ਅਤੇ ਉਪਨਿਸ਼ਦ ਦੋਵੇਂ ਜੀਵਾਤਮਾ ਨੂੰ ਬ੍ਰਹਮ ਦੀ ਅੰਸ਼ ਮੰਨਦੇ ਹਨ। ਮਾਇਆ ਦੇ ਪ੍ਰਭਾਵ ਹੇਠ ਆ ਕੇ ਜੀਵ ਬ੍ਰਹਮ ਤੋਂ ਵੱਖ ਪ੍ਰਤੀਤ ਹੁੰਦਾ ਹੈ ਅਤੇ ਆਵਾਗਵਨ ਦੇ ਚੱਕਰ ਕੱਟਦਾ ਰਹਿੰਦਾ ਹੈ। ਗੁਰਬਾਣੀ ਵਿਚ ਆਤਮਕ ਵਿਕਾਸ ਲਈ ਪੰਜ ਖੰਡਾਂ ਦਾ ਜ਼ਿਕਰ ਹੈ। ਉਪਨਿਸ਼ਦਾਂ ਵਿਚ ਇਨ੍ਹਾਂ ਖੰਡਾਂ ਦੇ ਸਮਾਨ ਕੋਈ ਖੰਡ ਨਹੀ।

ਸ੍ਰਿਸ਼ਟੀ ਬਾਰੇ ਦੋਵਾਂ ਧਿਰਾਂ ਦਾ ਮੱਤ ਹੈ ਕਿ ਬ੍ਰਹਮ ਦੀ ਸਾਜੀ ਹੋਈ ਹੈ ਅਤੇ ਅੰਤ ਸਮੇਂ ਉਸੇ ਵਿਚ ਲਯ ਹੋ ਜਾਵੇਗੀ। ਸ੍ਰਿਸ਼ਟੀ ਤੋਂ ਪਹਿਲਾਂ ਉਹ ਸਤਿ ਸਰੂਪ ਬ੍ਰਹਮ ਸੀ। ਸ੍ਰਿਸ਼ਟੀ ਨੂੰ ਇਕੋ ਵਾਰ ਹੋਈ ਨਹੀਂ ਸਗੋਂ ਕ੍ਰਮਵਾਰ ਪ੍ਰਸਾਰ ਮੰਨਿਆ ਹੈ। ਰਚਨਾ ਦਾ ਸ਼ੁਰੂ ਕਦੋਂ ਹੋਇਆ ਅਤੇ ਅੰਤ ਕਦੋਂ ਹੋਵੇਗਾ, ਇਸ ਬਾਰੇ ਗੁਰਬਾਣੀ ਅਨੁਸਾਰ ਰਚਨਹਾਰ ਹੀ ਜਾਣਦਾ ਹੈ। ਉਪਨਿਸ਼ਦ ਇਸ ਦੇ ਆਦਿ ਅੰਤ ਬਾਰੇ ਖਾਮੋਸ਼ ਹਨ।

ਮਾਇਆ ਨੂੰ ਬ੍ਰਹਮ ਦੀ ਰਚਨਾ ਸ਼ਕਤੀ ਮੰਨਿਆ ਹੈ ਅਤੇ ਇਸ ਦੀ ਸੁਤੰਤਰ ਹੋਂਦ ਨਹੀ। ਇਹ ਮਨੁੱਖ ਨੂੰ ਭਰਮਾ ਕੇ ਬ੍ਰਹਮ ਵਿਸਾਰ ਦੇਂਦੀ ਹੈ। ਜੋ ਮਾਇਆ ਦੇ ਪ੍ਰਭਾਵ ਤੋਂ ਮੁਕਤ ਹਨ ਉਨ੍ਹਾਂ ਦੀ ਇਹ ਦਾਸੀ ਹੈ। ਮਾਇਆ ਦੇ ਮਾਰੂ ਪ੍ਰਭਾਵ ਤੋਂ ਬਚਣ ਲਈ ਸਤਸੰਗਤ, ਮਨ ਤੇ ਕਾਬੂ, ਗੁਰੂ ਅਤੇ ਗੁਰੂ ਕ੍ਰਿਪਾ ਸਾਧਨ ਵੀ ਦੱਸੇ ਹਨ।

ਸਤਿ ਦੀ ਪ੍ਰਾਪਤੀ ਲਈ ਪ੍ਰਚਲਿਤ ਗਿਆਨ, ਕਰਮ, ਯੋਗ ਅਤੇ ਭਗਤੀ ਮਾਰਗ ਮੰਨੇ ਗਏ ਹਨ। ਗੁਰਬਾਣੀ ਵਿਚ ਭਾਵੇਂ ਚਾਰੇ ਮਾਰਗ ਹਨ ਪਰ ਮੁੱਖ ਰੰਗ ਸਹਿਜ ਭਗਤੀ ਅਤੇ ਨਾਮ ਮਾਰਗ ਦਾ ਹੈ। ਉਨ੍ਹਾਂ ਨੇ ਪ੍ਰਚਲਿਤ ਮਾਰਗਾਂ ਦੇ ਉਲਝੇਵੇਂ ਨੂੰ ਤਿਆਗ ਕੇ ਉਨ੍ਹਾਂ ਨੂੰ ਸਹਿਜ ਸੁਭਾਅ ਕਰਨ ਤੇ ਜ਼ੋਰ ਦਿੱਤਾ। ਇਸੇ ਲਈ ਉਨ੍ਹਾਂ ਦੀ ਸਾਧਨਾ ਨੂੰ ਸਹਿਜ ਸਾਧਨਾ ਵੀ ਕਿਹਾ ਜਾ ਸਕਦਾ ਹੈ। ਇਸ ਸਾਧਨਾ ਨੂੰ ਸਫਲ ਬਣਾਉਣ ਲਈ ਨਾਮ ਸਿਮਰਨ, ਸਤਿਸੰਗਤ, ਗੁਰੂ ਅਤੇ ਪ੍ਰਭੂ ਕ੍ਰਿਪਾ ਆਦਿ ਜ਼ਰੂਰੀ ਤੱਤ ਮੰਨੇ ਹਨ। ਉਪਨਿਸ਼ਦਾਂ ਵਿਚ ਭਾਵੇਂ ਕਰਮ, ਯੋਗ ਅਤੇ ਭਗਤੀ ਦਾ ਜ਼ਿਕਰ ਵੀ ਹੈ ਪਰ ਗਿਆਨ ਮਾਰਗ ਦੀ ਪ੍ਰਮੁੱਖਤਾ ਹੈ। ਭਗਤੀ ਦੇ ਅੰਸ਼ ਮਿਲਦੇ ਹਨ ਉਸ ਨੂੰ ਗੁਰਬਾਣੀ ਵਾਂਗ ਭਗਤੀ ਮਾਰਗ ਰੂਪ ਵਿਚ ਨਹੀਂ ਚਿਤਰਿਆ।

ਗੁਰੂ ਸਾਹਿਬਾਨ ਨੇ ਸ਼ੁਭ ਅਮਲਾਂ ਤੇ ਜ਼ੋਰ ਦਿੱਤਾ। ਸੱਚ ਤੋਂ ਵੀ ਉਪੱਰ ਸੱਚ ਆਚਾਰ ਨੂੰ ਦੱਸਿਆ। ਮਾੜੇ ਕਰਮਾਂ ਨੂੰ ਤਿਆਗ ਕੇ ਚੰਗੇ ਕਰਮਾਂ ਦੇ ਕਰਨ ਨਾਲ ਹੀ ਪ੍ਰਭੂ ਪ੍ਰਾਪਤੀ ਦਾ ਰਾਹ ਸੁਖਾਲਾ ਹੁੰਦਾ ਹੈ। ਉਪਨਿਸ਼ਦਾਂ ਵਿਚ ਵੀ ਨਾਕਾਰਾਤਮਕ ਅਤੇ ਸਾਕਾਰਾਤਮਕ ਵਿਧਾਨ ਦਾ

ਉਲੇਖ ਹੈ, ਭਾਵੇਂ ਗੁਰਬਾਣੀ ਜਿਨਾਂ ਵਿਸ਼ੇਸ਼ ਬਲ ਸਦਾਚਾਰ ਉਤੇ ਨਹੀਂ ਦਿੱਤਾ, ਪਰ ਕਿਉਂਕਿ ਸਦਾਚਾਰ ਪ੍ਰਾਪਤੀ ਦਾ ਸਾਧਨ ਹੈ ਸੋ ਸਦਾਚਾਰ ਦੀ ਸ਼ੁੱਧਤਾ ਦਾ ਜ਼ਿਕਰ ਮਿਲਦਾ ਹੈ।

ਗੁਰੂ ਸਾਹਿਬਾਨ ਨੇ ਮੌਤ ਨੂੰ ਕੇਵਲ ਸਰੀਰਕ ਮੌਤ ਦਸ ਕੇ ਮੌਤ ਦੇ ਖੌਫ ਨੂੰ ਘਟਾਇਆ ਹੈ। ਮ੍ਰਿਤੂ ਪਿਛੋਂ ਕੀਤੇ ਕਰਮਾਂ ਅਨੁਸਾਰ ਆਵਾਗਵਨ ਜਾਂ ਪ੍ਰਭੂ ਨਾਲ ਅਭੇਦਤਾ ਦੱਸੀ ਹੈ। ਮੁਕਤੀ ਦਾ ਭਾਵਾਤਮਕ ਅਤੇ ਅਭਾਵਾਤਮਕ ਰੂਪ ਵਿਚ ਵਰਣਨ ਮਿਲਦਾ ਹੈ। ਮੁਕਤੀ ਮਰਨ ਉਪਰੰਤ ਪ੍ਰਾਪਤ ਹੋਣ ਵਾਲੀ ਕੋਈ ਵਸਤੂ ਨਹੀਂ ਸਗੋਂ ਜੀਵਦਿਆਂ ਹੀ ਪ੍ਰਾਪਤ ਹੋ ਸਕਦੀ ਹੈ। ਅਜੇਹੇ ਵਿਚਾਰ ਉਪਨਿਸ਼ਦਾਂ ਵਿਚ ਵੀ ਮਿਲਦੇ ਹਨ।

...

ਪੁਸਤਕ ਸੂਚੀ

## ਪੁਸਤਕ ਸੂਚੀ

### (ੳ) ਪੰਜਾਬੀ


1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1956
2. ਗੁਰਮਤ ਵਿਚਾਰਧਾਰਾ, ਭਗਤ ਸਿੰਘ ਹੀਰਾ, ਚਾਂਦਨੀ ਚੌਕ, ਦਿੱਲੀ, 1969
3. ਗੁਰਮਤਿ ਦਰਸ਼ਨ, ਸ਼ੇਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1951
4. ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਅਤਰ ਚੰਦ ਕਪੂਰ ਐਂਡ ਸਨਜ਼, ਅਨਾਰਕਲੀ, ਲਾਹੌਰ, 1945
5. ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼, ਕਾਨ੍ਹ ਸਿੰਘ, ਭਾਸ਼ਾ ਵਿਭਾਗ, ਪਟਿਆਲਾ, 1960
6. ਗੁਰੂ ਨਾਨਕ ਦੀ ਵਿਚਾਰਧਾਰਾ, ਰਤਨ ਸਿੰਘ ਜੱਗੀ, ਨਵਯੁਗ ਪਬਲਿਸ਼ਰਜ਼, ਦਿੱਲੀ, 1969
7. ਗੁਰੂ ਨਾਨਕ ਦਰਸ਼ਨ, ਕਾਲਾ ਸਿੰਘ ਬੇਦੀ, ਪੰਜਾਬੀ ਪ੍ਰਕਾਸ਼ਕ, 6268/6, ਦੇਵ ਨਗਰ, ਦਿੱਲੀ, 1965
8. ਗੁਰੂ ਨਾਨਕ ਚਿੰਤਨ ਤੇ ਕਲਾ, ਤਾਰਨ ਸਿੰਘ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1963
9. ਗੁਰੂ ਨਾਨਕ ਸਾਹਿਬ ਦੀ ਦਾਰਸ਼ਨਿਕਤਾ ਦਾ ਪਿਛੋਕੜ, ਸੀਤਾ ਰਾਮ ਬਾਹਰੀ, ਪੰਜਾਬੀ ਸਾਹਿੱਤ ਅਕਾਦਮੀ, ਲੁਧਿਆਣਾ
10. ਗੁਰੂ ਨਾਨਕ ਤੇ ਨਿਰਗੁਣ ਧਾਰਾ, ਪ੍ਰੇਮ ਪ੍ਰਕਾਸ਼ ਸਿੰਘ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973
11. ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ, (ਸੰਪਾਦਕ) ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, 1969
12. ਜਪੁ ਜੀ ਇਕ ਤੁਲਨਾਤਮਕ ਅਧਿਐਨ, ਦਲੀਪ ਸਿੰਘ ਦੀਪ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972


### ਪੱਤਰ ਪੱਤ੍ਰਿਕਾਵਾਂ


1. ਸੂਫ਼ੀ ਸਾਹਿਤ ਅੰਕ, ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪਟਿਆਲਾ
2. ਖੋਜ ਪੱਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ

3. ਗੁਰਮਤਿ ਸਾਹਿਤ ਅੰਕ, ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

4. ਗੁਰੂ ਨਾਨਕ ਅੰਕ, ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

5. ਭਗਤੀ ਅੰਕ, ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

(ਅ) <u>ਹਿੰਦੀ</u>

1. ਐਤਰੇਯ ਉਪਨਿਸ਼ਦ, ਸ਼ੰਕਰ ਭਾਸ਼ਯ ਸਾਹਿਤ, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2013.

2. ਈਸ਼ਾਵਾਸਯੋ ਉਪਨਿਸ਼ਦ, ਸ਼ੰਕਰ ਭਾਸ਼ਯ ਸਹਿਤ, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2008

3. ਸ੍ਰੀ ਗੁਰੂ ਗ੍ਰੰਥ ਦਰਸ਼ਨ, ਜਯ ਰਾਮ ਮਿਸ਼੍ਰ, ਸਾਹਿਤਯ ਭਵਨ, ਇਲਾਹਾਬਾਦ, 1960.

4. ਹਿੰਦੀ ਕੀ ਨਿਰਗੁਣਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠਭੂਮਿ, ਗੋਵਿੰਦ ਤ੍ਰਿਗੁਣਾਇਤ, ਭਾਰਤੀਯ ਸਾਹਿਤਯ ਨਿਕੇਤਨ, ਦਿੱਲੀ, 1956

5. ਗੁਰੂ ਅਰਜਨ ਕਾ ਦਾਰਸ਼ਨਿਕ ਵਿਸ਼ਲੇਸ਼ਣ, ਮਨਮੋਹਨ ਸਹਿਗਲ, ਭਾਰਤੇਂਦੁ ਭਵਨ, ਚੰਡੀਗੜ੍ਹ, 1965.

6. ਕੇਨ ਉਪਨਿਸ਼ਦ, ਸ਼ੰਕਰ ਭਾਸ਼ਯ ਸਹਿਤ, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2015

7. ਕਬੀਰ ਦਰਸ਼ਨ, ਰਾਮ ਜੀ ਲਾਲ ਸਹਾਇਕ (ਡਾ:) ਹਿੰਦੀ ਵਿਭਾਗ, ਲਖਨਊ, 1962.

8. ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਿਕ ਸਰਵੇਖਣ, ਮਨਮੋਹਨ ਸਹਿਗਲ (ਡਾ:) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971

9. ਛਾਂਦੋਗਯ ਉਪਨਿਸ਼ਦ, ਸ਼ੰਕਰ ਭਾਸ਼ਯ ਸਹਿਤ, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2013

10. ਤੈਤਰੀਯ ਉਪਨਿਸ਼ਦ, ਸ਼ੰਕਰ ਭਾਸ਼ਯ ਸਹਿਤ, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2013

11. ਦਸ਼ੋਪਨਿਸ਼ਦ, ਸ਼ੰਕਰ ਭਾਸ਼ਯ ਸਹਿਤ, ਵਾਣੀ ਵਿਲਾਸ ਪ੍ਰੈਸ, ਬੰਬਈ.

12. ਨਾਨਕ ਵਾਣੀ, ਜਯ ਰਾਮ ਮਿਸ਼੍ਰ (ਡਾ:), ਵਿਕ੍ਰਮੀ 2018, ਇਲਾਹਾਬਾਦ

13. ਪ੍ਰਸ਼ਨੋਪਨਿਸ਼ਦ, ਸ਼ੰਕਰ ਭਾਸ਼ਯ ਸਹਿਤ, ਗੀਤਾ ਪ੍ਰੈਸ ਗੋਰਖਪੁਰ, ਸੰਮਤ 2016

14. ਪੰਜਾਬ ਕੇ ਨਿਰਗੁਣ ਸਾਹਿਤਯ ਕੀ ਵਿਸ਼ੇਸ਼ਤਾਏਂ, ਮਨਮੋਹਨ ਸਹਿਗਲ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1969.

15. ਬ੍ਰਿਹਦਾਰਣਯਕ ਉਪਨਿਸ਼ਦ, ਸ਼ੰਕਰ ਭਾਸ਼ਯ ਸਹਿਤ, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2014

16. ਭਾਰਤੀਯ ਦਰਸ਼ਨ, ਬਲਦੇਵ ਉਪਾਧਿਆਇ, ਸ਼ਾਰਦਾ ਮੰਦਿਰ, ਕਾਸ਼ੀ, 1966.

17. ਭਾਰਤੀਯ ਦਰਸ਼ਨ, ਉਮੇਸ਼ ਮਿਸ਼੍ਰ, ਹਿੰਦੀ ਸਮਿਤਿ ਸੂਚਨਾ ਵਿਭਾਗ, ਲਖਨਊ, 1964.

18. ਮਧ ਕਾਲੀਨ ਸਾਧਨਾ, ਸਾਹਿਤਯ ਭਵਨ, ਇਲਾਹਾਬਾਦ, 1962.

19. ਮੁੰਡਕਯੋ ਉਪਨਿਸ਼ਦ, ਸ਼ੰਕਰ ਭਾਸ਼ਯ ਸਹਿਤ, ਗੀਤਾ ਪ੍ਰੈਸ, ਗੋਰਖਪੁਰ, ਸੰਮਤ 2016

(घ) अंग्रेजी


1. A Brief Account of the Sikhs, Ganda Singh, Shromani Gurdwara Prabandhak Committee, Amritsar.

2. A Constructive Survey of Upnisadic Philosophy, R.D.Randde, Bhartiya Vidya Bhavan, Bombay, 1968.

3. A Critical Study of Adi Granth, Dr.Surinder Singh Kohli, The Punjab Writers Cooperative Industrial Society Ltd., New Delhi, 1961

4. A Critical Survey of Indian Philosophy, Chandradhar Sharma, Motilal Banarasidas, Delhi, 2nd Edition, 1964.

5. A Dictionary of Philosophy, Edited by M. Rosenthal and P.Yudin, Progress Publishers, Moscow, 1967

6. Aesthetic, Croce, Vision Press-Peter Owens, London, 2nd Edition, 1920

7. Aitareyopanisad, swami Sharvanand, Sri Ramakrishna, Madras, 1955

8. An Idealist View of Life, Dr. Radhakrishnan, George Allen & Unwin Ltd. Ruskin House, London, 1951

9. An Introduction to Indian Philosophy, Satish Chandra Chatterjee & Dhirendra Mohan Datta, University of Calcutta, 1960

10. An Introduction to Philosophy, Jacques Maritain, Sheed and Ward, New York, 1959

11. A Primer of Hinduism, D.S. Sarma, Macmillan, Madras, 1929

12. Aspects of Vedanta, 6th Edition, G.A.Nateson & Co. Madras

13. A Study of Ethical Principles, James Seth, 16th Edition, Willian Black Wood & Sons, Edinburg

14. Basic Issues of Philosophy, Marvin Farber, Harper & Row Publishers, New York, 1962

15. Bhagvat Gita, Radhakrishnan, 3rd Impression, George Allen & Unwin Ltd., Ruskin House, Mueseum Street, 1953

16. Bhakti Yoga, Swami Vivekanand, Advaita Asharma, Calcutta, 1953.

17. Comparative Religion, A.C.Bouquet, Pelican Books, 1945

18. Death & Western Thought, Jacques Choron, Collier Macmillan Ltd. London, 1963

19. Development of Moral Philosophy in India, Surma Das Gupta, Orient Longmans Ltd., Calcutta, 1961

20. Early Indian Religious Thought, P.D.Mehta

21. Encyclopedia Britanica.

22. Encyclopedia of Religious Quations, St. Augustine.

23. Encyclopedia of Religion & Ethics.

24. Essays in Indian Philosophy and Religion, P.Nagaraja Rao, Lalvani Publishing House, Bombay, 1972

25. Ethics of the Sikhs, Avtar Singh, Punjabi University, Patiala, 1970

26. Facets of Guru Nanak's Thought, Dr.Ajit Singh Sikka, Bee Kay Publications, Ludhiana, 1972.

27. God Experience, Swami Ramdas, Bhartiya Vidya Bhavan, Bombay, 1963.

28. Hints for Self-Culture, Hardyal, Rajkamal Publications, Delhi, 1948

29. Hindu Mysticism, Das Gupta

30. Hindu Philosophy, Theos Bernard, Bombay Jaico Publishing House, 1957

31. History of Indian Philosophy, S.N.Das Gupta, Cambridge University Press, London

32. History of Indian Philosophy, Belvaker & Ranade, Munshi Ram Manohar Lal Publishers, Delhi, 1972

33. History of Indian Philosophy, J. Sinha.

34. History of Philosophy Eastern & Western, Edited Radhakrishnan, Govt. of India, Pulications, 1952.

35. Indian Philosophy (Vol. I) Radhakrishnan, George Allen & Unwin, New York, 1962.

36. Integral Yoga, Haridas Chaudhuri, George Allen & Unwin, London, 1965.

37. Introduction to Comparative Philosophy, P. T. Raju, University of Nebraska Press, Lincoln, 1962

38. Introduction to Philosophy of Religion, P. Caird.

39. Introduction to Philosophy, Owwald Kulpe, George Allen & Unwin Ltd., New York, 1953

40. Introduction to Vedanta, P. Nagaraja Rao, Bhartiya Vidya Bhavan, Bombay, 1960

41. Isavasyopanisad, Swami Sharvananda, Sri Rama Krishna Math, Madras, 1948

42. Karma Yoga, Swami Vivekanand, Advaita Asharma Mayavati Himalaya, 1960

43. Man is Concern with Death, Arnold Toynbee, 2nd Edition, Hodder & stokghton, London, 1969

44. Outlines of Indian Philosophy, M. Hiriyanna, 7th Impression, George Allen & Unwon, Museum Street, London, 1968

45. Outlines of Sikh Thought, Dr. Surinder Singh Kohli, Panjabi Parkashak, Delhi, 1966

46. Papers on Guru Nanak, Panjab Historical Studies, Department, Punjabi University, Patiala, 1970

47. Philosophy of Guru Nanak, Dr. Surinder Singh Kohli, Publication Bureau, Panjab University, Chandigarh, 1969

48. Philosophy of Sikhism, Dr. Sher Singh, Sikh University Press, Lahore, 1944

49. Philosophy of Upanishads, Paul Deussen, Oriental Publishers, Patandi House, Darya ganj, Delhi, 1972

50. Primer of Hinduism, D.S.Sarma, Macmillan, Madras, 1929

51. Self-Realization, Syamananda Brahmacharya, Govinda Chandra Mukhopadyaya, Banaras Cantt., 1929

52. Some Studies in Sikhism, Bhai Jodh Singh, Lahore Book Shop, Ludhiana, 1953

53. The Concept of Maya, Paul David Devanandan, Lutter Worth Press, London, 1950

54. The Concept of Mind in Indian Philosophy, Sarasvati Chennakesavan, Asia Publishing House, Bombay, 1960

55. The Philosophy of Mind in the Poetry of Guru Nanak, Ajit Singh Sikka, Bee Kay Publication, Ludhiana, 1973

56. The Principal Upanisads, Radhakrishnan, George Allen & Unwin, Ruskin House, London, 1951

57. The Serpent Power, Arthur Avalon

58. The Seeker's Path, Sohan Singh, Orient Longmans New Delhi, 1959

59. The Ten Upanishads, Swami Sivananda, S.P.League, Calcutta, 1950

60. The Thirteen Principal Upanishads, R.E.Hume, Oxford University Press, London, 1958

61. The Twelve Principal Upanishads, E.Roer, Theosophical Publishing House, Madras, 1931

62. Translation of the Upanishads, Vol.I, Max Muller

63. What is God? Jayadayal, Gita Press, Gorakhpur, 1945

64. What is Hinduism? D.S.Sarma, The Madras Law Journal Office, Madras, 1945